

Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fifth Year of Publication | ਨਿਊਯਾਰਕ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Email:punjabtimes1@gmail.com
www.punjabtimesusa.com

Punjab Times, Vol 25, Issue 24; June 15, 2024 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਸੁਖਬੀਰ ਦੀ ਪ੍ਰਧਾਨਗੀ ਨੂੰ ਫਿਰ ਵੰਗਾਰਾਂ

## ਲੋਕ ਸਭਾ ਚੋਣਾਂ ਵਿਚ ਅਕਾਲੀ ਦਲ ਪਛੜਿਆ; 11 ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦੇ ਨਤੀਜਿਆਂ ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸਿਆਸੀ ਹੋਂਦ ਉਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਇਹ ਪਹਿਲੀ ਵਾਰ ਹੈ ਕਿ ਪਾਰਟੀ ਦੇ 11 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਗਈ ਹੈ। 13 ਸੀਟਾਂ ਵਿਚੋਂ ਪਾਰਟੀ ਹੱਥ ਸਿਰਫ ਇਕੋ ਇਕ ਬਠਿੰਡਾ ਵਾਲੀ ਸੀਟ ਹੀ ਲੱਗੀ। ਚੋਣਾਂ ਵਿਚ ਹੋਏ ਹਸ਼ਰ ਪਿੱਛੋਂ ਪਾਰਟੀ ਵਿਚ ਬਾਗੀ ਸੁਰਾਂ ਵੀ ਤਿੱਖੀਆਂ ਹੋ ਗਈਆਂ ਹਨ। ਵੱਡੀ ਗਿਣਤੀ ਟਕਸਾਲੀ ਆਗੂ ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਦੀ ਪ੍ਰਧਾਨਗੀ ਤੋਂ ਲਾਂਭੇ ਕਰਨ ਦੀ ਗੱਲ ਕਰਨ ਲੱਗੇ ਹਨ।

ਅਕਾਲੀ ਦਲ ਦੇ ਸਰਪ੍ਰਸਤ ਸੁਖਦੇਵ ਸਿੰਘ ਢੀਂਡਸਾ ਨੇ ਸਾਫ ਆਖ ਦਿੱਤਾ ਹੈ ਕਿ ਨਮੋਸ਼ੀ ਭਰੀ ਹਾਰ ਲਈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਜ਼ਿੰਮੇਵਾਰ ਹਨ। ਉਨ੍ਹਾਂ ਨੂੰ ਤੁਰੰਤ ਅਸਤੀਫਾ ਦੇਣਾ ਬਣਦਾ ਹੈ। ਪਾਰਟੀ ਦੀ ਸੀਨੀਅਰ ਆਗੂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਜਗੀਰ ਕੌਰ ਨੇ ਸੁਖਬੀਰ ਬਾਦਲ ਨੂੰ ਸਲਾਹ ਵੀ ਦਿੱਤੀ ਹੈ ਕਿ ਉਹ ਆਪਣੇ ਸਹੀ ਸਲਾਹਕਾਰਾਂ ਦੀ ਪਛਾਣ ਕਰਨ। ਦਲ ਦੇ ਸਾਬਕਾ ਲੋਕ ਸਭਾ ਮੈਂਬਰ ਪਰਮਜੀਤ ਕੌਰ ਗੁਲਸ਼ਨ ਨੇ ਸੁਖਬੀਰ ਸਿੰਘ ਬਾਦਲ ਨੂੰ ਇਖ਼ਲਾਕੀ ਆਧਾਰ 'ਤੇ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇਣ ਦੀ ਸਲਾਹ ਦਿੱਤੀ ਹੈ।

ਇਧਰ, ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਅੰਦਰ ਬਹੁਤੇ ਨੇਤਾ ਹੁਣ ਘੁਟਣ ਮਹਿਸੂਸ ਕਰਨ ਲੱਗੇ ਹਨ, ਜਿਹੜੇ ਉਂਗਲ ਚੁੱਕਣ ਲਈ ਢੁਕਵੇਂ ਮੌਕੇ ਦੀ ਤਲਾਸ਼ ਵਿਚ ਹਨ। ਪੰਜਾਬ ਵਿਧਾਨ ਸਭਾ ਵਿਚ ਪਾਰਟੀ ਦੇ ਵਿਧਾਇਕ ਦਲ ਦੇ ਆਗੂ ਅਤੇ ਸੀਨੀਅਰ ਅਕਾਲੀ ਆਗੂ ਮਨਪ੍ਰੀਤ ਸਿੰਘ ਇਯਾਲੀ ਨੇ ਪਾਰਟੀ ਦੀ



ਮੌਜੂਦਾ ਸਥਿਤੀ 'ਤੇ ਫ਼ਿਕਰ ਜ਼ਾਹਰ ਕਰਦਿਆਂ ਖ਼ਾਮੋਸ਼ ਰਹਿਣ ਦਾ ਫ਼ੈਸਲਾ ਕੀਤਾ ਹੈ। ਚੇਤੇ ਰਹੇ ਕਿ ਰਾਸ਼ਟਰਪਤੀ ਚੋਣ ਵੇਲੇ ਵੀ ਇਯਾਲੀ ਨੇ ਰੋਸ ਜਤਾਇਆ ਸੀ। ਇਸ ਦੌਰਾਨ ਝੂੰਦਾਂ ਕਮੇਟੀ ਰਿਪੋਰਟ ਲਾਗੂ ਕਰਨ ਦੀ ਮੰਗ ਜ਼ੋਰ ਫੜਨ ਲੱਗੀ ਹੈ। ਦੱਸ ਦਈਏ ਕਿ ਜਦੋਂ ਅਕਾਲੀ ਦਲ ਨੂੰ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਸਿਰਫ਼ ਤਿੰਨ ਸੀਟਾਂ ਹਾਸਲ ਹੋਈਆਂ ਸਨ ਤਾਂ ਉਸ ਵਕਤ ਪਾਰਟੀ ਨੇ ਸਮੀਖਿਆ ਲਈ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਵਿਚ ਕਮੇਟੀ ਦਾ ਗਠਨ ਕੀਤਾ ਸੀ ਜਿਸ ਦੀ ਰਿਪੋਰਟ ਆ ਗਈ ਸੀ ਜਿਸ ਨੂੰ ਪਾਰਟੀ ਆਗੂਆਂ ਨੇ ਜਨਤਕ ਕਰਨ ਦੀ ਗੱਲ ਆਖੀ ਸੀ ਜੋ ਹੁਣ ਤੱਕ ਜਨਤਕ ਨਹੀਂ ਹੋਈ। ਇਸ ਵਿਚ ਸੁਖਬੀਰ ਨੂੰ ਕੁਰਸੀ ਤੋਂ ਲਾਂਭੇ ਕਰਨ ਵੱਲ ਵੀ ਇਸ਼ਾਰਾ ਕੀਤਾ ਗਿਆ ਸੀ।

ਲੋਕ ਸਭਾ ਚੋਣਾਂ ਵਿਚ ਸੁਖਬੀਰ ਸਿੰਘ ਬਾਦਲ ਦੀ ਉਹ ਅਪੀਲ ਬੁਰੀ ਤਰ੍ਹਾਂ ਬੇਅਸਰ ਗਈ ਜਿਸ ਵਿਚ ਉਨ੍ਹਾਂ ਭਾਵੁਕ ਹੁੰਦਿਆਂ ਕਿਹਾ ਸੀ ਕਿ ਵੋਟਾਂ 1 ਜੂਨ ਨੂੰ ਪੈਣੀਆਂ ਹਨ ਜਿਸ ਦਿਨ ਸੰਨ 1984 ਵਿਚ ਹੀ ਕਾਂਗਰਸ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਸੀ। ਉਨ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤਸਵੀਰ ਹੱਥ ਵਿਚ ਫੜ ਕੇ ਕਿਹਾ ਸੀ ਕਿ ਵੋਟ ਪਾਉਣ ਲੱਗਿਆਂ ਇਸ ਨੂੰ ਯਾਦ ਰੱਖਣਾ। ਉਧਰ, ਸੁਖਬੀਰ ਬਾਦਲ ਦੀ ਅਪੀਲ ਦੇ ਉਲਟ ਜਾਂਦਿਆਂ ਲੋਕਾਂ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੀ ਕਾਂਗਰਸ ਪਾਰਟੀ ਦੇ 7 ਉਮੀਦਵਾਰ ਜਿਤਾ ਦਿੱਤੇ। ਇਸ ਤੋਂ ਇਲਾਵਾ ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਸਿੰਘ ਤੇ ਫ਼ਰੀਦਕੋਟ ਤੋਂ ਸਰਬਜੀਤ ਸਿੰਘ ਖਾਲਸਾ ਨੂੰ ਵੀ ਵੱਡੀ ਲੀਡ ਨਾਲ ਜਿਤਾ ਦਿੱਤਾ।

ਅਕਾਲੀ ਦਲ ਨੇ ਬਠਿੰਡਾ ਸੰਸਦੀ ਹਲਕੇ ਤੋਂ ਜਿੱਤ ਹਾਸਲ ਕੀਤੀ ਹੈ ਜਦੋਂ ਕਿ ਫ਼ਿਰੋਜ਼ਪੁਰ ਤੋਂ ਅਕਾਲੀ ਉਮੀਦਵਾਰ ਨਰਦੇਵ ਸਿੰਘ ਨੋਨੀ ਮਾਨ ਤੇ ਅੰਮ੍ਰਿਤਸਰ ਤੋਂ ਉਮੀਦਵਾਰ ਅਨਿਲ ਜੋਸ਼ੀ ਆਪਣੀ ਜ਼ਮਾਨਤ ਰਾਸ਼ੀ ਬਚਾ ਸਕੇ ਹਨ। ਅਕਾਲੀ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ, ਵਿਰਸਾ ਸਿੰਘ ਵਲਟੋਹਾ, ਮਹਿੰਦਰ ਸਿੰਘ ਕੇਪੀ, ਸੋਹਣ ਸਿੰਘ ਠੰਡਲ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਰਣਜੀਤ ਸਿੰਘ ਢਿੱਲੋਂ, ਬਿਕਰਮਜੀਤ ਸਿੰਘ ਖ਼ਾਲਸਾ, ਰਾਜਵਿੰਦਰ ਸਿੰਘ ਧਰਮਕੋਟ, ਇਕਬਾਲ ਸਿੰਘ ਝੂੰਦਾਂ ਤੇ ਐਨ.ਕੇ. ਸ਼ਰਮਾ ਦੀ ਜ਼ਮਾਨਤ ਜ਼ਬਤ ਹੋ ਗਈ ਹੈ।

ਅਕਾਲੀ ਦਲ ਹੁਣ ਤਾਂ ਅੱਠ ਸੀਟਾਂ 'ਤੇ ਭਾਜਪਾ ਨਾਲੋਂ ਵੀ ਪਛੜ ਗਿਆ ਹੈ। ਬਠਿੰਡਾ ਤੋਂ ਬਿਨਾਂ ਪੰਜਾਬ ਦੇ ਕਿਸੇ ਵੀ ਹਲਕੇ ਵਿਚੋਂ ਅਕਾਲੀ ਦਲ ਨੂੰ ਦੂਜੇ ਜਾਂ ਤੀਜੇ ਨੰਬਰ 'ਤੇ ਆਉਣਾ ਵੀ ਨਸੀਬ ਨਹੀਂ ਹੋਇਆ। ਅਕਾਲੀ ਦਲ 13 ਵਿਚੋਂ 11 ਹਲਕਿਆਂ ਉਤੇ ਚੌਥੇ ਨੰਬਰ 'ਤੇ ਰਿਹਾ ਹੈ ਜਿਨ੍ਹਾਂ ਵਿਚ ਸ੍ਰੀ ਆਨੰਦਪੁਰ ਸਾਹਿਬ, ਅੰਮ੍ਰਿਤਸਰ, ਫ਼ਰੀਦਕੋਟ, ਜਲੰਧਰ, ਲੁਧਿਆਣਾ, ਫ਼ਤਿਹਗੜ੍ਹ ਸਾਹਿਬ, ਗੁਰਦਾਸਪੁਰ, ਹੁਸ਼ਿਆਰਪੁਰ, ਪਟਿਆਲਾ, ਫ਼ਿਰੋਜ਼ਪੁਰ, ਖਡੂਰ ਸਾਹਿਬ ਸ਼ਾਮਲ ਹਨ। ਸੰਗਰੂਰ ਹਲਕੇ 'ਚ ਅਕਾਲੀ ਉਮੀਦਵਾਰ ਪੰਜਵੇਂ ਸਥਾਨ 'ਤੇ ਰਿਹਾ ਹੈ। ਅਕਾਲੀ ਦਲ ਦੇ ਵੋਟ ਫ਼ੀਸਦੀ ਦਾ ਇਤਿਹਾਸ ਦੇਖੀਏ ਤਾਂ ਪਹਿਲੀ ਵਾਰ ਹੈ ਕਿ ਅਕਾਲੀ ਦਲ ਨੂੰ ਸਭ ਤੋਂ ਘੱਟ ਵੋਟਾਂ ਮਿਲੀਆਂ ਹਨ। ਅਸੈਂਬਲੀ ਚੋਣਾਂ 2022 ਵਿਚ ਅਕਾਲੀ ਦਲ ਨੇ ਤਿੰਨ ਸੀਟਾਂ ਜਿੱਤੀਆਂ ਸਨ ਤੇ ਉਸ ਵਕਤ ਅਕਾਲੀ ਦਲ ਨੂੰ 18.38 ਫ਼ੀਸਦੀ ਵੋਟਾਂ ਪਈਆਂ ਸਨ ਪਰ ਹੁਣ

*(ਬਾਕੀ ਸਫਾ 6 'ਤੇ)*

### ਅਕਾਲੀ ਦਲ ਨਾਲੋਂ ਭਾਜਪਾ ਦੀ ਕਾਰਗੁਜ਼ਾਰੀ ਚੰਗੀ ਰਹੀ

**ਚੰਡੀਗੜ੍ਹ:** ਪੰਜਾਬ ਦੀਆਂ ਢਾਈ ਸਾਲ ਪਹਿਲਾਂ ਹੋਈਆਂ ਵਿਧਾਨ ਸਭਾ ਚੋਣਾਂ ਮਗਰੋਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਨੇ ਇਹ ਗੱਲ ਸਾਬਤ ਕਰ ਦਿੱਤੀ ਹੈ ਕਿ ਰਾਜ ਵਿਚ ਅਕਾਲੀ ਦਲ ਤੇ ਭਾਜਪਾ ਦੇ ਆਪਸੀ ਗੱਠਜੋੜ ਟੁੱਟਣ ਕਾਰਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲਾ ਅਕਾਲੀ ਦਲ ਵੋਟਾਂ ਹਾਸਲ ਕਰਨ ਵਿਚ ਪਹਿਲਾਂ ਨਾਲੋਂ ਕਮਜ਼ੋਰ ਹੋਇਆ ਹੈ। ਭਾਵੇਂ ਪੰਜਾਬ ਵਿਚ ਭਾਜਪਾ ਕੋਈ ਵੀ ਲੋਕ ਸਭਾ ਸੀਟ ਜਿੱਤਣ ਵਿਚ ਕਾਮਯਾਬ ਨਹੀਂ ਹੋ ਸਕੀ ਪਰ ਉਸ ਦੇ ਮਾਲਵਾ ਖੇਤਰ ਸਣੇ ਮਾਝੇ ਤੇ ਦੁਆਬੇ ਵਿਚ ਸਾਰੇ ਉਮੀਦਵਾਰਾਂ ਨੇ ਅਕਾਲੀ ਉਮੀਦਵਾਰਾਂ ਨਾਲੋਂ ਵੱਧ ਵੋਟਾਂ ਹਾਸਲ ਕੀਤੀਆਂ ਹਨ। ਬਠਿੰਡਾ ਸੀਟ ਤੋਂ ਇਲਾਵਾ ਲਗਪਗ ਸਾਰੀਆਂ ਸੀਟਾਂ 'ਤੇ ਅਕਾਲੀ ਦਲ ਨਾਲੋਂ ਭਾਜਪਾ ਦੀ ਵਧੀਆ ਕਾਰਗੁਜ਼ਾਰੀ ਹੈ।

# ਕੰਗਨਾ ਨੂੰ ਥੱਪੜ ਮਾਰਨ ਦਾ ਮਾਮਲਾ ਭਖਿਆ

**ਮੁਹਾਲੀ:** ਸ਼ਹੀਦ ਭਗਤ ਸਿੰਘ ਕੌਮਾਂਤਰੀ ਹਵਾਈ ਅੱਡੇ 'ਤੇ ਸੀ.ਆਈ.ਐਸ.ਐਫ਼. ਦੀ ਮਹਿਲਾ ਜਵਾਨ ਕੁਲਵਿੰਦਰ ਕੌਰ ਵੱਲੋਂ ਅਦਾਕਾਰਾ ਤੇ ਹਿਮਾਚਲ ਪ੍ਰਦੇਸ਼ ਦੇ ਮੰਡੀ ਹਲਕੇ ਤੋਂ ਭਾਜਪਾ ਦੀ ਸੰਸਦ ਮੈਂਬਰ ਕੰਗਨਾ ਰਣੌਤ ਨੂੰ ਥੱਪੜ ਮਾਰਨ ਦਾ ਮਾਮਲਾ ਲਗਾਤਾਰ ਭਖ ਰਿਹਾ ਹੈ। ਵੱਡੀ ਗਿਣਤੀ ਕਿਸਾਨ ਜਥੇਬੰਦੀਆਂ ਜਿੱਥੇ ਕੁਲਵਿੰਦਰ ਕੌਰ ਦੀ ਹਮਾਇਤ ਵਿਚ ਆ ਗਈਆਂ ਹਨ, ਉਥੇ ਪੰਜਾਬੀਆਂ ਨੂੰ ਅਤਿਵਾਦੀ ਆਖਣ ਵਾਲੀ ਕੰਗਨਾ ਉਤੇ ਵੀ ਕਾਰਵਾਈ ਲਈ ਮੰਗ ਉਠਣ ਲੱਗੀ ਹੈ। ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਸਣੇ ਹੋਰਨਾਂ ਕਿਸਾਨ ਜਥੇਬੰਦੀਆਂ ਅਤੇ ਇਨਸਾਫ਼ਪਸੰਦ ਲੋਕਾਂ ਨੇ ਮੁਹਾਲੀ ਵਿਚ ਰੋਸ ਮੁਜ਼ਾਹਰਾ ਕੀਤਾ।

ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਕੰਗਨਾ ਰਣੌਤ ਖ਼ਿਲਾਫ਼ ਵੀ ਫੌਜਦਾਰੀ ਕੇਸ ਦਰਜ ਕੀਤਾ ਜਾਵੇ। ਅਦਾਕਾਰਾ ਪਿਛਲੇ ਕਾਫ਼ੀ ਸਮੇਂ ਤੋਂ ਲਗਾਤਾਰ ਕਿਸਾਨਾਂ ਤੇ ਪੰਜਾਬੀਆਂ ਨੂੰ ਅਤਿਵਾਦੀ ਅਤੇ ਖਾਲਿਸਤਾਨੀ ਦੱਸ ਕੇ ਉਨ੍ਹਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਦੀ ਆ ਰਹੀ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਕੰਗਨਾ ਰਣੌਤ ਉਤੇ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਕੁਲਵਿੰਦਰ ਕੌਰ ਨੂੰ ਇਸ ਕੇਸ ਵਿਚੋਂ ਬਾਹਰ ਕੱਢਣ ਦੀ ਵਕਾਲਤ ਕੀਤੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਕੰਗਨਾ ਰਣੌਤ ਵੱਲੋਂ ਲਗਾਤਾਰ ਪੰਜਾਬ ਅਤੇ ਪੰਜਾਬੀਆਂ ਨੂੰ ਨਿਸ਼ਾਨੇ ਉੱਤੇ ਲੈ ਕੇ ਨਫ਼ਰਤੀ ਸੋਚ ਦਾ ਪ੍ਰਗਟਾਵਾ ਕਰਨਾ ਮੰਦਭਾਗਾ ਤੇ ਦੁਖਦਾਈ ਹੈ। ਕੰਗਨਾ ਰਣੌਤ

*(ਬਾਕੀ ਸਫਾ 6 'ਤੇ)*


## ਸਟਾਰਟ ਸੀ ਡੀ ਐਲ ਤੋਂ ਲਵੋ ਟਰੱਕਾਂ ਦੀ ਸਿਖਲਾਈ




Call us at:
+18442272162

Address: 2605 US-130 Cinnaminson, NJ 08077

* ਪੇਸ਼ੇਵਰ ਟਰੱਕ ਡਰਾਈਵਰ ਬਣੋ
* ਫੀਸ ਕੇਵਲ 2500 ਡਾਲਰ
* ਤੁਸੀਂ ਪੰਜਾਬੀ ਅਤੇ ਉਰਦੂ ਵਿਚ ਵੀ ਗੱਲ ਕਰ ਸਕਦੇ ਹੋ
* ਗੈਰ ਵਸਨੀਕਾਂ ਦੇ ਰਹਿਣ ਦਾ ਪ੍ਰਬੰਧ ਵੀ ਹੋਵੇਗਾ
* ਆਨਲਾਈਨ ਟਰੇਨਿੰਗ ਉਪਲੱਬਧ
* ਟਰੇਨਿੰਗ ਦਾ ਸਮਾਂ ਤਕਰੀਬਨ ਦੋ ਹਫਤੇ

Corporate NMLS# 68434
AZ License# BK-0945946



Balbir (Bill) Grewal
MORTGAGE LOAN OFFICER
NMLS# 353442

Sistar Mortgage
A Nationwide Lender

Over 2 Decades of experience providing high level servicing for new and experienced borrowers!


Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

242-25 Braddock Ave., Bellerose, NY 11426



## ਮਿੱਠ ਬੋਲੜੇ ਸੁਭਾਅ ਦੇ ਮਾਲਕ, ਸ਼ਾਂਤੀ ਦੇ ਪੁੰਜ, ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਨੂੰ ਕੋਟਨਿ-ਕੋਟਿ ਪ੍ਰਣਾਮ

### ਪ੍ਰੋਗਰਾਮ ਦਾ ਵੇਰਵਾ

**16 ਜੂਨ 2024 (ਐਤਵਾਰ)**

*ਹਰ ਸਾਲ ਦੀ ਤਰ੍ਹਾਂ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਇਸੇ ਦਿਨ ਬਲੱਡ ਡੋਨੇਸ਼ਨ ਕੈਂਪ ਵੀ ਲਾਇਆ ਜਾਵੇਗਾ।*

**21 ਜੂਨ, 2024 (ਸ਼ੁਕਰਵਾਰ)**

ਅਰੰਭ ਸ੍ਰੀ ਅਖੰਡ ਪਾਠ ਸਵੇਰੇ 9 ਵਜੇ

**23 ਜੂਨ 2024 (ਐਤਵਾਰ)**

ਅਖੰਡ ਪਾਠ ਦਾ ਭੋਗ ਸਵੇਰੇ 9:30 ਵਜੇ

*23 ਜੂਨ ਨੂੰ ਪਲਾਹੀ ਸਾਹਿਬ ਦੀ ਸੰਗਤ ਵਲੋਂ ਧੰਨ ਧੰਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦਾ ਪ੍ਰਕਾਸ਼ ਪੁਰਬ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ।*

ਦੋਵੇਂ ਦਿਨ 2:30 ਵਜੇ ਤੱਕ ਦੀਵਾਨ ਸਜਣਗੇ। ਇਨ੍ਹਾਂ ਦੀਵਾਨਾਂ ਵਿਚ ਪੰਥ ਪ੍ਰਸਿੱਧ ਰਾਗੀ ਭਾਈ ਸੱਜਣ ਸਿੰਘ (ਸਾਬਕਾ ਹਜ਼ੂਰੀ ਰਾਗੀ ਦਰਬਾਰ ਸਾਹਿਬ) ਭਾਈ ਰਾਏ ਸਿੰਘ (ਸਾਬਕਾ ਹਜ਼ੂਰੀ ਰਾਗੀ ਦਰਬਾਰ ਸਾਹਿਬ), ਭਾਈ ਓਂਕਾਰ ਸਿੰਘ (16 ਜੂਨ ਵਾਲੇ ਦਿਨ) ਕੀਰਤਨ ਨਾਲ ਅਤੇ ਕਥਾਵਾਚਕ ਗਿਆਨੀ ਭੁਪਿੰਦਰ ਸਿੰਘ ਬੋਪਾਰਾਏ ਕਲਾਂ (ਦਮਦਮੀ ਟਕਸਾਲ) ਅਤੇ ਢਾਡੀ ਭਾਈ ਮੋਹਨ ਸਿੰਘ ਬਡਾਲਾ (23 ਜੂਨ ਨੂੰ) ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ। ਸਮੂਹ ਸੰਗਤ ਨੂੰ ਬੇਨਤੀ ਹੈ ਕਿ ਜਿੱਥੇ ਆਪ ਜੀ ਨੇ ਆਉਣਾ ਹੈ ਉਥੇ ਹੀ ਹੋਰਨਾਂ ਨੂੰ ਵੀ ਪ੍ਰੇਰ ਕੇ ਗੁਰੂਘਰ ਲੈ ਕੇ ਆਉਣਾ ਹੈ ਤੇ ਗੁਰੂ ਦੀ ਬਖਸ਼ਿਸ਼ ਦੇ ਪਾਤਰ ਬਣਨਾ ਹੈ।

**ਸਮੂਹ ਸੰਗਤ ਨੂੰ ਬੇਨਤੀ ਹੈ ਕਿ ਖੂਨਦਾਨ ਵਿਚ ਵਧ ਚੜ੍ਹ ਕੇ ਆਪਣਾ ਯੋਗਦਾਨ ਪਾਓ ਜੀ।**

**ਗੁਰੂ ਕਾ ਲੰਗਰ ਅਤੁੱਟ ਵਰਤੇਗਾ**

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: ਭਾਈ ਸੱਜਣ ਸਿੰਘ, ਫੋਨ: 718-343-1030**

ਸਾਬਕਾ ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ

ਮੁੱਖ ਸੰਚਾਲਕ, ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

# 'ਜੀਵੇ ਪੰਜਾਬ ਅਦਬੀ ਸੰਗਤ' ਵੱਲੋਂ ਸਰੀ ਵਿਖੇ ਵਿਸ਼ਵ ਪੰਜਾਬੀ ਕਾਨਫ਼ਰੰਸ 2 ਅਗਸਤ ਤੋਂ

## 'ਅਜੋਕੇ ਸਮੇਂ ਵਿਚ ਪੰਜਾਬੀ ਕੌਮ ਸਾਹਮਣੇ ਚੁਣੌਤੀਆਂ' ਵਿਸ਼ੇ 'ਤੇ ਹੋਵੇਗੀ ਵਿਚਾਰ-ਚਰਚਾ

**ਸਰੀ:** 'ਜੀਵੇ ਪੰਜਾਬ ਅਦਬੀ ਸੰਗਤ' ਵੱਲੋਂ 2, 3 ਅਤੇ 4 ਅਗਸਤ 2024 ਨੂੰ ਸਰੀ ਵਿਖੇ ਚੌਥੀ ਵਿਸ਼ਵ ਪੰਜਾਬੀ ਕਾਨਫ਼ਰੰਸ ਕਰਵਾਈ ਜਾ ਰਹੀ ਹੈ। ਇਹ ਜਾਣਕਾਰੀ ਦਿੰਦਿਆਂ 'ਜੀਵੇ ਪੰਜਾਬ ਅਦਬੀ ਸੰਗਤ' ਦੇ ਮੁੱਖ ਬੁਲਾਰੇ ਭੁਪਿੰਦਰ ਮੱਲ੍ਹੀ ਨੇ ਦੱਸਿਆ ਕਿ ਪੰਜਾਬੀ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਵਿਚ ਵਸ ਚੁੱਕੇ ਹਨ। ਨਵੀਆਂ ਧਰਤੀਆਂ 'ਤੇ ਵਸੇਬਾ ਕਰਨ ਦੇ ਨਾਲ ਉਨ੍ਹਾਂ ਸਾਹਮਣੇ ਕਈ ਚੁਣੌਤੀਆਂ ਵੀ ਪੈਦਾ ਹੋ ਰਹੀਆਂ ਹਨ, ਜੋ ਗੰਭੀਰ ਚਿੰਤਾ ਅਤੇ ਵਿਚਾਰ ਦੀ ਮੰਗ ਕਰਦੀਆਂ ਹਨ। ਪੰਜਾਬੀਆਂ ਨੂੰ ਦਰਪੇਸ਼ ਇਨ੍ਹਾਂ ਮੁੱਦਿਆਂ ਨੂੰ ਧਿਆਨ ਵਿਚ ਰੱਖਦਿਆਂ 'ਜੀਵੇ ਪੰਜਾਬ ਅਦਬੀ ਸੰਗਤ' ਵੱਲੋਂ ਵੱਖ-ਵੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਚੌਥੀ ਵਿਸ਼ਵ ਪੰਜਾਬੀ ਕਾਨਫ਼ਰੰਸ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ।



ਸ. ਮੱਲ੍ਹੀ ਨੇ ਦੱਸਿਆ ਕਿ ਇਸ ਕਾਨਫਰੰਸ ਵਿਚ 'ਅਜੋਕੇ ਸਮੇਂ ਵਿਚ ਪੰਜਾਬੀ ਕੌਮ ਸਾਹਮਣੇ ਚੁਣੌਤੀਆਂ' ਵਿਸ਼ੇ ਉੱਪਰ ਗੱਲਬਾਤ ਹੋਵੇਗੀ। ਇਸ ਵਿਚ ਸ਼ਾਮਲ ਹੋਣ ਵਾਸਤੇ ਵਿਸ਼ਵ ਭਰ ਵਿਚ ਵਿਦਵਾਨਾਂ ਨੂੰ ਸੱਦਾ ਪੱਤਰ ਭੇਜੇ ਗਏ ਹਨ। ਵਿਦਵਾਨ ਆਪਣੇ ਖੇਤਰ ਨਾਲ ਸਬੰਧਤ ਵਿਸ਼ਿਆਂ ਉੱਪਰ ਖੋਜ ਪੱਤਰ ਪੜ੍ਹਨਗੇ ਅਤੇ ਉਨ੍ਹਾਂ 'ਤੇ ਵਿਚਾਰ-ਚਰਚਾ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਵਿਚ ਇਸ ਸੰਸਥਾ ਵੱਲੋਂ ਤਿੰਨ ਵਿਸ਼ਵ ਪੰਜਾਬੀ ਕਾਨਫ਼ਰੰਸਾਂ ਸਫ਼ਲਤਾ ਪੂਰਵਕ ਕਰਵਾਉਣ ਦਾ ਮਾਣ ਹਾਸਲ ਹੈ, ਜਿਨ੍ਹਾਂ ਵਿਚੋਂ ਦੋ ਕਾਨਫ਼ਰੰਸਾਂ ਯੂਨੀਵਰਸਿਟੀ ਆਫ ਨਾਰਦਰਨ ਬ੍ਰਿਟਿਸ਼ ਕੋਲੰਬੀਆ (ਕੈਨੇਡਾ), ਪ੍ਰਿੰਸ ਜਾਰਜ (ਕੈਨੇਡਾ) ਵਿਚ ਅਤੇ ਤੀਜੀ ਕਾਨਫ਼ਰੰਸ ਦੇਸ਼ ਭਗਤ ਯਾਦਗਾਰ ਹਾਲ ਜਲੰਧਰ (ਪੰਜਾਬ) ਵਿਚ ਕਰਵਾਈ ਗਈ ਸੀ। ਇਨ੍ਹਾਂ ਕਾਨਫਰੰਸਾਂ ਲਈ ਪੰਜਾਬੀਆਂ ਦਾ ਵਿਸ਼ੇਸ਼ ਸਹਿਯੋਗ ਰਿਹਾ ਸੀ। ਕਾਨਫ਼ਰੰਸ ਦੀ ਕਾਮਯਾਬੀ ਲਈ ਸਮੂਹ ਪੰਜਾਬੀ ਪਿਆਰਿਆਂ ਨੂੰ ਸੱਦਾ ਦਿੰਦਿਆਂ ਉਨ੍ਹਾਂ ਉਮੀਦ ਜ਼ਾਹਰ ਕੀਤੀ ਕਿ ਇਹ ਉੱਦਮ, ਪੰਜਾਬੀ ਕੌਮ ਦੇ ਉੱਜਲੇ ਭਵਿੱਖ ਲਈ ਖਾਕਾ ਤਿਆਰ ਕਰਨ ਵਿਚ ਸਹਾਈ ਹੋਵੇਗਾ। ਇਸ ਮੌਕੇ ਨਵਰੂਪ ਸਿੰਘ, ਡਾ. ਸਈਅਦ ਫ਼ਰੀਦ, ਰਾਜਵੰਤ ਰਾਜ, ਗੀਤਕਾਰ ਰਾਜ ਕਾਕੜਾ, ਮਨਦੀਪ ਸਿੰਘ, ਹਰਦਮ ਮਾਨ, ਚਰਨਜੀਤ ਸੈਣੀ, ਪਿਆਰਾ ਸਿੰਘ ਨੱਤ, ਪਰਮਜੀਤ ਜਵੰਦਾ ਮੌਜੂਦ ਸਨ।

*-ਹਰਦਮ ਮਾਨ*

# ਕਰੋਨਾ ਮਹਾਂਮਾਰੀ ਦੌਰਾਨ ਕਰੋੜਾਂ ਡਾਲਰਾਂ ਦਾ ਫਰਾਡ ਕਰਨ ਦੇ ਮਾਮਲੇ ਵਿਚ 5 ਜਣੇ ਦੋਸ਼ੀ ਕਰਾਰ

## ਜੱਜ ਨੂੰ ਰਿਸ਼ਵਤ ਦੇਣ ਦੀ ਕੀਤੀ ਕੋਸ਼ਿਸ਼

**ਸੈਕਰਾਮੈਂਟੋ:** ਕਰੋਨਾਵਾਇਰਸ ਮਹਾਂਮਾਰੀ ਦੌਰਾਨ ਬੱਚਿਆਂ ਨੂੰ ਭੋਜਨ ਮੁਹੱਈਆ ਕਰਵਾਉਣ ਦੀ ਸਕੀਮ ਤਹਿਤ 4 ਕਰੋੜ ਡਾਲਰਾਂ ਤੋਂ ਵੱਧ ਦਾ ਫਰਾਡ ਕਰਨ ਦੇ ਮਾਮਲੇ ਵਿਚ ਨਿਭਾਈ ਭੂਮਿਕਾ ਲਈ ਅਦਾਲਤ ਨੇ ਮਿਨੀਸੋਟਾ ਦੇ 5 ਵਿਅਕਤੀਆਂ ਨੂੰ ਦੋਸ਼ੀ ਕਰਾਰ ਦਿੱਤਾ ਹੈ ਜਦਕਿ 2 ਹੋਰਨਾਂ ਨੂੰ ਬਰੀ ਕਰ ਦਿੱਤਾ ਹੈ।

ਇਥੇ ਜ਼ਿਕਰਯੋਗ ਹੈ ਕਿ ਕਿਸੇ ਵੱਲੋਂ ਇਕ ਜੱਜ ਨੂੰ 1,20,000 ਡਾਲਰਾਂ ਦੀ ਰਿਸ਼ਵਤ ਦੇਣ ਦੀ ਕੋਸ਼ਿਸ਼ ਤੋਂ ਬਾਅਦ ਇਹ ਮਾਮਲਾ ਵੱਡੀ ਪੱਧਰ 'ਤੇ ਚਰਚਾ ਦਾ ਵਿਸ਼ਾ ਬਣ ਗਿਆ ਸੀ। ਇਸ ਜੱਜ ਨੂੰ ਮਾਮਲੇ 'ਤੇ ਬਹਿਸ ਸ਼ੁਰੂ ਹੋਣ ਤੋਂ ਪਹਿਲਾਂ ਬਰਖਾਸਤ ਕਰ ਦਿੱਤਾ ਗਿਆ ਸੀ। ਇਕ ਹੋਰ ਜੱਜ ਜਿਸ ਨੂੰ ਰਿਸ਼ਵਤ ਦੀ ਕੋਸ਼ਿਸ਼ ਬਾਰੇ ਦੱਸਿਆ ਗਿਆ ਸੀ, ਨੂੰ ਵੀ ਬਰਖਾਸਤ ਕਰ ਦਿੱਤਾ ਸੀ। ਰਿਸ਼ਵਤ ਦੀ ਕੋਸ਼ਿਸ਼ ਦਾ ਮਾਮਲਾ ਅਜੇ ਵੀ ਐਫਬੀਆਈ ਦੀ ਜਾਂਚ ਤਹਿਤ ਹੈ ਤੇ ਅਜੇ ਤੱਕ ਇਸ ਮਾਮਲੇ ਵਿਚ ਕੋਈ ਵੀ ਗ੍ਰਿਫਤਾਰੀ ਨਹੀਂ ਐਲਾਨੀ ਗਈ। ਅਧਿਕਾਰੀਆਂ ਅਨੁਸਾਰ ਮਿਨੀਸੋਟਾ ਸਕੀਮ ਤਹਿਤ ਕੁਲ 25 ਕਰੋੜ ਡਾਲਰ ਕਢਵਾਏ ਗਏ ਸਨ ਜਿਨ੍ਹਾਂ ਵਿਚੋਂ ਕੇਵਲ 5 ਕਰੋੜ ਡਾਲਰ ਹੀ ਬਰਾਮਦ ਹੋਏ ਹਨ। ਅਦਾਲਤ ਨੇ ਅਬਦੀ ਆਜ਼ਿਜ਼ ਸ਼ਫੀ ਫਰਾਹ, ਮੁਹੰਮਦ ਜਾਮਾ ਇਸਮਾਇਲ, ਅਬਦੀ ਮਜੀਦ ਮੁਹੰਮਦ ਨੂਰ, ਮੁਖਤਾਰ ਮੁਹੰਮਦ ਸ਼ਰੀਫ ਤੇ ਹੇਯਾਤ ਮੁਹੰਮਦ ਨੂਰ ਨੂੰ ਉਨ੍ਹਾਂ ਵਿਰੁੱਧ ਲਾਏ ਜ਼ਿਆਦਾਤਰ ਦੋਸ਼ਾਂ ਤਹਿਤ ਦੋਸ਼ੀ ਕਰਾਰ ਦਿੱਤਾ ਜਦਕਿ ਸਾਇਦ ਸਫੀ ਫਰਾਹ ਤੇ ਅਬਦੀ ਵਹਾਦ ਮਾਲੀਮਅ ਫਟਨ ਨੂੰ ਬਰੀ ਕਰ ਦਿੱਤਾ।

*-ਹੁਸਨ ਲੜੋਆ ਬੰਗਾ*

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746

SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways
Etihad, Air India, KLM, Lufthansa, Delta, Qatar Airlines.



For Emergency Call anytime at 847-436-9010
EARLY BIRD SALE!!!!
Domestic fares available



UMA TRAVELS
2541 W. Devon Ave.,
Chicago, IL 60659
For Delhi Amritsar-Bombay Ahmedabad, Hydrabad-Madras
Call For Special Sale Fares
Call: 773-338-5603

# Matrimonials

## ਲੜਕੀ ਦੀ ਲੋੜ ਹੈ

Jatt Sikh family seeks a suitable match in the USA/Canada for their Amritdhari boy (work permit in Canada), 30, 5'11" tall, residing in Surrey. Please contact: 98768-65849

24-27

Saini family (Belongs to Hoshiarpur) looking for a suitable match for their 28, 5'5" son, Masters in Bio tech. Boy is Working as Research professional in Stanford University. Please call to his Uncle at: 510-557-6988

23-26

Looking for a Bride for American Citizen Ramgarhia Sikh boy divorced from short marriage, no kids, born in 1984, height 5'10". Looking for American citizen or green card holder girl. Contact us at: 510-200-1772 or E-mail: binnumunday@gmail.com

22-25

Parjapat Punjabi family looking for a H1B or Student visa holder Match for their Engineer son, working in MNC at Texas, USA. Age- 28, 5.10". Caste no Bar. Please Contact us at: singh.dapinder@gmail.com or call at 732-407-6683.

20-23

Looking for a suitable Ramgarhia Sikh Dhiman match in the USA/Canada for our well-settled boy (US citizen), 31, 5'11" tall, residing in Chicago. Please contact: man.rupal93@gmail.com

20-23

Ramgarhia family looking for a suitable match for their USA born Electtrical Engineer boy, 31, 5'11" tall. Gilr should be educated. Please call us at: 586-549-0107 or E-mail: sukhjitusa@att.net.

20-23

Jatt Sikh family seeks a suitable match for their US Citizen, very handsome, teetotaller, trimmed hair, son, 31, 5'8", Master in Education and diploma in Administration. Working as Program specialist in Maths with California govt. He is very knowledgeable, sincere and progressive. Caste no bar, no demand. Send profile with photo at whatsapp no. 661-578-2261

19-22

Jat Sikh family from California Bay Area looking for a suitable match for their son born & raised in the US , 38 Yrs., 6.2", Engineer working in an executive Position in the Bay Area. Girl should be tall and from the US. For more info. E-mail: SVSCC2013@gmail.com or call (408) 309-9026.

19-22

## ਲੜਕੇ ਦੀ ਲੋੜ ਹੈ

Jatt Sikh family seeks a suitable match for their divorced girl (no kids) 32, 5'6" tall. Working as a journalist in a prominant newspaper. Please contact: +91-70093-82989

Gursikh Rajput Kanda family seeks a suitable match in USA for their convent educated MBBS Doctor daughter, October 1989 born 5'4". Younger sister is also a Doctor. Please call us at: 98150-66773 or text message our Whatsapp no. 224-392-6613.

Ramgarhia Sikh family seeks a suitable match in USA for their USA Citizen well settled daughter, August 1990 born in Ludhiana 5'2" , residing in Michigan (Canton). Working as a Nursing Assitant in University of Michigan Hospital. Please call us at : +17348001448 or Email :binnumunday@gmail.com

17-20

Hindu/Sikh nai family looking for a suitable match for their beautiful daughter US Citizen, 26years, 5'6" Dentist DMD degree and now working as a Dentist. Family and sibling are US citizen. Please Contact us at 516-510-9744

17-20

Rajput family looking for a suitable match for their USA Citizen daughter 29, 5'-3" beautiful, family oriented, bachelors of Science in Biology and Psychology. MBA in Healthcare Management. Working as Senior Project Manager in Oncology Research. The boy must be from the USA (Citizen, Green card or H1b visa holder), professionally qualified, good-natured & well settled. Serious enquiries only. Please do Text Message at 630-746-9793

17-20

# ਅੰਮ੍ਰਿਤਪਾਲ ਸਿੰਘ ਦੀ ਜਿੱਤ ਨੇ 35 ਸਾਲ ਪੁਰਾਣਾ ਇਤਿਹਾਸ ਦੁਹਰਾਇਆ



**ਚੰਡੀਗੜ੍ਹ:** ਲੋਕ ਸਭਾ ਚੋਣਾਂ ਵਿਚ ਦੋ ਆਜ਼ਾਦ ਉਮੀਦਵਾਰਾਂ ਦੀ ਜਿੱਤ ਨੇ ਪੰਜਾਬ ਦਾ ਤਕਰੀਬਨ 35 ਸਾਲ ਪੁਰਾਣਾ ਰਾਜਸੀ ਇਤਿਹਾਸ ਦੁਹਰਾ ਦਿੱਤਾ ਹੈ। ਹਲਕਾ ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਅੰਮ੍ਰਿਤਪਾਲ ਸਿੰਘ ਨੇ 1,97,120 ਵੋਟਾਂ ਦੇ ਫ਼ਰਕ ਨਾਲ ਕਾਂਗਰਸੀ ਉਮੀਦਵਾਰ ਕੁਲਜੀਤ ਸਿੰਘ ਜ਼ੀਰਾ ਖ਼ਿਲਾਫ਼ ਜਿੱਤ ਹਾਸਲ ਕੀਤੀ ਹੈ। ਚੇਤੇ ਰਹੇ ਕਿ ਅੰਮ੍ਰਿਤਪਾਲ ਸਿੰਘ ਇਸ ਵੇਲੇ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹੈ।

ਆਜ਼ਾਦ ਉਮੀਦਵਾਰ ਸਰਬਜੀਤ ਸਿੰਘ ਖ਼ਾਲਸਾ ਨੇ ਫ਼ਰੀਦਕੋਟ ਹਲਕੇ ਤੋਂ 'ਆਪ' ਉਮੀਦਵਾਰ ਕਰਮਜੀਤ ਅਨਮੋਲ ਨੂੰ 70,053 ਵੋਟਾਂ ਦੇ ਫ਼ਰਕ ਨਾਲ ਹਰਾ ਦਿੱਤਾ ਹੈ। ਉਪਰੋਕਤ ਦੋਵੇਂ ਸੀਟਾਂ ਤੋਂ ਆਜ਼ਾਦ ਉਮੀਦਵਾਰਾਂ ਦੀ ਜਿੱਤ ਨੇ ਇਕ ਨਵੇਂ ਰਾਜਸੀ ਖ਼ਾਸੇ ਵੱਲ ਮੋੜਾ ਦਿੱਤਾ ਹੈ।

ਫ਼ਰੀਦਕੋਟ ਤੋਂ ਜੇਤੂ ਰਹੇ ਸਰਬਜੀਤ ਸਿੰਘ ਖ਼ਾਲਸਾ ਆਪਣੇ ਪਰਿਵਾਰ ਵਿਚੋਂ ਤੀਜੇ ਮੈਂਬਰ ਹਨ ਜੋ ਲੋਕ ਸਭਾ ਦੀ ਪੌੜੀ ਚੜ੍ਹਨਗੇ। ਸ਼ਹੀਦ ਬੇਅੰਤ ਸਿੰਘ ਦੇ ਪੁੱਤਰ ਸਰਬਜੀਤ ਸਿੰਘ ਖ਼ਾਲਸਾ ਦੀ ਮਾਤਾ 1989 ਵਿਚ ਰੋਪੜ ਹਲਕੇ ਤੋਂ ਅਕਾਲੀ ਦਲ (ਮਾਨ) ਦੀ ਟਿਕਟ 'ਤੇ 4.24 ਲੱਖ ਵੋਟਾਂ ਦੇ ਫ਼ਰਕ ਨਾਲ ਜੇਤੂ ਰਹੇ ਸਨ ਜਦੋਂ ਕਿ ਸਰਬਜੀਤ ਸਿੰਘ ਦਾ ਦਾਦਾ ਸੁੱਚਾ ਸਿੰਘ ਮਲੋਆ 1989 ਵਿਚ ਬਠਿੰਡਾ ਹਲਕੇ ਤੋਂ ਅਕਾਲੀ ਦਲ (ਮਾਨ) ਦੇ ਉਮੀਦਵਾਰ ਵਜੋਂ 3.16 ਲੱਖ ਵੋਟਾਂ ਦੇ ਫ਼ਰਕ ਨਾਲ ਜੇਤੂ ਰਹੇ ਸਨ। ਸਭ ਤੋਂ ਪਹਿਲਾਂ 1989 ਦੀ ਲੋਕ ਸਭਾ ਚੋਣ ਵਿਚ ਤਿੰਨ ਆਜ਼ਾਦ ਉਮੀਦਵਾਰ ਚੋਣ ਜਿੱਤੇ ਸਨ ਜਿਨ੍ਹਾਂ ਵਿਚ ਅੰਮ੍ਰਿਤਸਰ ਤੋਂ ਆਜ਼ਾਦ ਉਮੀਦਵਾਰ ਕਿਰਪਾਲ ਸਿੰਘ ਨੇ 2.72 ਲੱਖ ਵੋਟਾਂ ਦੇ ਫ਼ਰਕ ਨਾਲ ਚੋਣ ਜਿੱਤੀ ਸੀ। ਉਦੋਂ ਫ਼ਿਰੋਜ਼ਪੁਰ ਹਲਕੇ ਤੋਂ ਆਜ਼ਾਦ ਉਮੀਦਵਾਰ ਧਿਆਨ ਸਿੰਘ ਮੰਡ 2.02 ਲੱਖ ਵੋਟਾਂ ਦੇ ਫ਼ਰਕ ਨਾਲ ਤੇ ਪਟਿਆਲਾ ਤੋਂ ਆਜ਼ਾਦ ਉਮੀਦਵਾਰ ਅਤਿੰਦਰਪਾਲ ਸਿੰਘ ਨੇ 2.94 ਲੱਖ ਵੋਟਾਂ ਦੇ ਫ਼ਰਕ ਨਾਲ ਚੋਣ ਜਿੱਤੀ ਸੀ। ਉਸ ਮਗਰੋਂ ਆਜ਼ਾਦ ਉਮੀਦਵਾਰ ਵਜੋਂ ਜਿੱਤਣ ਵਾਲੇ ਸਤਨਾਮ ਸਿੰਘ ਕੈਂਥ ਸਨ।

ਪੰਥਕ ਹਲਕਾ ਖਡੂਰ ਸਾਹਿਬ (ਪਹਿਲਾਂ ਤਰਨ ਤਾਰਨ) ਨੇ ਦੂਸਰੀ ਦਫ਼ਾ ਜੇਲ੍ਹ ਵਿਚ ਬੰਦ ਉਮੀਦਵਾਰ ਨੂੰ ਚੋਣ ਵਿਚ ਜਿਤਾਇਆ ਹੈ। 1989 ਵਿਚ ਜਦੋਂ ਸਿਮਰਨਜੀਤ ਸਿੰਘ ਮਾਨ ਜੇਲ੍ਹ ਵਿਚ ਬੰਦ ਸਨ ਤਾਂ ਉਸ ਵਕਤ ਤਰਨ ਤਾਰਨ ਹਲਕੇ ਤੋਂ 5.27 ਲੱਖ ਵੋਟਾਂ ਦੇ ਫ਼ਰਕ ਨਾਲ ਸਿਮਰਨਜੀਤ ਸਿੰਘ ਮਾਨ ਨੇ ਜਿੱਤ ਹਾਸਲ ਕੀਤੀ ਸੀ।

## ਉਮੀਦਵਾਰਾਂ ਨੂੰ ਜੱਦੀ ਹਲਕਿਆਂ 'ਚ ਵੀ ਚਿੱਤ ਕੀਤਾ

**ਤਰਨ ਤਾਰਨ:** ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਦੇ ਤੌਰ 'ਤੇ 1,97,120 ਵੋਟਾਂ ਦੇ ਭਾਰੀ ਫ਼ਰਕ ਨਾਲ ਜੇਤੂ ਰਹੇ ਅੰਮ੍ਰਿਤਪਾਲ ਸਿੰਘ ਨੇ ਲੋਕ ਸਭਾ ਚੋਣਾਂ ਦੇ ਨਤੀਜੇ ਵਿਚ ਸ਼ਾਨਦਾਰ ਇਤਿਹਾਸ ਰਚਿਆ ਹੈ। ਅੰਮ੍ਰਿਤਪਾਲ ਸਿੰਘ ਨੇ ਕੁੱਲ 4,04,430 ਵੋਟਾਂ ਹਾਸਲ ਕੀਤੀਆਂ ਜਦੋਂਕਿ ਉਨ੍ਹਾਂ ਦੇ ਨੇੜੇ ਦੇ ਵਿਰੋਧੀ ਕਾਂਗਰਸ ਪਾਰਟੀ ਦੇ ਕੁਲਬੀਰ ਸਿੰਘ ਜ਼ੀਰਾ ਨੂੰ 2,07,310 ਵੋਟਾਂ ਮਿਲੀਆਂ ਹਨ। ਇੰਨਾ ਹੀ ਨਹੀਂ, ਅੰਮ੍ਰਿਤਪਾਲ ਸਿੰਘ ਨੇ ਉਮੀਦਵਾਰਾਂ ਨੂੰ ਉਨ੍ਹਾਂ ਦੇ ਜੱਦੀ ਹਲਕਿਆਂ ਤੋਂ ਵੀ ਵਧੇਰੇ ਵੋਟਾਂ ਲੈ ਕੇ ਚਿੱਤ ਕੀਤਾ ਹੈ। ਜ਼ਿਕਰਯੋਗ ਹੈ ਕਿ ਉਨ੍ਹਾਂ ਦੇ ਵਿਰੋਧੀਆਂ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਲਾਲਜੀਤ ਸਿੰਘ ਭੁੱਲਰ ਹਾਲੇ ਦੋ ਸਾਲ ਪਹਿਲਾਂ ਹੀ ਪੱਟੀ ਵਿਧਾਨ ਸਭਾ ਹਲਕੇ ਤੋਂ ਚੋਣ ਜਿੱਤ ਕੇ ਕੈਬਨਿਟ ਮੰਤਰੀ ਦੇ ਅਹੁਦੇ ਤੱਕ ਪਹੁੰਚੇ ਹਨ। ਕਾਂਗਰਸੀ ਉਮੀਦਵਾਰ ਕੁਲਬੀਰ ਜ਼ੀਰਾ ਵਿਧਾਨ ਸਭਾ ਦੀ 2017 ਦੀ ਚੋਣ ਜਿੱਤ ਕੇ ਵਿਧਾਇਕ ਬਣੇ ਸਨ।

## ਆਨੰਦਪੁਰ ਸਾਹਿਬ ਤੋਂ ਮੇਰੀ ਜਿੱਤ ਪੱਕੀ ਸੀ: ਰਾਣਾ ਗੁਰਜੀਤ

**ਜਲੰਧਰ:** ਸੀਨੀਅਰ ਕਾਂਗਰਸੀ ਆਗੂ ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਜੇ ਉਹ ਸ੍ਰੀ ਆਨੰਦਪੁਰ ਸਾਹਿਬ ਸੀਟ ਤੋਂ ਚੋਣ ਲੜਦੇ ਤਾਂ ਸਵਾ ਲੱਖ ਜਾਂ ਡੇਢ ਲੱਖ ਦੇ ਫਰਕ ਨਾਲ ਚੋਣ ਜਿੱਤਦੇ। ਰਾਣਾ ਗੁਰਜੀਤ ਸਿੰਘ ਦੀ ਇੰਟਰਵਿਊ ਵਾਲੀ ਇਹ ਵੀਡੀਓ ਬੜੀ ਵਾਇਰਲ ਹੋ ਰਹੀ ਹੈ।

ਇਸ ਵਿਚ ਉਹ ਦਾਅਵਾ ਕਰ ਰਹੇ ਹਨ ਕਿ ਜੇ ਸ੍ਰੀ ਆਨੰਦਪੁਰ ਸਾਹਿਬ ਵਾਲੀ ਸੀਟ ਤੋਂ ਉਹ ਚੋਣ ਲੜਦੇ ਤਾਂ ਵੱਡੇ ਫਰਕ ਨਾਲ ਜਿੱਤ ਹਾਸਲ ਕਰਦੇ। ਜ਼ਿਕਰਯੋਗ ਹੈ ਕਿ ਵਾਇਰਲ ਹੋ ਰਹੀ ਇਹ ਵੀਡੀਓ ਚੋਣ ਨਤੀਜਾ ਆਉਣ ਤੋਂ ਇਕ ਦਿਨ ਪਹਿਲਾਂ ਦੀ ਦੱਸੀ ਜਾ ਰਹੀ ਹੈ।

ਰਾਣਾ ਗੁਰਜੀਤ ਸਿੰਘ ਨੇ ਆਪਣੇ ਪੁੱਤਰ ਰਾਣਾ ਇੰਦਰਪ੍ਰਤਾਪ ਸਿੰਘ ਲਈ ਸ੍ਰੀ ਆਨੰਦਪੁਰ ਸਾਹਿਬ ਤੋਂ ਟਿਕਟ ਦੀ ਮੰਗ ਕੀਤੀ ਸੀ। ਉਹ ਵੀਡੀਓ ਵਿਚ ਆਖ ਰਹੇ ਹਨ ਕਿ ਉਨ੍ਹਾਂ ਨੇ ਚਾਰ ਵਾਰ ਸ੍ਰੀ ਆਨੰਦਪੁਰ ਸਾਹਿਬ ਤੋਂ ਟਿਕਟ ਮੰਗੀ ਸੀ ਪਰ ਪਾਰਟੀ ਹਾਈਕਮਾਂਡ ਨੇ ਟਿਕਟ ਨਹੀਂ ਦਿੱਤੀ।

# ਚਮਕੌਰ ਸਾਹਿਬ ਵਿਧਾਨ ਸਭਾ ਹਲਕੇ 'ਚ ਅਕਾਲੀ ਦਲ ਤੀਜੇ ਸਥਾਨ 'ਤੇ ਪੁੱਜਿਆ



**ਚਮਕੌਰ ਸਾਹਿਬ:** ਲੋਕ ਸਭਾ ਹਲਕਾ ਸ੍ਰੀ ਆਨੰਦਪੁਰ ਸਾਹਿਬ ਦਾ ਵਿਧਾਨ ਸਭਾ ਹਲਕਾ ਚਮਕੌਰ ਸਾਹਿਬ (ਰਾਖਵਾਂ), ਜੋ ਕਦੇ ਪੂਰੀ ਤਰ੍ਹਾਂ ਪੰਥਕ ਹਲਕੇ ਵਜੋਂ ਜਾਣਿਆ ਜਾਂਦਾ ਸੀ ਤੇ ਸ਼੍ਰੋਮਣੀ ਅਕਾਲੀ ਦਲ ਦੀ ਬੀਬੀ ਸਤਵੰਤ ਕੌਰ ਸੰਧੂ ਜੋ ਕਿ ਪੰਜ ਵਾਰ ਇਸ ਹਲਕੇ ਤੋਂ ਵਿਧਾਇਕ ਰਹੇ, ਉਨ੍ਹਾਂ ਲੰਮਾ ਸਮਾਂ ਰਾਜ ਕੀਤਾ ਸੀ। ਹੁਣ ਇਸ ਹਲਕੇ ਵਿਚ ਸ਼੍ਰੋਮਣੀ ਅਕਾਲੀ ਦਲ ਪਛੜ ਕੇ ਤੀਜੇ ਸਥਾਨ 'ਤੇ ਆ ਗਿਆ ਹੈ ਅਤੇ ਅਕਾਲੀ ਦਲ ਦੇ ਉੱਚ ਲੀਡਰ ਮੰਨੇ ਜਾਂਦੇ ਪ੍ਰੇਮ ਸਿੰਘ ਚੰਦੂਮਾਜਰਾ ਲੋਕ ਸਭਾ ਚੋਣਾਂ ਵਿਚ ਬੁਰੀ ਤਰ੍ਹਾਂ ਚੋਣ ਹਾਰ ਗਏ ਹਨ। ਚਮਕੌਰ ਸਾਹਿਬ ਹਲਕੇ ਵਿਚ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਕੀਤੀਆਂ ਰੈਲੀਆਂ ਅਤੇ ਆਪਣੇ ਵਰਕਰਾਂ ਨੂੰ ਕਾਂਗਰਸੀ ਉਮੀਦਵਾਰ ਵਿਜੈਇੰਦਰ ਸਿੰਗਲਾ ਨਾਲ ਤੋਰਨ ਚਮਕੌਰ ਸਾਹਿਬ ਹਲਕੇ ਤੋਂ ਸ੍ਰੀ ਸਿੰਗਲਾ ਭਾਰੀ ਬਹੁਮਤ ਨਾਲ ਜਿੱਤੇ। ਚਮਕੌਰ ਸਾਹਿਬ ਵਿਧਾਨ ਸਭਾ ਹਲਕੇ ਤੋਂ ਸ੍ਰੀ ਸਿੰਗਲਾ ਨੂੰ 50209 ਵੋਟਾਂ ਪਈਆਂ। ਆਮ ਆਦਮੀ ਪਾਰਟੀ ਦੇ ਉਮੀਦਵਾਰ ਮਾਲਵਿੰਦਰ ਸਿੰਘ ਕੰਗ ਨੂੰ 33181, ਪ੍ਰੇਮ ਸਿੰਘ ਚੰਦੂਮਾਜਰਾ ਨੂੰ ਸਿਰਫ 14176 ਵੋਟਾਂ ਮਿਲੀਆਂ, ਜਦੋਂ ਕਿ ਭਾਜਪਾ ਦੇ ਉਮੀਦਵਾਰ ਸੁਭਾਸ਼ ਸ਼ਰਮਾ 7534 ਵੋਟਾਂ ਲੈ ਕੇ ਚੌਥੇ ਨੰਬਰ 'ਤੇ ਰਹੇ ਅਤੇ ਅਕਾਲੀ ਦਲ ਮਾਨ ਦੇ ਉਮੀਦਵਾਰ ਕੁਸ਼ਲਪਾਲ ਸਿੰਘ ਮਾਨ ਨੂੰ 6450 ਵੋਟਾਂ ਪੋਲ ਹੋਈਆਂ ਜੋ ਕਿ ਪੰਜਵੇਂ ਸਥਾਨ ਸਮੇਤ ਬਸਪਾ ਦੇ ਉਮੀਦਵਾਰ ਡਾ. ਜਸਵੀਰ ਸਿੰਘ ਗੜ੍ਹੀ 3887 ਵੋਟਾਂ ਲੈ ਕੇ ਛੇਵੇਂ ਸਥਾਨ 'ਤੇ ਰਹੇ। ਜਦੋਂ ਅਕਾਲੀ ਦਲ ਦੇ ਉਮੀਦਵਾਰ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਹਾਰ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਪਾਰਟੀ ਹਾਈਕਮਾਨ ਦੀ ਭੰਬਲਭੂਸੇ ਵਾਲੀ ਸਥਿਤੀ ਕਾਰਨ ਪਾਰਟੀ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਉਨ੍ਹਾਂ ਲੋਕਾਂ ਦਾ ਫਤਵਾ ਕਬੂਲਦਿਆਂ ਕਿਹਾ ਕਿ ਹਾਈਕਮਾਨ ਦੀ ਭੰਬਲਭੂਸੇ ਵਾਲੀ ਅਤੇ 'ਨਾ ਇੱਧਰ ਤੇ ਨਾ ਉਧਰ' ਦੀ ਨੀਤੀ ਕਾਰਨ ਅਕਾਲੀ ਦਲ ਨੂੰ ਹਾਰ ਦਾ ਮੂੰਹ ਵੇਖਣਾ ਪਿਆ।

## ਪੰਜਾਬ ਵਿਚ 67,000 ਤੋਂ ਵੱਧ ਵੋਟਰਾਂ ਨੇ 'ਨੋਟਾ' ਦੀ ਕੀਤੀ ਵਰਤੋਂ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿਚ 67,000 ਤੋਂ ਵੱਧ ਵੋਟਰਾਂ ਨੇ ਨੋਟਾ ਵਿਕਲਪ ਦੀ ਚੋਣ ਕੀਤੀ ਜਿੱਥੇ ਕਾਂਗਰਸ ਨੇ ਲੋਕ ਸਭਾ ਚੋਣਾਂ ਵਿਚ 13 ਵਿੱਚੋਂ 7 ਸੀਟਾਂ ਜਿੱਤ ਕੇ ਸ਼ਾਨਦਾਰ ਜਿੱਤ ਦਰਜ ਕੀਤੀ। ਚੋਣ ਕਮਿਸ਼ਨ ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ 67,158 ਵੋਟਰਾਂ (ਕੁੱਲ ਪੋਲ ਹੋਈਆਂ ਵੋਟਾਂ ਦਾ 0.49 ਫੀਸਦੀ) ਨੇ ਨੋਟਾ ਦਾ ਬਟਨ ਦਬਾਇਆ।

# ਪੰਜਾਬ ਵਿਚ ਗਰਮੀ ਨੇ ਮੁੜ ਜ਼ੋਰ ਫੜਿਆ, ਲੋਕਾਂ ਦੀਆਂ ਮੁਸ਼ਕਲਾਂ ਵਧੀਆਂ

**ਚੰਡੀਗੜ੍ਹ:** ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਸਣੇ ਪੂਰੇ ਉੱਤਰੀ ਭਾਰਤ ਵਿਚ ਇਕ ਵਾਰ ਮੁੜ ਤੋਂ ਗਰਮੀ ਨੇ ਜ਼ੋਰ ਫੜਨਾ ਸ਼ੁਰੂ ਕਰ ਦਿੱਤਾ ਹੈ। ਗਰਮੀ ਵਧਣ ਦੇ ਨਾਲ ਹੀ ਲੋਕਾਂ ਦੀਆਂ ਮੁਸ਼ਕਲਾਂ ਵੀ ਮੁੜ ਤੋਂ ਵਧਣੀਆਂ ਸ਼ੁਰੂ ਹੋ ਗਈਆਂ ਹਨ। ਲੋਕ ਗਰਮੀ ਕਰਕੇ ਘਰਾਂ ਵਿਚ ਹੀ ਰਹਿਣ ਨੂੰ ਤਰਜੀਹ ਦੇ ਰਹੇ ਹਨ। ਗਰਮੀ ਵਧਣ ਕਾਰਨ ਸੂਬੇ ਦਾ ਤਾਪਮਾਨ ਵੀ ਆਮ ਨਾਲੋਂ 2 ਤੋਂ 5 ਡਿਗਰੀ ਸੈਲਸੀਅਸ ਤੱਕ ਵਧ ਗਿਆ ਹੈ।

ਪੰਜਾਬ ਦੇ ਅੰਮ੍ਰਿਤਸਰ, ਲੁਧਿਆਣਾ, ਪਟਿਆਲਾ, ਗੁਰਦਾਸਪੁਰ, ਬਰਨਾਲਾ, ਬਠਿੰਡਾ ਅਤੇ ਰਾਜਧਾਨੀ ਚੰਡੀਗੜ੍ਹ ਵਿਚ ਤਾਪਮਾਨ 42 ਡਿਗਰੀ ਸੈਲਸੀਅਸ ਤੋਂ ਵੱਧ ਦਰਜ ਕੀਤਾ ਗਿਆ ਹੈ ਜੋ ਆਮ ਨਾਲੋਂ ਜ਼ਿਆਦਾ ਹੈ। ਉੱਧਰ, ਮੌਸਮ ਵਿਭਾਗ ਨੇ ਅਗਲਾ ਪੂਰਾ ਹਫ਼ਤਾ ਗਰਮੀ ਪੈਣ ਦੀ ਪੇਸ਼ੀਨਗੋਈ ਕੀਤੀ ਹੈ। ਜਾਣਕਾਰੀ ਅਨੁਸਾਰ ਪੰਜਾਬ ਵਿਚ ਗਰਮੀ ਵਧਣ ਦੇ ਨਾਲ ਹੀ ਬਿਜਲੀ ਵਿਭਾਗ ਦੀਆਂ ਮੁਸ਼ਕਲਾਂ ਵੀ ਵਧਣੀਆਂ ਸ਼ੁਰੂ ਹੋ ਗਈਆਂ ਹਨ। ਬਿਜਲੀ ਟਰਾਂਸਫਾਰਮਰਾਂ 'ਤੇ ਲੋਡ ਵਧਣ ਕਰਕੇ ਕਈ ਥਾਵਾਂ 'ਤੇ ਬਿਜਲੀ ਦੇ ਲੰਬੇ ਕੱਟ ਲੱਗ ਰਹੇ ਹਨ। ਸੂਬੇ ਵਿਚ ਬਿਜਲੀ ਦੀ ਮੰਗ 10 ਹਜ਼ਾਰ ਮੈਗਾਵਾਟ 'ਤੇ ਪਹੁੰਚ ਗਈ ਹੈ। ਦੁਪਹਿਰ ਸਮੇਂ ਤਾਂ ਬਿਜਲੀ ਦੀ ਮੰਗ 11 ਹਜ਼ਾਰ ਮੈਗਾਵਾਟ ਦੇ ਕਰੀਬ ਪਹੁੰਚ ਗਈ ਸੀ, ਪਰ ਸ਼ਾਮ ਹੁੰਦਿਆਂ ਹੀ ਇਹ ਘਟ ਕੇ 9800 ਮੈਗਾਵਾਟ ਰਹਿ ਗਈ ਹੈ। ਦੂਜੇ ਪਾਸੇ ਗਰਮੀ ਵਧਣ ਕਰਕੇ ਸਬਜ਼ੀ ਤੇ ਫ਼ਲਾਂ ਦੀ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗਰਮੀ ਕਾਰਨ ਸਬਜ਼ੀਆਂ ਸੁੱਕ ਰਹੀਆਂ ਹਨ, ਜਿਨ੍ਹਾਂ ਨੂੰ ਲੋੜ ਨਾਲੋਂ ਵੱਧ ਪਾਣੀ ਦੇਣਾ ਪੈ ਰਿਹਾ ਹੈ।

ਮੌਸਮ ਵਿਗਿਆਨੀਆਂ ਵੱਲੋਂ ਗਰਮੀ ਵਧਣ ਕਾਰਨ ਲੋਕਾਂ ਨੂੰ ਸੁਚੇਤ ਰਹਿਣ ਦੀ ਅਪੀਲ ਕੀਤੀ ਗਈ ਹੈ। ਮੌਸਮ ਵਿਗਿਆਨੀਆਂ ਦਾ ਕਹਿਣਾ ਹੈ ਕਿ ਗਰਮੀ ਵਿੱਚ ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤੱਕ ਘਰੋਂ ਬਾਹਰ ਘੱਟ ਨਿਕਲਿਆ ਜਾਵੇ।

# ਪੰਜਾਬ ਕਾਂਗਰਸ 'ਚ ਅਲੱਗ-ਥਲੱਗ ਹੋਏ ਨਵਜੋਤ ਸਿੱਧੂ



**ਪਟਿਆਲਾ:** ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਨੇ ਪੰਜਾਬ ਦੀਆਂ ਲੋਕ ਸਭਾ ਚੋਣਾਂ ਵਿਚ ਪ੍ਰਚਾਰ ਨਾ ਕਰਕੇ ਕਾਂਗਰਸ ਹਾਈਕਮਾਂਡ ਨੂੰ ਵੱਡਾ ਝਟਕਾ ਦਿੱਤਾ ਹੈ। ਸਿੱਧੂ ਨੇ ਆਪਣੇ ਸੋਸ਼ਲ ਮੀਡੀਆ ਹੈਂਡਲ 'ਤੇ ਜਾਂ ਕਿਸੇ ਵੀ ਹੋਰ ਢੰਗ ਨਾਲ ਚੋਣ ਪ੍ਰਚਾਰ ਵਿਚ ਹਿੱਸਾ ਨਹੀਂ ਲਿਆ ਜਦ ਕਿ ਉਸ ਦੇ ਸਮਰਥਕ ਆਖ਼ਰ ਤੱਕ ਕਹਿੰਦੇ ਰਹੇ ਕਿ 28 ਮਈ ਤੋਂ ਨਵਜੋਤ ਸਿੱਧੂ ਪੰਜਾਬ ਵਿਚ ਪ੍ਰਚਾਰ ਕਰਨ ਜ਼ਰੂਰ ਆਉਣਗੇ। ਦੂਜੇ ਪਾਸੇ ਪੰਜਾਬ ਕਾਂਗਰਸ ਨੇ ਦਿਖਾ ਦਿੱਤਾ ਹੈ ਕਿ ਉਹ ਸਿੱਧੂ ਤੋਂ ਬਿਨਾਂ ਵੀ ਲੜਾਈ ਲੜ ਸਕਦੇ ਹਨ।

ਨਵਜੋਤ ਸਿੱਧੂ ਕਰੀਬ 83 ਦਿਨਾਂ ਤੱਕ ਚੱਲੀ ਚੋਣ ਪ੍ਰਚਾਰ ਮੁਹਿੰਮ ਵਿਚੋਂ ਗਾਇਬ ਰਹੇ। ਉਹ ਨਾ ਤਾਂ ਕਿਸੇ ਚੋਣ ਮੰਚ 'ਤੇ ਨਜ਼ਰ ਆਏ ਅਤੇ ਨਾ ਹੀ ਕਿਸੇ ਉਮੀਦਵਾਰ ਲਈ ਵੋਟਾਂ ਮੰਗੀਆਂ। ਹਾਲਾਂਕਿ ਆਈ.ਪੀ.ਐਲ. ਵੀ ਚੋਣ ਪ੍ਰਚਾਰ ਦੇ ਆਖ਼ਰੀ ਪੜਾਅ 'ਤੇ ਸਮਾਪਤ ਹੋ ਗਈ ਸੀ। ਸਿੱਧੂ ਰਾਹੁਲ ਗਾਂਧੀ ਦੀ ਪਟਿਆਲਾ ਰੈਲੀ ਵਿਚ ਵੀ ਨਜ਼ਰ ਨਹੀਂ ਆਏ।

ਦੱਸਣਾ ਬਣਦਾ ਹੈ ਕਿ ਸਿੱਧੂ ਦੀ ਪਤਨੀ ਕੈਂਸਰ ਨਾਲ ਜੂਝ ਰਹੀ ਹੈ ਤੇ ਉਹ ਆਪਣੀ ਪਤਨੀ ਦੀ ਸਿਹਤ 'ਤੇ ਧਿਆਨ ਕੇਂਦਰਿਤ ਕਰ ਰਹੇ ਹਨ। ਜਾਣਕਾਰੀ ਅਨੁਸਾਰ ਚੋਣ ਜ਼ਾਬਤਾ ਲਾਗੂ ਹੋਣ ਤੋਂ ਠੀਕ ਪਹਿਲਾਂ ਸਿੱਧੂ 15 ਮਾਰਚ ਨੂੰ ਆਪਣੇ ਆਗੂਆਂ ਸਣੇ ਰਾਜਪਾਲ ਨੂੰ ਮਿਲਣ ਚੰਡੀਗੜ੍ਹ ਪੁੱਜੇ ਸਨ। ਉਸ ਵੇਲੇ ਉਨ੍ਹਾਂ ਲੋਕ ਸਭਾ ਚੋਣ ਲੜਨ ਤੋਂ ਇਨਕਾਰ ਕੀਤਾ ਸੀ। ਉਨ੍ਹਾਂ ਕਿਹਾ ਸੀ ਕਿ ਉਹ ਪੰਜਾਬ ਵਿਚ ਰਹਿ ਕੇ ਪੰਜਾਬ ਦੀ ਸੇਵਾ ਕਰਨਾ ਚਾਹੁੰਦੇ ਹਨ। ਸਿੱਧੂ ਨੇ ਜਨਵਰੀ ਤੋਂ ਹੀ ਪਾਰਟੀ ਤੋਂ ਦੂਰੀ ਬਣਾ ਲਈ ਸੀ। 9 ਜਨਵਰੀ ਨੂੰ ਜਦੋਂ ਪੰਜਾਬ ਕਾਂਗਰਸ ਦੇ ਨਵੇਂ ਇੰਚਾਰਜ ਦੇਵੇਂਦਰ ਯਾਦਵ ਚੰਡੀਗੜ੍ਹ ਆਏ ਤਾਂ ਉਨ੍ਹਾਂ ਦੀਆਂ ਮੀਟਿੰਗਾਂ ਵਿਚ ਸਿੱਧੂ ਸ਼ਾਮਲ ਨਹੀਂ ਹੋਏ ਸਨ। ਹਾਲਾਂਕਿ ਇਸ ਦੌਰਾਨ ਸਿੱਧੂ ਚੰਡੀਗੜ੍ਹ ਦੇ ਹੋਟਲ 'ਚ ਪਾਰਟੀ ਇੰਚਾਰਜ ਨੂੰ ਮਿਲੇ ਸਨ।

# ਕਿਸਾਨ ਅੰਦੋਲਨ ਭਾਜਪਾ ਦੀਆਂ ਜੜ੍ਹਾਂ 'ਚ ਬੈਠਿਆ



**ਪਟਿਆਲਾ:** ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਤੇ ਕਿਸਾਨ ਮਜ਼ਦੂਰ ਮੋਰਚੇ ਦੀ ਅਗਵਾਈ ਹੇਠ ਪਟਿਆਲਾ ਜ਼ਿਲ੍ਹੇ ਵਿਚਲੇ ਸ਼ੰਭੂ ਅਤੇ ਢਾਬੀਗੁੱਜਰਾਂ ਬਾਰਡਰਾਂ ਸਣੇ ਹੋਰ ਥਾਵਾਂ 'ਤੇ ਚਾਰ ਮਹੀਨਿਆਂ ਤੋਂ ਪੱਕੇ ਮੋਰਚੇ ਲਾ ਕੇ ਬੈਠੇ ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਇਨ੍ਹਾਂ ਲੋਕ ਸਭਾ ਚੋਣਾਂ ਦੌਰਾਨ ਕਿਸਾਨ ਸੰਘਰਸ਼ ਹੀ ਭਾਜਪਾ ਦੀਆਂ ਜੜ੍ਹਾਂ ਵਿਚ ਬੈਠਿਆ ਹੈ। ਇਨ੍ਹਾਂ ਮੋਰਚਿਆਂ ਦੀ ਅਗਵਾਈ ਕਰ ਰਹੇ ਸਰਵਣ ਸਿੰਘ ਪੰਧੇਰ, ਜਗਜੀਤ ਸਿੰਘ ਡੱਲੇਵਾਲ, ਸੁਰਜੀਤ ਸਿੰਘ ਫੂਲ, ਅਭਿਮੰਨਿਊ, ਮਨਜੀਤ ਸਿੰਘ ਘੁਮਾਣਾ, ਜਸਵਿੰਦਰ ਸਿੰਘ ਲੌਂਗੋਵਾਲ, ਅਮਰੀਤ ਸਿੰਘ ਮੌੜ੍ਹੀ, ਜੰਗ ਸਿੰਘ ਭਟੇੜੀ, ਮਨਜੀਤ ਨਿਆਲ ਤੇ ਗੁਰਧਿਆਨ ਸਿਓਣਾ ਦਾ ਕਹਿਣਾ ਹੈ ਕਿ ਪਿਛਲੇ ਕਿਸਾਨ ਅੰਦੋਲਨ ਦੌਰਾਨ ਮੰਗਾਂ ਮੰਨ ਕੇ ਵੀ ਲਾਗੂ ਨਾ ਕਰ ਕੇ ਮੋਦੀ ਸਰਕਾਰ ਨੇ ਵਾਅਦਾਖ਼ਿਲਾਫ਼ੀ ਕੀਤੀ। ਇਨ੍ਹਾਂ ਹੀ ਮੰਗਾਂ ਦੀ ਪੂਰਤੀ ਲਈ 13 ਫਰਵਰੀ ਨੂੰ ਹਜ਼ਾਰਾਂ ਕਿਸਾਨ ਦਿੱਲੀ ਜਾ ਰਹੇ ਸਨ ਤਾਂ ਹਕੂਮਤ ਨੇ ਹਰਿਆਣਾ ਦੇ ਬਾਰਡਰਾਂ 'ਤੇ ਕੰਧਾਂ ਕੱਢਣ ਸਣੇ ਸੜਕਾਂ 'ਤੇ ਕਿੱਲਾਂ ਆਦਿ ਵਿਛਾ ਕੇ ਬਾਰਡਰ ਹੀ ਸੀਲ ਕਰ ਦਿੱਤੇ।

ਇਸ ਮਗਰੋਂ ਹਰਿਆਣਾ ਪੁਲਿਸ ਨੇ ਗੋਲੀ ਮਾਰ ਕੇ ਕਿਸਾਨ ਸ਼ੁਭਕਰਨ ਸਿੰਘ ਬੱਲੋ ਨੂੰ ਸ਼ਹੀਦ ਕਰ ਦਿੱਤਾ ਜਦਕਿ ਡਰੋਨਾਂ ਰਾਹੀਂ ਅੱਥਰੂ ਗੈਸ ਦੇ ਗੋਲੇ ਦਾਗ ਕੇ ਕਈ ਹੋਰ ਕਿਸਾਨਾਂ ਨੂੰ ਜ਼ਖ਼ਮੀ ਕੀਤਾ।

ਹਰਿਆਣਾ ਪੁਲਿਸ ਨੇ ਕਿਸਾਨਾਂ ਦੇ ਟਰੈਕਟਰ ਤੇ ਹੋਰ ਵਸਤਾਂ ਦੀ ਤੋੜ-ਭੰਨ ਕਰਨ ਸਣੇ ਕਈ ਕਿਸਾਨਾਂ ਦੀ ਕੁੱਟਮਾਰ ਵੀ ਕੀਤੀ। ਇਸ ਮਗਰੋਂ ਹੀ ਦੋਵਾਂ ਜਥੇਬੰਦੀਆਂ ਨੇ ਬਾਰਡਰਾਂ 'ਤੇ ਬਹਿ ਕੇ ਕੇਂਦਰ ਨਾਲ ਲੜਾਈ ਲੜਨ ਦਾ ਫ਼ੈਸਲਾ ਲਿਆ। ਕਿਸਾਨਾਂ ਨੇ ਭਾਜਪਾ ਉਮੀਦਵਾਰਾਂ ਦੇ ਘਿਰਾਓ ਕਰਦਿਆਂ ਸਵਾਲ ਵੀ ਪੁੱਛੇ ਤੇ ਲੋਕਾਂ ਨੂੰ ਭਾਜਪਾ ਖ਼ਿਲਾਫ਼ ਲਾਮਬੰਦ ਕੀਤਾ। ਆਗੂਆਂ ਦਾ ਕਹਿਣਾ ਸੀ ਕਿ ਕਿਸਾਨਾਂ ਦੇ ਭਾਜਪਾ ਵਿਰੋਧੀ ਪ੍ਰੋਗਰਾਮਾਂ ਕਾਰਨ ਹੀ ਭਾਜਪਾ ਤੇ ਹਮਾਇਤੀ ਧਿਰਾਂ 300 ਤੋਂ ਵੀ ਘੱਟ ਸੀਟਾਂ ਲੈ ਸਕੀਆਂ ਜਦਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 'ਚਾਰ ਸੌ ਤੋਂ ਪਾਰ' ਦਾ ਹੋਕਾ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਦੀ ਪੂਰਤੀ ਤੱਕ ਉਨ੍ਹਾਂ ਦਾ ਸੰਘਰਸ਼ ਚੱਲਦਾ ਰਹੇਗਾ।

# ਮੋਦੀ ਨੇ ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਵਜੋਂ ਹਲਫ਼ ਲਿਆ

**ਨਵੀਂ ਦਿੱਲੀ:** ਨਰਿੰਦਰ ਮੋਦੀ ਨੇ ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਵਜੋਂ ਹਲਫ ਲਿਆ। ਰਾਸ਼ਟਰਪਤੀ ਭਵਨ ਵਿਚ ਹੋਏ ਸਹੁੰ ਚੁੱਕ ਸਮਾਗਮ ਦੌਰਾਨ ਮੋਦੀ ਦੇ ਨਾਲ ਰਾਜਨਾਥ ਸਿੰਘ, ਅਮਿਤ ਸ਼ਾਹ, ਨਿਤਿਨ ਗਡਕਰੀ, ਨਿਰਮਲਾ ਸੀਤਾਰਾਮਨ ਅਤੇ ਐੱਸ ਜੈਸ਼ੰਕਰ ਸਣੇ ਸਾਰੇ ਸੀਨੀਅਰ ਭਾਜਪਾ ਆਗੂਆਂ (ਜੋ ਕਿ ਮੋਦੀ ਦੇ ਪ੍ਰਧਾਨ ਮੰਤਰੀ ਵਜੋਂ ਦੂਜੇ ਕਾਰਜਕਾਲ ਵਿਚ ਵੀ ਮੰਤਰੀ ਸਨ) ਨੇ ਕੈਬਨਿਟ ਮੰਤਰੀਆਂ ਵਜੋਂ ਸਹੁੰ ਚੁੱਕੀ।

ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਮੋਦੀ ਅਤੇ 30 ਕੈਬਨਿਟ ਮੰਤਰੀਆਂ ਨੂੰ ਅਹੁਦੇ ਤੇ ਭੇਤ ਗੁਪਤ ਰੱਖਣ ਦੀ ਸਹੁੰ ਚੁਕਾਈ। ਸਾਬਕਾ ਪ੍ਰਧਾਨ ਮੰਤਰੀ ਮਰਹੂਮ ਜਵਾਹਰ ਲਾਲ ਨਹਿਰੂ ਤੋਂ ਬਾਅਦ ਮੋਦੀ ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਬਣਨ ਵਾਲੇ ਦੂਜੇ ਆਗੂ ਹਨ। ਮੋਦੀ 3.0 ਸਰਕਾਰ ਵਿੱਚ 33 ਨਵੇਂ ਚਿਹਰੇ ਸ਼ਾਮਲ ਕੀਤੇ ਗਏ ਹਨ ਅਤੇ ਘੱਟੋ-ਘੱਟ ਛੇ ਅਜਿਹੀਆਂ ਸ਼ਖ਼ਸੀਅਤਾਂ ਹਨ ਜੋ ਕਿ ਮਸ਼ਹੂਰ ਸਿਆਸੀ ਪਰਿਵਾਰਾਂ ਨਾਲ ਸਬੰਧਤ ਹਨ।

ਹਾਲ ਹੀ ਵਿੱਚ ਮੁਕੰਮਲ ਹੋਈਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਬਹੁਮਤ ਹਾਸਲ ਕਰਨ ਵਿਚ ਅਸਫਲ ਰਹੀ, ਜਿਸ ਕਾਰਨ ਉਸ ਨੂੰ ਭਾਈਵਾਲ ਪਾਰਟੀਆਂ 'ਤੇ ਨਿਰਭਰ ਹੋਣਾ ਪੈ ਰਿਹਾ ਹੈ। ਇਨ੍ਹਾਂ ਭਾਈਵਾਲ ਪਾਰਟੀਆਂ ਦੇ ਸੰਸਦ ਮੈਂਬਰਾਂ ਨੇ ਵੀ ਕੈਬਨਿਟ ਮੰਤਰੀਆਂ ਵਜੋਂ ਹਲਫ਼ ਲਿਆ। ਇਨ੍ਹਾਂ ਭਾਈਵਾਲ ਪਾਰਟੀਆਂ ਦੇ ਆਗੂਆਂ ਵਿਚ ਜੇਡੀ (ਐੱਸ) ਆਗੂ ਐੱਚ.ਡੀ. ਕੁਮਾਰਸਵਾਮੀ, ਐਚ.ਏ.ਐਮ. (ਸੈਕੁਲਰ) ਦੇ ਮੁਖੀ ਜਿਤਿਨ ਰਾਮ ਮਾਂਝੀ, ਜੇਡੀ (ਯੂ) ਆਗੂ ਰਾਜੀਵ ਰੰਜਨ ਸਿੰਘ 'ਲਲਨ', ਟੀ.ਡੀ.ਪੀ. ਦੇ ਕੇ ਰਾਮ ਮੋਹਨ ਨਾਇਡੂ ਅਤੇ ਐਲ.ਜੇ.ਪੀ-ਆਰਵੀ ਆਗੂ ਚਿਰਾਗ ਪਾਸਵਾਨ ਸ਼ਾਮਲ ਹਨ। ਇਨ੍ਹਾਂ ਪੰਜ ਭਾਈਵਾਲ ਪਾਰਟੀਆਂ ਨੂੰ ਇਕ ਇਕ ਕੈਬਨਿਟ ਰੈਂਕ ਮਿਲਿਆ ਹੈ।



ਭਾਜਪਾ ਪ੍ਰਧਾਨ ਜੇਪੀ ਨੱਢਾ ਦੀ ਪੰਜ ਸਾਲਾਂ ਬਾਅਦ ਮੰਤਰੀ ਮੰਡਲ ਵਿਚ ਵਾਪਸੀ ਹੋਈ ਹੈ ਜਦਕਿ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਤੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਮੋਦੀ ਮੰਤਰੀ ਮੰਡਲ ਵਿਚ ਨਵੇਂ ਚਿਹਰੇ ਹਨ। ਭਾਜਪਾ ਆਗੂ ਪ੍ਰਿਯੂਸ਼ ਗੋਇਲ, ਜਯੋਤਿਰਦਿੱਤਿਆ ਸਿੰਧੀਆ, ਧਰਮੇਂਦਰ ਪ੍ਰਧਾਨ ਅਤੇ ਭੁਪੇਂਦਰ ਯਾਦਵ ਜੋ ਕਿ ਪਹਿਲਾਂ ਰਾਜ ਸਭਾ ਮੈਂਬਰ ਸਨ ਪਰ ਹੁਣ ਚੁਣ ਕੇ ਲੋਕ ਸਭਾ ਵਿਚ ਆਏ ਹਨ, ਨੂੰ ਵੀ ਮੰਤਰੀਆਂ ਦੇ ਅਹੁਦੇ 'ਤੇ ਕਾਇਮ ਰੱਖਿਆ ਗਿਆ ਹੈ। ਇਸ ਦੌਰਾਨ ਨਵੀਂ ਬਣੀ ਐਨ.ਡੀ.ਏ. ਸਰਕਾਰ ਵਿੱਚ ਕਰਨਾਟਕ ਦੇ ਪੰਜ ਮੰਤਰੀ ਬਣੇ ਹਨ ਜਦਕਿ ਪਿਛਲੀ ਸਰਕਾਰ ਵਿਚ ਸੂਬੇ ਤੋਂ ਤਿੰਨ ਮੰਤਰੀ ਸਨ।

ਕੈਬਨਿਟ ਮੰਤਰੀ ਵਜੋਂ ਹਲਫ਼ ਲੈਣ ਵਾਲਿਆਂ ਵਿਚ ਅਸਾਮ ਦੇ ਸਾਬਕਾ ਮੁੱਖ ਮੰਤਰੀ ਸਰਬਾਨੰਦ ਸੋਨੋਵਾਲ, ਅਸ਼ਵਨੀ ਵੈਸ਼ਨਵ, ਵਿਰੇਂਦਰ ਕੁਮਾਰ, ਪ੍ਰਹਿਲਾਦ ਜੋਸ਼ੀ, ਗਿਰੀਰਾਜ ਸਿੰਘ, ਜੁਆਲ ਓਰਮ, ਗੁਜਰਾਤ ਭਾਜਪਾ ਦੇ ਪ੍ਰਧਾਨ ਸੀਆਰ ਪਾਟਿਲ, ਮਨਸੁੱਖ ਮਾਂਡਵੀਆ, ਜੀ ਕਿਸ਼ਨ ਰੈੱਡੀ, ਹਰਦੀਪ ਸਿੰਘ ਪੁਰੀ, ਕਿਰਨ ਰਿਜਿਜੂ, ਅੰਨਪੂਰਨਾ ਦੇਵੀ ਅਤੇ ਗਜੇਂਦਰ ਸਿੰਘ ਸ਼ੇਖਾਵਤ ਸ਼ਾਮਲ ਹਨ। ਮੋਦੀ ਨੂੰ ਤੀਜੇ ਕਾਰਜਕਾਲ ਵਿਚ ਲੋਕ ਫ਼ਤਵਾ ਪਹਿਲੇ ਦੋ ਕਾਰਜਕਾਲਾਂ ਵਾਂਗ ਨਹੀਂ ਮਿਲਿਆ ਹੈ। ਇਸ ਵਾਰ ਲੋਕ ਸਭਾ ਚੋਣਾਂ ਵਿਚ ਭਾਜਪਾ ਆਪਣੇ ਜ਼ੋਰ 'ਤੇ ਬਹੁਮਤ ਹਸਲ ਕਰਨ ਵਿਚ ਅਸਫ਼ਲ ਰਹੀ। ਲੋਕ ਸਭਾ ਚੋਣਾਂ ਵਿਚ ਕਾਂਗਰਸ ਤੇ 'ਇੰਡੀਆ' ਗੱਠਜੋੜ ਦੀਆਂ ਹੋਰ ਭਾਈਵਾਲ ਪਾਰਟੀਆਂ ਵੱਲੋਂ ਉੱਤਰ ਪ੍ਰਦੇਸ਼ ਤੇ ਰਾਜਸਥਾਨ ਵਰਗੇ ਸੂਬਿਆਂ ਵਿਚ ਕੀਤੇ ਗਏ ਪ੍ਰਦਰਸ਼ਨ ਨਾਲ ਭਾਜਪਾ ਸਦਮੇ ਵਿਚ ਹੈ। ਇਨ੍ਹਾਂ ਦੋਵੇਂ ਸੂਬਿਆਂ ਵਿਚ ਭਾਜਪਾ ਦਾ ਕਾਫੀ ਆਧਾਰ ਮੰਨਿਆ ਜਾਂਦਾ ਹੈ। ਇਹੀ ਕਾਰਨ ਹੈ ਕਿ ਇਨ੍ਹਾਂ ਚੋਣਾਂ ਦੇ ਨਤੀਜਿਆਂ ਵਿਚ ਭਾਜਪਾ ਨੂੰ ਮਿਲੀਆਂ 240 ਸੀਟਾਂ ਕਾਰਨ ਪਾਰਟੀ ਦੇ ਕੱਟੜ ਸਮਰਥਕਾਂ ਨੂੰ ਨਿਰਾਸ਼ਾ ਝੱਲਣੀ ਪਈ ਅਤੇ ਵਿਰੋਧੀ ਪਾਰਟੀਆਂ ਨੇ ਇਸ ਨੂੰ ਮੋਦੀ ਦੀ 'ਨੈਤਿਕ ਹਾਰ' ਕਰਾਰ ਦਿੱਤਾ। ਕਾਂਗਰਸ ਨੂੰ ਇਨ੍ਹਾਂ ਚੋਣਾਂ ਵਿਚ 99 ਸੀਟਾਂ ਮਿਲੀਆਂ। ਭਾਜਪਾ ਦੀ ਅਗਵਾਈ ਵਿੱਚ ਕੌਮੀ ਜਮਹੂਰੀ ਗੱਠਜੋੜ ਨੇ 293 ਸੀਟਾਂ ਜਿੱਤੀਆਂ ਹਨ।

### ਸੱਤ ਸਾਬਕਾ ਮੁੱਖ ਮੰਤਰੀ ਕੈਬਨਿਟ ਦਾ ਹਿੱਸਾ ਬਣੇ

**ਨਵੀਂ ਦਿੱਲੀ:** ਨਰਿੰਦਰ ਮੋਦੀ ਸਮੇਤ ਸੱਤ ਸਾਬਕਾ ਮੁੱਖ ਮੰਤਰੀਆਂ ਨੇ ਨਵੇਂ ਮੰਤਰੀ ਮੰਡਲ ਦੇ ਮੰਤਰੀਆਂ ਵਜੋਂ ਹਲਫ਼ ਲਿਆ। ਛੇ ਹੋਰ ਸਾਬਕਾ ਮੁੱਖ ਮੰਤਰੀਆਂ ਵਿਚ ਸ਼ਿਵਰਾਜ ਚੌਹਾਨ (ਮੱਧ ਪ੍ਰਦੇਸ਼), ਰਾਜਨਾਥ ਸਿੰਘ (ਉਤਰ ਪ੍ਰਦੇਸ਼), ਮਨੋਹਰ ਲਾਲ ਖੱਟਰ (ਹਰਿਆਣਾ), ਸਰਬਨੰਦ ਸੋਨੋਵਾਲ (ਅਸਾਮ), ਐਚ.ਡੀ. ਕੁਮਾਰਸਵਾਮੀ (ਕਰਨਾਟਕ) ਅਤੇ ਜੀਤਨ ਰਾਮ ਮਾਂਝੀ (ਬਿਹਾਰ) ਸ਼ਾਮਲ ਹਨ। ਇਨ੍ਹਾਂ 'ਚੋਂ ਪੰਜ ਸਾਬਕਾ ਮੁੱਖ ਮੰਤਰੀ ਭਾਰਤੀ ਜਨਤਾ ਪਾਰਟੀ ਜਦਕਿ ਕੁਮਾਰਸਵਾਮੀ (ਜਨਤਾ ਦਲ-ਐੱਸ) ਅਤੇ ਮਾਂਝੀ (ਹਿੰਦੁਸਤਾਨੀ ਅਵਾਮ ਮੋਰਚਾ) ਭਾਈਵਾਲ ਪਾਰਟੀਆਂ ਨਾਲ ਸਬੰਧਤ ਹਨ।

## ਬਹਿਰੀਨ ਤੋਂ ਧੀ ਦੀ ਲਾਸ਼ ਲਿਆਉਣ ਲਈ ਸਰਕਾਰ ਨੂੰ ਅਪੀਲ

**ਸ਼ੇਰਪੁਰ:** ਬਹਿਰੀਨ ਵਿਚ ਭੇਤਭਰੀ ਹਾਲਤ ਵਿਚ ਮੌਤ ਦੇ ਮੂੰਹ ਪਈ ਧੀ ਦੀ ਲਾਸ਼ ਲਿਆਉਣ ਲਈ ਆਰਥਿਕ ਤੰਗੀਆਂ ਨਾਲ ਜੂਝ ਰਹੇ ਗਰੀਬ ਮਜ਼ਦੂਰ ਪਰਿਵਾਰ ਨੇ ਕੇਂਦਰ, ਪੰਜਾਬ ਸਰਕਾਰ ਅਤੇ ਭਾਰਤੀ ਦੂਤਾਵਾਸ ਨੂੰ ਅਪੀਲ ਕੀਤੀ ਹੈ। ਉਨ੍ਹਾਂ ਭੇਜੇ ਮੇਲ ਸੰਦੇਸ਼ ਰਾਹੀਂ ਧੀ ਦੀ ਮੌਤ ਦੇ ਕਾਰਨਾਂ ਦੀ ਉੱਚ-ਪੱਧਰੀ ਜਾਂਚ ਵੀ ਮੰਗੀ ਹੈ।

ਜ਼ਿਕਰਯੋਗ ਹੈ ਜ਼ਿਲ੍ਹਾ ਸੰਗਰੂਰ ਦੇ ਬਲਾਕ ਸ਼ੇਰਪੁਰ ਵਿਚ ਪੈਂਦੇ ਪਿੰਡ ਟਿੱਬਾ ਦੇ ਦਰਸ਼ਨ ਸਿੰਘ ਦੀ ਧੀ ਹਰਜਿੰਦਰ ਕੌਰ ਚੰਗੇ ਭਵਿੱਖ ਦੀ ਤਲਾਸ਼ ਵਿਚ ਬਹਿਰੀਨ ਗਈ ਸੀ। 'ਹੋਪ ਫਾਰ ਮਹਿਲ ਕਲਾਂ' ਦੇ ਕਨਵੀਨਰ ਕੁਲਵੰਤ ਸਿੰਘ ਟਿੱਬਾ ਦੀ ਹਾਜ਼ਰੀ ਵਿਚ ਮਰਹੂਮ ਦੇ ਭਰਾ ਮਨਜਿੰਦਰ ਸਿੰਘ ਨੇ ਆਪਣੇ ਪਿਤਾ ਵੱਲੋਂ ਭੇਜੇ ਪੱਤਰਾਂ ਅਤੇ ਮਾਮਲੇ ਦੇ ਪੂਰੇ ਵੇਰਵੇ ਨਸ਼ਰ ਕਰਦਿਆਂ ਦੱਸਿਆ ਕਿ ਉਸ ਦੀ ਭੈਣ 24 ਮਾਰਚ 2024 ਨੂੰ 'ਹਾਊਸ ਮੇਡ' ਵੀਜ਼ੇ 'ਤੇ ਬਹਿਰੀਨ ਗਈ ਸੀ।

ਉਨ੍ਹਾਂ ਕਿਹਾ ਕਿ ਉਹ ਮਰਹੂਮ ਦੀ ਲਾਸ਼ ਲਿਆਉਣ ਤੱਕ ਪਰਿਵਾਰ ਦੀ ਡਟਕੇ ਮਦਦ ਕਰਨਗੇ। ਜ਼ਿਕਰਯੋਗ ਹੈ ਕਿ ਮਰਹੂਮ ਦੇ ਪਿਤਾ ਦਰਸ਼ਨ ਸਿੰਘ ਸਾਈਕਲ ਸਕੂਟਰਾਂ ਦੇ ਪੈਂਚਰ ਲਗਾਉਣ ਦਾ ਕੰਮ ਕਰਦਾ ਹੈ, ਮਾਤਾ ਜਸਵੀਰ ਕੌਰ ਮਗਨਰੇਗਾ ਮਜ਼ਦੂਰ ਅਤੇ ਭਰਾ ਵੀ ਮਿਹਨਤ ਮਜ਼ਦੂਰੀ ਕਰਦਾ ਹੈ। ਐਸ.ਡੀ.ਐਮ. ਧੂਰੀ ਅਮਿਤ ਗੁਪਤਾ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਬਾਰੇ ਜਾਣਕਾਰੀ ਨਹੀਂ ਪਰ ਡੀ.ਸੀ. ਦਫ਼ਤਰ ਦੇ ਐਮ.ਈ. ਬ੍ਰਾਂਚ ਨੂੰ ਦਿੱਤੀ ਦਰਖਾਸ਼ਤ ਮਗਰੋਂ ਮਾਮਲੇ ਦਾ ਹੱਲ ਹੋਵੇਗਾ ਅਤੇ ਉਹ ਮਜ਼ਦੂਰ ਪਰਿਵਾਰ ਦੀ ਲੋੜੀਦੀ ਮਦਦ ਜ਼ਰੂਰ ਕਰਨਗੇ।

### ਲਹਿੰਦੇ ਪੰਜਾਬ ਦੀ ਵਿਧਾਨ ਸਭਾ 'ਚ ਮੈਂਬਰ ਹੁਣ ਪੰਜਾਬੀ ਬੋਲ ਸਕਣਗੇ

**ਇਸਲਾਮਾਬਾਦ:** ਪਾਕਿਸਤਾਨ ਦੀ ਪੰਜਾਬ ਅਸੈਂਬਲੀ ਦੇ ਮੈਂਬਰ ਹੁਣ ਸਦਨ ਵਿਚ ਅੰਗਰੇਜ਼ੀ ਤੇ ਉਰਦੂ ਤੋਂ ਇਲਾਵਾ ਪੰਜਾਬੀ ਸਮੇਤ ਘੱਟੋ-ਘੱਟ ਚਾਰ ਸਥਾਨਕ ਭਾਸ਼ਾਵਾਂ ਵਿਚ ਬੋਲ ਸਕਣਗੇ। ਇਸ ਸਬੰਧੀ ਸੋਧ ਕੀਤੀ ਗਈ ਹੈ। ਪੰਜਾਬ ਅਸੈਂਬਲੀ ਦੇ ਸਪੀਕਰ ਮਲਿਕ ਮੁਹੰਮਦ ਅਹਿਮਦ ਖ਼ਾਨ ਦੀ ਅਗਵਾਈ ਵਾਲੀ ਸਦਨ ਦੀ ਵਿਸ਼ੇਸ਼ ਕਮੇਟੀ ਨੇ ਉਨ੍ਹਾਂ ਸੋਧਾਂ ਨੂੰ ਮਨਜ਼ੂਰੀ ਦਿੱਤੀ, ਜਿਸ ਨਾਲ ਮੈਂਬਰ ਸਦਨ ਨੂੰ ਅੰਗਰੇਜ਼ੀ ਅਤੇ ਉਰਦੂ ਦੇ ਨਾਲ-ਨਾਲ ਪੰਜਾਬੀ, ਸਰਾਇਕੀ, ਪੋਠੋਹਾਰੀ ਤੇ ਮੇਵਾਤੀ ਵਿੱਚ ਸੰਬੋਧਨ ਕਰ ਸਕਣਗੇ। ਇਸ ਤੋਂ ਪਹਿਲਾਂ ਅੰਗਰੇਜ਼ੀ ਤੇ ਉਰਦੂ ਤੋਂ ਇਲਾਵਾ ਕਿਸੇ ਹੋਰ ਭਾਸ਼ਾ 'ਚ ਬੋਲਣ ਲਈ ਸਪੀਕਰ ਦੀ ਆਗਿਆ ਲੈਣੀ ਪੈਂਦੀ ਸੀ।

### ਰੂਸ 'ਚ ਭਾਰਤੀ ਵਿਦਿਆਰਥੀ ਨਦੀ 'ਚ ਡੁੱਬੇ

**ਮਾਸਕੋ:** ਰੂਸ ਦੇ ਸੇਂਟ ਪੀਟਰਸਬਰਗ ਨੇੜੇ ਨਦੀ ਵਿਚ ਚਾਰ ਭਾਰਤੀ ਮੈਡੀਕਲ ਵਿਦਿਆਰਥੀਆਂ ਦੀ ਡੁੱਬਣ ਕਾਰਨ ਮੌਤ ਹੋ ਗਈ। ਇਨ੍ਹਾਂ ਚਾਰ ਵਿਦਿਆਰਥੀਆਂ ਦੀ ਉਮਰ 18-20 ਸਾਲ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਮਹਾਰਾਸ਼ਟਰ ਦੇ ਹਰਸ਼ਲ ਅਨੰਤਰਾਓ ਦੇਸਲੇ, ਜ਼ੀਸ਼ਾਨ ਅਸ਼ਪਾਕ ਪਿੰਜਰੀ, ਜ਼ਿਆ ਫਿਰੋਜ਼ ਪਿੰਜਰੀ ਅਤੇ ਮਲਿਕ ਗੁਲਾਮਗੌਸ ਮੁਹੰਮਦ ਯਾਕੂਬ ਵਜੋਂ ਹੋਈ ਹੈ। ਨਿਸ਼ਾ ਭੂਪੇਸ਼ ਸੋਨਾਵਣੇ ਨਾਮ ਦੀ ਪੰਜਵੀਂ ਵਿਦਿਆਰਥਣ ਨੂੰ ਬਚਾਅ ਲਿਆ ਗਿਆ। ਜੀਸ਼ਾਨ ਤੇ ਜ਼ਿਆ ਭਰਾ-ਭੈਣ ਸਨ। ਇਹ ਵੇਲੀਕੀ ਨੋਵਗੋਰੋਦ ਸ਼ਹਿਰ ਵਿਚ ਨੇੜਲੇ ਨੋਵਗੋਰੋਦ ਸਟੇਟ ਯੂਨੀਵਰਸਿਟੀ ਵਿਚ ਪੜ੍ਹ ਰਹੇ ਸਨ। ਸਥਾਨਕ ਮੀਡੀਆ ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਵੋਲਖੋਵ ਨਦੀ ਉਤੇ ਬੀਚ ਤੋਂ ਬਾਹਰ ਨਿਕਲਣ ਵੇਲੇ ਭਾਰਤੀ ਵਿਦਿਆਰਥਣ ਫਸ ਗਈ ਅਤੇ ਉਸ ਦੇ ਚਾਰ ਸਾਥੀਆਂ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਉਸ ਨੂੰ ਬਚਾਉਣ ਦੀ ਕੋਸ਼ਿਸ਼ ਵਿਚ ਤਿੰਨ ਹੋਰ ਨਦੀ ਵਿੱਚ ਡੁੱਬ ਗਏ। ਇਕ ਲੜਕੇ ਨੂੰ ਸਥਾਨਕ ਲੋਕਾਂ ਨੇ ਸੁਰੱਖਿਅਤ ਬਾਹਰ ਕੱਢ ਲਿਆ।

## ਇਜ਼ਰਾਇਲੀ ਹਮਲੇ 'ਚ 274 ਫਲਸਤੀਨੀਆਂ ਦੀ ਮੌਤ

**ਦੀਰ ਅਲ ਬਲਾਹ:** ਹਮਾਸ ਵੱਲੋਂ ਬੰਧਕ ਬਣਾਏ ਗਏ ਚਾਰ ਲੋਕਾਂ ਨੂੰ ਛੁਡਾਉਣ ਲਈ ਇਜ਼ਰਾਇਲੀ ਫੌਜ ਵੱਲੋਂ ਕੀਤੀ ਗਈ ਕਾਰਵਾਈ ਦੌਰਾਨ ਔਰਤਾਂ ਤੇ ਬੱਚਿਆਂ ਸਮੇਤ ਘੱਟੋ-ਘੱਟ 274 ਫਲਸਤੀਨੀਆਂ ਦੀ ਮੌਤ ਹੋ ਗਈ ਅਤੇ ਸੈਂਕੜੇ ਜ਼ਖ਼ਮੀ ਹੋ ਗਏ। ਇਹ ਦਾਅਵਾ ਗਾਜ਼ਾ ਦੇ ਸਿਹਤ ਮੰਤਰਾਲੇ ਨੇ ਕੀਤਾ। ਉਧਰ, ਇਜ਼ਰਾਇਲੀ ਫੌਜ ਮੁਤਾਬਕ ਦਿਨ ਸਮੇਂ ਚਲਾਏ ਅਪਰੇਸ਼ਨ ਦੌਰਾਨ ਉਸ ਨੂੰ ਭਾਰੀ ਗੋਲੀਬਾਰੀ ਦਾ ਸਾਹਮਣਾ ਕਰਨਾ ਪਿਆ। ਚਾਰ ਬੰਧਕਾਂ ਨੂੰ ਜਿਊਂਦਾ ਬਚਾਏ ਜਾਣ 'ਤੇ ਇਜ਼ਰਾਇਲੀਆਂ ਨੇ ਅਪਰੇਸ਼ਨ ਦੀ ਸਫਲਤਾ ਦੀ ਖੁਸ਼ੀ ਮਨਾਈ।

ਮੰਨਿਆ ਜਾ ਰਿਹਾ ਹੈ ਕਿ ਬੰਧਕਾਂ ਨੂੰ ਸੰਘਣੀ ਆਬਾਦੀ ਵਾਲੇ ਇਲਾਕੇ ਵਿਚ ਜਾਂ ਹਮਾਸ ਦੀਆਂ ਸੁਰੰਗਾਂ ਅੰਦਰ ਰੱਖਿਆ ਗਿਆ। ਇਸ ਤਰ੍ਹਾਂ ਇਹ ਕਾਰਵਾਈ ਵਧੇਰੇ ਗੁੰਝਲਦਾਰ ਅਤੇ ਜੋਖਮ ਵਾਲੀ ਬਣ ਗਈ। ਫਰਵਰੀ ਵਿਚ ਇਸੇ ਤਰ੍ਹਾਂ ਦੀ ਕਾਰਵਾਈ ਦੌਰਾਨ ਦੋ ਬੰਧਕਾਂ ਨੂੰ ਛੁਡਵਾਇਆ ਗਿਆ ਸੀ। ਇਸ ਦੌਰਾਨ 74 ਫਲਸਤੀਨੀ ਵੀ ਮਾਰੇ ਗਏ ਸਨ।



ਕਾਰਵਾਈ ਦੌਰਾਨ ਲਗਪਗ 700 ਲੋਕ ਜ਼ਖ਼ਮੀ ਹੋ ਗਏ। ਮੰਤਰਾਲੇ ਨੇ ਅਜੇ ਤੱਕ ਔਰਤਾਂ ਅਤੇ ਬੱਚਿਆਂ ਸਮੇਤ ਮਰਨ ਵਾਲਿਆਂ ਦੀ ਗਿਣਤੀ ਨਹੀਂ ਦੱਸੀ, ਪਰ ਨੇੜਲੇ ਸ਼ਹਿਰ ਦੀਰ ਅਲ-ਬਲਾਹ ਦੇ ਹਸਪਤਾਲ ਵਿਚ ਕਈ ਲੋਕਾਂ ਦਾ ਇਲਾਜ ਚੱਲ ਰਿਹਾ ਹੈ। ਇਜ਼ਰਾਇਲੀਆਂ ਨੇ 26 ਸਾਲਾ ਨੋਆ ਅਰਗਾਮਨੀ, 22 ਸਾਲਾ ਅਲਮੋਗ ਮੀਰ ਜਾਨ, 27 ਸਾਲਾ ਆਂਦਰੇ ਕੋਜ਼ਲੋਵ ਅਤੇ 41 ਸਾਲਾ ਸ਼ਲੋਮੀ ਜ਼ਿਵ ਦੀ ਵਾਪਸੀ ਦਾ ਜਸ਼ਨ ਮਨਾਇਆ।

## ਐਨ.ਆਈ.ਏ. ਵੱਲੋਂ ਪੰਜਾਬ ਵਿਚ 9 ਥਾਵਾਂ ਉਤੇ ਛਾਪੇ

**ਨਵੀਂ ਦਿੱਲੀ:** ਕਰਨੀ ਸੈਨਾ ਦੇ ਮੁਖੀ ਸੁਖਦੇਵ ਸਿੰਘ ਗੋਗਾਮੇੜੀ ਦੇ ਕਤਲ ਕੇਸ ਵਿਚ ਗੋਲਡੀ ਬਰਾੜ ਖਿਲਾਫ਼ ਚਾਰਜਸ਼ੀਟ ਦਾਖ਼ਲ ਕਰਨ ਮਗਰੋਂ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਚੰਡੀਗੜ੍ਹ ਵਿਚ ਫਿਰੌਤੀ ਤੇ ਫਾਇਰਿੰਗ ਨਾਲ ਜੁੜੇ ਇਕ ਹੋਰ ਕੇਸ ਵਿਚ ਪੰਜਾਬ ਵਿਚ ਨੌਂ ਥਾਵਾਂ 'ਤੇ ਗੋਲਡੀ ਬਰਾੜ ਦੇ ਸਾਥੀਆਂ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਏਜੰਸੀ ਨੇ ਲੈਂਡਲਾਈਨ (0172-2682901) ਤੇ ਮੋਬਾਈਲ/ਵੱਟਸਐਪ ਨੰਬਰ(7743002947) ਜਾਰੀ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਦਹਿਸ਼ਤਗਰਦ (ਗੋਲਡੀ) ਤੇ ਉਸ ਦੇ ਗਰੋਹ ਬਾਰੇ ਜਾਣਕਾਰੀ ਮੁਹੱਈਆ ਕਰਵਾਉਣ। ਐਨ.ਆਈ.ਏ. ਨੇ ਮੁਹਾਲੀ,




ਪਟਿਆਲਾ, ਹੁਸ਼ਿਆਰਪੁਰ ਤੇ ਫ਼ਤਿਹਗੜ੍ਹ ਸਾਹਿਬ ਸਣੇ ਹੋਰਨਾਂ ਥਾਵਾਂ 'ਤੇ ਛਾਪੇ ਮਾਰੇ। ਏਜੰਸੀ ਨੇ ਕਿਹਾ ਕਿ ਜਾਣਕਾਰੀ ਦੇਣ ਵਾਲੇ ਦੀ ਪਛਾਣ ਗੁਪਤ ਰੱਖੀ ਜਾਵੇਗੀ। ਐਨ.ਆਈ.ਏ. ਵੱਲੋਂ ਮਾਰੇ ਛਾਪੇ ਚੰਡੀਗੜ੍ਹ ਵਿਚ ਫਿਰੌਤੀ ਦੀ ਮੰਗ ਨੂੰ ਲੈ ਕੇ ਇਕ ਪੀੜਤ ਦੀ ਰਿਹਾਇਸ਼ 'ਤੇ ਚਲਾਈਆਂ ਗਈਆਂ ਗੋਲੀਆਂ ਨੂੰ ਲੈ ਕੇ ਦਰਜ ਕੇਸ ਨਾਲ ਸਬੰਧਤ ਹਨ। ਚੰਡੀਗੜ੍ਹ ਪੁਲਿਸ ਨੇ ਇਸ ਸਾਲ 20 ਜਨਵਰੀ ਨੂੰ ਕੇਸ ਦਰਜ ਕੀਤਾ ਸੀ ਤੇ 18 ਮਾਰਚ ਨੂੰ ਐਨ.ਆਈ.ਏ. ਨੇ ਜਾਂਚ ਆਪਣੇ ਹੱਥਾਂ ਵਿਚ ਲੈ ਲਈ ਸੀ।

ਐਨ.ਆਈ.ਏ. ਟੀਮਾਂ ਵੱਲੋਂ ਸਰਹਿੰਦ-ਫ਼ਤਹਿਗੜ੍ਹ ਸਾਹਿਬ ਦੇ ਇਲਾਕੇ 'ਚ ਵੱਖ-ਵੱਖ ਥਾਵਾਂ 'ਤੇ ਛਾਪੇ ਮਾਰ ਕੇ ਚਾਰ ਵਿਅਕਤੀਆਂ ਤੋਂ ਪੁੱਛਗਿੱਛ ਕੀਤੀ ਗਈ। ਐਨ.ਆਈ.ਏ. ਟੀਮਾਂ ਨੇ ਭਾਵੇਂ ਇਨ੍ਹਾਂ ਛਾਪਿਆਂ ਨੂੰ ਲੈ ਕੇ ਕੋਈ ਜਵਾਬ ਨਹੀਂ ਦਿੱਤਾ, ਪਰ ਜਦੋਂ ਇਸ ਸਬੰਧੀ ਫ਼ਤਹਿਗੜ੍ਹ ਸਾਹਿਬ ਦੇ ਐਸ.ਪੀ(ਜਾਂਚ) ਰਾਕੇਸ਼ ਯਾਦਵ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਗੈਂਗਸਟਰਾਂ ਨਾਲ ਜੁੜੇ ਕਿਸੇ ਮਾਮਲੇ ਦੀ ਤਫਤੀਸ਼ ਸਬੰਧੀ ਐਨ.ਆਈ.ਏ. ਦੇ ਅਧਿਕਾਰੀ ਸਵੇਰੇ ਇੱਥੇ ਆਏ ਸਨ ਜੋ ਕਿ ਕੁਝ ਵਿਅਕਤੀਆਂ ਨੂੰ ਆਪਣੇ ਦਫਤਰ ਵਿਚ ਪੇਸ਼ ਹੋਣ ਦੇ ਨੋਟਿਸ ਦੇ ਕੇ ਗਏ ਹਨ। ਸੂਤਰਾਂ ਦੀ ਮੰਨੀਏ ਤਾਂ ਪੰਜ ਗੱਡੀਆਂ 'ਚ ਸਵਾਰ ਹੋ ਕੇ ਆਏ ਐਨ.ਆਈ.ਏ. ਅਧਿਕਾਰੀ ਤੜਕੇ ਕਰੀਬ 3 ਵਜੇ ਪਹਿਲਾਂ ਸਰਹਿੰਦ ਨੇੜਲੇ ਪਿੰਡ ਵਜ਼ੀਰ ਨਗਰ ਵਿਚ ਮਹੰਤ ਸੁਰਜੀਤ ਗਿਰੀ ਦੇ ਘਰ ਪਹੁੰਚੇ ਜਿੱਥੇ ਉਨ੍ਹਾਂ ਵੱਲੋਂ ਫੰਡਿੰਗ ਨੂੰ ਲੈ ਕੇ ਮਹੰਤ ਤੋਂ ਸਵਾਲ ਪੁੱਛੇ ਗਏ ਤੇ ਇਸ ਦੌਰਾਨ 4 ਗੱਡੀਆਂ ਸਰਹਿੰਦ ਆਈਆਂ ਜਿਨ੍ਹਾਂ ਵਿਚੋਂ ਇਕ ਟੀਮ ਸਰਹਿੰਦ ਸ਼ਹਿਰ ਵਿਚ ਮੋਹਿਤ ਨਾਂ ਦੇ ਨੌਜਵਾਨ ਦੇ ਘਰ ਪਹੁੰਚੀ।

## ਜੰਮੂ ਕਸ਼ਮੀਰ ਵਿਚ ਸ਼ਰਧਾਲੂਆਂ ਦੀ ਬੱਸ 'ਤੇ ਅਤਿਵਾਦੀ ਹਮਲਾ, 9 ਹਲਾਕ

**ਜੰਮੂ:** ਜੰਮੂ ਕਸ਼ਮੀਰ ਦੇ ਰਿਆਸੀ ਜ਼ਿਲ੍ਹੇ 'ਚ ਸ਼ਰਧਾਲੂਆਂ ਨੂੰ ਲੈ ਕੇ ਜਾ ਰਹੀ ਬੱਸ ਉਤੇ ਹੋਏ ਘਾਤਕ ਅਤਿਵਾਦੀ ਹਮਲੇ 'ਚ ਜਾਨ ਗੁਆਉਣ ਵਾਲੇ 9 ਵਿਅਕਤੀਆਂ ਦੀ ਸ਼ਨਾਖਤ ਕਰ ਲਈ ਗਈ ਹੈ। ਹਮਲੇ 'ਚ ਜਾਨ ਗਵਾਉਣ ਵਾਲਿਆਂ 'ਚੋਂ ਚਾਰ ਰਾਜਸਥਾਨ ਦੇ ਰਹਿਣ ਵਾਲੇ ਸਨ, ਜਿਨ੍ਹਾਂ 'ਚ ਦੋ ਸਾਲ ਦਾ ਬੱਚਾ ਵੀ ਸ਼ਾਮਲ ਹੈ, ਜਦਕਿ ਤਿੰਨ ਉੱਤਰ ਪ੍ਰਦੇਸ਼ ਦੇ ਰਹਿਣ ਵਾਲੇ ਸਨ।




ਹਮਲੇ 'ਚ ਜ਼ਖ਼ਮੀ ਹੋਏ 41 ਸ਼ਰਧਾਲੂਆਂ ਵਿਚੋਂ 10 ਨੂੰ ਗੋਲੀ ਲੱਗੀ। ਜ਼ਖਮੀਆਂ 'ਚ ਜ਼ਿਆਦਾਤਰ ਉੱਤਰ ਪ੍ਰਦੇਸ਼ ਦੇ ਰਹਿਣ ਵਾਲੇ ਹਨ। ਜ਼ਖ਼ਮੀਆਂ ਦਾ ਜੰਮੂ ਅਤੇ ਰਿਆਸੀ ਜ਼ਿਲ੍ਹਿਆਂ ਦੇ ਤਿੰਨ ਹਸਪਤਾਲਾਂ ਵਿਚ ਇਲਾਜ ਚੱਲ ਰਿਹਾ ਹੈ। ਬੱਸ ਦਾ ਡਰਾਈਵਰ ਵਿਜੈ ਕੁਮਾਰ ਦਸਾਨੂ ਰਾਜਬਾਗ, ਜਦਕਿ ਕੰਡਕਟਰ ਅਰੁਣ ਕੁਮਾਰ ਕਟੜਾ ਦੇ ਪਿੰਡ ਕੰਡੇਰਾ ਦਾ ਰਹਿਣ ਵਾਲਾ ਸੀ। ਦੋਵੇਂ ਰਿਆਸੀ ਜ਼ਿਲ੍ਹੇ ਦੇ ਸਨ। ਇਸ ਦੌਰਾਨ ਜੰਮੂ ਕਸ਼ਮੀਰ ਦੇ ਰਾਜਪਾਲ ਮਨੋਜ ਸਿਨਹਾ ਨੇ ਹਮਲੇ 'ਚ ਮਰੇ ਵਿਅਕਤੀਆਂ ਦੇ ਪਰਿਵਾਰਾਂ ਨੂੰ 10-10 ਲੱਖ ਤੇ ਜ਼ਖ਼ਮੀਆਂ ਨੂੰ 50-50 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਹੈ।

# ਅੰਮ੍ਰਿਤਪਾਲ ਸਿੰਘ ਦੀ ਰਿਹਾਈ ਦਾ ਮਾਮਲਾ ਅਮਰੀਕਾ ਵੀ ਗੂੰਜਿਆ

**ਅੰਮ੍ਰਿਤਸਰ:** ਖਡੂਰ ਸਾਹਿਬ ਹਲਕੇ ਤੋਂ ਪੰਜਾਬ ਭਰ ਵਿਚ ਸਭ ਤੋਂ ਵੱਧ ਵੋਟਾਂ ਨਾਲ ਜਿੱਤ ਹਾਸਲ ਕਰਨ ਦੇ ਬਾਵਜੂਦ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਨੂੰ ਰਿਹਾਅ ਨਾ ਕਰਨ ਦਾ ਮਾਮਲਾ ਅਮਰੀਕਾ ਦੇ ਰਾਜਸੀ ਗਲਿਆਰਿਆਂ 'ਚ ਵੀ ਗੂੰਜ ਰਿਹਾ ਹੈ।

ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਅਤੇ ਖਡੂਰ ਸਾਹਿਬ ਤੋਂ ਐੱਮ.ਪੀ. ਚੁਣੇ ਗਏ ਭਾਈ ਅੰਮ੍ਰਿਤਪਾਲ ਸਿੰਘ ਦੇ ਮਾਤਾ ਪਿਤਾ ਬਲਵਿੰਦਰ ਕੌਰ ਤੇ ਤਰਸੇਮ ਸਿੰਘ, ਪਰਮਜੀਤ ਕੌਰ ਖਾਲੜਾ ਅਤੇ ਚਾਚਾ ਸੁਖਚੈਨ ਸਿੰਘ ਨੇ ਦੱਸਿਆ ਕਿ ਅਮਰੀਕਾ ਦੇ ਗੁਰਦੁਆਰਾ ਸਾਹਿਬਾਨ ਦੀਆਂ ਕਮੇਟੀਆਂ ਵੱਲੋਂ ਮਿਲ ਕੇ ਉਥੋਂ ਦੇ ਨਾਮਵਰ ਵਕੀਲ ਜਸਪ੍ਰੀਤ ਸਿੰਘ ਨੂੰ ਇਹ ਸਾਰਾ ਮਾਮਲਾ ਅਮਰੀਕੀ ਸਰਕਾਰ ਅੱਗੇ ਉਠਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਇਸ ਤਹਿਤ ਉਨ੍ਹਾਂ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਦੇ ਆਧਾਰ 'ਤੇ ਭਾਈ ਅੰਮ੍ਰਿਤਪਾਲ ਸਿੰਘ ਦੀ ਰਿਹਾਈ



ਲਈ 5 ਜੂਨ ਨੂੰ ਅਮਰੀਕਾ ਦੀ ਉਪ ਰਾਸ਼ਟਰਪਤੀ ਕੈਮਿਲਾ ਹੈਰਿਸ ਨੂੰ ਪੱਤਰ ਵੀ ਲਿਖਿਆ। ਉਪ ਰਾਸ਼ਟਰਪਤੀ ਦੀ ਚੀਫ ਆਫ ਸਟਾਫ ਸ਼ੀਲਾ ਨਿੱਕਸ ਨੇ ਜਸਪ੍ਰੀਤ ਸਿੰਘ ਨੂੰ ਲਿਖਤੀ ਰੂਪ ਵਿਚ ਜਵਾਬ ਦਿੱਤਾ ਹੈ ਜਿਸ ਤੋਂ ਬਾਅਦ ਉਪ ਰਾਸ਼ਟਰਪਤੀ ਦੇ ਏਸ਼ੀਆ-ਪ੍ਰਸ਼ਾਂਤ ਮਾਮਲੇ ਅਤੇ ਹਥਿਆਰ ਕੰਟਰੋਲ ਲਈ ਵਿਸ਼ੇਸ਼ ਸਲਾਹਕਾਰ ਸਿਧਾਰਥ ਅਈਅਰ ਨੇ ਉਪ ਰਾਸ਼ਟਰਪਤੀ ਨਾਲ ਮੀਟਿੰਗ ਵਿਚ ਸ਼ਾਮਲ ਹੋਣ ਲਈ ਜਸਪ੍ਰੀਤ ਸਿੰਘ ਨੂੰ ਸੱਦਾ ਦਿੱਤਾ ਹੈ। ਇਸ ਤੋਂ ਪਹਿਲਾਂ ਵੀ ਜਸਪ੍ਰੀਤ ਸਿੰਘ ਨਿਊ ਜਰਸੀ ਵਿਚ ਜਿਨ੍ਹਾਂ ਸੈਨੇਟਰਾਂ ਨੂੰ ਅੰਮ੍ਰਿਤਪਾਲ ਸਿੰਘ ਅਤੇ ਸਾਥੀਆਂ ਦੀ ਰਿਹਾਈ ਲਈ ਮਿਲ ਚੁੱਕੇ ਹਨ, ਉਨ੍ਹਾਂ 'ਚ ਸੈਨੇਟਰ ਬੁਕਰ ਇਵੈਂਟ, ਕਾਂਗਰਸਮੈਨ ਰੌਬ ਮੇਨੇਡੇਜ਼, ਸੈਨੇਟਰ ਜੈਕੀ ਰੋਜ਼ਨ ਅਤੇ ਕਾਂਗਰਸਮੈਨ ਰੂਬੇਨ ਗੈਲੇਗੋ ਸ਼ਾਮਿਲ ਹਨ।

ਇਸ ਮੌਕੇ ਪਰਿਵਾਰਕ ਮੈਂਬਰਾਂ ਨੇ ਸਪਸ਼ਟ ਕੀਤਾ ਕਿ ਭਾਈ ਅੰਮ੍ਰਿਤਪਾਲ ਸਿੰਘ ਦਾ ਅਗਲਾ ਕੋਈ ਵੀ ਬਿਆਨ ਬੀਬੀ ਪਰਮਜੀਤ ਕੌਰ ਖਾਲੜਾ, ਮਾਤਾ ਬਲਵਿੰਦਰ ਕੌਰ, ਪਿਤਾ ਤਰਸੇਮ ਸਿੰਘ, ਚਾਚਾ ਸੁਖਚੈਨ ਸਿੰਘ ਰਾਹੀਂ ਹੀ ਜਾਰੀ ਕੀਤਾ ਜਾਵੇਗਾ।

## ਭਗਵਾ ਪਾਰਟੀ ਦੀ ਤਾਨਾਸ਼ਾਹੀ ਘਟੇਗੀ: ਭਗਵੰਤ ਮਾਨ

**ਮੁਹਾਲੀ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਭਾਜਪਾ ਦੇਸ਼ ਵਿਚ 400 ਪਾਰ ਦਾ ਦਾਅਵਾ ਕਰਨ ਦੇ ਬਾਵਜੂਦ 250 ਦਾ ਅੰਕੜਾ ਵੀ ਪਾਰ ਨਹੀਂ ਕਰ ਸਕੀ ਅਤੇ ਹੁਣ ਮੋਦੀ ਸਰਕਾਰ ਨੂੰ ਐਨ.ਡੀ.ਏ. ਸਰਕਾਰ ਕਿਹਾ ਜਾ ਰਿਹਾ ਹੈ। ਭਾਜਪਾ ਬਹੁਮਤ ਤੋਂ ਬਹੁਤ ਦੂਰ ਹੈ ਅਤੇ ਲੋਕ ਸਭਾ ਦੇ ਮੌਜੂਦਾ ਸਮੇਂ ਵਿਰੋਧੀ ਧਿਰ ਵੀ ਬਰਾਬਰ ਦੀ ਮਜ਼ਬੂਤ ਹੈ। ਉਂਜ ਉਨ੍ਹਾਂ ਕਿਹਾ ਕਿ ਐਨ.ਡੀ.ਏ. ਸਰਕਾਰ ਪਿਛਲੀਆਂ ਮੋਦੀ ਸਰਕਾਰਾਂ ਨਾਲੋਂ ਵੱਧ ਜਮਹੂਰੀ ਸਾਬਤ ਹੋਵੇਗੀ। ਭਗਵੰਤ ਮਾਨ ਨੇ ਉਮੀਦ ਜ਼ਾਹਿਰ ਕੀਤੀ ਕਿ ਭਗਵਾ ਪਾਰਟੀ ਦੀ ਤਾਨਾਸ਼ਾਹੀ ਇਸ ਵਾਰ ਨਜ਼ਰ ਨਹੀਂ ਆਵੇਗੀ ਕਿਉਂਕਿ ਉਹ ਦੂਜੀਆਂ ਪਾਰਟੀਆਂ ਨਾਲ ਗੱਠਜੋੜ ਕਰ ਕੇ ਹੀ ਭਾਜਪਾ ਸਰਕਾਰ ਬਣਾ ਸਕੀ ਹੈ।

ਉਨ੍ਹਾਂ ਕਿਹਾ ਕਿ ਨਵੀਂ ਕੈਬਨਿਟ ਵਿਚ ਚੋਣਾਂ ਹਾਰਨ ਵਾਲੇ ਕਈ ਆਗੂਆਂ ਨੂੰ ਮੰਤਰੀ ਬਣਾਇਆ ਗਿਆ ਹੈ। ਪੰਜਾਬ ਦੇ ਨਵੇਂ ਰਾਜ ਮੰਤਰੀ ਰਵਨੀਤ ਬਿੱਟੂ ਨੂੰ ਚਾਹੀਦਾ ਹੈ ਕਿ ਉਹ ਸੂਬੇ ਦੇ ਮਸਲਿਆਂ ਤੇ ਖ਼ਾਸ ਕਰਕੇ ਕੇਂਦਰ ਸਰਕਾਰ ਕੋਲ ਫੰਡ ਰੋਕਣ ਦੇ ਮੁੱਦੇ ਉਠਾਉਣ ਤਾਂ ਜੋ ਪੰਜਾਬ ਦੇ ਵਿਕਾਸ ਨੂੰ ਹੁਲਾਰਾ ਮਿਲ ਸਕੇ।

## ਪੰਜਾਬੀ ਵੱਲੋਂ ਭਰਾ ਦੀ ਹੱਤਿਆ

**ਨਿਊ ਯਾਰਕ:** ਅਮਰੀਕਾ ਦੇ ਨਿਊ ਯਾਰਕ ਦੇ ਰਿਚਮੰਡ ਹਿੱਲ ਇਲਾਕੇ 'ਚ ਇਕ ਪੰਜਾਬੀ ਮੂਲ ਦੇ ਵਿਅਕਤੀ ਨੇ ਆਪਣੇ ਛੋਟੇ ਭਰਾ ਦੀ ਹੱਤਿਆ ਕਰਨ ਤੋਂ ਬਾਅਦ ਖੁਦ ਵੀ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਇਸ ਤੋਂ ਪਹਿਲਾਂ ਉਸ ਨੇ ਰੋਕਣ ਆਈ ਆਪਣੀ ਮਾਂ ਨੂੰ ਵੀ ਗੋਲੀ ਮਾਰੀ ਜੋ ਗੰਭੀਰ ਜ਼ਖਮੀ ਹੋ ਗਈ।

ਕਪੂਰਥਲਾ ਜ਼ਿਲ੍ਹੇ ਦੇ ਪਿੰਡ ਨਾਰੰਗਪੁਰ ਦਾ ਰਹਿਣ ਵਾਲਾ ਇਹ ਪਰਿਵਾਰ ਤਕਰੀਬਨ 40 ਸਾਲ ਪਹਿਲਾਂ ਅਮਰੀਕਾ ਗਿਆ ਸੀ ਜਿਸ ਦਾ ਰਿਚਮੰਡ ਹਿੱਲ ਇਲਾਕੇ ਵਿਚ ਖਾਣ-ਪੀਣ ਦੀਆਂ ਦੁਕਾਨਾਂ ਦਾ ਕਾਰੋਬਾਰ ਹੈ। ਪਰਿਵਾਰ ਦਾ ਮੁਖੀ ਭੁਪਿੰਦਰ ਸਿੰਘ ਕਰੀਬ ਚਾਰ ਦਹਾਕੇ ਪਹਿਲਾਂ ਅਮਰੀਕਾ ਗਿਆ ਸੀ ਅਤੇ ਕੁਝ ਸਾਲਾਂ ਬਾਅਦ ਉਹ ਆਪਣੇ ਪਰਿਵਾਰ ਨੂੰ ਵੀ ਉਥੇ ਲੈ ਗਿਆ। ਭੁਪਿੰਦਰ ਸਿੰਘ ਦੇ ਦੋ ਪੁੱਤਰ ਕਰਮਜੀਤ ਸਿੰਘ (33) ਤੇ ਵਿਪਨਪਾਲ ਸਿੰਘ ਵੀ ਉਨ੍ਹਾਂ ਕੋਲ ਉਥੇ ਹੀ ਰਹਿੰਦੇ ਸਨ। ਅਮਰੀਕਾ ਤੋਂ ਰਿਸ਼ਤੇਦਾਰਾਂ ਨੇ ਦੱਸਿਆ ਹੈ ਕਿ ਕਰਮਜੀਤ ਸਿੰਘ ਨੇ ਆਪਣੀ ਪਤਨੀ ਤੇ ਤਿੰਨ ਛੋਟੇ ਬੱਚਿਆਂ ਨੂੰ ਇੰਡੀਆਨਾ ਰਾਜ ਵਿਚ ਰਹਿੰਦੇ ਆਪਣੇ ਸਹੁਰੇ ਪਰਿਵਾਰ ਕੋਲ ਭੇਜ ਦਿੱਤਾ ਸੀ। ਰਾਤ ਨੂੰ ਭੁਪਿੰਦਰ ਸਿੰਘ, ਉਸ ਦੀ ਪਤਨੀ ਅਮਰਜੀਤ ਕੌਰ ਅਤੇ ਛੋਟਾ ਪੁੱਤਰ ਵਿਪਨਪਾਲ ਸਿੰਘ (27) ਰਾਤ ਨੂੰ ਸੌਣ ਚਲੇ ਗਏ ਸਨ।

ਇਸ ਦੌਰਾਨ ਕਰਮਜੀਤ ਸਿੰਘ ਨੇ ਬੈਡਰੂਮ ਵਿਚ ਆ ਕੇ ਵਿਪਨਪਾਲ ਸਿੰਘ 'ਤੇ ਗੋਲੀਆਂ ਚਲਾ ਦਿੱਤੀਆਂ। ਜਦੋਂ ਉਨ੍ਹਾਂ ਦੇ ਮਾਪਿਆਂ ਨੇ ਦਖਲ ਦੇਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਇਕ ਗੋਲੀ ਆਪਣੀ ਮਾਂ ਦੇ ਵੀ ਮਾਰ ਦਿੱਤੀ ਤੇ ਉਹ ਗੰਭੀਰ ਜ਼ਖ਼ਮੀ ਹੋ ਗਈ। ਜਿਵੇਂ ਹੀ ਕਰਮਜੀਤ ਦੇ ਪਿਤਾ ਨੇ ਪੁਲਿਸ ਨੂੰ ਸੂਚਿਤ ਕੀਤਾ ਤਾਂ ਉਹ ਘਰੋਂ ਭੱਜ ਗਿਆ। ਉਸ ਨੇ ਘਰ ਤੋਂ ਕੁਝ ਹੀ ਦੂਰੀ 'ਤੇ ਆਪਣੇ-ਆਪ ਨੂੰ ਵੀ ਗੋਲੀ ਮਾਰ ਲਈ ਜਿਸ ਦੀ ਮੌਤ ਹੋ ਗਈ।

## ਪਾਣੀ ਦੇ ਗੰਭੀਰ ਸੰਕਟ ਵਿਚ ਘਿਰਿਆ ਪੰਜਾਬ

**ਚੰਡੀਗੜ੍ਹ:** ਪੰਜਾਬ ਵਿਚ ਤਕਰੀਬਨ ਦੋ ਦਹਾਕੇ ਤੋਂ ਜ਼ਮੀਨਦੋਜ਼ ਪਾਣੀ ਦਾ ਪੱਧਰ ਤੇਜ਼ੀ ਨਾਲ ਹੇਠਾਂ ਡਿੱਗਣ ਕਾਰਨ ਪੰਜ ਦਰਿਆਵਾਂ ਦੀ ਧਰਤੀ ਗੰਭੀਰ ਸੰਕਟ ਵਿਚ ਘਿਰਦੀ ਜਾ ਰਹੀ ਹੈ। ਇਸ ਤੋਂ ਇਲਾਵਾ ਪੰਜਾਬ ਦੇ ਧਰਤੀ ਹੇਠਲੇ ਪਾਣੀ ਵਿਚ ਅਤਿ-ਘਾਤਕ ਯੂਰੇਨੀਅਮ ਵਰਗੇ ਤੱਤ ਸ਼ਾਮਲ ਹੋ ਗਏ ਹਨ ਜਿਸ ਕਾਰਨ ਪੰਜਾਬ ਵਾਸੀ ਗੰਭੀਰ ਬਿਮਾਰੀਆਂ ਦੀ ਮਾਰ ਹੇਠ ਆ ਰਹੇ ਹਨ।

ਸੂਬੇ 'ਚ ਧਰਤੀ ਹੇਠਲੇ ਪਾਣੀ ਦਾ ਪੱਧਰ ਦਿਨੋਂ ਦਿਨ ਡਿੱਗਣ ਕਾਰਨ ਸੂਬੇ ਦੇ ਲਗਪਗ ਸਾਰੇ ਬਲਾਕ ਡਾਰਕ ਜ਼ੋਨ ਵਿਚ ਆ ਚੁੱਕੇ ਹਨ। ਝੋਨਾ ਪੰਜਾਬ ਦੀ ਵਿਰਾਸਤੀ ਫਸਲ ਨਹੀਂ ਸੀ ਪਰ 1966 ਵਿਚ ਹਰੀ-ਕ੍ਰਾਂਤੀ ਤਹਿਤ ਤੇ ਕੇਂਦਰ ਦੀ ਮੰਗ 'ਤੇ ਅਨਾਜ ਦੀ ਕਮੀ ਪੂਰੀ ਕਰਨ ਲਈ ਬੀਜਿਆ ਜਾਣ ਲੱਗਿਆ। ਪੰਜਾਬ ਦਾ ਕਿਸਾਨ ਅੰਨਦਾਤਾ ਤਾਂ ਬਣਿਆ ਪਰ ਅਨਾਜ ਦੀ ਕਮੀ ਪੂਰੀ ਕਰਨ ਲਈ ਪਾਣੀ ਦਾ ਵੱਡਾ ਨੁਕਸਾਨ ਹੋਇਆ। ਖੇਤੀ ਮਾਹਿਰਾਂ ਅਨੁਸਾਰ ਇਕ ਕਿਲੋ ਚੌਲ ਪੈਦਾ ਕਰਨ ਲਈ ਹਜ਼ਾਰਾਂ ਲਿਟਰ ਪਾਣੀ ਦੀ ਵਰਤੋਂ ਹੁੰਦੀ ਹੈ।

ਨਹਿਰੀ ਪਾਣੀ ਦੀ ਘਾਟ ਕਾਰਨ ਟਿਊਬਵੈਲਾਂ ਰਾਹੀਂ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ। ਪਾਣੀ ਦਾ ਹਰ ਵਰ੍ਹੇ ਪੱਧਰ ਡਿੱਗਣ ਕਾਰਨ ਆਮ ਤੌਰ ਉੱਤੇ ਇੱਕ ਚੌਥਾਈ ਪੁਰਾਣੇ ਬੋਰ ਜਾਂ ਡੂੰਘੇ ਕਰਨੇ ਪੈਂਦੇ ਹਨ ਅਤੇ ਜਾਂ ਖੜ੍ਹ ਜਾਣ ਕਰਕੇ ਉਨ੍ਹਾਂ ਦੀ ਥਾਂ ਨਵਾਂ ਬੋਰ ਕਰਨਾ ਪੈਂਦਾ ਹੈ। ਖੇਤੀ ਵਿਗਿਆਨੀ ਡਾ. ਜਸਵਿੰਦਰ ਸਿੰਘ ਬਰਾੜ ਨੇ ਕਿਹਾ ਕਿ ਇਸ ਵਿਚ ਕੋਈ ਕੋਈ ਸ਼ੱਕ ਨਹੀਂ ਕਿ ਧਰਤੀ ਹੇਠਲਾ ਪਾਣੀ ਘਟਦਾ ਜਾ ਰਿਹਾ ਹੈ। ਇਸ ਕਰ ਕੇ ਧਾਰਮਿਕ, ਸਮਾਜਿਕ ਤੇ ਰਾਜਨੀਤਕ ਅਤੇ ਬੁੱਧੀਜੀਵੀਆਂ ਤੇ ਕਿਸਾਨ ਜਥੇਬੰਦੀਆਂ ਨੂੰ ਸਿਰ ਜੋੜ ਕੇ ਇਸ ਦਿਸ਼ਾ ਵਿੱਚ ਕੰਮ ਕਰਨ ਦੀ ਲੋੜ ਹੈ ਤਾਂ ਕਿ ਭਵਿੱਖ ਦੀ ਪੀੜ੍ਹੀ ਨੂੰ ਬਚਾਇਆ ਜਾ ਸਕੇ।

## ਸੁਖਬੀਰ ਦੀ ਪ੍ਰਧਾਨਗੀ ਨੂੰ ਫਿਰ ਵੰਗਾਰਾਂ

*(ਪਹਿਲੇ ਸਫੇ ਦੀ ਬਾਕੀ)*

ਜੋ ਨਤੀਜੇ ਆਏ ਹਨ, ਉਨ੍ਹਾਂ ਵਿਚ ਅਕਾਲੀ ਦਲ ਦਾ ਵੋਟ ਫੀਸਦ 13.42 ਰਹਿ ਗਿਆ ਹੈ। ਸਾਲ 2022 ਨਾਲੋਂ ਐਤਕੀਂ ਅਕਾਲੀ ਦਲ ਦਾ ਵੋਟ ਸ਼ੇਅਰ 4.96 ਫੀਸਦੀ ਘਟਿਆ ਹੈ। ਅਕਾਲੀ ਦਲ ਨੇ 2019 ਦੀਆਂ ਲੋਕ ਸਭਾ ਚੋਣਾਂ ਵਿਚ ਦੋ ਸੀਟਾਂ ਜਿੱਤੀਆਂ ਸਨ ਅਤੇ ਵੋਟ ਦਰ 27.8 ਫ਼ੀਸਦੀ ਰਹੀ ਸੀ। 2019 ਦੇ ਮੁਕਾਬਲੇ ਅਕਾਲੀ ਦਲ ਦਾ ਵੋਟ ਬੈਂਕ 14.38 ਫ਼ੀਸਦੀ ਘਟਿਆ ਹੈ। ਵਰ੍ਹਾ 2017 ਦੀਆਂ ਅਸੈਂਬਲੀ ਚੋਣਾਂ ਵਿਚ ਅਕਾਲੀ ਦਲ ਦੇ ਬੁਰੇ ਦਿਨਾਂ ਦੀ ਸ਼ੁਰੂਆਤ ਹੋਈ ਸੀ ਤੇ ਉਦੋਂ ਅਕਾਲੀ ਦਲ ਨੇ 14 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਸੀ ਜੋ 2022 ਦੀਆਂ ਚੋਣਾਂ ਵਿਚ ਘੱਟ ਕੇ 3 ਸੀਟਾਂ ਤੱਕ ਰਹਿ ਗਈ ਸੀ। ਅਕਾਲੀ ਦਲ ਨੇ 1977 ਦੀਆਂ ਚੋਣਾਂ ਵਿਚ 9 ਸੀਟਾਂ ਹਾਸਲ ਕਰਕੇ 42.5 ਫ਼ੀਸਦੀ ਵੋਟਾਂ ਲਈਆਂ ਸਨ ਅਤੇ 1984 ਦੀਆਂ ਚੋਣਾਂ ਵਿਚ 7 ਸੀਟਾਂ ਜਿੱਤ ਕੇ 37.2 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਸਨ। ਵੱਡੀ ਗਿਣਤੀ ਟਕਸਾਲੀ ਆਗੂ ਮੰਨਦੇ ਹਨ ਕਿ ਸੁਖਬੀਰ ਹੱਥ ਪਾਰਟੀ ਦੀ ਕਮਾਨ ਆਉਣ ਪਿੱਛੋਂ ਇਹ ਪੰਥਕ ਧਿਰ ਢਹਿੰਦੀਆਂ ਕਲਾਂ ਵੱਲ ਗਈ ਹੈ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਆਉਂਦੇ ਦਿਨਾਂ ਵਿਚ ਪਾਰਟੀ ਅੰਦਰ ਵੱਡਾ ਸਿਆਸੀ ਤੂਫਾਨ ਆਉਣ ਦੇ ਹਾਲਾਤ ਬਣ ਰਹੇ ਹਨ ਅਤੇ ਸੁਖਬੀਰ ਲਈ ਹਾਲਾਤ ਔਖੇ ਬਣ ਸਕਦੇ ਹਨ।

## ਕੰਗਨਾ ਨੂੰ ਥੱਪੜ ਮਾਰਨ ਦਾ ਮਾਮਲਾ ਭਖਿਆ

*(ਪਹਿਲੇ ਸਫੇ ਦੀ ਬਾਕੀ)*

ਦਾ ਇਹ ਕਹਿਣਾ ਕਿ ਪੰਜਾਬ ਵਿਚ ਅਤਿਵਾਦ ਵਧ ਰਿਹਾ ਹੈ, ਇਹ ਉਸ ਦੀ ਬਿਮਾਰ ਮਾਨਸਿਕਤਾ ਦਾ ਪ੍ਰਗਟਾਵਾ ਹੈ, ਜਦਕਿ ਸੱਚ ਇਹ ਹੈ ਕਿ ਉਸ ਦੀ ਅਜਿਹੀ ਸੋਚ ਦੇਸ਼ ਦੇ ਮਾਹੌਲ ਨੂੰ ਦੂਸ਼ਿਤ ਕਰ ਰਹੀ ਹੈ।

ਦੱਸ ਦਈਏ ਕਿ ਸ਼ਹੀਦ ਭਗਤ ਸਿੰਘ ਕੌਮਾਂਤਰੀ ਹਵਾਈ ਅੱਡੇ 'ਤੇ ਸੀ.ਆਈ.ਐਸ.ਐਫ਼. ਦੀ ਮਹਿਲਾ ਜਵਾਨ ਕੁਲਵਿੰਦਰ ਕੌਰ ਨੇ ਕੰਗਨਾ ਦੇ ਥੱਪੜ ਮਾਰ ਦਿੱਤਾ ਸੀ। ਇਸ ਮਹਿਲਾ ਜਵਾਨ ਦੀ ਇਕ ਵੀਡੀਓ ਵੀ ਸਾਹਮਣੇ ਆਈ ਸੀ ਜਿਸ ਵਿਚ ਉਹ ਆਖ ਰਹੀ ਹੈ ਕਿ ਕੰਗਨਾ ਨੇ ਕਿਸਾਨ ਬੀਬੀਆਂ ਬਾਰੇ ਮਾੜੀਆਂ ਟਿੱਪਣੀਆਂ ਕੀਤੀਆਂ ਸਨ।

## ਰਵਨੀਤ ਬਿੱਟੂ ਦੇ ਮੰਤਰੀ ਬਣਨ ਮਗਰੋਂ ਪੰਜਾਬ ਭਾਜਪਾ 'ਚ ਘੁਸਰ-ਮੁਸਰ

**ਚੰਡੀਗੜ੍ਹ:** ਕੇਂਦਰੀ ਕੈਬਨਿਟ ਵਿਚ ਸਾਬਕਾ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੂੰ ਰਾਜ ਮੰਤਰੀ ਵਜੋਂ ਸ਼ਾਮਲ ਕਰ ਕੇ ਪੰਜਾਬ ਨੂੰ ਪ੍ਰਤੀਨਿਧਤਾ ਦੇਣ ਦਾ ਯਤਨ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਸਾਬਕਾ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਲੁਧਿਆਣਾ ਚੋਣ ਰੈਲੀ ਵਿਚ ਰਵਨੀਤ ਬਿੱਟੂ ਨੂੰ ਵੱਡਾ ਆਦਮੀ ਬਣਾਉਣ ਦਾ ਵਾਅਦਾ ਕੀਤਾ ਸੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹ ਵਾਅਦਾ ਪੁਗਾ ਦਿੱਤਾ ਹੈ। ਰਵਨੀਤ ਬਿੱਟੂ ਅਤੇ ਉਨ੍ਹਾਂ ਦਾ ਪਰਿਵਾਰ ਇਸ ਪ੍ਰਾਪਤੀ 'ਤੇ ਖ਼ੁਸ਼ ਹੈ ਜਦੋਂਕਿ ਭਾਜਪਾ ਦੇ ਟਕਸਾਲੀ ਆਗੂ ਹੱਕੇ-ਬੱਕੇ ਰਹਿ ਗਏ ਹਨ। ਬੇਸ਼ੱਕ, ਰਵਨੀਤ ਬਿੱਟੂ ਲੁਧਿਆਣਾ ਤੋਂ ਚੋਣ ਹਾਰ ਗਏ ਹਨ, ਪਰ ਕੇਂਦਰੀ ਕੈਬਨਿਟ ਵਿਚ ਉਨ੍ਹਾਂ ਦੀ ਸ਼ਮੂਲੀਅਤ ਨੇ ਕਈ ਸਿਆਸੀ ਸੁਨੇਹੇ ਦਿੱਤੇ ਹਨ।

## ਪਾਕਿਸਤਾਨ ਦੇ ਸਾਬਕਾ ਕ੍ਰਿਕਟਰ ਨੇ ਸਿੱਖਾਂ ਬਾਰੇ ਟਿੱਪਣੀ ਲਈ ਮੁਆਫੀ ਮੰਗੀ

**ਲਾਹੌਰ:** ਪਾਕਿਸਤਾਨ ਦੇ ਸਾਬਕਾ ਵਿਕਟਕੀਪਰ ਕਾਮਰਾਨ ਅਕਮਲ ਨੇ ਭਾਰਤੀ ਤੇਜ਼ ਗੇਂਦਬਾਜ਼ ਅਰਸ਼ਦੀਪ ਸਿੰਘ ਖ਼ਿਲਾਫ਼ ਕੀਤੀ ਟਿੱਪਣੀ ਲਈ ਮੁਆਫ਼ੀ ਮੰਗੀ ਹੈ। ਭਾਰਤ ਅਤੇ ਪਾਕਿਸਤਾਨ ਵਿਚਾਲੇ ਟੀ-20 ਵਿਸ਼ਵ ਕੱਪ 'ਚ ਖੇਡੇ ਮੈਚ ਦੌਰਾਨ ਕਾਮਰਾਨ ਨੇ ਅਰਸ਼ਦੀਪ ਦੇ ਸਿੱਖ ਧਰਮ ਦਾ ਮਜ਼ਾਕ ਉਡਾਇਆ, ਜਿਸ ਦਾ ਵੀਡੀਓ ਵਾਇਰਲ ਹੋ ਗਿਆ। ਇਸ 'ਤੇ ਸਾਬਕਾ ਭਾਰਤੀ ਕ੍ਰਿਕਟਰ ਹਰਭਜਨ ਸਿੰਘ ਨੇ ਸਖ਼ਤ ਪ੍ਰਤੀਕਿਰਿਆ ਦਿੱਤੀ ਸੀ। ਹਰਭਜਨ ਨੂੰ ਟੈਗ ਕਰਦੇ ਹੋਏ ਕਾਮਰਾਨ ਨੇ ਐਕਸ ਉਤੇ ਲਿਖਿਆ, "ਮੈਨੂੰ ਆਪਣੀਆਂ ਹਾਲੀਆ ਟਿੱਪਣੀਆਂ 'ਤੇ ਬਹੁਤ ਅਫਸੋਸ ਹੈ।"


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਢਿੱਲਣ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ

ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ

ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਹੈਪੀ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ



**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਲੋਕ ਸਭਾ ਚੋਣਾਂ: ਪੰਜਾਬ ਵਿਚ ਆਪ ਦੀ ਹਾਰ ਲਈ ਆਤਮ ਮੰਥਨ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਲੋਕ ਸਭਾ ਚੋਣਾਂ ਵਿਚ ਹੋਈ ਹਾਰ ਦੀ ਸਮੀਖਿਆ ਕਰਨ ਵਾਸਤੇ ਆਤਮ ਮੰਥਨ ਸ਼ੁਰੂ ਕਰ ਦਿੱਤਾ ਹੈ। ਇਸ ਤਹਿਤ ਫਿਰੋਜ਼ਪੁਰ ਤੇ ਪਟਿਆਲਾ ਹਲਕੇ ਦੇ ਵਿਧਾਇਕਾਂ ਅਤੇ ਚੇਅਰਮੈਨਾਂ ਤੋਂ ਇਲਾਵਾ ਪ੍ਰਮੁੱਖ ਅਹੁਦੇਦਾਰਾਂ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਪਹਿਲੇ ਪੜਾਅ 'ਚ ਆਨੰਦਪੁਰ ਸਾਹਿਬ ਦੇ ਵਿਧਾਇਕਾਂ ਅਤੇ ਆਗੂਆਂ ਨਾਲ ਮੀਟਿੰਗ ਕੀਤੀ ਗਈ ਸੀ।

ਮੁੱਖ ਮੰਤਰੀ ਨੇ ਸਾਰੇ ਵਿਧਾਇਕਾਂ ਨੂੰ ਹੱਲਾਸ਼ੇਰੀ ਦਿੱਤੀ ਅਤੇ ਦਲੀਲ ਦਿੱਤੀ ਕਿ 2019 ਦੀਆਂ ਚੋਣਾਂ ਵਿਚ ਪਾਰਟੀ ਕੋਲ ਸਿਰਫ ਇਕ ਸੰਸਦ ਮੈਂਬਰ ਸੀ ਜਦੋਂ ਕਿ ਹੁਣ ਗਿਣਤੀ ਤਿੰਨ ਹੋ ਗਈ ਹੈ। ਕਾਂਗਰਸ ਕੋਲ ਪਿਛਲੀ ਚੋਣ ਸਮੇਂ ਅੱਠ ਸੰਸਦ ਮੈਂਬਰ ਸਨ ਜੋ ਹੁਣ ਸੱਤ ਰਹਿ ਗਏ ਹਨ। ਵਿਧਾਇਕਾਂ ਨੇ ਆਪੋ- ਆਪਣੇ ਹਲਕੇ ਬਾਰੇ ਫੀਡਬੈਕ ਦਿੱਤੀ। ਇਸ ਦੌਰਾਨ ਲੋਕ ਭਲਾਈ ਦੀਆਂ ਸਕੀਮਾਂ 'ਤੇ ਜ਼ਿਆਦਾ ਚਰਚਾ ਹੋਈ ਹੈ। ਮੀਟਿੰਗ ਵਿਚ 'ਆਪ' ਦੇ ਪਟਿਆਲਾ ਤੋਂ ਉਮੀਦਵਾਰ ਡਾ. ਬਲਬੀਰ ਸਿੰਘ ਅਤੇ ਫਿਰੋਜ਼ਪੁਰ



ਤੋਂ ਉਮੀਦਵਾਰ ਜਗਦੀਪ ਸਿੰਘ ਕਾਕਾ ਬਰਾੜ ਨੇ ਆਪੋ-ਆਪਣੇ ਖੇਤਰਾਂ ਦੇ ਵਿਧਾਇਕਾਂ ਅਤੇ 'ਆਪ' ਟੀਮਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ।

ਮੀਟਿੰਗ ਵਿਚ ਚਰਚਾ ਹੋਈ ਕਿ ਪਿਛਲੀਆਂ ਆਮ ਚੋਣਾਂ ਦੇ ਮੁਕਾਬਲੇ 'ਆਪ' ਦਾ ਦੋਵਾਂ ਹਲਕਿਆਂ ਵਿਚ ਵੋਟ ਸ਼ੇਅਰ ਵਧਿਆ ਹੈ ਅਤੇ ਅੰਤ ਵਿਚ ਪਾਰਟੀ ਬਹੁਤ ਹੀ ਘੱਟ ਫ਼ਰਕ ਨਾਲ ਪਿੱਛੇ ਰਹੀ। ਮੁੱਖ ਮੰਤਰੀ ਭਗਵੰਤ ਮਾਨ ਨੇ ਦੋਵੇਂ ਲੋਕ ਸਭਾ ਹਲਕਿਆਂ ਦੇ ਵਿਧਾਇਕਾਂ ਨੂੰ ਚੰਗੇ ਕੰਮ ਜਾਰੀ ਰੱਖਣ ਲਈ ਕਿਹਾ। ਉਨ੍ਹਾਂ ਕਿਹਾ, ''ਸਾਨੂੰ ਜ਼ਮੀਨੀ ਪੱਧਰ 'ਤੇ ਹੋਰ ਮਿਹਨਤ ਕਰਨ ਦੀ ਲੋੜ ਹੈ।'' ਭਗਵੰਤ ਮਾਨ ਨੇ 'ਆਪ' ਆਗੂਆਂ ਨਾਲ ਲੋਕ ਸਭਾ ਚੋਣਾਂ ਦੇ ਨਤੀਜਿਆਂ ਬਾਰੇ ਚਰਚਾ ਕਰਦਿਆਂ ਕਿਹਾ ਕਿ ਇਹ ਲੋਕ ਸਭਾ ਚੋਣ ਪਾਰਟੀ ਲਈ ਕਾਫ਼ੀ ਉਤਸ਼ਾਹਜਨਕ ਰਹੀ।

## ਨਵੇਂ ਸੰਸਦ ਮੈਂਬਰ ਤਨਦੇਹੀ ਨਾਲ ਜ਼ਿੰਮੇਵਾਰੀ ਨਿਭਾਉਣ: ਭਗਵੰਤ



**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ 'ਆਪ' ਦੇ ਤਿੰਨੋਂ ਜੇਤੂ ਸੰਸਦ ਮੈਂਬਰਾਂ ਨਾਲ ਇੱਥੇ ਆਪਣੀ ਰਿਹਾਇਸ਼ 'ਤੇ ਮੀਟਿੰਗ ਕੀਤੀ ਅਤੇ ਉਨ੍ਹਾਂ ਨੂੰ ਵਧਾਈ ਦਿੱਤੀ। ਸ੍ਰੀ ਮਾਨ ਨੇ ਕਿਹਾ ਕਿ ਹੁਣ ਲੋਕ ਸਭਾ ਵਿਚ ਪੰਜਾਬ ਅਤੇ ਇੱਥੋਂ ਦੇ ਲੋਕਾਂ ਦੀ ਨੁਮਾਇੰਦਗੀ ਕਰਨਾ ਉਨ੍ਹਾਂ (ਸੰਸਦ ਮੈਂਬਰਾਂ) ਦੀ ਜ਼ਿੰਮੇਵਾਰੀ ਹੋਵੇਗੀ ਅਤੇ ਉਹ ਆਪਣੀ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣ। ਮਾਨ ਨੇ 'ਆਪ' ਦੇ ਜੇਤੂ ਉਮੀਦਵਾਰਾਂ ਨੂੰ ਆਪਣੀ ਜ਼ਿੰਮੇਵਾਰੀ ਇਮਾਨਦਾਰੀ ਨਾਲ ਨਿਭਾਉਣ ਦੀ ਹਦਾਇਤ ਦਿੰਦਿਆਂ ਕਿਹਾ ਕਿ ਉਹ ਪੰਜਾਬ ਦੀ ਨੁਮਾਇੰਦਗੀ ਕਰਨ ਜਾ ਰਹੇ ਹਨ। ਇਸ ਲਈ ਉਹ ਹਮੇਸ਼ਾ ਸੰਸਦ ਵਿਚ ਪੰਜਾਬ ਦੇ ਲੋਕਾਂ ਦੇ ਹੱਕਾਂ ਦੀ ਆਵਾਜ਼ ਬੁਲੰਦ ਕਰਨ।

## ਘਰ-ਘਰ ਰਾਸ਼ਨ ਸਕੀਮ ਬਾਰੇ ਰਿਪੋਰਟ ਤਲਬ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਚੋਣ ਜ਼ਾਬਤਾ ਖ਼ਤਮ ਹੋਣ ਮਗਰੋਂ ਡਿਪਟੀ ਕਮਿਸ਼ਨਰਾਂ ਕੋਲੋਂ 'ਘਰ-ਘਰ ਰਾਸ਼ਨ' ਸਕੀਮ ਬਾਰੇ ਰਿਪੋਰਟ ਤਲਬ ਕਰ ਲਈ ਹੈ। ਲੋਕ ਸਭਾ ਚੋਣਾਂ ਦੌਰਾਨ ਵੱਡੀ ਪੱਧਰ 'ਤੇ ਰਾਸ਼ਨ ਕਾਰਡ ਕੱਟੇ ਜਾਣ ਦਾ ਰੌਲਾ ਪਿਆ ਸੀ। ਮੁੱਖ ਮੰਤਰੀ ਨੇ ਇਸ ਸਕੀਮ ਦਾ ਜਾਇਜ਼ਾ ਲੈਣ ਲਈ ਇਕ ਮੀਟਿੰਗ ਦੀ ਪ੍ਰਧਾਨਗੀ ਕੀਤੀ ਅਤੇ ਇਸ ਸਕੀਮ ਨੂੰ ਪੂਰਨ ਤੌਰ 'ਤੇ ਲਾਗੂ ਕਰਨ ਪ੍ਰਤੀ ਵਚਨਬੱਧਤਾ ਦੁਹਰਾਈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿਚ ਕੋਈ ਰਾਸ਼ਨ ਕਾਰਡ ਨਹੀਂ ਕੱਟਿਆ ਗਿਆ ਹੈ।

# ਸਿੱਟ ਵੱਲੋਂ ਮਜੀਠੀਆ ਨੂੰ ਪੁੱਛ ਪੜਤਾਲ ਲਈ ਸੰਮਨ

**ਪਟਿਆਲਾ:** ਨਸ਼ਾ ਤਸਕਰੀ ਦੇ ਕੇਸ ਦੀ ਜਾਂਚ ਕਰ ਰਹੀ ਪਟਿਆਲਾ ਦੇ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਦੀ ਅਗਵਾਈ ਹੇਠਲੀ ਸਪੈਸ਼ਲ ਇਨਵੈਸਟੀਗੇਸ਼ਨ ਟੀਮ (ਸਿੱਟ) ਵੱਲੋਂ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਮੁੜ ਸੰਮਨ ਭੇਜੇ ਗਏ ਹਨ।

ਉਨ੍ਹਾਂ ਨੂੰ ਪੁੱਛ-ਪੜਤਾਲ ਲਈ 18 ਜੂਨ ਨੂੰ ਮੁੜ ਸਿੱਟ ਸਾਹਮਣੇ ਪੇਸ਼ ਹੋਣ ਲਈ ਪੁਲਿਸ ਲਾਈਨ ਪਟਿਆਲਾ ਪਹੁੰਚਣ ਲਈ ਆਖਿਆ ਗਿਆ ਹੈ। ਯਾਦ ਰਹੇ ਕਿ ਚੰਨੀ ਸਰਕਾਰ ਦੇ ਕਾਰਜਕਾਲ ਦੌਰਾਨ 20 ਦਸੰਬਰ 2021 ਨੂੰ ਦਰਜ ਕੀਤੇ ਗਏ ਇਸ ਕੇਸ ਦੀ ਜਾਂਚ ਪਹਿਲਾਂ ਪਟਿਆਲਾ ਰੇਂਜ ਵਿਚ ਤਾਇਨਾਤ ਰਹੇ ਏ.ਡੀ.ਜੀ.ਪੀ. ਮੁਖਵਿੰਦਰ ਸਿੰਘ ਛੀਨਾ ਦੀ ਅਗਵਾਈ ਹੇਠਲੀ 'ਸਿੱਟ' ਵੱਲੋਂ ਕੀਤੀ ਜਾਂਦੀ ਰਹੀ ਹੈ। ਸ੍ਰੀ ਛੀਨਾ ਦੀ ਸੇਵਾਮੁਕਤੀ ਮਗਰੋਂ ਪੰਜਾਬ ਸਰਕਾਰ ਨੇ ਪਟਿਆਲਾ ਵਿਚ ਤਾਇਨਾਤ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਨੂੰ 'ਸਿੱਟ' ਦਾ ਮੁਖੀ ਬਣਾਇਆ। ਉਨ੍ਹਾਂ ਨਾਲ ਪਟਿਆਲਾ ਦੇ ਐਸ.ਐਸ.ਪੀ. ਵਰੁਣ ਸ਼ਰਮਾ ਅਤੇ ਐਸ.ਪੀ ਡੀ ਯੋਗੇਸ਼ ਸ਼ਰਮਾ ਆਦਿ ਨੂੰ ਮੈਂਬਰਾਂ ਵਜੋਂ ਸ਼ਾਮਲ ਕੀਤਾ ਗਿਆ।



ਜ਼ਿਕਰਯੋਗ ਹੈ ਕਿ ਡੀ.ਆਈ.ਜੀ. ਹਰਚਰਨ ਭੁੱਲਰ ਦੀ ਅਗਵਾਈ ਹੇਠਲੀ ਇਹ ਨਵੀਂ 'ਸਿੱਟ' ਬਿਕਰਮਜੀਤ ਮਜੀਠੀਆ ਤੋਂ ਪੁੱਛਗਿੱਛ ਕਰ ਚੁੱਕੀ ਹੈ। ਹੁਣ ਮੁੜ ਮਜੀਠੀਆ ਨੂੰ 18 ਜੂਨ ਨੂੰ ਪੁੱਛਗਿੱਛ ਲਈ ਪੇਸ਼ ਹੋਣ ਦੀ ਤਾਕੀਦ ਕੀਤੀ ਗਈ ਹੈ। ਉਂਜ, ਬਿਕਰਮ ਮਜੀਠੀਆ ਕੋਲੋਂ ਨਾ ਹੀ ਕਿਸੇ ਤਰ੍ਹਾਂ ਦੀ ਕੋਈ ਬਰਾਮਦਗੀ ਹੋਈ ਹੈ ਅਤੇ ਨਾ ਹੀ ਪੁਲਿਸ ਨੇ ਨਕਦੀ ਆਦਿ ਬਰਮਾਦ ਕਰਨ ਦਾ ਦਾਅਵਾ ਕੀਤਾ ਹੈ। ਇੱਥੋਂ ਤੱਕ ਕਿ ਚਲਾਨ ਵੀ ਪੇਸ਼ ਨਹੀਂ ਕੀਤਾ ਜਾ ਸਕਿਆ।

# ਸ਼ਹਿਰੀ ਖੇਤਰਾਂ 'ਚ ਹਾਰ ਨਾਲ ਆਪ ਤੇ ਕਾਂਗਰਸ ਚਿੰਤਤ

**ਲੁਧਿਆਣਾ:** ਲੁਧਿਆਣਾ ਲੋਕ ਸਭਾ ਸੀਟ ਤੋਂ ਬੇਸ਼ੱਕ ਕਾਂਗਰਸ ਨੂੰ ਵੱਡੀ ਜਿੱਤ ਮਿਲੀ ਹੈ, ਇਸ ਦੇ ਬਾਵਜੂਦ ਕਾਂਗਰਸ ਤੇ 'ਆਪ' ਦੇ ਆਗੂਆਂ ਦੀ ਚਿੰਤਾ ਵਧੀ ਹੋਈ ਦਿਖਾਈ ਦੇ ਰਹੀ ਹੈ। ਸ਼ਹਿਰ ਦੀਆਂ 6 ਵਿਧਾਨ ਸਭਾ ਸੀਟਾਂ ਸ਼ਹਿਰੀ ਖੇਤਰ ਵਿਚ ਹਨ। ਇਨ੍ਹਾਂ ਵਿਚੋਂ ਪੰਜ ਹਲਕਿਆਂ 'ਤੇ ਭਾਜਪਾ ਦਾ ਦਬਦਬਾ ਰਿਹਾ ਤੇ ਇਕ ਹਲਕੇ 'ਤੇ ਕਾਂਗਰਸ ਅੱਗੇ ਰਹੀ। ਪੰਜ ਸੀਟਾਂ 'ਤੇ ਦੋਵਾਂ ਪਾਰਟੀਆਂ ਦੀ ਵੋਟ ਘਟਣ ਕਾਰਨ ਦੋਵਾਂ ਦੇ ਆਗੂਆਂ ਦੀ ਚਿੰਤਾ ਵਧ ਗਈ ਹੈ। ਦੋਵਾਂ ਪਾਰਟੀਆਂ ਨੂੰ ਡਰ ਸਤਾ ਰਿਹਾ ਹੈ ਕਿ ਜੇ ਇਹੋ ਜਿਹੇ ਹਾਲਾਤ ਨਿਗਮ ਚੋਣਾਂ 'ਚ ਰਹੇ ਤਾਂ ਦੋਹਾਂ ਪਾਰਟੀਆਂ ਦੇ ਹੱਥੋਂ ਮੇਅਰ ਦੀ ਕੁਰਸੀ ਖੁੱਸ ਜਾਵੇਗੀ।

ਦੋਵਾਂ ਪਾਰਟੀਆਂ ਵੱਲੋਂ ਮੰਥਨ ਵੀ ਸ਼ੁਰੂ ਕਰ ਦਿੱਤਾ ਗਿਆ ਹੈ। ਦੋਵਾਂ ਪਾਰਟੀਆਂ ਵੱਲੋਂ ਨਿਗਮ ਦੇ ਨਾਲ ਨਾਲ 2027 ਦੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਵੀ ਕੀਤੀਆਂ ਜਾ ਰਹੀਆਂ ਹਨ ਤਾਂ ਕਿ ਜ਼ਮੀਨੀ ਪੱਧਰ 'ਤੇ ਲੋਕਾਂ ਨੂੰ ਆਪਣੇ ਵੱਲ ਖਿੱਚਿਆ ਜਾ ਸਕੇ। ਉਧਰ, ਭਾਜਪਾ ਉਮੀਦਵਾਰ



ਰਵਨੀਤ ਸਿੰਘ ਬਿੱਟੂ ਨੂੰ ਲੁਧਿਆਣਾ ਲੋਕ ਸਭਾ ਸੀਟ 'ਤੇ ਜਿੱਤ ਭਾਵੇਂ ਨਹੀਂ ਮਿਲੀ, ਪਰ ਹਾਰ ਦੇ ਬਾਵਜੂਦ ਭਾਜਪਾ ਆਗੂਆਂ ਦੇ ਹੌਸਲੇ ਪੂਰੀ ਤਰ੍ਹਾਂ ਬੁਲੰਦ ਹਨ। ਭਾਜਪਾ ਨੇਤਾਵਾਂ ਨੇ ਹੁਣ ਨਿਗਮ ਚੋਣਾਂ ਦੀਆਂ ਤਿਆਰੀਆਂ ਵਿੱਢ ਦਿੱਤੀਆਂ ਹਨ। ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਸੰਜੈ ਤਲਵਾੜ ਆਪਣੀ ਚਿੰਤਾ ਮੀਟਿੰਗ 'ਚ ਵੀ ਸਾਂਝੀ ਕਰ ਚੁੱਕੇ ਹਨ। ਰਾਜਾ ਵੜਿੰਗ ਦੇ ਸਵਾਗਤ ਲਈ ਰੱਖੀ ਮੀਟਿੰਗ ਵਿਚ ਸ੍ਰੀ ਤਲਵਾੜ ਇਹ ਮੁੱਦਾ ਰੱਖ ਚੁੱਕੇ ਹਨ। ਇਸ ਕਾਰਨ ਪਾਰਟੀ ਨੇ ਮੰਥਨ ਸ਼ੁਰੂ ਕਰ ਦਿੱਤਾ ਹੈ। ਕਾਂਗਰਸ ਦੇ ਸੂਬਾਈ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੀ ਇਸ ਗੱਲ ਨੂੰ ਲੈ ਕੇ ਚਿੰਤਾ 'ਚ ਹਨ ਤੇ ਉਨ੍ਹਾਂ ਪਾਰਟੀ ਵਰਕਰਾਂ ਨੂੰ ਨਿਗਮ ਚੋਣਾਂ ਲਈ ਮਿਹਨਤ ਕਰਨ ਦੇ ਨਾਲ ਨਾਲ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਵੀ ਤਿਆਰ ਰਹਿਣ ਦਾ ਸੱਦਾ ਦਿੱਤਾ ਹੈ।

ਉਧਰ, ਸੱਤਾਧਾਰੀ ਧਿਰ ਆਮ ਆਦਮੀ ਪਾਰਟੀ ਦੇ ਲੁਧਿਆਣਾ ਲੋਕ ਸਭਾ ਹਲਕੇ ਦੀਆਂ 9 ਵਿਧਾਨ ਸਭਾ ਸੀਟਾਂ 'ਚੋਂ 8 'ਤੇ ਕਾਬਜ਼ ਹੈ। ਇਸ ਦੇ ਬਾਵਜੂਦ 'ਆਪ' ਉਮੀਦਵਾਰ ਨੂੰ ਕਿਸੇ ਵੀ ਹਲਕੇ ਤੋਂ ਲੀਡ ਨਹੀਂ ਮਿਲੀ ਤੇ ਉਮੀਦ ਅਨੁਸਾਰ ਵੋਟਾਂ ਵੀ ਨਹੀਂ ਪਈਆਂ। ਹੁਣ 'ਆਪ' ਨੂੰ ਵੀ ਨਿਗਮ ਚੋਣਾਂ ਦਾ ਡਰ ਸਤਾ ਰਿਹਾ ਹੈ। ਹੁਣ ਆਮ ਆਦਮੀ ਪਾਰਟੀ ਵੱਲੋਂ ਵੀ ਮੰਥਨ ਕੀਤਾ ਜਾ ਰਿਹਾ ਹੈ। ਪਾਰਟੀ ਆਗੂਆਂ ਵੱਲੋਂ ਵੋਟਰਾਂ ਨੂੰ ਆਪਣੇ ਵੱਲ ਕਰਨ ਲਈ ਵਿਚਾਰਾਂ ਹੋ ਰਹੀਆਂ ਹਨ।

# ਵਿਆਹ ਕਰਵਾਉਣ ਤੋਂ ਨਾਂਹ ਕਰਨ 'ਤੇ ਲੜਕੀ ਦਾ ਕਤਲ

**ਮੁਹਾਲੀ:** ਮੁਹਾਲੀ ਵਿਚ ਇਕ ਨੌਜਵਾਨ ਨੇ ਵਿਆਹ ਤੋਂ ਇਨਕਾਰ ਕਰਨ 'ਤੇ ਦਫ਼ਤਰ ਜਾ ਰਹੀ ਇਕ ਲੜਕੀ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਇਹ ਘਟਨਾ ਇੱਥੋਂ ਦੇ ਫੇਜ਼-5 ਅਤੇ ਸਨਅਤੀ ਏਰੀਆ ਨੂੰ ਵੰਡਦੀ ਮੁੱਖ ਸੜਕ 'ਤੇ ਗੁਰਦੁਆਰਾ ਸਾਹਿਬਵਾੜਾ ਪਾਤਸ਼ਾਹੀ ਨੌਵੀਂ ਸਾਹਮਣੇ ਵਾਪਰੀ। ਮ੍ਰਿਤਕਾ ਦੀ ਪਛਾਣ ਬਲਜਿੰਦਰ ਕੌਰ ਵਾਸੀ ਪਿੰਡ ਫਤਿਹਪੁਰ ਜੱਟਾਂ (ਫਤਹਿਗੜ੍ਹ ਸਾਹਿਬ) ਵਜੋਂ ਹੋਈ ਹੈ। ਉਹ ਕਾਲ ਸੈਂਟਰ ਵਿਚ ਨੌਕਰੀ ਕਰਦੀ ਸੀ। ਬਲਜਿੰਦਰ ਕੌਰ ਸਵੇਰੇ



ਦਫ਼ਤਰ ਜਾ ਰਹੀ ਸੀ ਤਾਂ ਨੌਜਵਾਨ ਨੇ ਉਸ 'ਤੇ ਕਿਰਪਾਨ ਨਾਲ ਹਮਲਾ ਕਰ ਦਿੱਤਾ। ਬਲਜਿੰਦਰ ਨੇ ਭੱਜ ਕੇ ਜਾਨ ਬਚਾਉਣ ਦੀ ਕੋਸ਼ਿਸ਼ ਕੀਤੀ, ਪਰ ਹਮਲਾਵਰ ਲਗਾਤਾਰ ਉਸ 'ਤੇ ਵਾਰ ਕਰਦਾ ਰਿਹਾ ਜਿਸ ਕਾਰਨ ਉਹ ਡਿੱਗ ਗਈ। ਹਾਲਾਂਕਿ ਸੜਕ ਦੇ ਦੋਵੇਂ ਪਾਸੇ ਰਾਹਗੀਰ ਵੀ ਲੰਘ ਰਹੇ ਸੀ ਪਰ ਕਿਸੇ ਨੇ ਵੀ ਲੜਕੀ ਨੂੰ ਛੁਡਾਉਣ ਦਾ ਯਤਨ ਨਹੀਂ ਕੀਤਾ। ਇਸ ਦੌਰਾਨ ਲੜਕੀ ਨੇ ਤੜਪ-ਤੜਪ ਕੇ ਸੜਕ 'ਤੇ ਹੀ ਦਮ ਤੋੜ ਦਿੱਤਾ। ਇਹ ਸਾਰੀ ਘਟਨਾ ਸੀ.ਸੀ.ਟੀ.ਵੀ. ਕੈਮਰੇ ਵਿੱਚ ਕੈਦ ਹੋ ਗਈ ਹੈ।

# ਫ਼ਰਜ਼ੀ ਮੁਕਾਬਲਾ: ਸਾਬਕਾ ਡੀ.ਆਈ.ਜੀ. ਨੂੰ ਸੱਤ ਸਾਲ ਤੇ ਡੀ.ਐਸ.ਪੀ. ਨੂੰ ਉਮਰ ਕੈਦ

**ਮੁਹਾਲੀ:** ਮੁਹਾਲੀ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਕਰੀਬ ਤਿੰਨ ਦਹਾਕੇ ਪੁਰਾਣੇ ਫ਼ਰਜ਼ੀ ਪੁਲਿਸ ਮੁਕਾਬਲੇ ਦਾ ਨਿਬੇੜਾ ਕਰਦਿਆਂ ਪੰਜਾਬ ਪੁਲਿਸ ਦੇ ਡੀ.ਆਈ.ਜੀ. (ਸੇਵਾਮੁਕਤ) ਦਿਲਬਾਗ ਸਿੰਘ ਅਤੇ ਡੀ.ਐਸ.ਪੀ. ਗੁਰਬਚਨ ਸਿੰਘ ਨੂੰ ਦੋਸ਼ੀ ਕਰਾਰ ਦਿੱਤਾ ਹੈ। ਅਦਾਲਤ ਵੱਲੋਂ ਸਾਬਕਾ ਡੀ.ਆਈ.ਜੀ. ਦਿਲਬਾਗ ਸਿੰਘ ਨੂੰ ਧਾਰਾ 364 ਤਹਿਤ ਸੱਤ ਸਾਲ ਦੀ ਕੈਦ ਤੇ 50 ਹਜ਼ਾਰ ਰੁਪਏ ਦਾ ਜੁਰਮਾਨਾ ਕੀਤਾ ਗਿਆ ਹੈ। ਜੁਰਮਾਨੇ ਦੀ ਰਾਸ਼ੀ ਜਮ੍ਹਾਂ ਨਾ ਕਰਵਾਉਣ ਦੀ ਸੂਰਤ ਵਿਚ ਉਨ੍ਹਾਂ ਨੂੰ ਨੌਂ ਮਹੀਨੇ ਵਾਧੂ ਸਜ਼ਾ ਭੁਗਤਣੀ ਪਵੇਗੀ। ਸਾਬਕਾ ਡੀ.ਐਸ.ਪੀ. ਗੁਰਬਚਨ ਸਿੰਘ ਨੂੰ ਧਾਰਾ 302 ਤਹਿਤ ਉਮਰ ਕੈਦ ਦੀ ਸਜ਼ਾ ਅਤੇ ਦੋ ਲੱਖ ਰੁਪਏ ਜੁਰਮਾਨਾ ਕੀਤਾ ਗਿਆ ਹੈ। ਦੋਸ਼ੀ ਪੁਲਿਸ ਅਫ਼ਸਰਾਂ ਨੂੰ ਬੀਤੇ ਦਿਨੀਂ ਦੋਸ਼ੀ ਕਰਾਰ ਦੇਣ ਮਗਰੋਂ ਕੋਰਟ ਰੂਮ 'ਚੋਂ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

ਪਹਿਲਾਂ ਉਹ ਜ਼ਮਾਨਤ 'ਤੇ ਸਨ। ਇਸ ਕੇਸ ਵਿਚ ਨਾਮਜ਼ਦ ਤਿੰਨ ਪੁਲਿਸ ਮੁਲਾਜ਼ਮਾਂ ਅਰਜੁਨ ਸਿੰਘ, ਦਵਿੰਦਰ ਸਿੰਘ ਅਤੇ ਬਲਬੀਰ ਸਿੰਘ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ। ਇਸ ਕੇਸ ਦੀ ਪੈਰਵੀ ਕਰ ਰਹੇ ਵਕੀਲ ਸਰਬਜੀਤ ਸਿੰਘ ਵੇਰਕਾ, ਪੁਸ਼ਪਿੰਦਰ ਸਿੰਘ ਨੱਤ ਅਤੇ ਜਗਜੀਤ ਸਿੰਘ ਬਾਜਵਾ ਨੇ ਦੱਸਿਆ ਕਿ 22 ਜੂਨ 1993 ਨੂੰ ਤਰਨ ਤਾਰਨ ਪੁਲਿਸ ਨੇ ਜੰਡਿਆਲਾ ਰੋਡ ਤਰਨ ਤਾਰਨ ਤੋਂ ਹਿੰਦੂ ਪਰਿਵਾਰ ਨਾਲ ਸਬੰਧਤ ਚਮਨ ਲਾਲ ਅਤੇ ਉਸ ਦੇ ਤਿੰਨ ਪੁੱਤਰਾਂ ਗੁਲਸ਼ਨ ਕੁਮਾਰ, ਪ੍ਰਵੀਨ ਕੁਮਾਰ ਅਤੇ ਬੌਬੀ ਨੂੰ ਘਰੋਂ ਚੁੱਕ ਕੇ ਤਰਨ ਤਾਰਨ ਸਿਟੀ ਥਾਣਾ ਦੀ ਨਾਜਾਇਜ਼ ਹਿਰਾਸਤ ਵਿਚ ਰੱਖਿਆ ਗਿਆ।

ਤਿੰਨ ਦਿਨਾਂ ਬਾਅਦ 26 ਜੂਨ ਨੂੰ ਚਮਨ ਲਾਲ ਅਤੇ ਉਸ ਦੇ ਦੋ ਪੁੱਤਰਾਂ ਪ੍ਰਵੀਨ ਕੁਮਾਰ ਤੇ ਬੌਬੀ ਕੁਮਾਰ ਨੂੰ ਰਿਹਾਅ ਕਰ ਦਿੱਤਾ ਪਰ ਗੁਲਸ਼ਨ ਕੁਮਾਰ ਨੂੰ ਪੁਲੀਸ ਹਿਰਾਸਤ ਵਿੱਚ ਰੱਖਿਆ ਗਿਆ। ਕਰੀਬ ਮਹੀਨੇ ਬਾਅਦ 26 ਜੁਲਾਈ, 1993 ਨੂੰ ਪੁਲੀਸ ਨੇ ਫ਼ਰਜ਼ੀ ਪੁਲਿਸ ਮੁਕਾਬਲੇ ਵਿਚ ਗੁਲਸ਼ਨ ਕੁਮਾਰ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਪਰਿਵਾਰ ਨੂੰ ਉਸ ਦੀ ਲਾਸ਼ ਤੱਕ ਨਹੀਂ ਦਿੱਤੀ। ਗੁਲਸ਼ਨ ਦੇ ਛੋਟੇ ਭਰਾ ਬੌਬੀ ਕੁਮਾਰ




ਨੇ ਦੱਸਿਆ ਕਿ ਗੁਲਸ਼ਨ ਘਰ ਦੇ ਗੁਜ਼ਾਰੇ ਲਈ ਸਬਜ਼ੀ ਵੇਚ ਕੇ ਮਾਪਿਆਂ ਦਾ ਹੱਥ ਵਟਾਉਂਦਾ ਸੀ ਅਤੇ ਉਹ ਬਹੁਤ ਸਾਊ ਅਤੇ ਕਮਾਊ ਪੁੱਤ ਸੀ ਪਰ ਪੁਲਿਸ ਨੇ ਜ਼ਬਰਦਸਤੀ ਘਰੋਂ ਚੁੱਕ ਕੇ ਝੂਠੇ ਪੁਲਿਸ ਮੁਕਾਬਲੇ ਵਿਚ ਮਾਰ ਦਿੱਤਾ। ਇਹੀ ਨਹੀਂ ਉਹ ਗੁਲਸ਼ਨ ਦਾ ਸਸਕਾਰ ਵੀ ਨਹੀਂ ਕਰ ਸਕੇ। ਪੁਲਿਸ ਨੇ ਚੁੱਪ-ਚੁਪੀਤੇ ਖ਼ੁਦ ਹੀ ਸਸਕਾਰ ਕਰ ਦਿੱਤਾ ਸੀ।

ਬੌਬੀ ਨੇ ਦੱਸਿਆ ਕਿ ਉਸ ਦੇ ਪਿਤਾ ਚਮਨ ਲਾਲ ਦੀ ਸ਼ਿਕਾਇਤ 'ਤੇ ਸੁਣਵਾਈ ਕਰਦਿਆਂ ਉੱਚ ਅਦਾਲਤ ਨੇ ਇਸ ਕੇਸ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪੀ ਸੀ। ਮੁੱਢਲੀ ਜਾਂਚ ਤੋਂ ਬਾਅਦ ਸੀ.ਬੀ.ਆਈ. ਨੇ ਜ਼ਿੰਮੇਵਾਰ ਪੁਲਿਸ ਅਫ਼ਸਰਾਂ ਖ਼ਿਲਾਫ਼ ਧਾਰਾ 302, 364, 201, 218, 34 ਅਤੇ 120ਬੀ ਤਹਿਤ ਪਰਚਾ ਦਰਜ ਕੀਤਾ। ਇਸ ਕੇਸ ਦੀ ਸੁਣਵਾਈ ਮੁਹਾਲੀ ਸਥਿਤ ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਰਾਕੇਸ਼ ਗੁਪਤਾ ਦੀ ਅਦਾਲਤ ਵਿਚ ਚੱਲ ਰਹੀ ਸੀ।

ਸਾਬਕਾ ਡੀ.ਆਈ.ਜੀ. ਦਿਲਬਾਗ ਸਿੰਘ ਨੇ ਅਦਾਲਤ ਵਿਚੋਂ ਬਾਹਰ ਆਉਂਦਿਆਂ ਕਿਹਾ ਕਿ ਸੀ.ਬੀ.ਆਈ. ਅਦਾਲਤ ਦੇ ਤਾਜ਼ਾ ਫ਼ੈਸਲੇ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ 'ਚੋਂ ਅਤਿਵਾਦ ਖ਼ਤਮ ਕਰਨ ਲਈ ਪੁਲਿਸ ਵੱਲੋਂ ਹਮੇਸ਼ਾ ਕੇਂਦਰ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਨੂੰ ਅਮਲ ਵਿਚ ਲਿਆਂਦਾ ਜਾਂਦਾ ਰਿਹਾ ਹੈ।

# ਪੰਥ ਤੇ ਪੰਜਾਬ ਦੇ ਹੱਕਾਂ ਲਈ ਸਿੱਖਾਂ ਨੂੰ ਇੱਕਜੁਟ ਹੋਣ ਦੀ ਲੋੜ: ਜਥੇਦਾਰ



**ਅੰਮ੍ਰਿਤਸਰ:** ਜੂਨ 1984 ਸਾਕਾ ਨੀਲਾ ਤਾਰਾ ਸਬੰਧੀ ਸਮਾਗਮ ਮੌਕੇ ਸ੍ਰੀ ਅਕਾਲ ਤਖ਼ਤ ਵਿਖੇ ਸ਼ਰਧਾਂਜਲੀ ਸਮਾਗਮ ਸ਼ਾਂਤਮਈ ਢੰਗ ਨਾਲ ਸਮਾਪਤ ਹੋਇਆ। ਸਿੱਖ ਜਥੇਬੰਦੀ ਦਲ ਖਾਲਸਾ ਵੱਲੋਂ ਅੰਮ੍ਰਿਤਸਰ ਬੰਦ ਦੇ ਦਿੱਤੇ ਗਏ ਸੱਦੇ ਤਹਿਤ ਸ਼ਹਿਰ ਮੁਕੰਮਲ ਤੌਰ 'ਤੇ ਬੰਦ ਰਿਹਾ।

ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਸ ਮੌਕੇ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਦਿਆਂ ਸਮੁੱਚੀ ਸਿੱਖ ਕੌਮ ਨੂੰ ਇੱਕਜੁਟ ਹੋ ਕੇ ਕੌਮੀ ਮਸਲਿਆਂ ਦਾ ਹੱਲ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਨੂੰ ਰਿਹਾਅ ਨਾ ਕਰਨਾ ਅਤੇ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ 40 ਸਾਲਾਂ ਬਾਅਦ ਵੀ ਸਜ਼ਾਵਾਂ ਨਾ ਦੇਣਾ ਭਾਰਤੀ ਹਕੂਮਤ ਦਾ ਸਿੱਖਾਂ ਨਾਲ ਅਨਿਆਂਪੂਰਨ ਵਤੀਰਾ ਹੈ। ਇਸ ਲਈ ਪੰਥ ਅਤੇ ਪੰਜਾਬ ਦੇ ਰਾਜਨੀਤਕ, ਭੂਗੋਲਿਕ ਅਤੇ ਆਰਥਿਕ ਹੱਕਾਂ ਵਾਸਤੇ ਦਿੱਲੀ ਵੱਲ ਵਾਰ-ਵਾਰ ਹੱਥ ਅੱਡਣ ਦੀ ਬਜਾਏ ਸਿੱਖ ਰਾਜਨੀਤੀ ਨੂੰ ਪ੍ਰਫੁੱਲਤ ਕਰਨ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ ਸੰਘਰਸ਼ ਮਗਰੋਂ ਸਿੱਖਾਂ ਨੂੰ ਪੰਜਾਬੀ ਸੂਬਾ ਤਾਂ ਮਿਲਿਆ ਪਰ ਪੰਜਾਬ ਨੂੰ ਦਰਿਆਈ ਪਾਣੀਆਂ, ਰਾਜਧਾਨੀ ਚੰਡੀਗੜ੍ਹ ਅਤੇ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕਿਆਂ ਤੋਂ ਵੱਖ ਕਰ ਦਿੱਤਾ ਗਿਆ। ਪੰਜਾਬ ਦੇ ਇਨ੍ਹਾਂ ਮਸਲਿਆਂ ਅਤੇ ਸੂਬਾਈ ਖ਼ੁਦਮੁਖ਼ਤਿਆਰੀ ਵਾਲੇ ਸ੍ਰੀ ਆਨੰਦਪੁਰ ਸਾਹਿਬ ਦੇ ਮਤੇ ਨੂੰ ਲੈ ਕੇ ਸਿੱਖਾਂ ਨੂੰ ਧਰਮ ਯੁੱਧ ਮੋਰਚਾ ਲਗਾਉਣ ਲਈ ਮਜਬੂਰ ਹੋਣਾ ਪਿਆ ਜਿਸ ਨੂੰ ਜਬਰ ਦੀ ਨੀਤੀ ਨਾਲ ਕੁਚਲਣ ਅਤੇ ਐਮਰਜੈਂਸੀ ਸਮੇਂ ਅਕਾਲੀ ਦਲ ਵੱਲੋਂ ਕੀਤੇ ਵਿਰੋਧ ਦੇ ਸਿੱਟੇ ਵਜੋਂ ਪਹਿਲੀ ਜੂਨ 1984 ਨੂੰ ਸ੍ਰੀ ਹਰਿਮੰਦਰ ਸਾਹਿਬ 'ਤੇ ਫੌਜੀ ਹਮਲਾ ਕੀਤਾ ਗਿਆ। ਇਸ ਦੌਰਾਨ ਫ਼ੌਜੀ ਕਾਰਵਾਈ 'ਚ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮਨਾਉਣ ਆਈ ਸੰਗਤ 'ਤੇ ਗੋਲੀਆਂ ਚਲਾਈਆਂ ਗਈਆਂ ਜਿਸ ਕਾਰਨ ਬੇਦੋਸ਼ੇ ਲੋਕ ਮਾਰੇ ਗਏ। ਇਸ ਮੌਕੇ ਸ਼ਹੀਦ ਪਰਿਵਾਰਾਂ ਦੇ ਮੈਂਬਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਸਬੰਧ ਵਿਚ ਸ੍ਰੀ ਅਕਾਲ ਤਖ਼ਤ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਗੁਰਬਾਣੀ ਦਾ ਕੀਰਤਨ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸਿੱਖ ਸੰਗਤ ਸ੍ਰੀ ਅਕਾਲ ਤਖ਼ਤ ਸਾਹਮਣੇ ਇਕੱਠੀ ਹੋਈ।

ਸਮਾਗਮ ਮਗਰੋਂ ਅਕਾਲ ਤਖ਼ਤ ਦੇ ਨੇੜੇ ਸਾਬਕਾ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਸੰਬੋਧਨ ਵੀ ਕੀਤਾ। ਇਸ ਮੌਕੇ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਵੱਲੋਂ ਵੀ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਦਿਆਂ ਸਮੁੱਚੀ ਕੌਮ ਨੂੰ ਇੱਕਜੁੱਟ ਹੋਣ ਦੀ ਅਪੀਲ ਕੀਤੀ ਗਈ। ਇਸ ਮੌਕੇ ਜਦੋਂ ਉਹ ਸੰਬੋਧਨ ਕਰ ਰਹੇ ਸਨ ਤਾਂ ਪ੍ਰਬੰਧਕਾਂ ਵੱਲੋਂ ਸ੍ਰੀ ਅਕਾਲ ਤਖ਼ਤ ਵਿਖੇ ਚੱਲ ਰਹੇ ਗੁਰਬਾਣੀ ਕੀਰਤਨ ਦੀ ਆਵਾਜ਼ ਨੂੰ ਵਧੇਰੇ ਉੱਚਾ ਕਰ ਦਿੱਤਾ ਗਿਆ ਜਿਸ ਕਾਰਨ ਦੋਵਾਂ ਸਿੱਖ ਆਗੂਆਂ ਦੀ ਆਵਾਜ਼ ਆਮ ਸੰਗਤ ਤੱਕ ਨਹੀਂ ਪੁੱਜ ਸਕੀ। ਸਮਾਗਮ ਦੌਰਾਨ ਸ੍ਰੀ ਦਰਬਾਰ ਸਾਹਿਬ ਕੈਂਪਸ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਤੌਰ 'ਤੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਇਸ ਤੋਂ ਇਲਾਵਾ ਪੰਜਾਬ ਪੁਲੀਸ ਵੀ ਸਾਦੇ ਕੱਪੜਿਆਂ ਵਿਚ ਮੌਜੂਦ ਸੀ।

## ਸ਼੍ਰੋਮਣੀ ਕਮੇਟੀ ਧਰਮ ਪ੍ਰਚਾਰ ਲਹਿਰ ਪ੍ਰਚੰਡ ਕਰੇਗੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਧਰਮ ਪ੍ਰਚਾਰ ਲਹਿਰ ਨੂੰ ਹੋਰ ਪ੍ਰਚੰਡ ਕਰਦਿਆਂ ਹਲਕਾ ਪੱਧਰ 'ਤੇ ਗੁਰਮਤਿ ਸਮਾਗਮ ਕਰਨ ਅਤੇ ਅੰਮ੍ਰਿਤ ਸੰਚਾਰ ਕਰਵਾਉਣ ਦਾ ਫ਼ੈਸਲਾ ਕੀਤਾ ਹੈ। ਇਸ ਤਹਿਤ ਪ੍ਰਚਾਰਕ ਜਥੇ ਹਰ ਪਿੰਡ ਵਿਚ ਜਾ ਕੇ ਸਿੱਖੀ ਦਾ ਪ੍ਰਚਾਰ ਕਰਨਗੇ ਅਤੇ ਹਲਕੇ ਵਿਚ ਹੋਣ ਵਾਲੇ ਅੰਮ੍ਰਿਤ ਸੰਚਾਰ ਲਈ ਸੰਗਤਾਂ ਨੂੰ ਤਿਆਰ ਕਰਨਗੇ। ਇਹ ਜਾਣਕਾਰੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਿੱਤੀ।

ਅੰਤ੍ਰਿੰਗ ਕਮੇਟੀ ਦੀ ਮੀਟਿੰਗ ਦੌਰਾਨ ਇਸ ਫ਼ੈਸਲੇ ਨੂੰ ਸਿਧਾਂਤਕ ਪ੍ਰਵਾਨਗੀ ਦਿੱਤੀ ਗਈ ਹੈ। ਸ੍ਰੀ ਧਾਮੀ ਨੇ ਕਿਹਾ ਕਿ ਇਹ ਗੁਰਮਤਿ ਪ੍ਰਚਾਰ ਵਹੀਰ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਤਾਗੱਦੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਵਸ ਦੀ 450 ਸਾਲਾ ਸ਼ਤਾਬਦੀ ਨੂੰ ਸਮਰਪਿਤ ਹੋਵੇਗੀ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਸਤੰਬਰ ਮਹੀਨੇ ਵਿਚ ਇਹ ਸ਼ਤਾਬਦੀ ਦਿਹਾੜੇ ਸਿੱਖ ਕੌਮ ਵੱਲੋਂ ਕੌਮੀ ਜਾਹੋ-ਜਲਾਲ ਨਾਲ ਮਨਾਏ ਜਾਣਗੇ। ਇਨ੍ਹਾਂ ਸ਼ਤਾਬਦੀਆਂ ਦੇ ਸਬੰਧ ਵਿਚ 13 ਅਤੇ 14 ਸਤੰਬਰ ਨੂੰ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਅੰਮ੍ਰਿਤਸਰ ਵਿਖੇ ਮੁੱਖ ਸਮਾਗਮ ਹੋਣਗੇ ਜਦਕਿ ਸ੍ਰੀ ਗੋਇੰਦਵਾਲ ਸਾਹਿਬ ਵਿਖੇ 15 ਤੋਂ 18 ਸਤੰਬਰ ਤੱਕ ਗੁਰਮਤਿ ਸਮਾਗਮ ਕੀਤੇ ਜਾਣਗੇ।

ਉਨ੍ਹਾਂ ਦੱਸਿਆ ਕਿ ਪਹਿਲਾਂ ਹੀ ਜ਼ਿਲ੍ਹਾ ਤਰਨ ਤਾਰਨ, ਅੰਮ੍ਰਿਤਸਰ ਅਤੇ ਕਪੂਰਥਲਾ ਦੇ ਪਿੰਡਾਂ ਵਿੱਚ ਪ੍ਰਚਾਰਕ ਜਥੇ ਕਾਰਜਸ਼ੀਲ ਹਨ, ਜਦਕਿ ਹੁਣ ਪੂਰੇ ਪੰਜਾਬ ਦਾ ਪ੍ਰੋਗਰਾਮ ਉਲੀਕਿਆ ਜਾਵੇਗਾ। ਪੰਜਾਬ ਤੋਂ ਬਾਹਰਲੇ ਸੂਬਿਆਂ ਵਿਚ ਸਮਾਗਮ ਤੇ ਨਗਰ ਕੀਰਤਨ ਸਜਾਉਣ ਦਾ ਵੀ ਪ੍ਰੋਗਰਾਮ ਹੈ। ਮੀਟਿੰਗ ਦੌਰਾਨ ਸ਼੍ਰੋਮਣੀ ਕਮੇਟੀ ਅਤੇ ਵੱਖ-ਵੱਖ ਇਤਿਹਾਸਕ ਗੁਰਦੁਆਰਿਆਂ ਨਾਲ ਸਬੰਧਤ ਮਾਮਲੇ ਵੀ ਵਿਚਾਰੇ ਗਏ।

### ਸ਼ਹੀਦੀ ਦਿਹਾੜਾ ਮਨਾਉਣ ਲਈ ਸਿੱਖ ਜਥਾ ਪਾਕਿਸਤਾਨ ਪੁੱਜਿਆ

**ਅਟਾਰੀ:** ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਪਾਕਿਸਤਾਨ ਵਿਚ ਮਨਾਉਣ ਲਈ ਭਾਰਤ ਦੇ ਵੱਖ-ਵੱਖ ਰਾਜਾਂ ਨਾਲ ਸਬੰਧਤ ਭਾਰਤੀ ਸਿੱਖ ਸ਼ਰਧਾਲੂਆਂ ਦਾ ਜਥਾ ਅਟਾਰੀ-ਵਾਹਗਾ ਸਰਹੱਦ ਰਸਤੇ ਪਾਕਿਸਤਾਨ ਪੁੱਜਿਆ। ਨਿਰਮਲ ਸਿੰਘ ਨੇ ਦੱਸਿਆ ਕਿ ਜਥਾ ਵਾਹਗਾ ਸਰਹੱਦ ਤੋਂ ਗੁਰਦੁਆਰਾ ਪੰਜਾ ਸਾਹਿਬ ਹਸਨ ਅਬਦਾਲ ਪੁੱਜਿਆ। ਜਥਾ 17 ਜੂਨ ਨੂੰ ਵਤਨ ਪਰਤੇਗਾ।

## ਸਰਾਵਾਂ ਦੀ ਬੁਕਿੰਗ ਸਬੰਧੀ ਸ਼ਰਧਾਲੂਆਂ ਨਾਲ ਠੱਗੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਰਿਮੰਦਰ ਸਾਹਿਬ ਆਉਣ ਵਾਲੇ ਸ਼ਰਧਾਲੂਆਂ ਨਾਲ ਸਰਾਵਾਂ ਦੀ ਬੁਕਿੰਗ ਨੂੰ ਲੈ ਕੇ ਮਾਰੀ ਜਾ ਰਹੀ ਠੱਗੀ ਸਬੰਧੀ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ।

ਜਾਣਕਾਰੀ ਅਨੁਸਾਰ ਕੁਝ ਲੋਕਾਂ ਵੱਲੋਂ ਆਨਲਾਈਨ ਵਿਧੀ ਰਾਹੀਂ ਸਰਾਵਾਂ ਬੁਕਿੰਗ ਕਰਾਉਣ ਦੇ ਨਾਂ ਹੇਠ ਸ਼ਰਧਾਲੂਆਂ ਨਾਲ ਠੱਗੀ ਮਾਰੀ ਜਾ ਰਹੀ ਹੈ। ਇਸ ਸਬੰਧੀ ਠੱਗਾਂ ਵੱਲੋਂ ਸ਼੍ਰੋਮਣੀ ਕਮੇਟੀ ਦੀਆਂ ਸਰਾਵਾਂ ਵਿਚ ਬੁਕਿੰਗ ਵਾਸਤੇ ਹਰਿਮੰਦਰ ਸਾਹਿਬ ਦੀਆਂ ਤਸਵੀਰਾਂ ਵਾਲੀਆਂ ਫਰਜ਼ੀ ਵੈੱਬਸਾਈਟਾਂ ਬਣਾਈਆਂ ਹੋਈਆਂ ਹਨ। ਇਹ ਲੋਕ ਸ਼ਰਧਾਲੂਆਂ ਨੂੰ ਜਾਅਲੀ ਪੋਰਟਲ ਰਾਹੀਂ ਅਗਾਊਂ ਰਕਮ ਦਾ ਭੁਗਤਾਨ ਕਰਨ ਲਈ ਆਖਦੇ ਹਨ ਅਤੇ ਮਗਰੋਂ ਆਪਣਾ ਫੋਨ ਨੰਬਰ ਬੰਦ ਕਰ ਦਿੰਦੇ ਹਨ।

ਇਸ ਸਬੰਧੀ ਲਗਾਤਾਰ ਸ਼ਿਕਾਇਤਾਂ ਮਿਲਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਇਹ ਮਾਮਲਾ ਪੁਲਿਸ ਦੇ ਧਿਆਨ ਵਿਚ ਲਿਆਂਦਾ। ਸ਼੍ਰੋਮਣੀ ਕਮੇਟੀ ਦੇ ਸਰਾਵਾਂ ਸਬੰਧੀ ਮੈਨੇਜਰ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਅਜਿਹੇ ਅੱਠ ਤੋਂ 10 ਠੱਗੀ ਵਾਲੇ ਮਾਮਲੇ ਉਨ੍ਹਾਂ ਦੇ ਧਿਆਨ ਵਿਚ ਆਏ ਹਨ। ਠੱਗਾਂ ਵੱਲੋਂ ਸ਼ਰਧਾਲੂਆਂ ਨੂੰ ਆਨਲਾਈਨ ਸਰਾਵਾਂ ਬੁਕਿੰਗ ਕਰਾਉਣ ਦੇ ਨਾਂ ਹੇਠ ਲੁੱਟਿਆ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੀ ਸੂਚਨਾ ਟੈਕਨਾਲੋਜੀ ਵਿਭਾਗ ਦੀ ਟੀਮ ਵੱਲੋਂ ਵੀ ਆਪਣੇ ਪੱਧਰ 'ਤੇ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਵਿਚ ਸਾਹਮਣੇ ਆਇਆ ਹੈ ਕਿ ਇਹ ਜਾਅਲੀ ਵੈੱਬ ਪੋਰਟਲ ਕਿਸੇ ਵਿਅਕਤੀ ਵੱਲੋਂ ਅਯੁੱਧਿਆ ਤੋਂ ਚਲਾਇਆ ਜਾ ਰਿਹਾ ਸੀ। ਉਸ ਵੱਲੋਂ ਇੱਕ ਫੋਨ ਨੰਬਰ ਵੀ ਦਿੱਤਾ ਹੋਇਆ ਸੀ ਜਿਸ 'ਤੇ ਹੁਣ ਕੋਈ ਵੀ ਹੁੰਗਾਰਾ ਨਹੀਂ ਮਿਲ ਰਿਹਾ। ਪੁਲਿਸ ਦੇ ਡਿਪਟੀ ਕਮਿਸ਼ਨਰ ਆਲਮ ਵਿਜੈ ਸਿੰਘ ਨੇ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਕੈਨੇਡਾ ਵਿਚ ਪੰਜਾਬੀ ਨੌਜਵਾਨ ਦੀ ਹੱਤਿਆ



**ਲੁਧਿਆਣਾ:** ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿਚ ਲੁਧਿਆਣਾ ਨਾਲ ਸਬੰਧਤ ਨੌਜਵਾਨ ਯੁਵਰਾਜ ਗੋਇਲ (28) ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ।

ਪਰਿਵਾਰ ਦੇ ਕੁਝ ਦੋਸਤਾਂ-ਮਿੱਤਰਾਂ ਮੁਤਾਬਕ ਕੈਨੇਡੀਅਨ ਪੁਲਿਸ ਨੇ ਇਸ ਨੂੰ 'ਗ਼ਲਤ ਪਛਾਣ' ਨਾਲ ਜੁੜਿਆ ਮਾਮਲਾ ਦੱਸਿਆ ਹੈ। ਜਾਣਕਾਰੀ ਅਨੁਸਾਰ ਯੁਵਰਾਜ ਜਿਮ ਤੋਂ ਪਰਤਦਿਆਂ ਫੋਨ 'ਤੇ ਆਪਣੀ ਮਾਂ ਨਾਲ ਗੱਲ ਕਰ ਰਿਹਾ ਸੀ। ਜਿਵੇਂ ਹੀ ਉਹ ਆਪਣੇ ਘਰ ਦੀ ਪਾਰਕਿੰਗ ਕੋਲ ਪੁੱਜਾ ਤਾਂ ਉਸ ਨੇ ਫੋਨ ਕੱਟ ਦਿੱਤਾ। ਪੁਲਿਸ ਮੁਤਾਬਕ ਕੁਝ ਸਮੇਂ ਬਾਅਦ ਕਿਸੇ ਨੇ ਯੁਵਰਾਜ ਨੂੰ ਇਮਾਰਤ ਵੱਲ ਇਸ਼ਾਰਾ ਕਰਕੇ ਪੁੱਛਿਆ ਕਿ ਕੀ ਉਹ ਇਸ ਵਿਚ ਰਹਿੰਦਾ ਹੈ, ਜਿਵੇਂ ਹੀ ਉਸ ਨੇ 'ਹਾਂ' ਕਿਹਾ ਤਾਂ ਉਸ ਦੇ ਛੇ ਗੋਲੀਆਂ ਮਾਰੀਆਂ ਗਈਆਂ। ਯੁਵਰਾਜ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਿਸ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਇਸ ਘਟਨਾ ਮੌਕੇ ਯੁਵਰਾਜ ਦੇ ਫੋਨ ਦੀ ਰਿਕਾਰਡਿੰਗ ਚਾਲੂ ਸੀ, ਜਿਸ ਕਰਕੇ ਮੌਕੇ 'ਤੇ ਹੋਈ ਗੱਲਬਾਤ ਬਾਰੇ ਪਤਾ ਲੱਗ ਗਿਆ।

## ਗੁਰੂ ਰਾਮਦਾਸ ਦੇ 450 ਸਾਲਾ ਗੁਰਿਆਈ ਦਿਵਸ ਸਮਾਗਮਾਂ ਦੀ ਰੂਪ-ਰੇਖਾ ਤਿਆਰ

**ਅੰਮ੍ਰਿਤਸਰ:** ਗੁਰੂ ਰਾਮਦਾਸ ਜੀ ਦੇ 450 ਸਾਲਾ ਗੁਰਿਆਈ ਦਿਵਸ ਅਤੇ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ ਜੋਤਿ ਦਿਵਸ ਦੀ ਸ਼ਤਾਬਦੀ ਸਬੰਧੀ ਕਰਵਾਏ ਜਾਣ ਵਾਲੇ ਸਮਾਗਮਾਂ ਸਬੰਧੀ ਸ਼੍ਰੋਮਣੀ ਕਮੇਟੀ ਨੇ ਰੂਪ-ਰੇਖਾ ਤਿਆਰ ਕੀਤੀ ਹੈ। ਇਹ ਸਮਾਗਮ ਵੱਖ-ਵੱਖ ਥਾਵਾਂ 'ਤੇ ਸਤੰਬਰ ਵਿੱਚ ਹੋਣਗੇ। ਇੱਥੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਵਿਚ ਸ਼ਤਾਬਦੀ ਕਮੇਟੀ ਦੀ ਮੀਟਿੰਗ ਹੋਈ। ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ ਦੀ ਅਗਵਾਈ ਹੇਠ ਗਠਤ ਕੀਤੀ ਸ਼ਤਾਬਦੀ ਕਮੇਟੀ ਵੱਲੋਂ ਦੋਵਾਂ ਸ਼ਤਾਬਦੀ ਦਿਹਾੜਿਆਂ ਸਬੰਧੀ ਅੰਮ੍ਰਿਤਸਰ ਅਤੇ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਕੀਤੇ ਜਾਣ ਵਾਲੇ ਸਮਾਗਮਾਂ ਦੀ ਰੂਪ-ਰੇਖਾ ਤੈਅ ਕੀਤੀ ਗਈ।

ਭਾਈ ਮਹਿਤਾ ਨੇ ਦੱਸਿਆ ਕਿ ਸ਼ਤਾਬਦੀ ਸਮਾਗਮਾਂ ਦੀ ਸ਼ੁਰੂਆਤ ਸਤੰਬਰ ਦੇ ਪਹਿਲੇ ਹਫ਼ਤੇ ਗੁਰਦੁਆਰਾ ਸੰਨ੍ਹ ਸਾਹਿਬ ਬਾਸਰਕੇ ਗਿੱਲਾਂ ਅੰਮ੍ਰਿਤਸਰ ਵਿਖੇ ਕੀਰਤਨ ਦਰਬਾਰ ਨਾਲ ਹੋਵੇਗੀ ਜਦਕਿ ਇੱਥੋਂ ਹੀ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਗੋਇੰਦਵਾਲ ਸਾਹਿਬ ਤੱਕ ਨਗਰ ਕੀਰਤਨ ਸਜਾਇਆ ਜਾਵੇਗਾ। ਇਸ ਦੌਰਾਨ 13 ਸਤੰਬਰ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਰਾਗ ਦਰਬਾਰ ਹੋਵੇਗਾ ਤੇ 14 ਸਤੰਬਰ ਨੂੰ ਇੱਥੇ ਹੀ ਕੌਮੀ ਪੱਧਰ ਦਾ ਗੁਰਮਤਿ ਸਮਾਗਮ ਹੋਵੇਗਾ। ਇਸੇ ਤਰ੍ਹਾਂ ਸ੍ਰੀ ਗੋਇੰਦਵਾਲ ਸਾਹਿਬ ਵਿਖੇ 15 ਸਤੰਬਰ ਨੂੰ ਆਸਟਰੇਲੀਆ ਦੀ ਸਹਿਜ ਪਾਠ ਸੇਵਾ ਸੰਸਥਾ ਰਾਹੀਂ ਚੱਲ ਰਹੇ ਸਹਿਜ ਪਾਠਾਂ ਦੇ ਭੋਗ ਪਾਏ ਜਾਣਗੇ।

16 ਸਤੰਬਰ ਨੂੰ ਗੋਇੰਦਵਾਲ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਆਰੰਭ ਹੋਣਗੇ ਤੇ 17 ਸਤੰਬਰ ਨੂੰ ਸ੍ਰੀ ਖਡੂਰ ਸਾਹਿਬ ਤੋਂ ਸ੍ਰੀ ਗੋਇੰਦਵਾਲ ਤੱਕ ਪੈਦਲ ਨਗਰ ਕੀਰਤਨ ਸਜਾਇਆ ਜਾਵੇਗਾ ਅਤੇ ਸ਼ਾਮ ਵੇਲੇ ਢਾਡੀ, ਕਵੀਸ਼ਰ ਅਤੇ ਕਵੀ ਦਰਬਾਰ ਕਰਵਾਏ ਜਾਣਗੇ ਜਦਕਿ 18 ਸਤੰਬਰ ਨੂੰ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਸ਼ਤਾਬਦੀ ਦਾ ਮੁੱਖ ਸਮਾਗਮ ਹੋਵੇਗਾ।

## ਚੋਣਾਂ 'ਚ ਹਾਰ ਪਿੱਛੋਂ ਸ਼੍ਰੋਮਣੀ ਅਕਾਲੀ ਦਲ 'ਚ ਉੱਠਣ ਲੱਗੇ ਬਾਗ਼ੀ ਸੁਰ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੀ ਲੋਕ ਸਭਾ ਚੋਣਾਂ 'ਚ ਨਮੋਸ਼ੀ ਭਰੀ ਹਾਰ ਮਗਰੋਂ ਬਗਾਵਤੀ ਸੁਰ ਉੱਠਣ ਲੱਗੇ ਹਨ। ਪਹਿਲੀ ਵਾਰ ਹੈ ਕਿ ਪਾਰਟੀ ਦੇ 10 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਗਈ ਹੈ। ਸ਼੍ਰੋਮਣੀ ਅਕਾਲੀ ਦਲ ਅੰਦਰ ਬਹੁਤੇ ਨੇਤਾ ਹੁਣ ਘੁਟਣ ਮਹਿਸੂਸ ਕਰਨ ਲੱਗੇ ਹਨ ਜਿਹੜੇ ਉਂਗਲ ਚੁੱਕਣ ਲਈ ਢੁਕਵੇਂ ਮੌਕੇ ਦੀ ਤਲਾਸ਼ ਵਿਚ ਹਨ। ਪੰਜਾਬ ਵਿਧਾਨ ਸਭਾ ਵਿਚ ਪਾਰਟੀ ਦੇ ਵਿਧਾਇਕ ਦਲ ਦੇ ਆਗੂ ਅਤੇ ਸੀਨੀਅਰ ਅਕਾਲੀ ਆਗੂ ਮਨਪ੍ਰੀਤ ਸਿੰਘ ਇਯਾਲੀ ਨੇ ਪਾਰਟੀ ਦੀ ਮੌਜੂਦਾ ਸਥਿਤੀ 'ਤੇ ਫ਼ਿਕਰ ਜ਼ਾਹਰ ਕਰਦਿਆਂ ਖ਼ਾਮੋਸ਼ ਰਹਿਣ ਦਾ ਫ਼ੈਸਲਾ ਕੀਤਾ ਹੈ। ਚੇਤੇ ਰਹੇ ਕਿ ਰਾਸ਼ਟਰਪਤੀ ਚੋਣ ਵੇਲੇ ਵੀ ਇਯਾਲੀ ਨੇ ਰੋਸ ਜਤਾਇਆ ਸੀ। ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਅਕਾਲੀ ਦਲ ਦੀ ਮੌਜੂਦਾ ਚੋਣਾਂ ਵਿਚ ਕਾਰਗੁਜ਼ਾਰੀ ਨਮੋਸ਼ੀਜਨਕ ਹੈ। ਢੀਂਡਸਾ ਨੇ ਕਿਹਾ ਕਿ ਲੋਕ ਸਭਾ ਚੋਣਾਂ ਵਿਚ ਹੋਈ ਹਾਰ ਦੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਹੈ ਅਤੇ ਪਾਰਟੀ ਪ੍ਰਧਾਨ ਨੂੰ ਜਨਤਕ ਤੌਰ 'ਤੇ ਹਾਰ ਕਬੂਲ ਕਰਨੀ ਚਾਹੀਦੀ ਹੈ।

ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਸਾਫ਼ ਕੀਤਾ ਹੈ ਕਿ ਹੁਣ ਉਹ ਪਾਰਟੀ ਦੀਆਂ ਗਤੀਵਿਧੀਆਂ ਤੋਂ ਦੂਰ ਰਹਿਣਗੇ। ਉਨ੍ਹਾਂ ਝੂੰਦਾਂ ਕਮੇਟੀ ਰਿਪੋਰਟ ਲਾਗੂ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਜਦੋਂ ਤੱਕ ਇਹ ਰਿਪੋਰਟ ਲਾਗੂ ਨਹੀਂ ਹੁੰਦੀ ਉਦੋਂ ਤੱਕ ਉਹ ਪਾਰਟੀ ਦੀ ਕਿਸੇ ਵੀ ਗਤੀਵਿਧੀ 'ਚ ਸ਼ਾਮਲ ਨਹੀਂ ਹੋਣਗੇ। ਇਯਾਲੀ ਨੇ ਫੇਸਬੁੱਕ 'ਤੇ ਕਿਹਾ ਕਿ ਅਕਾਲੀ ਦਲ ਦਾ ਇਤਿਹਾਸ ਸ਼ਾਨਾਂਮੱਤਾ ਰਿਹਾ ਹੈ ਪਰ ਪਿਛਲੇ ਕੁਝ ਸਮੇਂ 'ਚ ਪਾਰਟੀ ਆਗੂਆਂ ਵੱਲੋਂ ਲਏ ਗਏ ਫੈਸਲਿਆਂ ਕਾਰਨ ਅਕਾਲੀ ਦਲ 'ਚ ਵੱਡੀ ਗਿਰਾਵਟ ਆਈ ਹੈ। ਪਾਰਟੀ ਪਹਿਲਾਂ ਕਿਸਾਨੀ ਤੇ ਮੌਜੂਦਾ ਸਮੇਂ ਪੰਜਾਬ 'ਚ ਚੱਲ ਰਹੀ ਪੰਥਕ ਸੋਚ ਪਛਾਨਣ 'ਚ ਅਸਫਲ ਰਹੀ ਹੈ। ਜਦੋਂ ਅਕਾਲੀ ਦਲ ਨੂੰ 2022 ਦੀਆਂ ਚੋਣਾਂ ਵਿਚ ਸਿਰਫ਼ ਤਿੰਨ ਸੀਟਾਂ ਹਾਸਲ ਹੋਈਆਂ ਸਨ ਤਾਂ ਉਸ ਵਕਤ ਪਾਰਟੀ ਨੇ ਸਮੀਖਿਆ ਲਈ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਵਿਚ ਕਮੇਟੀ ਦਾ ਗਠਨ ਕੀਤਾ ਸੀ ਜਿਸ ਦੀ ਰਿਪੋਰਟ ਆ ਗਈ ਸੀ ਜਿਸ ਨੂੰ ਪਾਰਟੀ ਆਗੂਆਂ ਨੇ ਜਨਤਕ ਕਰਨ ਦੀ ਗੱਲ ਆਖੀ ਸੀ ਜੋ ਹੁਣ ਤੱਕ ਜਨਤਕ ਨਹੀਂ ਹੋਈ।

### ਸੁਖਬੀਰ ਸਿੰਘ ਬਾਦਲ ਦਾ ਅਸਤੀਫਾ ਮੰਗਿਆ

**ਜੈਤੋ:** ਚੋਣਾਂ 'ਚ ਅਕਾਲੀ ਦਲ ਦੇ ਨਮੋਸ਼ੀਜਨਕ ਪ੍ਰਦਰਸ਼ਨ ਨੂੰ ਲੈ ਕੇ ਦਲ ਦੇ ਸਾਬਕਾ ਲੋਕ ਸਭਾ ਮੈਂਬਰ ਪਰਮਜੀਤ ਕੌਰ ਗੁਲਸ਼ਨ ਨੇ ਸੁਖਬੀਰ ਸਿੰਘ ਬਾਦਲ ਨੂੰ ਇਖ਼ਲਾਕੀ ਆਧਾਰ 'ਤੇ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇਣ ਦੀ ਸਲਾਹ ਦਿੱਤੀ ਹੈ। ਬੀਬੀ ਗੁਲਸ਼ਨ ਨੇ ਕਿਹਾ ਕਿ ਲਗਾਤਾਰ ਸੱਤ ਸਾਲਾਂ ਤੋਂ ਪਾਰਟੀ ਦਾ ਗ੍ਰਾਫ਼ ਲਗਾਤਾਰ ਹੇਠਾਂ ਖਿਸਕਦਾ ਜਾ ਰਿਹਾ ਹੈ ਅਤੇ ਇਨ੍ਹਾਂ ਚੋਣਾਂ 'ਚ ਤਾਂ ਪਾਰਟੀ ਦੀ ਵੋਟ ਪ੍ਰਤੀਸ਼ਤਤਾ 'ਚ ਇੰਨਾ ਨਿਘਾਰ ਆਇਆ ਕਿ ਦਸ ਸੀਟਾਂ 'ਤੇ ਉਮੀਦਵਾਰ ਆਪਣੀ ਜ਼ਮਾਨਤ ਵੀ ਨਹੀਂ ਬਚਾ ਸਕੇ। ਬਠਿੰਡਾ ਸੀਟ ਵੀ ਇਸੇ ਲਈ ਜਿੱਤੀ ਜਾ ਸਕੀ ਕਿਉਂਕਿ ਇੱਥੇ ਬਾਦਲ ਦਾ ਪਰਿਵਾਰਕ ਮੈਂਬਰ ਉਮੀਦਵਾਰ ਸੀ।

# ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਸ਼ਰਧਾ ਨਾਲ ਮਨਾਇਆ



**ਅੰਮ੍ਰਿਤਸਰ:** ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਇੱਥੇ ਦਰਬਾਰ ਸਾਹਿਬ ਵਿਖੇ ਸ਼ਰਧਾ ਨਾਲ ਮਨਾਇਆ ਗਿਆ। ਗੁਰਦੁਆਰਾ ਰਾਮਸਰ ਸਾਹਿਬ ਵਿਖੇ ਪਾਠ ਦੇ ਭੋਗ ਪਾਏ ਗਏ ਅਤੇ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਕੀਰਤਨ ਕੀਤਾ।

ਅਰਦਾਸ ਕੀਤੀ ਗਈ ਅਤੇ ਹੁਕਮਨਾਮਾ ਲਿਆ ਗਿਆ। ਸਮਾਗਮ ਸਮੇਂ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਭਾਈ ਬਲਵੰਤ ਸਿੰਘ ਨੇ ਸੰਗਤ ਨੂੰ ਪੰਜਵੇਂ ਪਾਤਸ਼ਾਹ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ। ਹਰਿਮੰਦਰ ਸਾਹਿਬ ਅਤੇ ਗੁਰਦੁਆਰਾ ਰਾਮਸਰ ਸਾਹਿਬ ਸਮੇਤ ਇਥੇ ਹੋਰ ਗੁਰਦੁਆਰਾ ਸਾਹਿਬਾਨ ਵਿਖੇ ਠੰਢੇ-ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਗਈਆਂ। ਸ਼ਹਿਰ ਵਿਚ ਵੀ ਵੱਖ-ਵੱਖ ਥਾਵਾਂ 'ਤੇ ਛਬੀਲਾਂ ਲਾਈਆਂ ਗਈਆਂ ਹਨ।

# ਅੱਠ ਵਜ਼ੀਰਾਂ ਦੇ ਹਲਕਿਆਂ 'ਚ 'ਆਪ' ਨੂੰ ਮੁਕਾਬਲਤਨ ਘੱਟ ਵੋਟਾਂ ਮਿਲੀਆਂ




**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੂੰ ਅੱਠ ਕੈਬਨਿਟ ਵਜ਼ੀਰਾਂ ਦੇ ਅਸੈਂਬਲੀ ਹਲਕਿਆਂ ਵਿਚ ਹਾਰ ਦਾ ਮੂੰਹ ਦੇਖਣਾ ਪਿਆ ਹੈ। 'ਆਪ' ਨੇ ਤਿੰਨ ਸੰਸਦੀ ਸੀਟਾਂ 'ਤੇ ਜਿੱਤ ਦਰਜ ਕੀਤੀ ਹੈ। ਅਸੈਂਬਲੀ ਹਲਕਾ ਵਾਈਜ਼ ਨਤੀਜੇ ਦੇਖੀਏ ਤਾਂ 'ਆਪ' ਨੂੰ 32 ਅਸੈਂਬਲੀ ਹਲਕਿਆਂ ਵਿਚ ਲੀਡ ਮਿਲੀ ਹੈ ਜਦੋਂ ਕਿ 54 ਸੀਟਾਂ 'ਤੇ 'ਆਪ' ਦੂਜੇ ਨੰਬਰ 'ਤੇ ਆਈ ਹੈ। ਪੰਜਾਬ ਚੋਣਾਂ 2022 ਵਿਚ 'ਆਪ' ਨੇ 92 ਸੀਟਾਂ ਹਾਸਲ ਕਰਕੇ ਵੱਡੀ ਜਿੱਤ ਦਰਜ ਕੀਤੀ ਸੀ। 'ਆਪ' ਨੂੰ ਲੋਕ ਸਭਾ ਚੋਣਾਂ ਵਿਚ 26.02 ਫ਼ੀਸਦੀ ਜਦੋਂ ਕਿ ਕਾਂਗਰਸ ਦੀ ਝੋਲੀ 26.30 ਫ਼ੀਸਦੀ ਵੋਟ ਪਏ ਹਨ।

ਕਾਂਗਰਸ ਨੂੰ 38 ਅਸੈਂਬਲੀ ਹਲਕਿਆਂ ਵਿਚ ਲੀਡ ਮਿਲੀ ਹੈ ਜਦੋਂ ਕਿ 40 ਸੀਟਾਂ ਉੱਤੇ ਦੂਜੇ ਨੰਬਰ 'ਤੇ ਰਹੀ ਹੈ। ਮਾੜੀ ਹਾਲਤ ਅਕਾਲੀ ਦਲ ਦੀ ਹੋਈ ਹੈ। ਇਨ੍ਹਾਂ ਚੋਣਾਂ ਵਿਚ ਅਕਾਲੀ ਦਲ ਦੀ ਵੋਟ ਫ਼ੀਸਦ 13.42 ਫ਼ੀਸਦ 'ਤੇ ਆ ਗਈ ਹੈ। ਅਕਾਲੀ ਦਲ ਨੂੰ ਸਿਰਫ਼ 9 ਅਸੈਂਬਲੀ ਹਲਕਿਆਂ ਵਿਚ ਲੀਡ ਮਿਲੀ ਹੈ ਜਦੋਂਕਿ ਛੇ ਹਲਕਿਆਂ ਵਿਚ ਅਕਾਲੀ ਦਲ ਦੂਜੇ ਨੰਬਰ 'ਤੇ ਹੈ। ਅਕਾਲੀ ਦਲ ਨੂੰ ਬਠਿੰਡਾ ਦਿਹਾਤੀ, ਲੰਬੀ, ਭੁੱਚੋ, ਤਲਵੰਡੀ ਸਾਬੋ, ਬੁਢਲਾਡਾ ਵਿਚ ਲੀਡ ਪ੍ਰਾਪਤ ਹੋਈ ਹੈ। ਅਕਾਲੀ ਦਲ ਨੂੰ ਮਜੀਠਾ ਤੋਂ ਇਲਾਵਾ ਫ਼ਿਰੋਜ਼ਪੁਰ ਦਿਹਾਤੀ, ਗੁਰੂਹਰਸਹਾਏ ਅਤੇ ਮਲੋਟ 'ਚੋਂ ਵੀ ਲੀਡ ਮਿਲੀ ਹੈ। ਮੌਜੂਦਾ ਸਮੇਂ ਭਾਜਪਾ ਦੇ ਦੋ ਵਿਧਾਇਕ ਹਨ। ਇਨ੍ਹਾਂ ਚੋਣਾਂ ਵਿਚ ਭਾਜਪਾ ਨੂੰ 23 ਹਲਕਿਆਂ ਵਿਚ ਲੀਡ ਮਿਲੀ ਹੈ ਜਦੋਂ ਕਿ 9 ਸੀਟਾਂ 'ਤੇ ਭਾਜਪਾ ਦਾ ਦੂਜਾ ਨੰਬਰ ਹੈ। ਭਾਜਪਾ ਨੂੰ ਸ਼ਹਿਰੀ ਹਲਕਿਆਂ ਵਿਚ ਲੀਡ ਪ੍ਰਾਪਤ ਹੋਈ ਹੈ ਅਤੇ ਐਤਕੀਂ ਭਾਜਪਾ ਨੇ ਬਠਿੰਡਾ, ਡੇਰਾਬੱਸੀ, ਪਟਿਆਲਾ ਅਤੇ ਰਾਜਪੁਰਾ ਵਿਚ ਵੀ ਲੀਡ ਲਈ ਹੈ। ਭਾਜਪਾ ਪ੍ਰਧਾਨ ਸੁਨੀਲ ਜਾਖੜ ਦੇ ਹਲਕਾ ਅਬੋਹਰ, ਬੱਲੂਆਣਾ ਅਤੇ ਫ਼ਿਰੋਜ਼ਪੁਰ ਸ਼ਹਿਰ ਵਿਚ ਵੀ ਪਾਰਟੀ ਨੂੰ ਲੀਡ ਪ੍ਰਾਪਤ ਹੋਈ ਹੈ। ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਹਲਕਾ ਗਿੱਦੜਬਾਹਾ ਵਿਚ ਕਾਂਗਰਸ ਪਾਰਟੀ ਤੀਜੇ ਸਥਾਨ 'ਤੇ ਆਈ ਹੈ। ਆਜ਼ਾਦ ਉਮੀਦਵਾਰ ਸਰਬਜੀਤ ਸਿੰਘ ਖ਼ਾਲਸਾ ਨੂੰ ਗਿੱਦੜਬਾਹਾ ਤੋਂ ਲੀਡ ਪ੍ਰਾਪਤ ਹੋਈ ਹੈ ਅਤੇ ਸਮੁੱਚੇ ਹਲਕੇ ਵਿਚ ਸੱਤ ਹਲਕਿਆਂ ਤੋਂ ਖ਼ਾਲਸਾ ਨੇ ਲੀਡ ਪ੍ਰਾਪਤ ਕੀਤੀ ਹੈ। ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਅੰਮ੍ਰਿਤਪਾਲ ਸਿੰਘ ਪੰਜਾਬ ਵਿਚੋਂ ਸਭ ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਚੋਣ ਜਿੱਤੇ ਹਨ ਅਤੇ ਉਨ੍ਹਾਂ ਦੀ 9 ਹਲਕਿਆਂ 'ਚੋਂ 8 'ਚ ਲੀਡ ਰਹੀ ਹੈ ਜਦੋਂਕਿ ਕਪੂਰਥਲਾ ਤੋਂ ਕਾਂਗਰਸ ਨੇ ਲੀਡ ਲਈ। 'ਆਪ' ਨੂੰ ਮਾਲਵਾ ਦੇ 26 ਹਲਕਿਆਂ ਵਿਚ ਲੀਡ ਹਾਸਲ ਹੋਈ ਹੈ। ਮੁੱਖ ਮੰਤਰੀ ਭਗਵੰਤ ਮਾਨ ਆਪਣਾ ਸੰਗਰੂਰ ਵਿਚਲਾ ਕਿਲਾ ਬਚਾਉਣ ਵਿਚ ਕਾਮਯਾਬ ਰਹੇ ਹਨ। ਗੁਰਮੀਤ ਸਿੰਘ ਮੀਤ ਹੇਅਰ ਨੂੰ 8 ਅਸੈਂਬਲੀ ਹਲਕਿਆਂ ਵਿਚ ਲੀਡ ਮਿਲੀ ਜਦੋਂਕਿ ਕਾਂਗਰਸ ਨੂੰ ਇਕੱਲੇ ਮਲੇਰਕੋਟਲਾ ਤੋਂ ਲੀਡ ਮਿਲੀ ਹੈ। ਮੁੱਖ ਮੰਤਰੀ ਦੀ ਸੀਟ ਧੂਰੀ ਤੋਂ 'ਆਪ' ਨੂੰ 32,282 ਵੋਟਾਂ ਦੀ ਲੀਡ ਮਿਲੀ ਹੈ। ਕੈਬਨਿਟ ਵਜ਼ੀਰਾਂ ਦੇ ਹਲਕਿਆਂ ਦਾ ਮੁਲਾਂਕਣ ਕਰੀਏ ਤਾਂ ਕੈਬਨਿਟ ਮੰਤਰੀ ਬਲਜੀਤ ਕੌਰ ਦੇ ਹਲਕਾ ਮਲੋਟ ਤੋਂ 'ਆਪ' ਨੂੰ ਦੂਜਾ ਸਥਾਨ ਮਿਲਿਆ ਹੈ ਅਤੇ ਲੰਬੀ ਤੋਂ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੂਜੇ ਨੰਬਰ 'ਤੇ ਚਲੇ ਗਏ ਹਨ। ਊਰਜਾ ਮੰਤਰੀ ਹਰਭਜਨ ਸਿੰਘ ਦੇ ਹਲਕੇ ਜੰਡਿਆਲਾ ਤੋਂ 'ਆਪ' ਪਛੜੀ ਹੈ। ਪੰਚਾਇਤ ਮੰਤਰੀ ਲਾਲਜੀਤ ਸਿੰਘ ਭੁੱਲਰ ਆਪਣੇ ਹਲਕੇ ਪੱਟੀ ਤੋਂ ਦੂਜੇ ਨੰਬਰ 'ਤੇ ਹਨ।

ਹਲਕਾ ਭੋਆ 'ਚ 'ਆਪ' ਤੀਜੇ ਨੰਬਰ 'ਤੇ ਰਹੀ। ਮਾਲ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਦੇ ਹਲਕਾ ਹੁਸ਼ਿਆਰਪੁਰ ਹੈ ਜਿੱਥੋਂ 'ਆਪ' ਪਛੜੀ ਹੈ ਅਤੇ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਦੇ ਹਲਕਾ ਖਰੜ ਤੋਂ ਵੀ 'ਆਪ' ਨੂੰ ਦੂਜਾ ਸਥਾਨ ਪ੍ਰਾਪਤ ਹੋਇਆ ਹੈ। 'ਆਪ' ਨੂੰ ਸੰਸਦੀ ਹਲਕਾ ਸੰਗਰੂਰ ਵਿਚ 9 'ਚੋਂ ਅੱਠ, ਆਨੰਦਪੁਰ ਸਾਹਿਬ ਵਿਚ ਪੰਜ ਹਲਕਿਆਂ, ਹੁਸ਼ਿਆਰਪੁਰ ਦੇ ਚਾਰ ਹਲਕਿਆਂ, ਪਟਿਆਲਾ ਦੇ ਚਾਰ ਹਲਕਿਆਂ ਤੇ ਬਠਿੰਡਾ ਸੰਸਦੀ ਸੀਟ ਦੇ ਤਿੰਨ ਹਲਕਿਆਂ ਮਾਨਸਾ, ਸਰਦੂਲਗੜ੍ਹ ਅਤੇ ਮੌੜ 'ਚੋਂ ਲੀਡ ਮਿਲੀ ਹੈ।

# 'ਆਪ' ਵੱਲੋਂ ਨਾਰਾਜ਼ਗੀ ਦੂਰ ਕਰਨ ਲਈ ਕੋਸ਼ਿਸ਼ਾਂ ਤੇਜ਼

**ਚੰਡੀਗੜ੍ਹ:** 'ਆਪ' ਸਰਕਾਰ ਨੇ ਸਰਕਾਰੀ ਦਫ਼ਤਰਾਂ 'ਚ ਲੋਕਾਂ ਦੀ ਖੱਜਲ-ਖੁਆਰੀ ਘਟਾਉਣ ਲਈ ਖਾਕਾ ਤਿਆਰ ਕਰਨਾ ਸ਼ੁਰੂ ਕੀਤਾ ਹੈ ਕਿਉਂਕਿ ਲੋਕ ਸਭਾ ਚੋਣਾਂ 'ਚ ਹੋਈ ਹਾਰ ਦੇ ਮੰਥਨ ਦੌਰਾਨ ਇਹ ਮੁੱਦਾ ਉਭਰ ਕੇ ਸਾਹਮਣੇ ਆਇਆ ਹੈ। ਇਸੇ ਤਰ੍ਹਾਂ ਵਿਧਾਇਕਾਂ ਅਤੇ ਅਫ਼ਸਰਾਂ ਦਰਮਿਆਨ ਬਣੀ ਦੂਰੀ ਘਟਾਉਣ ਲਈ ਨਵੇਂ ਕਦਮ ਚੁੱਕੇ ਜਾਣਗੇ।

ਵਿਧਾਇਕਾਂ ਦੀ ਸ਼ਿਕਾਇਤ ਹੈ ਕਿ ਅਫ਼ਸਰ ਚੁਣੇ ਹੋਈ ਪ੍ਰਤੀਨਿਧ ਦੀ ਕਹੀ ਗੱਲ 'ਤੇ ਗ਼ੌਰ ਨਹੀਂ ਕਰਦੇ। ਪਤਾ ਲੱਗਿਆ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਹਰ ਹਫ਼ਤੇ ਸੂਬੇ ਦੇ ਦੌਰੇ ਕਰ ਕੇ ਲੋਕਾਂ ਦੀਆਂ ਮੁਸ਼ਕਲਾਂ ਜਾਣਨ ਲਈ ਸਿੱਧੀ ਗੱਲਬਾਤ ਕਰਿਆ ਕਰਨਗੇ। 'ਆਪ' ਸਰਕਾਰ ਵੱਲੋਂ ਨੌਕਰਸ਼ਾਹੀ ਨਾਲ ਨਜਿੱਠਣ ਲਈ ਵਿਉਂਤਬੰਦੀ ਤਿਆਰ ਕੀਤੀ ਜਾਣ ਲੱਗੀ ਹੈ। ਭਵਿੱਖ 'ਚ ਪੰਜ ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਹਨ ਜਿਨ੍ਹਾਂ ਦੀ ਤਿਆਰੀ ਵੀ ਸਰਕਾਰ ਨੇ ਵਿੱਢੀ ਹੋਈ ਜਾਪਦੀ ਹੈ। ਜ਼ਿਕਰਯੋਗ ਹੈ ਕਿ ਲੋਕ ਸਭਾ ਚੋਣਾਂ ਵਿਚ 'ਆਪ' ਸਿਰਫ਼ ਤਿੰਨ ਸੀਟਾਂ 'ਤੇ ਸਿਮਟ ਗਈ ਹੈ। 'ਆਪ' ਸਰਕਾਰ ਹੁਣ ਲੋਕਾਂ ਦੀ ਨਰਾਜ਼ਗੀ ਦੂਰ ਕਰਨ ਲਈ ਵਾਹ ਲਾਏਗੀ।



ਮੁੱਢਲੇ ਪੜਾਅ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੁੱਖ ਸਕੱਤਰ ਅਨੁਰਾਗ ਵਰਮਾ ਅਤੇ ਡੀ.ਜੀ.ਪੀ. ਗੌਰਵ ਯਾਦਵ ਨਾਲ ਵੱਖੋ-ਵੱਖਰੀ ਮੀਟਿੰਗ ਕੀਤੀ ਜਿਸ ਦੌਰਾਨ ਨਵੇਂ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਚਰਚਾ ਕੀਤੀ ਗਈ। ਮੁੱਖ ਮੰਤਰੀ ਨੇ ਆਉਂਦੇ ਦਿਨਾਂ ਵਿਚ ਡਿਪਟੀ ਕਮਿਸ਼ਨਰਾਂ ਨਾਲ ਮੀਟਿੰਗ ਤੈਅ ਕੀਤੀ ਹੈ।

ਇਸ ਮੁਹਿੰਮ ਤਹਿਤ ਪ੍ਰਸ਼ਾਸਨ ਵਿਚ ਵੱਡੀ ਪੱਧਰ 'ਤੇ ਰੱਦੋਬਦਲ ਵੀ ਕੀਤੇ ਜਾਣ ਦੀ ਸੰਭਾਵਨਾ ਹੈ। ਮੁੱਖ ਮੰਤਰੀ ਚੋਣਾਂ ਵਿਚ ਹਾਰ ਦੇ ਮੰਥਨ ਲਈ ਹਲਕਾ ਵਾਈਜ਼ ਮੀਟਿੰਗਾਂ ਕਰ ਰਹੇ ਹਨ। ਇਨ੍ਹਾਂ ਮੀਟਿੰਗਾਂ ਵਿੱਚ ਵਿਧਾਇਕਾਂ ਨੇ ਅਫ਼ਸਰਸ਼ਾਹੀ ਖ਼ਿਲਾਫ਼ ਸ਼ਿਕਾਇਤਾਂ ਕੀਤੀਆਂ ਹਨ। ਡੀ.ਜੀ.ਪੀ. ਨੇ ਕਿਹਾ ਕਿ ਚੰਡੀਗੜ੍ਹ ਸਥਿਤ ਪੰਜਾਬ ਪੁਲਿਸ ਹੈੱਡਕੁਆਰਟਰ ਵਿਚ, ਸਪੈਸ਼ਲ ਡੀ.ਜੀ.ਪੀ., ਐਡੀਸ਼ਨਲ ਡੀ.ਜੀ.ਪੀ. ਰੈਂਕ ਦੇ ਸੀਨੀਅਰ ਅਧਿਕਾਰੀਆਂ ਨੂੰ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਉਪਲਬਧ ਰਹਿਣ ਦੇ ਦਿਨ ਨਿਰਧਾਰਤ ਕੀਤੇ ਗਏ ਹਨ।

# ਸਾਂਝਾ ਕਿਸਾਨ ਮੋਰਚਾ ਨੇ ਆਪਣਾ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ

**ਲੁਧਿਆਣਾ:** ਸਾਂਝਾ ਕਿਸਾਨ ਮੋਰਚਾ ਪੰਜਾਬ ਨੇ ਐਲਾਨ ਕੀਤਾ ਹੈ ਕਿ ਜਥੇਬੰਦੀ ਭਵਿੱਖ ਵਿਚ ਦੇਸ਼ ਤੇ ਪੰਜਾਬ 'ਚ ਕਾਰਪੋਰੇਟਾਂ ਵਿਰੁੱਧ ਸੰਘਰਸ਼ ਨੂੰ ਜਥੇਬੰਦ ਕਰਨ ਅਤੇ ਖੇਤੀ ਨੂੰ ਬਚਾਉਣ ਲਈ ਸੰਘਰਸ਼ ਜਾਰੀ ਰੱਖੇਗਾ। ਸਾਂਝਾ ਕਿਸਾਨ ਮੋਰਚਾ ਪੰਜਾਬ ਦੀਆਂ 32 ਜਥੇਬੰਦੀਆਂ ਦੇ ਆਗੂਆਂ ਦੀ ਮੀਟਿੰਗ ਬਲਦੇਵ ਸਿੰਘ ਨਿਹਾਲਗੜ੍ਹ, ਪ੍ਰੇਮ ਸਿੰਘ ਭੰਗੂ ਅਤੇ ਬੂਟਾ ਸਿੰਘ ਸ਼ਾਦੀਪੁਰ ਦੀ ਪ੍ਰਧਾਨਗੀ ਹੇਠ ਹੋਈ।

ਇਸ ਮੌਕੇ ਇਸ ਗੱਲ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ ਕਿ ਕਿਸਾਨ ਮੋਰਚੇ ਦੇ ਪ੍ਰੋਗਰਾਮ ਅਨੁਸਾਰ ਭਾਜਪਾ ਉਮੀਦਵਾਰਾਂ ਦੇ ਵਿਰੋਧ ਕਾਰਨ ਪਾਰਟੀ ਪੰਜਾਬ ਵਿਚੋਂ ਇਕ ਵੀ ਸੀਟ ਨਹੀਂ ਜਿੱਤ ਸਕੀ ਅਤੇ ਉੱਤਰੀ ਰਾਜਾਂ ਵਿਚ 39 ਸੀਟਾਂ ਗੁਆ ਬੈਠੀ। ਉਨ੍ਹਾਂ ਕਿਹਾ ਕਿ ਲੋਕਾਂ ਨੇ ਭਾਜਪਾ ਦੇ ਹਿੰਦੂਤਵੀ ਏਜੰਡੇ ਨੂੰ ਨਕਾਰ ਦਿੱਤਾ ਹੈ। ਮੀਟਿੰਗ ਦੌਰਾਨ 22 ਜੂਨ ਨੂੰ ਕਿਸਾਨ ਭਵਨ ਚੰਡੀਗੜ੍ਹ ਵਿਚ ਦਰਿਆਈ ਪਾਣੀਆਂ ਦੇ ਵਿਵਾਦਾਂ ਤੇ ਇਨ੍ਹਾਂ ਦੀ ਗਲਤ ਵੰਡ ਬਾਰੇ ਇਕ ਰੋਜ਼ਾ ਸੈਮੀਨਾਰ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ। ਇਕ ਹੋਰ ਮਤੇ ਰਾਹੀਂ ਮਾਲ ਵਿਭਾਗ ਦੇ ਪਟਵਾਰੀਆਂ ਨੂੰ ਰਿਕਾਰਡ ਵਿਚ ਫਰਜ਼ੀ ਐਂਟਰੀਆਂ ਕਰਨ ਲਈ ਮਜਬੂਰ ਕਰਨ ਵਾਸਤੇ ਪੰਜਾਬ ਸਰਕਾਰ ਦੀ ਨਿਖੇਧੀ ਕੀਤੀ ਗਈ ਕਿਉਂਕਿ ਪੰਜਾਬ ਦੀ ਸਾਰੀ ਜ਼ਮੀਨ ਨਹਿਰੀ ਸਿੰਜਾਈ ਵਾਲੀ ਹੈ। ਇਸ ਤੋਂ ਇਲਾਵਾ ਇਹ ਮੰਗ ਵੀ ਕੀਤੀ ਗਈ ਕਿ ਪਾਣੀ ਭੱਤੇ ਦੀ ਸਮੀਖਿਆ ਕੀਤੀ ਜਾਵੇ ਜੋ ਬਰਤਾਨਵੀ ਰਾਜ ਤੋਂ ਜਾਰੀ ਹੈ। ਮੀਟਿੰਗ ਦੌਰਾਨ ਕੰਗਨਾ ਰਣੌਤ ਨੂੰ ਥੱਪੜ ਮਾਰਨ ਵਾਲੀ ਸੀ.ਆਈ.ਐਸ.ਐਫ. ਕਾਂਸਟੇਬਲ ਕੁਲਵਿੰਦਰ ਕੌਰ ਦਾ ਪੁਰਜ਼ੋਰ ਸਮਰਥਨ ਕਰ ਕੇ ਦ੍ਰਿੜ੍ਹਤਾ ਨਾਲ ਉਸ ਨਾਲ ਡਟਣ ਦਾ ਫ਼ੈਸਲਾ ਕਰਦਿਆਂ ਮੰਗ ਕੀਤੀ ਗਈ ਕਿ ਉਸ ਵਿਰੁੱਧ ਦਰਜ ਕੇਸ ਰੱਦ ਕੀਤਾ ਜਾਵੇ ਤੇ ਮੁਲਾਜ਼ਮ ਦੀ ਮੁਅੱਤਲੀ ਨੂੰ ਰੱਦ ਕਰ ਕੇ ਕੰਗਨਾ ਰਣੌਤ ਵਿਰੁੱਧ ਪੰਜਾਬੀਆਂ ਨੂੰ ਵੱਖਵਾਦੀ ਅਤੇ ਖਾਲਿਸਤਾਨੀ ਦਾ ਦਰਜਾ ਦੇਣ ਵਾਲੇ ਬਿਆਨਾਂ ਲਈ ਅਪਰਾਧਿਕ ਕੇਸ ਦਰਜ ਕੀਤਾ ਜਾਵੇ।



# ਪੰਜਾਬ ਵਿਚ ਹੁਣ ਨਰਮੇ ਦੀ ਕਾਸ਼ਤ ਹੇਠਲਾ ਰਕਬਾ ਘਟਣ ਲੱਗਾ

**ਚੰਡੀਗੜ੍ਹ:** ਪੰਜਾਬ ਵਿਚ ਨਰਮੇ ਦੀ ਫਸਲ ਹੇਠਲਾ ਰਕਬਾ ਘਟਣ ਲੱਗਿਆ ਹੈ। ਉਂਜ, ਸਮੁੱਚੇ ਉੱਤਰੀ ਭਾਰਤ 'ਚ ਨਰਮੇ ਦੀ ਫਸਲ ਸੰਕਟ ਵਿਚ ਹੈ। ਐਤਕੀਂ ਪੰਜਾਬ ਵਿਚ ਨਰਮੇ ਹੇਠ ਰਕਬਾ ਘਟ ਕੇ ਕਰੀਬ 96 ਹਜ਼ਾਰ ਹੈਕਟੇਅਰ ਰਹਿ ਗਿਆ ਹੈ। ਹਰਿਆਣਾ ਅਤੇ ਰਾਜਸਥਾਨ ਵਿਚ ਵੀ ਨਰਮੇ ਦੀ ਫਸਲ ਦਾ ਰਕਬਾ ਅੱਧਾ ਰਹਿ ਗਿਆ ਹੈ।



ਬੀਜ ਕੰਪਨੀਆਂ ਦੇ ਬੀਜ ਦੀ ਵਿਕਰੀ ਇਕਦਮ ਡਿੱਗ ਪਈ ਹੈ। ਜਦੋਂ ਨਰਮੇ ਦੀ ਬਿਜਾਂਦ ਦਾ ਕੰਮ ਚੱਲ ਰਿਹਾ ਸੀ ਤਾਂ ਉਸ ਸਮੇਂ ਲੋਕ ਸਭਾ ਚੋਣਾਂ ਦਾ ਪ੍ਰਚਾਰ ਚੱਲ ਰਿਹਾ ਸੀ। ਆਮ ਆਦਮੀ ਪਾਰਟੀ ਵੀ ਚੋਣਾਂ ਵਿੱਚ ਉਲਝੀ ਹੋਈ ਸੀ। ਪੰਜਾਬ ਵਿਚ ਕਦੇ ਚਿੱਟੀ ਮੱਖੀ ਤੇ ਕਦੇ ਗੁਲਾਬੀ ਸੁੰਡੀ ਨੇ ਨਰਮੇ ਦੀ ਫਸਲ ਨੂੰ ਪ੍ਰਭਾਵਿਤ ਕੀਤਾ ਹੈ। ਸਾਲ 2015 ਵਿਚ ਪੰਜਾਬ 'ਚ ਨਰਮੇ ਹੇਠ 3.25 ਲੱਖ ਹੈਕਟੇਅਰ ਨਰਮਾ ਸੀ ਅਤੇ ਉਸ ਸਾਲ ਚਿੱਟੀ ਮੱਖੀ ਨੇ ਪੂਰੀ ਫਸਲ ਤਬਾਹ ਕਰ ਦਿੱਤੀ। ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿਚ ਕਰੀਬ 25 ਤੋਂ 50 ਫੀਸਦੀ ਰਕਬਾ ਹੇਠਾਂ ਆ ਗਿਆ ਹੈ। ਰਾਜਸਥਾਨ ਵਿਚ ਨਰਮੇ ਦੀ ਚੁਗਾਈ ਲਈ ਲੇਬਰ ਦਾ ਸੰਕਟ ਹੈ। ਪੰਜਾਬ ਵਿਚ ਇਸ ਵਾਰ ਫਸਲ ਦਾ ਭਾਅ ਨਾ ਮਿਲਿਆ ਤਾਂ ਅਗਲੇ ਵਰ੍ਹੇ ਨਰਮਾ ਪੰਜਾਬ ਨੂੰ 'ਅਲਵਿਦਾ' ਆਖ ਸਕਦਾ ਹੈ।

ਪੰਜਾਬ 'ਚ ਜ਼ਮੀਨੀ ਪਾਣੀ ਦਾ ਵੱਡਾ ਸੰਕਟ ਹੈ ਤੇ ਨਰਮੇ ਹੇਠਲੇ ਘੱਟ ਰਹੇ ਰਕਬੇ ਨਾਲ ਫਸਲੀ ਵਿਭਿੰਨਤਾ ਦੇ ਰਾਹ ਵੀ ਔਖੇ ਹੋ ਜਾਣੇ ਹਨ। 1990-91 ਵਿਚ ਰਿਕਾਰਡ ਰਕਬਾ 7.01 ਲੱਖ ਹੈਕਟੇਅਰ ਨਰਮੇ ਦੇ ਹੇਠ ਸੀ ਜਦੋਂਕਿ ਰਿਕਾਰਡ ਪੈਦਾਵਾਰ 2006-07 ਵਿਚ 27 ਲੱਖ ਗੱਠਾਂ ਦੀ ਹੋਈ ਸੀ। 2009-10 ਵਿਚ ਬੀਟੀ ਫਸਲ ਦੀ ਚੜ੍ਹਤ ਸੀ ਤੇ ਉਸ ਮਗਰੋਂ ਨਰਮੇ ਹੇਠਲਾ ਰਕਬਾ ਲਗਾਤਾਰ ਘਟਦਾ ਆ ਰਿਹਾ ਹੈ। ਕਿਤੇ ਫਸਲੀ ਭਾਅ ਨਾ ਮਿਲਣ ਕਰਕੇ ਕਦੇ ਚਿੱਟੀ ਮੱਖੀ ਜਾਂ ਗੁਲਾਬੀ ਸੁੰਡੀ ਦੇ ਹਮਲੇ ਕਰਕੇ ਕਿਸਾਨ ਪ੍ਰੇਸ਼ਾਨ ਹੀ ਰਿਹਾ ਹੈ। ਲੰਘੇ ਸੀਜ਼ਨ ਵਿਚ ਨਰਮੇ ਦਾ ਸਰਕਾਰੀ ਭਾਅ 6620 ਰੁਪਏ ਮੀਡੀਅਮ ਰੇਸ਼ੇ ਵਾਲੀ ਫਸਲ ਦਾ ਰਿਹਾ ਹੈ। ਨਰਮੇ ਦੀ ਚੁਗਾਈ ਮਹਿੰਗੀ ਹੋ ਗਈ ਹੈ ਅਤੇ ਫਸਲ ਪਾਲਣ ਲਈ ਲਾਗਤ ਖਰਚੇ ਵਧ ਗਏ ਹਨ ਜਿਸ ਕਰਕੇ ਕਿਸਾਨਾਂ ਦਾ ਫਸਲ ਨਾਲੋਂ ਮੋਹ ਭੰਗ ਹੋਣ ਲੱਗਿਆ ਹੈ। ਕੋਈ ਸਮਾਂ ਸੀ ਜਦੋਂ ਪੰਜਾਬ ਵਿਚ ਬੀਟੀ ਬੀਜ ਦੇ 30 ਲੱਖ ਪੈਕੇਟਾਂ ਦੀ ਵਿਕਰੀ ਸੀ ਅਤੇ ਅੱਜ ਸਿਰਫ ਛੇ ਲੱਖ ਪੈਕੇਟਾਂ ਦੀ ਰਹਿ ਗਈ ਹੈ। ਪੰਜਾਬ ਵਿਚ ਪਿਛਲੇ ਵਰ੍ਹੇ 1.69 ਲੱਖ ਹੈਕਟੇਅਰ ਰਕਬਾ ਨਰਮੇ ਹੇਠ ਸੀ ਅਤੇ 2022 ਵਿਚ 2.48 ਲੱਖ ਹੈਕਟੇਅਰ ਰਕਬੇ ਵਿਚ ਨਰਮੇ ਦੀ ਬਿਜਾਂਦ ਸੀ।


## ਕੇਂਦਰ ਕਿਸਾਨਾਂ ਨਾਲ ਕੀਤੇ ਵਾਅਦੇ ਪੂਰੇ ਕਰੇ: ਹਰਸਿਮਰਤ

**ਬਠਿੰਡਾ:** ਬਠਿੰਡਾ ਤੋਂ ਚੌਥੀ ਵਾਰ ਲੋਕ ਸਭਾ ਮੈਂਬਰ ਬਣੀ ਸ਼੍ਰੋਮਣੀ ਅਕਾਲੀ ਦਲ ਦੀ ਹਰਸਿਮਰਤ ਕੌਰ ਬਾਦਲ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਪੋਸਟ ਸ਼ੇਅਰ ਕੀਤੀ ਹੈ, ਜਿਸ ਵਿਚ ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਉਹ ਕਿਸਾਨਾਂ ਦੀਆਂ ਸ਼ਿਕਾਇਤਾਂ ਨੂੰ ਦੂਰ ਕਰਨ ਤੇ ਉਨ੍ਹਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਠੋਸ ਕਦਮ ਚੁੱਕੇ। ਇਸ ਦੇ ਨਾਲ ਉਨ੍ਹਾਂ ਕਿਹਾ ਕਿ ਪੰਜਾਬੀਆਂ ਉਪਰ ਅਤਿਵਾਦੀ ਜਾਂ ਫ਼ਿਰਕੂਵਾਦੀ ਹੋਣ ਦੇ ਇਲਜ਼ਾਮ ਲਗਾਉਣ ਦੀ ਕਿਸੇ ਨੂੰ ਵੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ।

# ਲੋਕ ਸਭਾ ਚੋਣ: 88 ਫ਼ੀਸਦੀ ਉਮੀਦਵਾਰ ਜ਼ਮਾਨਤ ਰਾਸ਼ੀ ਵੀ ਨਾ ਬਚਾ ਸਕੇ

**ਚੰਡੀਗੜ੍ਹ:** ਲੋਕ ਸਭਾ ਚੋਣਾਂ 'ਚ 88 ਫ਼ੀਸਦੀ ਉਮੀਦਵਾਰ ਆਪਣੀ ਜ਼ਮਾਨਤ ਰਾਸ਼ੀ ਵੀ ਨਹੀਂ ਬਚਾ ਸਕੇ ਹਨ। ਹੈਰਾਨੀ ਵਾਲੀ ਗੱਲ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ 10 ਉਮੀਦਵਾਰਾਂ ਨੂੰ ਪਹਿਲੀ ਵਾਰ ਇਸ ਸੰਕਟ ਵਿਚੋਂ ਗੁਜ਼ਰਨਾ ਪਿਆ ਹੈ। ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਚੋਣਾਂ ਵਿਚ ਪ੍ਰਮੁੱਖ ਧਿਰ ਰਹੀ ਹੈ ਅਤੇ ਕਦੇ ਵੀ ਪਾਰਟੀ ਦੇ ਦੋ ਤਿਹਾਈ ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਨਹੀਂ ਹੋਈ ਸੀ। ਆਮ ਆਦਮੀ ਪਾਰਟੀ ਦੇ ਕਿਸੇ ਉਮੀਦਵਾਰ ਦੀ ਜ਼ਮਾਨਤ ਜ਼ਬਤ ਨਹੀਂ ਹੋਈ।

ਅਕਾਲੀ ਦਲ ਨੇ ਬਠਿੰਡਾ ਸੰਸਦੀ ਹਲਕੇ ਤੋਂ ਜਿੱਤ ਹਾਸਲ ਕੀਤੀ ਹੈ ਜਦੋਂ ਕਿ ਫ਼ਿਰੋਜ਼ਪੁਰ ਤੋਂ ਅਕਾਲੀ ਉਮੀਦਵਾਰ ਨਰਦੇਵ ਸਿੰਘ ਨੋਨੀ ਮਾਨ ਅਤੇ ਅੰਮ੍ਰਿਤਸਰ ਤੋਂ ਉਮੀਦਵਾਰ ਅਨਿਲ ਜੋਸ਼ੀ ਆਪਣੀ ਜ਼ਮਾਨਤ ਰਾਸ਼ੀ ਬਚਾ ਸਕੇ ਹਨ।



ਅਕਾਲੀ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ, ਵਿਰਸਾ ਸਿੰਘ ਵਲਟੋਹਾ, ਮਹਿੰਦਰ ਸਿੰਘ ਕੇਪੀ, ਸੋਹਣ ਸਿੰਘ ਠੰਡਲ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਰਣਜੀਤ ਸਿੰਘ ਢਿੱਲੋਂ, ਬਿਕਰਮਜੀਤ ਸਿੰਘ ਖ਼ਾਲਸਾ, ਰਾਜਵਿੰਦਰ ਸਿੰਘ ਧਰਮਕੋਟ, ਇਕਬਾਲ ਸਿੰਘ ਝੂੰਦਾਂ ਤੇ ਐੱਨਕੇ ਸ਼ਰਮਾ ਦੀ ਜ਼ਮਾਨਤ ਜ਼ਬਤ ਹੋ ਗਈ ਹੈ। ਸਮੁੱਚੇ ਪੰਜਾਬ ਵਿਚ ਸਿਰਫ਼ 39 ਉਮੀਦਵਾਰਾਂ ਦੀ ਜ਼ਮਾਨਤ ਰਾਸ਼ੀ ਬਚੀ ਹੈ। ਪਿਛਲੀਆਂ ਲੋਕ ਸਭਾ ਚੋਣਾਂ 2019 ਵਿਚ 248 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋਈ ਸੀ ਜਦੋਂ ਕਿ ਐਤਕੀਂ 289 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਗਈ ਹੈ। ਚੋਣ ਮੈਦਾਨ ਵਿਚ 168 ਅਜ਼ਾਦ ਉਮੀਦਵਾਰ ਸਨ ਜਿਨ੍ਹਾਂ ਵਿਚੋਂ 166 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਗਈ ਹੈ। ਭਾਜਪਾ ਨੇ ਐਤਕੀਂ ਇਕੱਲੇ ਤੌਰ 'ਤੇ ਚੋਣ ਲੜੀ ਅਤੇ 13 ਉਮੀਦਵਾਰ ਖੜ੍ਹੇ ਕੀਤੇ ਸਨ। ਭਾਜਪਾ ਦੇ ਉਮੀਦਵਾਰ ਹੰਸ ਰਾਜ ਹੰਸ ਆਪਣੀ ਫ਼ਰੀਦਕੋਟ ਤੋਂ ਜ਼ਮਾਨਤ ਬਚਾ ਨਹੀਂ ਸਕੇ ਹਨ।

ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਦੀ ਸਾਬਕਾ ਆਈ.ਏ.ਐਸ. ਨੂੰਹ ਪਰਮਪਾਲ ਕੌਰ ਸਿੱਧੂ ਦੀ ਜ਼ਮਾਨਤ ਵੀ ਜ਼ਬਤ ਹੋ ਗਈ ਹੈ। ਭਾਜਪਾ ਦੇ ਸੰਗਰੂਰ ਤੋਂ ਉਮੀਦਵਾਰ ਅਰਵਿੰਦ ਖੰਨਾ, ਫ਼ਤਿਹਗੜ੍ਹ ਸਾਹਿਬ ਤੋਂ ਉਮੀਦਵਾਰ ਗੇਜਾ ਰਾਮ ਅਤੇ ਖਡੂਰ ਸਾਹਿਬ ਤੋਂ ਭਾਜਪਾ ਉਮੀਦਵਾਰ ਮਨਜੀਤ ਸਿੰਘ ਮੰਨਾ ਵੀ ਜ਼ਮਾਨਤ ਰਾਸ਼ੀ ਬਚਾ ਨਹੀਂ ਸਕੇ ਹਨ। ਅਕਾਲੀ ਦਲ (ਅੰਮ੍ਰਿਤਸਰ) ਦੇ 11 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋਈ ਹੈ ਅਤੇ ਇਕੱਲੇ ਸੰਗਰੂਰ ਤੋਂ ਸਿਮਰਨਜੀਤ ਸਿੰਘ ਮਾਨ ਜ਼ਮਾਨਤ ਬਚਾ ਸਕੇ ਹਨ। ਖਡੂਰ ਸਾਹਿਬ ਤੋਂ ਇਸ ਦਲ ਨੇ ਆਜ਼ਾਦ ਉਮੀਦਵਾਰ ਅੰਮ੍ਰਿਤਪਾਲ ਸਿੰਘ ਦੀ ਹਮਾਇਤ ਕੀਤੀ ਸੀ। ਬਠਿੰਡਾ ਤੋਂ ਲੱਖਾ ਸਿਧਾਣਾ ਦੀ ਵੀ ਜ਼ਮਾਨਤ ਜ਼ਬਤ ਹੋ ਗਈ ਹੈ। ਜ਼ਮਾਨਤ ਜ਼ਬਤ ਵਿਚ ਬਸਪਾ ਦੀ ਝੰਡੀ ਰਹੀ ਹੈ ਜਿਨ੍ਹਾਂ ਦੇ 11 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋਈ ਹੈ। ਬਸਪਾ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਜੋ ਆਨੰਦਪੁਰ ਸਾਹਿਬ ਤੋਂ ਚੋਣ ਲੜ ਰਹੇ ਸਨ, ਵੀ ਆਪਣੀ ਜ਼ਮਾਨਤ ਬਚਾ ਨਹੀਂ ਸਕੇ। ਪੰਜਾਬ ਵਿਚ ਸਭ ਤੋਂ ਵੱਧ ਲੁਧਿਆਣਾ ਹਲਕੇ ਤੋਂ 40 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋਈ ਹੈ ਜਦੋਂ ਕਿ ਸਭ ਤੋਂ ਘੱਟ ਫ਼ਤਿਹਗੜ੍ਹ ਸਾਹਿਬ ਤੋਂ 12 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋਈ ਹੈ।

# ਜ਼ਿਮਨੀ ਚੋਣਾਂ: ਸੱਤਾਧਾਰੀ ਧਿਰ 'ਆਪ' ਲਈ ਇਕ ਹੋਰ ਪ੍ਰੀਖਿਆ ਦੀ ਘੜੀ

**ਚੰਡੀਗੜ੍ਹ:** ਪੰਜਾਬ ਦੇ ਚਾਰ ਵਿਧਾਇਕਾਂ ਵੱਲੋਂ ਲੋਕ ਸਭਾ ਚੋਣਾਂ ਵਿਚ ਜਿੱਤ ਤੋਂ ਬਾਅਦ ਚਾਰ ਵਿਧਾਨ ਸਭਾ ਹਲਕੇ ਖਾਲੀ ਹੋ ਗਏ ਹਨ, ਜਦੋਂ ਕਿ ਇਕ ਵਿਧਾਨ ਸਭਾ ਹਲਕੇ ਦੇ ਵਿਧਾਇਕ ਵੱਲੋਂ ਅਸਤੀਫ਼ਾ ਦੇਣ ਤੋਂ ਬਾਅਦ ਕੁੱਲ ਪੰਜ ਵਿਧਾਨ ਸਭਾ ਸੀਟਾਂ ਖਾਲੀ ਹੋਈਆਂ ਹਨ ਜਿਨ੍ਹਾਂ 'ਤੇ ਜ਼ਿਮਨੀ ਚੋਣ ਹੋਣਾ ਤੈਅ ਹੈ। ਲੋਕ ਸਭਾ ਚੋਣਾਂ ਤੋਂ ਬਾਅਦ ਜ਼ਿਮਨੀ ਚੋਣਾਂ ਵਿਚ ਵੀ ਸੱਤਾਧਾਰੀ ਧਿਰ 'ਆਪ' ਲਈ ਪ੍ਰੀਖਿਆ ਦੀ ਘੜੀ ਹੈ। ਉਧਰ ਹੋਰਨਾਂ ਰਾਜਸੀ ਪਾਰਟੀਆਂ ਨੇ ਜ਼ਿਮਨੀ ਚੋਣਾਂ ਵਿਚ ਸੂਬਾ ਸਰਕਾਰ ਨੂੰ ਘੇਰਨ ਦੀਆਂ ਤਿਆਰੀਆਂ ਖਿੱਚ ਲਈਆਂ ਹਨ।




ਜਾਣਕਾਰੀ ਅਨੁਸਾਰ ਵਿਧਾਨ ਸਭਾ ਹਲਕਾ ਬਰਨਾਲਾ ਤੋਂ ਵਿਧਾਇਕ ਗੁਰਮੀਤ ਸਿੰਘ ਮੀਤ ਹੇਅਰ ਨੇ ਲੋਕ ਸਭਾ ਹਲਕਾ ਸੰਗਰੂਰ, ਚੱਬੇਵਾਲ ਦੇ ਵਿਧਾਇਕ ਡਾ. ਰਾਜ ਕੁਮਾਰ ਚੱਬੇਵਾਲ ਨੇ ਲੋਕ ਸਭਾ ਹਲਕਾ ਹੁਸ਼ਿਆਰਪੁਰ, ਗਿੱਦੜਬਾਹਾ ਦੇ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਲੋਕ ਸਭਾ ਹਲਕਾ ਲੁਧਿਆਣਾ ਅਤੇ ਡੇਰਾ ਬਾਬਾ ਨਾਨਕ ਦੇ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਨੇ ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਜਿੱਤ ਹਾਸਲ ਕੀਤੀ ਹੈ ਜਦੋਂ ਕਿ ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਦੇ ਵਿਧਾਇਕ ਸ਼ੀਤਲ ਅੰਗੁਰਾਲ ਨੇ ਅਸਤੀਫ਼ਾ ਦੇ ਦਿੱਤਾ ਸੀ, ਜਿਸ ਨੂੰ ਵਿਧਾਨ ਸਭਾ ਸਪੀਕਰ ਨੇ ਪ੍ਰਵਾਨ ਕਰ ਲਿਆ ਹੈ। ਹਾਲਾਂਕਿ ਅੰਗੁਰਾਲ ਵੱਲੋਂ ਅਸਤੀਫ਼ਾ ਵਾਪਸ ਲੈਣ ਦਾ ਦਾਅਵਾ ਕੀਤਾ ਜਾ ਰਿਹਾ ਹੈ।

ਇਸ ਤਰ੍ਹਾਂ ਵਿਧਾਨ ਸਭਾ ਹਲਕਾ ਬਰਨਾਲਾ, ਚੱਬੇਵਾਲ, ਗਿੱਦੜਬਾਹਾ, ਡੇਰਾ ਬਾਬਾ ਨਾਨਕ ਅਤੇ ਜਲੰਧਰ ਪੱਛਮੀ ਦੀਆਂ ਸੀਟਾਂ 'ਤੇ ਜ਼ਿਮਨੀ ਚੋਣਾਂ ਹੋਣਗੀਆਂ। ਲੋਕ ਸਭਾ ਚੋਣਾਂ ਤੋਂ ਬਾਅਦ ਸਾਰੀਆਂ ਰਾਜਸੀ ਪਾਰਟੀਆਂ ਨੇ ਜ਼ਿਮਨੀ ਚੋਣਾਂ ਦੀਆਂ ਤਿਆਰੀਆਂ ਖਿੱਚ ਲਈਆਂ ਹਨ। ਉਧਰ ਪੰਜਾਬ ਦੀ ਸੱਤਾਧਾਰੀ ਧਿਰ 'ਆਪ' ਲਈ ਸਾਰੀਆਂ ਜ਼ਿਮਨੀ ਚੋਣਾਂ 'ਤੇ ਜਿੱਤ ਹਾਸਲ ਕਰਨਾ ਵੀ ਵਕਾਰ ਦਾ ਸਵਾਲ ਬਣ ਗਿਆ ਹੈ। 'ਆਪ' ਵੱਲੋਂ ਦੋ ਸਾਲਾਂ ਵਿਚ 300 ਯੂਨਿਟ ਮੁਫ਼ਤ ਬਿਜਲੀ, ਹਜ਼ਾਰਾਂ ਨੌਜਵਾਨਾਂ ਨੂੰ ਰੁਜ਼ਗਾਰ, ਸਿਹਤ ਤੇ ਸਿੱਖਿਆ ਦੇ ਖੇਤਰ ਵਿਚ ਇਤਿਹਾਸਕ ਕੰਮ ਕਰਨ ਦਾ ਦਾਅਵਾ ਕੀਤਾ ਜਾ ਰਿਹਾ ਹੈ। ਇਸੇ ਕਰਕੇ 'ਆਪ' ਵੱਲੋਂ ਪੰਜੋਂ ਜ਼ਿਮਨੀ ਚੋਣਾਂ ਜਿੱਤਣ ਲਈ ਅੰਦਰਖਾਤੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ।

ਜ਼ਿਕਰਯੋਗ ਹੈ ਕਿ ਪੰਜਾਬ ਵਿਚ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ 'ਆਪ' ਨੇ 42 ਫ਼ੀਸਦ ਦੇ ਕਰੀਬ ਵੋਟਾਂ ਹਾਸਲ ਕਰਕੇ 117 ਵਿੱਚੋਂ 92 ਵਿਧਾਨ ਸਭਾ ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ ਪਰ 'ਆਪ' ਲੋਕ ਸਭਾ ਚੋਣਾਂ ਵਿਚ 13 ਵਿਚੋਂ ਤਿੰਨ ਸੀਟਾਂ ਹੀ ਜਿੱਤ ਸਕੀ ਹੈ। ਇਸ ਦੇ ਨਾਲ ਹੀ 'ਆਪ' ਦੀਆਂ ਵੋਟਾਂ ਵੀ 42 ਪ੍ਰਤੀਸ਼ਤ ਤੋਂ ਖਿਸਕ ਕੇ 26 ਫ਼ੀਸਦ 'ਤੇ ਆ ਗਈਆਂ ਹਨ।

## ਪੰਜਾਬ 'ਚ ਆਉਣ ਵਾਲਾ ਸਮਾਂ ਭਾਜਪਾ ਦਾ: ਹੰਸ



**ਜਲੰਧਰ:** ਫਰੀਦਕੋਟ ਲੋਕ ਸਭਾ ਹਲਕੇ ਦੇ ਲੋਕਾਂ ਦਾ ਧੰਨਵਾਦ ਕਰਦਿਆਂ ਭਾਜਪਾ ਉਮੀਦਵਾਰ ਹੰਸ ਰਾਜ ਹੰਸ ਨੇ ਕਿਹਾ ਕਿ ਪੰਜਾਬ ਵਿਚ ਆਉਣ ਵਾਲਾ ਸਮਾਂ ਭਾਜਪਾ ਦਾ ਹੈ। ਸੂਫੀ ਗਾਇਕ ਨੇ ਕਿਹਾ ਕਿ ਭਾਜਪਾ ਨੇ ਪੰਜਾਬ ਵਿਚ ਭਾਵੇਂ ਕੋਈ ਸੀਟ ਨਹੀਂ ਜਿੱਤੀ ਪਰ ਜਿਸ ਤਰ੍ਹਾਂ ਨਾਲ ਵੋਟ ਫ਼ੀਸਦ ਦੀ ਦਰ ਵਧੀ ਹੈ, ਉਸ ਨਾਲ ਭਵਿੱਖ ਭਾਜਪਾ ਦਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਵਿਚ ਪਹਿਲਾਂ ਭਾਜਪਾ ਨੂੰ 9 ਫ਼ੀਸਦ ਹੀ ਵੋਟ ਮਿਲੇ ਸਨ ਜਦਕਿ 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਪਾਰਟੀ ਨੂੰ 18 ਫ਼ੀਸਦ ਤੋਂ ਵੱਧ ਵੋਟਾਂ ਮਿਲੀਆਂ ਹਨ। ਉਨ੍ਹਾਂ ਕਿਹਾ ਕਿ 2027 ਦੀਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਭਾਜਪਾ ਨੂੰ ਬਹੁਤ ਵੱਡਾ ਲਾਭ ਮਿਲੇਗਾ।

## ਸਰਬਜੀਤ ਸਿੰਘ ਖਾਲਸਾ ਵੱਲੋਂ 'ਭਾਜਪਾ' ਨੂੰ ਸਮਰਥਨ ਦੇਣ ਦੀ ਗੱਲ ਅਫ਼ਵਾਹ ਕਰਾਰ

**ਮੋਗਾ:** ਫ਼ਰੀਦਕੋਟ ਤੋਂ ਸੰਸਦ ਮੈਂਬਰ ਦੀ ਚੋਣ ਜਿੱਤੇ ਆਜ਼ਾਦ ਉਮੀਦਵਾਰ ਭਾਈ ਸਰਬਜੀਤ ਸਿੰਘ ਖਾਲਸਾ ਨੇ ਕੇਂਦਰ 'ਚ ਸਰਕਾਰ ਬਣਾਉਣ ਲਈ ਦੇਸ਼ ਦੀ ਭਗਵਾ ਪਾਰਟੀ 'ਭਾਜਪਾ' ਨੂੰ ਸਮਰਥਨ ਦੇਣ ਦੀ ਗੱਲ ਨੂੰ ਕੋਰੀ ਅਫ਼ਵਾਹ ਕਰਾਰ ਦਿੱਤਾ ਹੈ। ਉਨ੍ਹਾਂ ਸੋਸ਼ਲ ਮੀਡੀਆ ਉੱਤੇ ਲਾਈਵ ਹੋ ਕੇ ਕਿਹਾ ਕਿ ਅਜਿਹੀਆਂ ਅਫ਼ਵਾਹਾਂ ਫ਼ੈਲਾਉਣਾ ਘਟੀਆ ਰਾਜਨੀਤੀ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਅਫ਼ਵਾਹਾਂ ਫੈਲਾ ਕੇ ਲੋਕਾਂ ਨੂੰ ਗੁਮਰਾਹ ਨਹੀਂ ਕੀਤਾ ਜਾ ਸਕਦਾ ਕਿਉਂਕਿ ਲੋਕ ਪਹਿਲਾਂ ਹੀ ਸੂਬੇ ਵਿਚ ਚੱਲ ਰਹੀ ਘਟੀਆ ਦਰਜੇ ਦੀ ਰਾਜਨੀਤੀ ਤੋਂ ਜਾਗਰੂਕ ਹਨ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਕੋਈ ਵੀ ਸਿਆਸੀ ਫੈਸਲਾ ਪੰਥਕ ਆਗੂਆਂ ਤੇ ਵੋਟਰਾਂ ਦੀ ਰਾਇ ਬਿਨਾਂ ਨਹੀਂ ਲਿਆ ਜਾਵੇਗਾ।

## ਸਾਬਕਾ ਵਿਧਾਇਕ ਦਰਸ਼ਨ ਸਿੰਘ ਬਰਾੜ ਨੂੰ ਕਾਂਗਰਸ ਵਿਚੋਂ ਕੱਢਿਆ

**ਮੋਗਾ:** ਲੋਕ ਸਭਾ ਚੋਣਾਂ ਖਤਮ ਹੁੰਦਿਆਂ ਹੀ ਪੰਜਾਬ ਕਾਂਗਰਸ ਪ੍ਰਧਾਨ ਤੇ ਲੁਧਿਆਣਾ ਤੋਂ ਸੰਸਦ ਮੈਂਬਰ ਚੁਣੇ ਗਏ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪਾਰਟੀ ਵਿਰੋਧੀ ਗਤੀਵਿਧੀਆਂ ਕਾਰਨ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਸਰਕਾਰ ਵਿਚ ਰਾਜ ਮੰਤਰੀ ਰਹੇ ਤੇ ਬਾਘਾਪੁਰਾਣਾ ਤੋਂ ਸਾਬਕਾ ਵਿਧਾਇਕ ਦਰਸ਼ਨ ਸਿੰਘ ਬਰਾੜ ਨੂੰ ਪਾਰਟੀ ਤੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਹੈ। ਵੇਰਵਿਆਂ ਅਨੁਸਾਰ ਕਾਂਗਰਸ ਆਗੂ ਦਰਸ਼ਨ ਸਿੰਘ ਬਰਾੜ ਦੀ ਸਿਹਤ ਨਾਸਾਜ਼ ਹੋਣ ਕਾਰਨ ਉਨ੍ਹਾਂ ਦੀਆਂ ਕਈ ਸਾਲਾਂ ਤੋਂ ਸਿਆਸੀ ਸਰਗਰਮੀਆਂ ਠੱਪ ਹਨ ਪਰ ਉਨ੍ਹਾਂ ਫਰੀਦਕੋਟ ਲੋਕ ਸਭਾ ਹਲਕੇ ਤੋਂ ਕਾਂਗਰਸ ਉਮੀਦਵਾਰ ਅਮਰਜੀਤ ਕੌਰ ਸਾਹੋਕੇ ਦੇ ਹੱਕ ਵਿਚ ਚੋਣ ਪ੍ਰਚਾਰ ਦੌਰਾਨ ਬਾਘਾਪੁਰਾਣਾ ਵਿਚ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਹੇਠ ਹੋਈ ਚੋਣ ਰੈਲੀ ਵਿਚ ਸ਼ਿਰਕਤ ਕੀਤੀ ਸੀ। ਹੁਣ ਉਨ੍ਹਾਂ ਉੱਤੇ ਪਾਰਟੀ ਵਿਰੋਧੀ ਗਤੀਵਿਧੀਆਂ ਕਰਨ ਅਤੇ ਅਨੁਸ਼ਾਸਨ ਦੀ ਉਲੰਘਣਾ ਦੇ ਦੋਸ਼ ਲੱਗੇ ਹਨ।



# ਆਪਣਿਆਂ ਦੀ ਅਣਦੇਖੀ ਅਤੇ ਦਲ ਬਦਲੂਆਂ ਉਤੇ ਟੇਕ 'ਆਪ' ਨੂੰ ਲੈ ਬੈਠੀ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿਚ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ ਦੀ ਹਾਰ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਬਾਕਾਇਦਾ ਮੰਥਨ ਕੀਤਾ ਜਾ ਰਿਹਾ ਹੈ, ਇਸ ਦੇ ਨਾਲ ਹੀ 'ਆਪ' ਦੀਆਂ ਸਫ਼ਾਂ ਵਿਚ ਵੀ ਚਰਚਾਵਾਂ ਦਾ ਦੌਰ ਛਿੜ ਗਿਆ ਹੈ ਅਤੇ ਇਸ ਹਾਰ ਦਾ ਜਨਤਕ ਮੰਥਨ ਚੱਲ ਰਿਹਾ ਹੈ।

ਮੰਨਿਆ ਜਾ ਰਿਹਾ ਹੈ ਕਿ ਪਾਰਟੀ ਵਿਚ ਮੁੱਖ ਮੰਤਰੀ ਤੋਂ ਇਲਾਵਾ ਹੋਰ ਕਿਸੇ ਨੂੰ ਚਿਹਰਾ ਨਹੀਂ ਬਣਾਇਆ ਗਿਆ ਜਿਸ ਕਾਰਨ ਸਾਰੇ ਵਿਧਾਇਕ 'ਦਰਸ਼ਨੀ ਘੋੜੇ' ਬਣ ਕੇ ਰਹਿ ਗਏ ਹਨ। 'ਆਪ' ਦੇ ਵਾਲੰਟੀਅਰਾਂ ਵਿਚ ਚਰਚਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਪਣੇ ਕੰਮਾਂ ਮੁਤਾਬਕ ਸੀਟਾਂ ਨਹੀਂ ਜਿੱਤ ਸਕੀ। ਪਾਰਟੀ ਨੇ ਕਦੇ ਦਿੱਲੀ, ਕਦੇ ਗੁਜਰਾਤ, ਰਾਜਸਥਾਨ, ਚੰਡੀਗੜ੍ਹ ਅਤੇ ਹੁਣ ਪੰਜਾਬ ਦੀਆਂ ਚੋਣਾਂ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਆਪਣੇ ਸੇਵਕਾਂ ਦੀ ਨਾ ਤਾਂ ਪਛਾਣ ਕੀਤੀ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਸਹੂਲਤ ਅਤੇ ਨਾ ਕੋਈ ਪ੍ਰਸ਼ਾਸਕੀ ਅਹਿਮੀਅਤ ਦਿੱਤੀ ਜਦਕਿ ਸੂਬੇ ਭਰ ਵਿਚ ਮਾਰਕੀਟ ਕਮੇਟੀਆਂ ਸਮੇਤ ਬੋਰਡ ਆਫ਼ ਡਾਇਰੈਕਟਰਜ਼, ਵਾਈਸ ਚੇਅਰਮੈਨ ਆਦਿ ਲਗਾਉਣੇ ਹਾਲੇ ਵੀ ਬਾਕੀ ਹਨ।



ਦੋ ਵਾਰ ਐਲਾਨ ਕਰਨ ਦੇ ਬਾਵਜੂਦ ਪੰਚਾਇਤੀ ਚੋਣਾਂ ਨਾ ਕਰਵਾਉਣਾ ਵੀ 'ਆਪ' ਦੀ ਹਾਰ ਦਾ ਕਾਰਨ ਮੰਨਿਆ ਜਾ ਰਿਹਾ ਹੈ ਕਿਉਂਕਿ ਪੰਚ-ਸਰਪੰਚ ਲੋਕ ਸਭਾ ਚੋਣਾਂ ਅਤੇ ਵਿਧਾਨ ਸਭਾ ਚੋਣਾਂ ਵਿਚ ਅਹਿਮ ਭੂਮਿਕਾ ਨਿਭਾਉਂਦੇ ਰਹੇ ਹਨ। ਪੰਚਾਇਤੀ ਚੋਣਾਂ ਨਾ ਕਰਵਾਉਣ ਕਰਕੇ ਹੇਠਲੇ ਪੱਧਰ 'ਤੇ ਸਰਕਾਰ ਦੀ ਮਜ਼ਬੂਤੀ ਹੀ ਨਹੀਂ ਬਣ ਸਕੀ ਅਤੇ ਜਨ-ਸਧਾਰਨ ਦੀ ਸਰਕਾਰ ਤੱਕ ਪਹੁੰਚ ਬੰਦ ਹੋ ਗਈ।

ਦੂਜੀਆਂ ਪਾਰਟੀਆਂ ਦੇ ਦਲ ਬਦਲੂਆਂ ਦਾ 'ਆਪ' ਵਿਚ ਛਾਲ਼ਾਂ ਮਾਰ ਕੇ ਚੇਅਰਮੈਨੀਆਂ ਵਰਗੇ ਅਹੁਦੇ ਹਥਿਆਉਣਾ ਵੀ ਆਮ ਆਦਮੀ ਪਾਰਟੀ ਦੇ ਆਪਣੇ ਜੁਝਾਰੂ ਅਤੇ ਨਿਸ਼ਕਾਮ ਵਰਕਰਾਂ ਵਿਚ ਨਮੋਸ਼ੀ ਦਾ ਕਾਰਨ ਬਣਦਾ ਰਿਹਾ ਕਿਉਂਕਿ ਪਾਰਟੀ ਨੇ ਆਪਣੇ ਵਰਕਰਾਂ ਦੀ ਪੁੱਛ-ਪ੍ਰਤੀਤ ਨਹੀਂ ਕੀਤੀ। ਚੰਡੀਗੜ੍ਹ ਸਮੇਤ ਦੇਸ਼ ਭਰ ਵਿਚ ਇੰਡੀਆ ਗਠਜੋੜ ਤਹਿਤ ਕਾਂਗਰਸ ਪਾਰਟੀ ਨਾਲ ਸਮਝੌਤਾ ਪ੍ਰੰਤੂ ਪੰਜਾਬ ਵਿਚ ਅੱਡੋ-ਅੱਡ ਚੋਣ ਲੜਨਾ ਵੀ ਇਕ ਕਾਰਨ ਬਣਿਆ। ਸ਼ਹਿਰੀ ਖੇਤਰਾਂ ਵਿਚ ਪਲਾਟਾਂ ਤੇ ਮਕਾਨਾਂ ਦੀਆਂ ਰਜਿਸਟਰੀਆਂ ਕਰਵਾਉਣ ਸਮੇਂ ਐਨ.ਓ.ਸੀ. ਬੰਦ ਕੀਤੇ ਜਾਣ ਦਾ ਐਲਾਨ, ਐਨ.ਪੀ.ਐਸ. ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਬਹਾਲੀ ਵਰਗੇ ਕਈ ਐਲਾਨਾਂ ਨੂੰ ਬੂਰ ਨਾ ਪੈਣਾ ਵੀ ਸਰਕਾਰ ਦਾ ਅਕਸ ਖਰਾਬ ਕਰ ਗਏ। ਵਰਕਰਾਂ ਦਾ ਕਹਿਣਾ ਹੈ ਕਿ ਜੇ ਵਿਧਾਨ ਸਭਾ ਚੋਣਾਂ ਫਿਰ ਤੋਂ ਜਿੱਤਣੀਆਂ ਹਨ ਤਾਂ ਆਮ ਆਦਮੀ ਪਾਰਟੀ ਨੂੰ ਮੁੜ ਕੇ 'ਆਮ' ਬਣਨਾ ਪਵੇਗਾ। ਸਰਕਾਰ ਨੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲ ਕੋਈ ਹਮਦਰਦੀ ਨਹੀਂ ਦਿਖਾਈ ਅਤੇ ਨਾ ਹੀ ਹਮਦਰਦੀ ਭਰਿਆ ਬਿਆਨ ਦਿੱਤਾ ਜਿਸ ਕਰ ਕੇ ਇਹ ਵਰਗ ਸਰਕਾਰ ਖ਼ਿਲਾਫ਼ ਹੋ ਗਿਆ।

## ਮਾੜੀ ਕਾਰਗੁਜ਼ਾਰੀ ਲਈ ਮੁੱਖ ਮੰਤਰੀ ਅਸਤੀਫ਼ਾ ਦੇਣ: ਕਾਂਗਰਸ

**ਚੰਡੀਗੜ੍ਹ:** ਪੰਜਾਬ ਕਾਂਗਰਸ ਨੇ ਕਿਹਾ ਕਿ 'ਆਪ' ਦੀ ਮਾੜੀ ਕਾਰਗੁਜ਼ਾਰੀ ਕਾਰਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਸਾਲ 2022 ਦੀਆਂ ਚੋਣਾਂ ਵਿਚ 92 ਸੀਟਾਂ 'ਤੇ ਜਿੱਤ ਹਾਸਲ ਕਰਨ ਵਾਲੀ ਆਮ ਆਦਮੀ ਪਾਰਟੀ (ਆਪ) ਹੁਣ ਲੋਕ ਸਭਾ ਚੋਣਾਂ ਵਿਚ ਸੂਬੇ ਦੀਆਂ 13 'ਚੋਂ ਸਿਰਫ਼ ਤਿੰਨ ਸੀਟਾਂ 'ਤੇ ਹੀ ਜਿੱਤ ਸਕੀ ਹੈ। ਵੜਿੰਗ ਨੇ ਕਿਹਾ ਕਿ ਦੇਸ਼ ਵਿਚ ਭਾਜਪਾ ਵੱਲੋਂ ਹਰ ਪਾਸੇ ਡਰ 'ਤੇ ਭੈਅ ਦਾ ਮਾਹੌਲ ਸਿਰਜਿਆ ਹੋਇਆ ਹੈ, ਜਿੱਥੇ ਭਾਜਪਾ ਵਿਰੁੱਧ ਬੋਲਣ ਵਾਲਿਆਂ ਵਿਰੁੱਧ ਈ.ਡੀ, ਸੀ.ਬੀ.ਆਈ. ਤੇ ਹੋਰਨਾਂ ਜਾਂਚ ਏਜੰਸੀਆਂ ਕਾਰਵਾਈ ਕਰ ਰਹੀਆਂ ਹਨ। ਸੱਤਾਧਾਰੀ ਧਿਰ ਵੱਲੋਂ ਕਾਂਗਰਸ ਪਾਰਟੀ ਦੇ ਬੈਂਕ ਖਾਤੇ ਤੱਕ ਜਾਮ ਕਰ ਦਿੱਤੇ ਗਏ।

# ਪੰਜਾਬੀਆਂ ਨੇ ਸੱਤਾਧਾਰੀਆਂ ਦੇ ਉਲਟ ਭੁਗਤਣ ਦੀ ਰਵਾਇਤ ਕਾਇਮ ਰੱਖੀ

**ਚੰਡੀਗੜ੍ਹ:** ਲੋਕ ਸਭਾ ਚੋਣਾਂ 'ਚ ਪੰਜਾਬ ਨੇ ਕਾਂਗਰਸ ਦਾ 'ਹੱਥ' ਫੜਿਆ ਹੈ। ਪੰਜਾਬੀਆਂ ਨੇ ਇਨ੍ਹਾਂ ਚੋਣਾਂ ਵਿਚ ਸੱਤਾਧਾਰੀਆਂ ਦੇ ਉਲਟ ਭੁਗਤਣ ਦੀ ਆਪਣੀ ਰਵਾਇਤ ਨੂੰ ਵੀ ਕਾਇਮ ਰੱਖਿਆ। ਕਾਂਗਰਸ ਨੂੰ ਪੰਜਾਬ ਦੀਆਂ 13 ਸੀਟਾਂ 'ਚੋਂ ਸੱਤ ਸੀਟਾਂ ਮਿਲੀਆਂ ਹਨ ਜਦੋਂ ਕਿ 'ਆਪ' ਦੇ ਹਿੱਸੇ ਤਿੰਨ ਸੀਟਾਂ ਆਈਆਂ ਹਨ।

ਅਕਾਲੀ ਦਲ ਬਠਿੰਡਾ ਸੀਟ ਜਿੱਤ ਕੇ ਆਪਣਾ ਗੜ੍ਹ ਬਚਾਉਣ ਵਿਚ ਸਫਲ ਰਿਹਾ ਹੈ ਜਦੋਂ ਕਿ ਭਾਜਪਾ ਨੂੰ ਪੰਜਾਬੀਆਂ ਨੇ ਕੋਈ ਬਹੁਤਾ ਹੁੰਗਾਰਾ ਨਹੀਂ ਦਿੱਤਾ ਹੈ। ਉਂਜ, ਕਿਸਾਨ ਜਥੇਬੰਦੀਆਂ ਦੇ ਵਿਰੋਧ ਦੇ ਬਾਵਜੂਦ ਭਾਜਪਾ ਆਪਣਾ ਵੋਟ ਸ਼ੇਅਰ ਵਧਾ ਸਕੀ ਹੈ, ਪਰ ਵੋਟ ਫੀਸਦ ਦੁੱਗਣਾ ਕਰਨ ਵਿਚ ਫ਼ੇਲ੍ਹ ਰਹੀ ਹੈ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਸਾਕਾ ਨੀਲਾ ਤਾਰਾ ਦੇ ਬਰਸੀ ਦਿਹਾੜੇ ਦੇ ਹਵਾਲੇ ਨਾਲ ਜਿੱਤ ਦੇ ਜਸ਼ਨ ਮਨਾਉਣ ਤੋਂ ਗੁਰੇਜ਼ ਕਰਨ ਦੀ ਕੀਤੀ ਅਪੀਲ ਕਰਕੇ ਬਹੁਤੇ ਉਮੀਦਵਾਰਾਂ ਨੇ ਜਥੇਦਾਰ ਦੇ ਹੁਕਮਾਂ 'ਤੇ ਫੁੱਲ ਚੜ੍ਹਾਏ। 'ਇੰਡੀਆ ਗੱਠਜੋੜ' ਵਿਚ ਮੁੱਖ ਹਿੱਸੇਦਾਰ ਹੋਣ ਦੇ ਬਾਵਜੂਦ ਪੰਜਾਬ ਵਿਚ 'ਆਪ' ਅਤੇ ਕਾਂਗਰਸ ਨੇ ਵੱਖੋ-ਵੱਖ ਹੋ ਕੇ ਚੋਣਾਂ ਲੜੀਆਂ, ਪਰ ਗੱਠਜੋੜ ਦੀ ਝੋਲੀ ਪੰਜਾਬ 'ਚੋਂ 10 ਸੀਟਾਂ ਪੈ ਗਈਆਂ ਹਨ।

'ਆਪ' ਨੇ ਚੋਣ ਮੈਦਾਨ ਵਿਚ ਪੰਜ ਕੈਬਨਿਟ ਮੰਤਰੀ ਉਤਾਰੇ ਸਨ ਜਿਨ੍ਹਾਂ 'ਚੋਂ ਸਿਰਫ਼ ਸੰਗਰੂਰ ਤੋਂ ਗੁਰਮੀਤ ਸਿੰਘ ਮੀਤ ਹੇਅਰ ਹੀ ਜਿੱਤ ਸਕੇ। ਇਸੇ ਤਰ੍ਹਾਂ ਚੋਣ ਲੜ ਰਹੇ 'ਆਪ' ਦੇ ਤਿੰਨ ਵਿਧਾਇਕਾਂ ਨੂੰ ਵੀ ਸਫਲਤਾ ਨਹੀਂ ਮਿਲੀ। ਪੰਜਾਬ ਵਿਚ ਸਭ ਤੋਂ ਵੱਡੀ ਜਿੱਤ ਹਲਕਾ ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਅਤੇ 'ਵਾਰਸ ਪੰਜਾਬ ਦੇ' ਜਥੇਬੰਦੀ ਦੇ ਆਗੂ ਅੰਮ੍ਰਿਤਪਾਲ ਸਿੰਘ ਨੇ ਦਰਜ ਕੀਤੀ। ਇਸ ਵੇਲੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਐਨ.ਐਸ.ਏ. ਤਹਿਤ ਬੰਦ ਅੰਮ੍ਰਿਤਪਾਲ ਸਿੰਘ ਨੇ ਆਪਣੇ ਵਿਰੋਧੀ ਕਾਂਗਰਸੀ ਉਮੀਦਵਾਰ ਕੁਲਵੀਰ ਸਿੰਘ ਜ਼ੀਰਾ ਨੂੰ 1,97,120 ਵੋਟਾਂ ਦੇ ਫ਼ਰਕ ਨਾਲ ਹਰਾਇਆ। ਖਡੂਰ ਸਾਹਿਬ ਹਲਕੇ (ਪੁਰਾਣਾ ਤਰਨ ਤਾਰਨ) ਨੇ ਜੇਲ੍ਹ 'ਚ ਬੰਦ ਕਿਸੇ ਉਮੀਦਵਾਰ ਨੂੰ ਦੂਜੀ ਵਾਰ ਜਿਤਾਇਆ ਹੈ। ਇਸ ਤੋਂ ਪਹਿਲਾਂ ਜੇਲ੍ਹ 'ਚ ਬੰਦ ਸਿਮਰਨਜੀਤ ਸਿੰਘ ਮਾਨ ਨੂੰ 1989 ਦੀਆਂ ਚੋਣਾਂ ਵਿਚ ਜਿਤਾਇਆ ਸੀ।



ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਲਈ ਜ਼ਿੰਮੇਵਾਰ ਸ਼ਹੀਦ ਬੇਅੰਤ ਸਿੰਘ ਦੇ ਲੜਕੇ ਸਰਬਜੀਤ ਸਿੰਘ ਖ਼ਾਲਸਾ ਨੇ ਹਲਕਾ ਫ਼ਰੀਦਕੋਟ ਤੋਂ ਵਿਰੋਧੀ 'ਆਪ' ਉਮੀਦਵਾਰ ਕਰਮਜੀਤ ਅਨਮੋਲ ਨੂੰ 70,053 ਵੋਟਾਂ ਦੇ ਫ਼ਰਕ ਨਾਲ ਹਰਾਇਆ ਹੈ। ਖਡੂਰ ਸਾਹਿਬ ਅਤੇ ਫ਼ਰੀਦਕੋਟ ਹਲਕੇ ਵਿਚ ਬੰਦੀ ਸਿੰਘਾਂ ਦੀ ਰਿਹਾਈ, ਕਿਸਾਨੀ ਮੁੱਦੇ ਅਤੇ ਨਸ਼ਿਆਂ ਦੇ ਮੁੱਦੇ ਭਾਰੂ ਰਹੇ। ਉਧਰ ਅਕਾਲੀ ਦਲ ਅਤੇ ਭਾਜਪਾ ਨੂੰ ਆਪੋ ਆਪਣੇ ਰਾਹ ਵੱਖ ਕੀਤੇ ਜਾਣ ਦਾ ਖ਼ਮਿਆਜ਼ਾ ਭੁਗਤਣਾ ਪਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਆਪਣਾ ਸੰਗਰੂਰ ਵਿਚਲਾ ਕਿਲ੍ਹਾ ਬਚਾਉਣ ਵਿਚ ਸਫਲ ਰਹੇ ਹਨ ਜਿੱਥੇ 'ਆਪ' ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਨੇ ਆਪਣੇ ਵਿਰੋਧੀ ਕਾਂਗਰਸੀ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੂੰ 1,72,560 ਵੋਟਾਂ ਦੇ ਫ਼ਰਕ ਨਾਲ ਹਰਾਇਆ ਹੈ। ਸਿਮਰਨਜੀਤ ਸਿੰਘ ਮਾਨ ਨੂੰ ਤੀਜੇ ਨੰਬਰ 'ਤੇ ਸਬਰ ਕਰਨਾ ਪਿਆ ਹੈ। ਅਕਾਲੀ ਦਲ ਇਸ ਸੀਟ 'ਤੇ ਪੰਜਵੇਂ ਨੰਬਰ 'ਤੇ ਆਇਆ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਗਿੱਦੜਬਾਹਾ ਤੋਂ ਵਿਧਾਇਕ ਅਮਰਿੰਦਰ ਰਾਜਾ ਵੜਿੰਗ ਨੇ ਲੁਧਿਆਣਾ ਤੋਂ ਭਾਜਪਾ ਉਮੀਦਵਾਰ ਰਵਨੀਤ ਬਿੱਟੂ ਨੂੰ 20,942 ਵੋਟਾਂ ਦੇ ਫ਼ਰਕ ਨਾਲ ਹਰਾਇਆ। ਵੜਿੰਗ ਨੂੰ 3,22,224 ਵੋਟਾਂ ਜਦੋਂਕਿ ਬਿੱਟੂ ਨੂੰ 3,01,282 ਵੋਟਾਂ ਪਈਆਂ।

ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਨੇ ਜਲੰਧਰ ਹਲਕੇ ਤੋਂ ਆਪਣੇ ਵਿਰੋਧੀ ਭਾਜਪਾ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ 1,75,993 ਵੋਟਾਂ ਦੇ ਫ਼ਰਕ ਨਾਲ ਹਰਾਇਆ ਹੈ। ਇਸ ਵੱਡੀ ਜਿੱਤ ਨੇ ਸਾਬਕਾ ਮੁੱਖ ਮੰਤਰੀ ਚੰਨੀ ਦੀ ਸਿਆਸੀ ਗੱਡੀ ਨੂੰ ਮੁੜ ਲੀਹ 'ਤੇ ਚਾੜ੍ਹ ਦਿੱਤਾ ਹੈ। ਗੁਰਦਾਸਪੁਰ ਤੋਂ ਸਾਬਕਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਵਿਰੋਧੀ ਭਾਜਪਾ ਉਮੀਦਵਾਰ ਦਿਨੇਸ਼ ਬੱਬੂ ਨੂੰ 82,861 ਵੋਟਾਂ ਦੇ ਫ਼ਰਕ ਨਾਲ ਹਰਾ ਕੇ ਆਪਣੇ ਸਿਆਸੀ ਕੱਦ ਨੂੰ ਹੋਰ ਉੱਚਾ ਕੀਤਾ ਹੈ। ਪੰਜਾਬ ਦੇ ਨਤੀਜੇ 'ਐਗਜ਼ਿਟ ਪੋਲ' ਦੇ ਐਨ ਉਲਟ ਰਹੇ ਹਨ। ਕਾਂਗਰਸ ਪਾਰਟੀ ਲਈ ਸੱਤ ਸੀਟਾਂ ਤੋਂ ਜਿੱਤ ਪੰਜਾਬ ਵਿਚ ਮੁੜ ਪੈਰ ਲਾਉਣ ਲਈ ਸਹਾਈ ਹੋਵੇਗੀ। 'ਆਪ' ਲਈ ਇਹ ਚੋਣ ਨਤੀਜੇ ਚੁਣੌਤੀ ਤੋਂ ਘੱਟ ਨਹੀਂ ਹਨ ਕਿਉਂਕਿ 'ਆਪ' ਦੇ ਜ਼ੀਰੋ ਬਿੱਲ, ਨਹਿਰੀ ਪਾਣੀ, ਬਿਜਲੀ ਸਪਲਾਈ ਤੇ ਸਰਕਾਰੀ ਨੌਕਰੀਆਂ ਦੇ ਮੁੱਦੇ ਬਹੁਤਾ ਰੰਗ ਨਹੀਂ ਦਿਖਾ ਸਕੇ।

'ਆਪ' ਦੇ ਅਨੰਦਪੁਰ ਸਾਹਿਬ ਤੋਂ ਮਲਵਿੰਦਰ ਸਿੰਘ ਕੰਗ ਨੇ ਵਿਰੋਧੀ ਕਾਂਗਰਸੀ ਉਮੀਦਵਾਰ ਵਿਜੇ ਇੰਦਰ ਸਿੰਗਲਾ ਨੂੰ 10,846 ਵੋਟਾਂ ਦੇ ਫ਼ਰਕ ਨਾਲ ਹਰਾਇਆ ਹੈ ਅਤੇ ਹੁਸ਼ਿਆਰਪੁਰ ਤੋਂ ਡਾ.ਰਾਜ ਕੁਮਾਰ ਚੱਬੇਵਾਲ ਨੇ ਵਿਰੋਧੀ ਕਾਂਗਰਸੀ ਉਮੀਦਵਾਰ ਯਾਮਿਨੀ ਗੋਮਰ ਨੂੰ 44,111 ਵੋਟਾਂ ਦੇ ਫ਼ਰਕ ਨਾਲ ਹਰਾਇਆ ਹੈ। ਅਕਾਲੀ ਦਲ ਨੂੰ ਇਨ੍ਹਾਂ ਚੋਣਾਂ ਵਿਚ ਕਰਾਰੀ ਹਾਰ ਮਿਲੀ ਹੈ ਤੇ ਬਠਿੰਡਾ ਸੀਟ ਤੋਂ ਹਰਸਿਮਰਤ ਕੌਰ ਬਾਦਲ ਨੇ 'ਆਪ' ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਨੂੰ 49,656 ਵੋਟਾਂ ਦੇ ਫ਼ਰਕ ਨਾਲ ਮਾਤ ਦਿੱਤੀ।

ਬਾਦਲ ਪਰਿਵਾਰ ਆਪਣਾ ਕਿਲ੍ਹਾ ਬਚਾਉਣ ਵਿਚ ਤਾਂ ਸਫਲ ਰਿਹਾ ਹੈ। ਅਕਾਲੀ ਦਲ ਦਾ ਵੋਟ ਫੀਸਦ ਇਨ੍ਹਾਂ ਚੋਣਾਂ ਵਿਚ 13.42 ਫ਼ੀਸਦੀ ਰਹਿ ਗਿਆ ਹੈ ਜੋ ਕਿ 2019 ਦੀਆਂ ਚੋਣਾਂ ਵਿਚ 27.8 ਫ਼ੀਸਦੀ ਸੀ। ਭਾਜਪਾ ਇਕੱਲੇ ਤੌਰ 'ਤੇ ਚੋਣ ਲੜ ਕੇ ਆਪਣਾ ਖਾਤਾ ਨਹੀਂ ਖੋਲ੍ਹ ਸਕੀ ਹੈ ਅਤੇ ਭਾਜਪਾ ਨੂੰ 18.56 ਫ਼ੀਸਦੀ ਵੋਟ ਮਿਲੇ ਹਨ ਜਦੋਂ ਕਿ 2019 ਵਿਚ ਭਾਜਪਾ ਨੇ ਦੋ ਸੀਟਾਂ ਜਿੱਤ ਕੇ 9.7 ਫ਼ੀਸਦੀ ਵੋਟ ਪ੍ਰਾਪਤ ਕੀਤੇ ਸਨ। ਕਿਸਾਨ ਜਥੇਬੰਦੀਆਂ ਦੇ ਵਿਰੋਧ ਕਾਰਨ ਭਾਜਪਾ ਆਪਣੀਆਂ ਉਮੀਦਾਂ ਮੁਤਾਬਕ ਵੋਟ ਸ਼ੇਅਰ ਦੁੱਗਣਾ ਕਰਨ ਵਿਚ ਵੀ ਅਸਫਲ ਰਹੀ ਹੈ। ਭਾਜਪਾ ਦੀ ਕੌਮੀ ਲੀਡਰਸ਼ਿਪ ਦਾ ਚੋਣ ਪ੍ਰਚਾਰ ਵੀ ਬਹੁਤਾ ਇਜ਼ਾਫ਼ਾ ਨਹੀਂ ਕਰ ਸਕਿਆ ਹੈ। ਅਕਾਲੀ ਦਲ ਅਤੇ ਭਾਜਪਾ ਨੂੰ ਵੱਖੋ ਵੱਖ ਮੈਦਾਨ ਵਿਚ ਉਤਰਨ ਨਾਲ ਆਪੋ ਆਪਣੇ ਸਿਆਸੀ ਵਜ਼ਨ ਦਾ ਇਲਮ ਹੋ ਗਿਆ ਹੈ। ਇਨ੍ਹਾਂ ਚੋਣਾਂ ਵਿਚ ਬਸਪਾ ਉਮੀਦਵਾਰ ਜਸਵੀਰ ਸਿੰਘ ਗੜ੍ਹੀ ਵੀ ਅਨੰਦਪੁਰ ਸਾਹਿਬ ਤੋਂ ਚੋਣ ਹਾਰ ਗਏ ਹਨ ਅਤੇ ਉਨ੍ਹਾਂ ਨੂੰ 90,157 ਵੋਟਾਂ ਮਿਲੀਆਂ ਹਨ। ਬਸਪਾ ਦਾ ਇਨ੍ਹਾਂ ਚੋਣਾਂ ਵਿਚ ਵੋਟ ਸ਼ੇਅਰ 2.49 ਫ਼ੀਸਦ ਰਿਹਾ ਹੈ। ਪਟਿਆਲਾ ਤੋਂ ਕਾਂਗਰਸੀ ਉਮੀਦਵਾਰ ਡਾ. ਧਰਮਵੀਰ ਗਾਂਧੀ ਦੀ ਜਿੱਤ ਵਿਚ ਉਨ੍ਹਾਂ ਦੇ ਨਿੱਜੀ ਅਕਸ ਦੀ ਭੂਮਿਕਾ ਰਹੀ ਹੈ।

## ਪੰਜਾਬੀਆਂ ਦਾ ਫ਼ਤਵਾ ਸਿਰ ਮੱਥੇ: ਭਗਵੰਤ ਮਾਨ



**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਲੋਕ ਸਭਾ ਚੋਣਾਂ ਵਿਚ ਪੰਜਾਬ ਦੇ ਲੋਕਾਂ ਵੱਲੋਂ ਦਿੱਤੇ ਫ਼ਤਵੇ ਨੂੰ ਪ੍ਰਵਾਨ ਕੀਤਾ ਹੈ। ਆਮ ਆਦਮੀ ਪਾਰਟੀ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿਚੋਂ ਤਿੰਨ ਸੀਟਾਂ ਜਿੱਤਣ ਵਿਚ ਹੀ ਕਾਮਯਾਬ ਰਹੀ ਹੈ। ਮੁੱਖ ਮੰਤਰੀ ਨੇ ਆਪਣੇ 'ਐਕਸ' ਅਕਾਊਂਟ 'ਤੇ ਲਿਖਿਆ ਕਿ ਉਨ੍ਹਾਂ ਨੂੰ ਪੰਜਾਬੀਆਂ ਦਾ ਲੋਕ ਸਭਾ ਚੋਣਾਂ ਲਈ ਲੋਕ-ਫ਼ਤਵਾ ਸਿਰ ਮੱਥੇ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਲੋਕ ਸੇਵਾ ਤੇ ਵਿਕਾਸ ਦੇ ਕੰਮ ਜਾਰੀ ਰਹਿਣਗੇ, ਉਸ ਵਿਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

## ਅੰਦਰੂਨੀ ਕਮੀਆਂ ਕਾਰਨ ਕਾਂਗਰਸ ਕੁਝ ਸੀਟਾਂ 'ਤੇ ਹਾਰੀ: ਵੜਿੰਗ



**ਪਟਿਆਲਾ:** ਕਾਂਗਰਸ ਪ੍ਰਧਾਨ ਤੇ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਹੈ ਕਿ ਕਾਂਗਰਸ ਨੂੰ ਅੰਦਰੂਨੀ ਕਮੀਆਂ ਕਾਰਨ ਪੰਜਾਬ 'ਚ ਕੁਝ ਸੀਟਾਂ 'ਤੇ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਬੇਸ਼ੱਕ ਸੰਗਠਨ ਦੀ ਕਾਰਗੁਜ਼ਾਰੀ ਵਧੀਆ ਰਹੀ, ਪਰ ਕੁਝ ਕਾਰਨਾਂ ਕਰਕੇ ਕਾਂਗਰਸ ਕੁਝ ਸੀਟਾਂ 'ਤੇ ਪਛੜੀ ਹੈ। ਉਹ ਸ੍ਰੀ ਆਨੰਦਪੁਰ ਸਾਹਿਬ ਲੋਕ ਸਭਾ ਸੀਟ ਤੋਂ ਹਾਰੇ ਵਿਜੈ ਇੰਦਰ ਸਿੰਗਲਾ ਨੂੰ ਹੌਸਲਾ ਦੇਣ ਲਈ ਉਨ੍ਹਾਂ ਦੇ ਘਰ ਆਏ ਸਨ। ਉਨ੍ਹਾਂ ਕਿਹਾ ਕਿ ਕਾਂਗਰਸ ਦਾ ਅਗਲਾ ਟੀਚਾ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਹੋਣਗੀਆਂ।

# ਲੋਕ ਸਭਾ ਚੋਣਾਂ ਤੋਂ ਬਾਅਦ ਹੁਣ ਪੰਚਾਇਤੀ ਚੋਣਾਂ ਲਈ ਸਰਗਰਮੀਆਂ ਸ਼ੁਰੂ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦੀ ਪ੍ਰਕਿਰਿਆ ਖ਼ਤਮ ਹੋਣ ਉਪਰੰਤ ਹੁਣ ਸੂਬੇ 'ਚ ਪੰਚਾਇਤੀ ਚੋਣਾਂ ਲਈ ਸਰਕਾਰੀ ਸਰਗਰਮੀਆਂ ਸ਼ੁਰੂ ਹੋ ਗਈਆਂ ਹਨ। ਰਾਜ ਚੋਣ ਕਮਿਸ਼ਨ ਵੱਲੋਂ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰਾਂ ਨੂੰ ਅੰਤਿਮ ਵੋਟਰ ਸੂਚੀ ਤਿਆਰ ਕਰਨ ਦੇ ਹੁਕਮ ਦਿੱਤੇ ਗਏ ਹਨ।

ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਪਿੰਡਾਂ ਦੀ ਵਾਰਡਬੰਦੀ ਅਤੇ ਰਾਖਵੇਂਕਰਨ ਲਈ ਹਦਾਇਤਾਂ ਪਹਿਲਾਂ ਹੀ ਕਰ ਦਿੱਤੀਆਂ ਗਈਆਂ ਹਨ। ਸੂਬਾ ਸਰਕਾਰ ਨੇ ਪੰਚਾਇਤਾਂ ਦੀ ਮਿਆਦ ਖ਼ਤਮ ਹੋਣ ਤੋਂ ਕਰੀਬ ਛੇ ਮਹੀਨੇ ਪਹਿਲਾਂ ਹੀ 11 ਅਗਸਤ 2023 ਨੂੰ ਪੰਚਾਇਤਾਂ ਭੰਗ ਕਰ ਦਿੱਤੀਆਂ ਸਨ ਜਿਸ ਕਾਰਨ ਵਿਵਾਦ ਖੜ੍ਹਾ ਹੋ ਗਿਆ ਸੀ। ਇਹ ਮਾਮਲਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਪਹੁੰਚਣ ਤੋਂ ਬਾਅਦ ਰਾਜ ਸਰਕਾਰ ਨੇ ਇਸ 'ਤੇ ਯੂ-ਟਰਨ ਲੈ ਲਿਆ ਸੀ।

ਸੂਤਰਾਂ ਅਨੁਸਾਰ ਅਗਸਤ ਦੇ ਅੱਧ ਵਿਚ ਚੋਣ ਜ਼ਾਬਤਾ ਲੱਗ ਸਕਦਾ ਹੈ। ਪੰਚਾਇਤੀ ਰਾਜ ਐਕਟ ਮੁਤਾਬਕ ਗ੍ਰਾਮ ਪੰਚਾਇਤਾਂ ਦਾ ਕਾਰਜਕਾਲ ਪੰਜ ਸਾਲ ਹੈ ਅਤੇ ਕਾਰਜਕਾਲ ਖ਼ਤਮ ਹੋਣ ਤੋਂ ਪਹਿਲਾਂ ਚੋਣ ਹੋਣੀ ਲਾਜ਼ਮੀ ਹੈ। ਇਸ ਤੋਂ ਪਹਿਲਾਂ ਹੀ ਸਰਪੰਚ ਬਣਨ ਦੇ ਚਾਹਵਾਨਾਂ ਨੇ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ।



ਪੰਚਾਇਤਾਂ ਦੀ ਵਾਰਡਬੰਦੀ ਤੇ ਰਾਖਵੇਂਕਰਨ ਨੂੰ ਲੈ ਕੇ ਵੀ ਕਾਫ਼ੀ ਝਮੇਲੇ ਖੜ੍ਹੇ ਹੋ ਸਕਦੇ ਹਨ। ਇਹ ਚੋਣਾਂ ਸਤੰਬਰ ਵਿਚ ਹੋਣ ਦੀ ਸੰਭਾਵਨਾ ਹੈ। ਪੰਜਾਬ ਵਿਚ ਕੁੱਲ 13,241 ਗ੍ਰਾਮ ਪੰਚਾਇਤਾਂ, 153 ਬਲਾਕ ਸਮਿਤੀਆਂ ਅਤੇ 23 ਜ਼ਿਲ੍ਹਾ ਪਰਿਸ਼ਦਾਂ ਲਈ ਚੋਣਾਂ ਦੀ ਮਿਆਦ 31 ਦਸੰਬਰ 2023 ਨੂੰ ਖ਼ਤਮ ਹੋ ਚੁੱਕੀ ਹੈ। ਸੂਬੇ ਵਿੱਚ ਸਭ ਤੋਂ ਜ਼ਿਆਦਾ 1405 ਪੰਚਾਇਤਾਂ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਹਨ। ਜ਼ਿਲ੍ਹਾ ਪਟਿਆਲਾ ਵਿੱਚ 1022 ਪੰਚਾਇਤਾਂ ਹਨ।

ਪੇਂਡੂ ਤੇ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ 'ਆਪ' ਸਰਕਾਰ ਦੀ ਕਾਰਗੁਜ਼ਾਰੀ ਲਈ ਮੁੜ ਪਰਖ ਦਾ ਵੇਲਾ ਹੈ। ਇਸ ਤੋਂ ਇਲਾਵਾ ਸੂਬੇ 'ਚ ਗੁਆਚੀ ਸਿਆਸੀ ਜ਼ਮੀਨ ਤਲਾਸ਼ ਰਹੇ ਅਕਾਲੀ ਦਲ, ਕਾਂਗਰਸ ਤੇ ਭਾਜਪਾ ਲਈ ਇਹ ਚੋਣਾਂ ਵੱਡਾ ਇਮਤਿਹਾਨ ਸਾਬਤ ਹੋਣਗੀਆਂ।

# ਪਟਿਆਲਾ ਵਿਚ ਆਪਣੇ ਪੰਜ ਵਿਧਾਇਕਾਂ ਦੇ ਹਲਕਿਆਂ 'ਚ ਪਛੜੀ 'ਆਪ'

**ਪਟਿਆਲਾ:** ਲੋਕ ਸਭਾ ਚੋਣਾਂ ਦੇ ਨਤੀਜਿਆਂ ਮੁਤਾਬਕ ਸੱਤਾਧਾਰੀ ਧਿਰ 'ਆਪ' ਦੇ ਪਟਿਆਲਾ ਤੋਂ ਉਮੀਦਵਾਰ ਡਾ. ਬਲਬੀਰ ਸਿੰਘ (ਸਿਹਤ ਮੰਤਰੀ)ਨੇ ਭਾਵੇਂ ਜੇਤੂ ਰਹੇ ਕਾਂਗਰਸ ਉਮੀਦਵਾਰ ਡਾ. ਧਰਮਵੀਰ ਗਾਂਧੀ ਨੂੰ ਪੂਰੀ ਟੱਕਰ ਦਿੱਤੀ ਅਤੇ ਉਹ ਡਾ. ਗਾਂਧੀ ਕੋਲੋਂ 14,841 ਵੋਟਾਂ ਦੇ ਫ਼ਰਕ ਨਾਲ ਹੀ ਹਾਰੇ, ਪਰ ਪਟਿਆਲਾ ਸੰਸਦੀ ਸੀਟ ਵਿਚਲੇ ਸਾਰੇ ਨੌਂ ਵਿਧਾਨ ਸਭਾ ਹਲਕਿਆਂ ਵਿਚ 'ਆਪ' ਦੇ ਵਿਧਾਇਕ ਹੋਣ ਦੇ ਬਾਵਜੂਦ ਉਹ ਪੰਜ ਵਿਧਾਨ ਸਭਾਈ ਹਲਕਿਆਂ ਵਿਚੋਂ ਹਾਰ ਗਏ ਹਨ। ਜੇ ਅਜਿਹਾ ਨਾ ਹੁੰਦਾ ਤਾਂ ਉਹ ਐਮਪੀ ਵੀ ਬਣ ਸਕਦੇ ਸਨ।



ਜਾਣਕਾਰੀ ਅਨੁਸਾਰ ਉਨ੍ਹਾਂ ਆਪਣੇ ਹਲਕੇ ਪਟਿਆਲਾ ਦਿਹਾਤੀ ਵਿਚੋਂ ਲੀਡ ਹਾਸਲ ਕੀਤੀ ਹੈ ਜਿਸ ਦੌਰਾਨ ਉਨ੍ਹਾਂ ਨੂੰ 37,446 ਵੋਟਾਂ ਪਈਆਂ ਜਦਕਿ ਕਾਂਗਰਸ ਦੇ ਡਾ. ਧਰਮਵੀਰ ਗਾਂਧੀ ਨੂੰ 34,985 ਤੇ ਭਾਜਪਾ ਦੀ ਪ੍ਰਨੀਤ ਕੌਰ ਨੂੰ 30,320 ਵੋਟਾਂ ਪਈਆਂ। ਘਨੌਰ ਹਲਕੇ ਵਿਚ ਡਾ. ਧਰਮਵੀਰ ਗਾਂਧੀ ਨੂੰ ਸਭ ਤੋਂ ਵੱਧ 37,633 ਵੋਟਾਂ ਮਿਲੀਆਂ ਜਦਕਿ ਡਾ. ਬਲਬੀਰ ਸਿੰਘ ਨੂੰ 28,543 ਤੇ ਪ੍ਰਨੀਤ ਕੌਰ ਨੂੰ 14,764 ਵੋਟਾਂ ਮਿਲੀਆਂ। ਹਲਕਾ ਨਾਭਾ ਵਿਚ ਵੀ 'ਆਪ' ਉਮੀਦਵਾਰ ਪਿੱਛੇ ਰਿਹਾ, ਕਿਉਂਕਿ ਇੱਥੋਂ ਡਾ. ਧਰਮਵੀਰ ਗਾਂਧੀ 36,230, ਡਾ. ਬਲਬੀਰ ਨੂੰ 32,577 ਜਦਕਿ ਪ੍ਰਨੀਤ ਕੌਰ ਨੂੰ 22,198 ਨੂੰ ਵੋਟਾਂ ਮਿਲੀਆਂ। ਉਂਝ, ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੇ ਹਲਕਾ ਸਨੌਰ ਵਿਚ ਡਾ. ਬਲਬੀਰ ਸਿੰਘ ਮੋਹਰੀ ਰਹੇ, ਜਿਨ੍ਹਾਂ ਨੂੰ 43,048 ਵੋਟਾਂ ਪਈਆਂ ਜਦਕਿ ਡਾ. ਧਰਮਵੀਰ ਗਾਂਧੀ ਨੂੰ 37,846 ਤੇ ਪ੍ਰਨੀਤ ਕੌਰ ਨੂੰ 25670 ਵੋਟਾਂ ਪਈਆਂ। ਸਮਾਣਾ ਵਿਚ ਡਾ. ਬਲਬੀਰ ਸਿੰਘ ਨੇ 36,141 ਵੋਟਾਂ ਹਾਸਲ ਕਰਦਿਆਂ ਲੀਡ ਲਈ ਜਦਕਿ ਇੱਥੋਂ ਡਾ. ਧਰਮਵੀਰ ਗਾਂਧੀ ਨੂੰ 28,937 ਤੇ ਪ੍ਰਨੀਤ ਕੌਰ ਨੂੰ 26,387 ਵੋਟਾਂ ਪਈਆਂ। ਸ਼ੁਤਰਾਣਾ ਹਲਕੇ ਵਿਚ ਵੀ ਡਾ.ਬਲਬੀਰ ਸਿੰਘ ਮੋਹਰੀ ਰਹੇ, ਜਿਨ੍ਹਾਂ ਨੂੰ 32,499, ਡਾ. ਧਰਮਵੀਰ ਗਾਂਧੀ ਨੂੰ 2,735 ਤੇ ਪ੍ਰਨੀਤ ਕੌਰ ਨੂੰ 24,501 ਵੋਟਾਂ ਪਈਆਂ।

'ਆਪ' ਉਮੀਦਵਾਰ ਨੂੰ ਹਾਰ ਦੇਣ ਵਾਲੇ ਹਲਕਿਆਂ ਵਿਚੋਂ ਵਿਧਾਇਕ ਅਜੀਤਪਾਲ ਕੋਹਲੀ ਦੇ ਪਟਿਆਲਾ ਸ਼ਹਿਰੀ ਹਲਕੇ ਵਿਚੋਂ ਪ੍ਰਨੀਤ ਕੌਰ ਨੂੰ ਸਭ ਤੋਂ ਵੱਧ 41,548 ਵੋਟਾਂ ਮਿਲੀਆਂ ਜਦਕਿ 23,035 ਵੋਟਾਂ ਨਾਲ ਦੂਜਾ ਨੰਬਰ ਡਾ. ਧਰਮਵੀਰ ਗਾਂਧੀ ਦਾ ਰਿਹਾ ਜਦਕਿ ਡਾ. ਬਲਬੀਰ 21,105 ਵੋਟਾਂ ਨਾਲ ਤੀਜੇ ਨੰਬਰ 'ਤੇ ਰਹੇ। ਰਾਜਪੁਰਾ ਵਿਚ ਪ੍ਰਨੀਤ ਕੌਰ ਨੂੰ ਸਭ ਤੋਂ ਵੱਧ 37,340 ਵੋਟ ਮਿਲੇ ਜਦਕਿ ਡਾ. ਧਰਮਵੀਰ ਗਾਂਧੀ ਨੂੰ 32,032 ਤੇ ਡਾ. ਬਲਬੀਰ ਸਿੰਘ ਨੂੰ 22,336 ਵੋਟਾਂ ਪਈਆਂ। ਡੇਰਾਬਸੀ ਹਲਕੇ ਵਿਚੋਂ ਵੀ ਪ੍ਰਨੀਤ ਕੌਰ ਨੇ ਹੀ ਸਭ ਤੋਂ ਵੱਧ 65,742 ਵੋਟਾਂ ਹਾਸਲ ਕਰਦਿਆਂ ਬਾਕੀਆਂ ਨੂੰ ਪਛਾੜ ਦਿੱਤਾ। ਇੱਥੋਂ ਡਾ. ਧਰਮਵੀਰ ਗਾਂਧੀ 46,621 ਵੋਟਾਂ ਨਾਲ ਦੂਜੇ ਅਤੇ ਡਾ. ਬਲਬੀਰ ਸਿੰਘ 36,390 ਵੋਟਾਂ ਨਾਲ ਤੀਜੇ ਸਥਾਨ 'ਤੇ ਰਹੇ।

## ਲੋਕਾਂ ਨੇ ਮੋਦੀ ਤੇ ਮਾਨ ਨਕਾਰੇ: ਬਾਜਵਾ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਵਿਚ 'ਆਪ' ਨੂੰ ਸਿਰਫ਼ ਤਿੰਨ ਸੀਟਾਂ 'ਤੇ ਜਿੱਤ ਮਿਲੀ ਹੈ, ਜਿਸ ਕਰਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੇ ਕੌਮੀ ਪੱਧਰ 'ਤੇ ਨਰਿੰਦਰ ਮੋਦੀ ਅਤੇ ਪੰਜਾਬ ਵਿਚ ਭਗਵੰਤ ਮਾਨ ਨੂੰ ਨਕਾਰਦਿਆਂ ਕਾਂਗਰਸ ਦੇ ਹੱਕ ਵਿਚ ਫ਼ਤਵਾ ਦਿੱਤਾ ਹੈ। ਕਾਂਗਰਸ ਪਾਰਟੀ ਆਉਣ ਵਾਲੇ ਸਮੇਂ ਵਿਚ ਠੋਸ ਰਣਨੀਤੀ ਤਹਿਤ ਕੰਮ ਕਰੇਗੀ ਅਤੇ ਲੋਕਾਂ ਦੇ ਭਰੋਸੇ ਨਾਲ ਆਗਾਮੀ ਚੋਣਾਂ ਵਿਚ ਵੀ ਜਿੱਤ ਹਾਸਲ ਕਰੇਗੀ।

# ਪੰਜਾਬ ਟਾਈਮਜ਼

*ਸ਼ਨਿਚਰਵਾਰ, 15 ਜੂਨ, 2024*


# ਨਵਾਂ ਸਿਆਸੀ ਮੋੜ

*ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੂੰ ਇਕੱਲਿਆਂ ਪੂਰਨ ਬਹੁਮਤ ਨਾ ਮਿਲਣ ਕਾਰਨ ਮੁਲਕ ਦੀ ਸਿਆਸਤ ਵਿਚ ਮੋੜਾ ਆਉਣ ਦੀ ਭਵਿੱਖਬਾਣੀ ਕੀਤੀ ਜਾਣ ਲੱਗੀ ਹੈ। ਪਹਿਲਾਂ 2014 ਅਤੇ ਫਿਰ 2019 ਵਾਲੀਆਂ ਚੋਣਾਂ ਦੌਰਾਨ ਭਾਰਤੀ ਜਨਤਾ ਪਾਰਟੀ ਨੂੰ ਇਕੱਲਿਆਂ ਪੂਰਨ ਮਿਲਿਆ ਸੀ ਅਤੇ ਇਨ੍ਹਾਂ ਦਸਾਂ ਸਾਲਾਂ ਦੌਰਾਨ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਿਆਸੀ ਸਰਪ੍ਰਸਤ, ਕੱਟੜ ਹਿੰਦੂ ਜਥੇਬੰਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਨੇ ਚੰਮ ਦੀਆਂ ਚਲਾਈਆਂ ਸਨ। ਇਸ ਸਮੇਂ ਦੌਰਾਨ ਵਿਰੋਧੀ ਧਿਰ ਦੇ ਆਗੂਆਂ ਨੂੰ ਵੱਡੇ ਪੱਧਰ 'ਤੇ ਰਗੜੇ ਲਾਏ ਗਏ ਅਤੇ ਐੱਨ.ਡੀ.ਏ. ਦੀਆਂ ਭਾਈਵਾਲ ਪਾਰਟੀਆਂ ਨੂੰ ਉੱਕਾ ਹੀ ਦਰਕਿਨਾਰ ਕਰ ਦਿੱਤਾ ਗਿਆ ਸੀ। ਇਹੀ ਨਹੀਂ, ਇਕ-ਇਕ ਕਰ ਕੇ ਸਭ ਖੁਦਮੁਖਤਾਰ ਸੰਸਥਾਵਾਂ ਮੋਦੀ ਸਰਕਾਰ ਨੇ ਆਪਣੇ ਕੰਟਰੋਲ ਹੇਠ ਕਰ ਲਈਆਂ ਸਨ। ਅਦਾਲਤਾਂ ਅਤੇ ਜੱਜਾਂ ਤੱਕ ਨੂੰ ਸਖਤ ਸੁਨੇਹੇ ਭੇਜੇ ਜਾਣ ਲੱਗੇ ਸਨ। ਹੁਣ ਭਾਵੇਂ ਨਰਿੰਦਰ ਮੋਦੀ ਨੇ ਤੀਜੀ ਵਾਰ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ ਪਰ ਇਸ ਵਾਰ ਉਸ ਨੂੰ ਆਪਣੇ ਭਾਈਵਾਲਾਂ ਉਤੇ ਨਿਰਭਰ ਕਰਨਾ ਪੈ ਰਿਹਾ ਹੈ। ਇਸ ਲਈ ਆਸ ਕੀਤੀ ਜਾ ਰਹੀ ਹੈ ਕਿ ਹੁਣ ਉਹ ਹਿੰਦੂ ਰਾਸ਼ਟਰ ਵਾਲਾ ਏਜੰਡਾ ਪਹਿਲਾਂ ਵਰਗੀ ਸਖਤੀ ਨਾਲ ਲਾਗੂ ਨਹੀਂ ਕਰ ਸਕਣਗੇ ਅਤੇ ਨਾ ਹੀ ਮਰਜ਼ੀ ਮੁਤਾਬਿਕ ਸੰਵਿਧਾਨ ਵਿਚ ਸੋਧਾਂ ਕਰ ਸਕਣਗੇ। ਭਾਰਤੀ ਜਨਤਾ ਪਾਰਟੀ ਚਿਰਾਂ ਤੋਂ ਕਾਂਗਰਸ-ਮੁਕਤ ਭਾਰਤ ਦੇ ਹੋਕਰੇ ਲਾ ਰਹੀ ਸੀ ਪਰ ਐਤਕੀਂ ਕਾਂਗਰਸ ਨੇ ਲੋਕ ਸਭਾ ਵਿਚ ਚੰਗੀ ਵਾਪਸੀ ਕਰ ਕੇ ਇਸ ਦਾ ਮੂੰਹ ਬੰਦ ਕਰ ਦਿੱਤਾ ਹੈ। ਇਸੇ ਕਰਕੇ ਭਾਰਤੀ ਜਨਤਾ ਪਾਰਟੀ ਨੂੰ ਇਕੱਲਿਆਂ ਬਹੁਮਤ ਨਾ ਮਿਲਣ ਨੂੰ ਭਾਰਤ ਦੇ ਲੋਕਤੰਤਰ ਲਈ ਚੰਗੀ ਖ਼ਬਰ ਕਿਹਾ ਜਾ ਰਿਹਾ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਹੁਣ ਭਾਰਤੀ ਜਨਤਾ ਪਾਰਟੀ ਤਾਨਾਸ਼ਾਹੀ ਵਾਲਾ ਵਿਹਾਰ ਅਖ਼ਤਿਆਰ ਨਹੀਂ ਕਰ ਸਕੇਗੀ।*

*ਲੋਕ ਸਭਾ ਨਤੀਜਿਆਂ ਦੇ ਗੁਆਂਢੀ ਮੁਲਕਾਂ ਨਾਲ ਵਿਹਾਰ ਵਿਚ ਵੀ ਅਸਰ ਪੈਣ ਦੇ ਆਸਾਰ ਦੱਸੇ ਜਾ ਰਹੇ ਹਨ। ਮੋਦੀ ਨੇ ਆਪਣੇ ਸਹੁੰ ਚੁੱਕ ਸਮਾਗਮ ਵਿਚ ਭਾਵੇਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੂੰ ਸੱਦਾ ਨਹੀਂ ਭੇਜਿਆ ਪਰ ਉਨ੍ਹਾਂ ਵੱਲੋਂ ਮੋਦੀ ਨੂੰ ਵਧਾਈ ਦਿੱਤੇ ਜਾਣ ਤੋਂ ਬਾਅਦ ਦੋਹਾਂ ਮੁਲਕਾਂ ਵਿਚ ਕਈ ਚਿਰ ਤੋਂ ਆਈ ਖੜੋਤ ਟੁੱਟਣ ਦੀਆਂ ਕਿਆਸਆਰਾਈਆਂ ਹਨ। ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਵਜੋਂ ਦੂਜੀ ਵਾਰ ਅਹੁਦਾ ਸੰਭਾਲਦਿਆਂ ਐੱਸ. ਜੈਸ਼ੰਕਰ ਨੇ ਪਾਕਿਸਤਾਨ ਦੇ ਹਵਾਲੇ ਨਾਲ ਆਖਿਆ ਹੈ ਕਿ ਭਾਰਤ ਸਰਹੱਦ ਪਾਰ ਦਹਿਸ਼ਤਵਾਦ ਦਾ ਹੱਲ ਲੱਭਣਾ ਚਾਹੁੰਦਾ ਹੈ। ਜੈਸ਼ੰਕਰ ਦਾ ਇਹ ਬਿਆਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਅਤੇ ਉਨ੍ਹਾਂ ਦੇ ਵੱਡੇ ਭਰਾ ਤੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਵੱਲੋਂ ਨਰਿੰਦਰ ਮੋਦੀ ਨੂੰ ਤੀਜੀ ਵਾਰ ਭਾਰਤ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣ 'ਤੇ ਵਧਾਈ ਸੰਦੇਸ਼ ਦੇਣ ਤੋਂ ਬਾਅਦ ਆਇਆ ਹੈ। ਚੇਤੇ ਰਹੇ ਕਿ ਪਾਕਿਸਤਾਨ ਦੀ ਹਰ ਸਰਕਾਰ ਉਤੇ ਫੌਜ ਦਾ ਪ੍ਰਛਾਵਾਂ ਰਹਿੰਦਾ ਹੈ ਪਰ ਪਿਛਲੇ ਕੁਝ ਸਮੇਂ ਤੋਂ ਭਾਰਤ ਬਾਰੇ ਪਾਕਿਸਤਾਨੀ ਫੌਜ ਦੀ ਸੋਚ ਅਤੇ ਪਹੁੰਚ ਵਿਚ ਵੱਡੀ ਤਬਦੀਲੀ ਦੇਖਣ ਨੂੰ ਮਿਲੀ ਹੈ। ਪਾਕਿਸਤਾਨੀ ਫੌਜ ਹੁਣ ਭਾਰਤ ਨਾਲ ਤਾਲਮੇਲ ਚਾਹੁੰਦੀ ਹੈ ਪਰ ਤ੍ਰਾਸਦੀ ਇਹ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਅੱਧੀ ਸਿਆਸਤ ਤਾਂ ਪਾਕਿਸਤਾਨ ਖ਼ਿਲਾਫ ਲੋਕਾਂ ਨੂੰ ਭੜਕਾ ਕੇ ਚੱਲਦੀ ਹੈ। ਦੂਜੇ ਬੰਨੇ, ਅੱਜ ਪਾਕਿਸਤਾਨ ਆਰਥਿਕ, ਸਿਆਸੀ ਅਤੇ ਸਮਾਜਿਕ ਤੌਰ 'ਤੇ ਇੰਨਾ ਫਸਿਆ ਹੋਇਆ ਹੈ ਕਿ ਇਹ ਹੁਣ ਹਰ ਹਾਲ ਭਾਰਤ ਨਾਲ ਤਾਲਮੇਲ ਦਾ ਇੱਛੁਕ ਹੈ। ਪਾਕਿਸਤਾਨ ਆਰਥਿਕ ਪੱਖੋਂ ਬੁਰੇ ਹਾਲੀਂ ਹੈ ਅਤੇ ਸਿਆਸੀ ਅਸਥਿਰਤਾ ਕਾਰਨ ਮੁਲਕ ਵਿਚ ਅਫਰਾ-ਤਫਰੀ ਵਾਲਾ ਮਾਹੌਲ ਹੈ। ਜਦੋਂ ਤੋਂ ਫੌਜ ਨੇ ਇਮਰਾਨ ਖਾਨ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਲਾਹਿਆ ਹੈ, ਲੋਕ ਸੜਕਾਂ ਉਤੇ ਲਗਾਤਾਰ ਧਰਨੇ ਮੁਜ਼ਾਹਰੇ ਕਰ ਰਹੇ ਹਨ। ਅਜਿਹੇ ਹਾਲਾਤ ਵਿਚ ਸੰਭਵ ਹੈ ਕਿ ਆਉਣ ਵਾਲੇ ਸਾਲਾਂ ਦੌਰਾਨ ਦੋਹਾਂ ਮੁਲਕਾਂ ਵਿਚਕਾਰ ਕੋਈ ਤਾਲਮੇਲ ਬਣੇ।*

*ਇਨ੍ਹਾਂ ਚੋਣ ਨਤੀਜਿਆਂ ਦਾ ਪੰਜਾਬ ਉਤੇ ਵੀ ਅਸਰ ਪੈਣ ਬਾਰੇ ਵਿਚਾਰ ਪ੍ਰਗਟਾਏ ਜਾ ਰਹੇ ਹਨ। ਪੰਜਾਬ ਵਿਚ ਭਾਵੇਂ ਭਾਰਤੀ ਜਨਤਾ ਪਾਰਟੀ ਇਕ ਵੀ ਸੀਟ ਨਹੀਂ ਜਿੱਤ ਸਕੀ ਪਰ ਇਸ ਦਾ ਵੋਟ ਸ਼ੇਅਰ ਪਹਿਲਾਂ ਦੇ ਮੁਕਾਬਲੇ ਕਾਫੀ ਵਧਿਆ ਹੈ। ਇਸ ਦੀ ਕਾਰਗੁਜ਼ਾਰੀ ਅਕਾਲੀ ਦਲ ਨਾਲੋਂ ਕਿਤੇ ਬਿਹਤਰ ਰਹੀ ਹੈ। ਇਸ ਨੂੰ ਕੁੱਲ 18.56 ਫੀਸਦ ਵੋਟਾਂ ਮਿਲੀਆਂ ਜਦਕਿ ਅਕਾਲੀ ਦਲ ਸਿਰਫ 13.42 ਫੀਸਦ ਵੋਟਾਂ ਹੀ ਲੈ ਸਕਿਆ ਹੈ ਹਾਲਾਂਕਿ ਅਕਾਲੀ ਦਲ ਨੇ ਇਕ ਸੀਟ 'ਤੇ ਜਿੱਤ ਦਰਜ ਕੀਤੀ ਹੈ। ਉਂਝ, ਅਕਾਲੀ ਦਲ ਲਈ ਮਾੜੀ ਖਬਰ ਇਹ ਹੈ ਕਿ ਇਸ ਦੇ ਕੁੱਲ 13 ਵਿਚੋਂ 11 ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਹਨ। ਉਧਰ, ਅਕਾਲੀ ਦਲ ਦਾ ਸ਼ਰੀਕ ਅੰਮ੍ਰਿਤਪਾਲ ਸਿੰਘ ਬਹੁਤ ਵੱਡੇ ਫਰਕ ਨਾਲ ਜੇਤੂ ਰਿਹਾ ਹੈ। ਇਨ੍ਹਾਂ ਚੋਣਾਂ ਵਿਚ ਬੇਹੱਦ ਮਾੜੀ ਕਾਰਗੁਜ਼ਾਰੀ ਕਰ ਕੇ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨਗੀ ਛੱਡਣ ਲਈ ਦਬਾਅ ਝੱਲਣਾ ਪੈ ਰਿਹਾ ਹੈ। ਸਿਆਸੀ ਮਾਹਿਰ ਵੀ ਇਹੀ ਕਹਿ ਰਹੇ ਹਨ ਕਿ ਜਿੰਨਾ ਚਿਰ ਅਕਾਲੀ ਦਲ ਨੂੰ ਬਾਦਲ ਪਰਿਵਾਰ ਤੋਂ ਮੁਕਤ ਨਹੀਂ ਕਰਵਾਇਆ ਜਾਂਦਾ, ਦਲ ਦੀ ਪੁਨਰ-ਸੁਰਜੀਤੀ ਮੁਸ਼ਕਿਲ ਹੈ। ਇਹੀ ਹਾਲ ਪੰਜਾਬ ਵਿਚ ਸੱਤਾਧਾਰੀ ਆਮ ਆਦਮੀ ਪਾਰਟੀ ਦਾ ਹੈ। ਇਹ ਪਾਰਟੀ ਢਾਈ ਸਾਲ ਪਹਿਲਾਂ 92 ਵਿਧਾਨ ਸਭਾ ਹਲਕੇ ਜਿੱਤ ਕੇ ਸੱਤਾ ਵਿਚ ਆਈ ਸੀ। ਪਹਿਲਾਂ ਤਾਂ ਇਸ ਨੂੰ ਸੰਗਰੂਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਵਿਚ ਪਛਾੜ ਵੱਜੀ ਜੋ ਭਗਵੰਤ ਮਾਨ ਦੇ ਅਸਤੀਫੇ ਕਾਰਨ ਖਾਲੀ ਹੋਈ ਸੀ। ਹੁਣ ਲੋਕ ਸਭਾ ਚੋਣਾਂ ਵਿਚ ਇਸ ਨੂੰ ਸਿਰਫ ਤਿੰਨ ਸੀਟਾਂ ਹੀ ਮਿਲ ਸਕੀਆਂ ਜਦਕਿ ਦਾਅਵੇ 13 ਦੀਆਂ 13 ਸੀਟਾਂ ਜਿੱਤਣ ਦੇ ਸਨ। ਹੁਣ ਦੇਖਣਾ ਇਹ ਹੈ ਕਿ ਪੰਜਾਬ ਵਿਚ ਅਕਾਲੀ ਦਲ ਦੀ ਥਾਂ ਕੌਣ ਮੱਲੇਗਾ; ਪੰਜਾਬ ਦੀ ਸਿਆਸਤ 'ਤੇ ਇਸ ਦਾ ਤਕੜਾ ਪ੍ਰਭਾਵ ਪਵੇਗਾ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮਹਿੰਗੀ ਜਿੱਤ ਬਠਿੰਡੇ ਦੀ*

ਤੇਰਾਂ-ਜ਼ੀਰੋ ਮੁਹਾਰਨੀ ਗਾਉਂਦਿਆਂ ਵੀ 'ਆਪ' ਵਾਲ਼ਿਆਂ ਨਾਲ਼ ਘਤਿੱਤ ਹੋਈ।
ਪੰਜਾ ਸੱਤ ਥਾਂ ਜਿੱਤਿਆ ਕਮਲ ਦੀ ਵੀ ਵੋਟਾਂ ਲੈਣ ਵਿਚ ਜਿੱਤ 'ਕਥਿਤ' ਹੋਈ।
'ਬਾਦਲ' ਨਾਮ ਤੋਂ ਚਿੜ੍ਹ ਪੰਜਾਬੀਆਂ ਨੂੰ ਕਈ ਸਾਲਾਂ ਤੋਂ ਚਰਚਾ ਇਹ ਨਿੱਤ ਹੋਈ।
ਚਾਹੁੰਦੇ ਹਾਲੇ ਵੀ ਸਾਂਝ ਉਸ ਪਾਰਟੀ ਦੀ ਖਾਵੇ ਉਹਨੂੰ ਹੀ ਜਿਹਦੀ ਉਹ ਮਿੱਤ ਹੋਈ।
ਦਸੀਂ ਥਾਈਂ 'ਜ਼ਮਾਨਤਾਂ ਜ਼ਬਤ' ਹੋਈਆਂ 'ਪੰਥਕ ਪਾਰਟੀ' ਹੁੰਦਿਆਂ 'ਚਿੱਤ' ਹੋਈ।
ਇਹ ਤਾਂ ਬਾਦਲ ਪਰਿਵਾਰ ਹੀ ਜਾਣਦਾ ਏ 'ਮਹਿੰਗੀ' ਕਿੰਨੀ ਬਠਿੰਡੇ ਦੀ ਜਿੱਤ ਹੋਈ!

# ਕੀ ਕਹਿੰਦੇ ਹਨ ਪੰਜਾਬ ਦੇ ਹਾਲੀਆ ਚੋਣ ਨਤੀਜੇ

## ਵੋਟਰਾਂ ਨੇ 'ਆਪ' ਸਰਕਾਰ ਨੂੰ ਝਟਕਾ ਦਿੱਤਾ

ਲੰਘੇ ਐਤਵਾਰ ਭਾਵੇਂ ਨਰਿੰਦਰ ਮੋਦੀ ਨੇ ਚੰਦਰ ਬਾਬੂ ਨਾਇਡੂ, ਨਿਤੀਸ਼ ਕੁਮਾਰ ਵਰਗੇ ਪਲਟੀਮਾਰਾਂ ਨਾਲ ਜੋੜ-ਤੋੜ ਕਰ ਕੇ ਤੀਜੀ ਵਾਰ ਪ੍ਰਧਾਨ ਮੰਤਰੀ ਦੀ ਕੁਰਸੀ ਹਾਸਿਲ ਕਰ ਲਈ ਪਰ ਇਹ ਚੋਣ ਨਤੀਜੇ ਕਈ ਪੱਖਾਂ ਤੋਂ ਦਿਲਚਸਪ ਰਹੇ ਹਨ। ਇਨ੍ਹਾਂ ਚੋਣ ਨਤੀਜਿਆਂ ਨੇ ਜਿੱਥੇ ਦੇਸ਼ ਭਰ ਵਿਚ ਮੋਦੀ-ਸ਼ਾਹ ਜੋੜੀ ਦੇ 'ਅਬ ਕੀ ਵਾਰ, 400 ਪਾਰ' ਦੇ ਨਾਅਰੇ ਦੀ ਫੂਕ ਕੱਢ ਦਿੱਤੀ ਹੈ, ਉੱਥੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ '13-0' ਵਾਲੇ ਸੁਫਨੇ ਅੱਗਿਓਂ 1 ਕੱਟ ਦਿੱਤਾ ਹੈ।

ਪੰਜਾਬ ਦੇ ਚੋਣ ਨਤੀਜਿਆਂ ਤੋਂ ਜ਼ਾਹਿਰ ਹੁੰਦਾ ਹੈ ਕਿ ਲੋਕਾਂ ਦਾ ਬਾਕੀ ਹਾਕਮ ਜਮਾਤਾਂ ਪਾਰਟੀਆਂ ਵਾਂਗ ਪਿਛਲੇ ਢਾਈ ਸਾਲਾਂ ਵਿਚ 'ਆਪ' ਤੋਂ ਮੋਹ ਭੰਗ ਹੋ ਗਿਆ ਹੈ। 'ਆਪ' ਨੇ ਲੋਕ ਸਭਾ ਚੋਣਾਂ ਦੀਆਂ ਟਿਕਟਾਂ ਕਿਸੇ ਆਮ ਆਦਮੀ ਨੂੰ ਦੇਣ ਦੀ ਬਜਾਇ ਪੰਜ ਕੈਬਨਿਟ ਮੰਤਰੀਆਂ, ਤਿੰਨ ਵਿਧਾਇਕਾਂ, ਕਾਂਗਰਸ ਦੇ ਇਕ ਮੌਜੂਦਾ ਤੇ ਇਕ ਸਾਬਕਾ ਵਿਧਾਇਕ, ਇਕ ਸਾਬਕਾ ਅਕਾਲੀ ਵਿਧਾਇਕ, ਇਕ ਕਲਾਕਾਰ, ਇਕ ਭਾਜਪਾ ਪਿਛੋਕੜ ਵਾਲੇ ਆਗੂ ਨੂੰ ਉਮੀਦਵਾਰ ਬਣਾਇਆ ਸੀ।




**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com


ਅਜਿਹੇ ਚਿਹਰਿਆਂ ਨੂੰ ਚੋਣ ਮੈਦਾਨ ਵਿਚ ਉਤਾਰਨ ਵਾਲੀ ਪਾਰਟੀ ਦਾ ਸਿਰਫ ਤਿੰਨ ਸੀਟਾਂ ਤੱਕ ਸਿਮਟ ਜਾਣਾ ਪਾਰਟੀ ਦੇ ਡਿੱਗੇ ਗ੍ਰਾਫ ਨੂੰ ਦਰਸਾਉਂਦਾ ਹੈ। ਜੇ ਢਾਈ ਸਾਲ ਦੀ ਸੱਤਾ ਬਾਅਦ ਹੀ 'ਆਪ' ਦੇ ਅੱਠ ਕੈਬਨਿਟ ਮੰਤਰੀਆਂ ਦੇ ਅਸੈਂਬਲੀ ਹਲਕਿਆਂ ਵਿਚ ਪਾਰਟੀ ਪਛੜ ਗਈ ਹੈ ਤਾਂ ਇਹ ਮੰਤਰੀਆਂ ਦੀ ਕਾਰਗੁਜ਼ਾਰੀ ਉੱਪਰ ਗੰਭੀਰ ਸਵਾਲ ਖੜ੍ਹਾ ਕਰਦਾ ਹੈ। 2022 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ 'ਆਪ' ਨੂੰ 92 ਵਿਧਾਨ ਸਭਾ ਹਲਕਿਆਂ ਵਿਚ ਜਿੱਤ ਮਿਲੀ ਸੀ ਪਰ ਹੁਣ ਮਹਿਜ਼ 33 ਵਿਧਾਨ ਸਭਾ ਹਲਕਿਆਂ ਵਿਚ ਲੀਡ ਮਿਲੀ ਹੈ। ਬਠਿੰਡਾ ਤੋਂ ਚੋਣ ਲੜੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਆਪਣੇ ਹਲਕੇ ਲੰਬੀ ਤੋਂ ਪਛੜ ਗਏ ਹਨ। ਖਡੂਰ ਸਾਹਿਬ ਤੋਂ ਚੋਣ ਲੜੇ ਪੰਚਾਇਤ ਮੰਤਰੀ ਲਾਲਜੀਤ ਸਿੰਘ ਭੁੱਲਰ ਆਪਣੇ ਹਲਕੇ ਪੱਟੀ ਤੋਂ ਦੂਜੇ ਨੰਬਰ 'ਤੇ ਪਛੜ ਗਏ। ਪਟਿਆਲਾ ਤੋਂ ਚੋਣ ਲੜੇ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ, ਪਟਿਆਲਾ ਦੇ ਪੰਜ ਵਿਧਾਨ ਸਭਾ ਹਲਕਿਆਂ ਤੋਂ ਪਛੜ ਗਏ।

ਨੋਟ ਕਰਨ ਵਾਲੀ ਗੱਲ ਇਹ ਹੈ ਕਿ ਇਤਿਹਾਸਕ ਕਿਸਾਨ ਅੰਦੋਲਨ ਕਾਰਨ ਸੂਬੇ ਦੇ ਲੋਕਾਂ ਦਾ ਚੇਤਨਾ ਪੱਧਰ ਵਧਿਆ ਹੈ। ਰਵਾਇਤੀ ਪਾਰਟੀਆਂ ਤੋਂ ਅੱਕੇ ਪੰਜਾਬੀਆਂ ਨੂੰ ਜਦ 'ਆਪ' ਦੇ ਰੂਪ ਵਿਚ ਨਵਾਂ ਰਾਹ ਦਿਖਾਈ ਦਿੱਤਾ ਤਾਂ ਉਹ ਇਸ ਪਾਸੇ ਤੁਰੇ ਲੇਕਿਨ ਹੁਣ ਮਹਿਜ਼ ਢਾਈ ਸਾਲ ਵਿਚ ਲੋਕਾਂ ਦਾ 'ਆਪ' ਤੋਂ ਮੋਹ ਭੰਗ ਹੋ ਗਿਆ ਹੈ। ਹੁਣ ਜਦ ਪੰਜਾਬੀਆਂ ਨੂੰ ਮਹਿਸੂਸ ਹੋਇਆ ਕਿ 'ਬਦਲਾਅ' ਦੇ ਨਾਮ ਹੇਠ ਸਿਰਫ ਚਿਹਰੇ ਬਦਲੇ ਹਨ ਤਾਂ ਲੋਕ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਨੂੰ ਵੀ ਦੂਜੀਆਂ ਹਾਕਮ ਜਮਾਤ ਪਾਰਟੀਆਂ ਦੇ ਬਰਾਬਰ ਲਿਆ ਖੜ੍ਹਾ ਕਰ ਦਿੱਤਾ। ਇਨ੍ਹਾਂ ਪਾਰਟੀਆਂ ਤੋਂ ਲੋਕ ਇਸ ਕਦਰ ਅੱਕ ਚੁੱਕੇ ਹਨ ਕਿ ਸਰਕਾਰਾਂ, ਚੋਣ ਕਮਿਸ਼ਨ, ਬੀ.ਐਲ.ਓ., ਕਈ ਐਨ.ਜੀ.ਓ. ਵੱਲੋਂ ਜ਼ੋਰ ਲਾਉਣ ਦੇ ਬਾਵਜੂਦ ਵੋਟ ਫੀਸਦ ਪਹਿਲਾਂ ਦੇ ਮੁਕਾਬਲੇ ਘਟੀ ਹੈ। ਸੂਬੇ ਦੇ ਤੀਜੇ ਹਿੱਸੇ ਤੋਂ ਵੱਧ ਵੋਟਰ ਤਾਂ ਵੋਟ ਪਾਉਣ ਹੀ ਨਹੀਂ ਗਏ ਤੇ ਜਿਹੜੇ ਗਏ, ਉਨ੍ਹਾਂ ਵਿਚੋਂ 67158 ਵੋਟਰ 'ਨੋਟਾ' ਦਾ ਬਟਨ ਦੱਬ ਕੇ ਆਏ।

ਕਾਂਗਰਸ ਨੇ ਪੰਜਾਬ ਦੀਆਂ ਸੱਤ ਵਿਧਾਨ ਸਭਾ ਸੀਟਾਂ ਜ਼ਰੂਰ ਜਿੱਤ ਲਈਆਂ ਪਰ ਇਸ ਦਾ ਮਤਲਬ ਇਹ ਨਹੀਂ ਕਿ ਪੰਜਾਬ ਵਿਚ ਕਾਂਗਰਸ ਦੇ ਪੱਖ ਵਿਚ ਕੋਈ ਲਹਿਰ ਸੀ ਜਾਂ ਕਾਂਗਰਸ ਦੀ ਚੋਣ ਰਣਨੀਤੀ ਚੰਗੀ ਸੀ। ਕਾਂਗਰਸ ਨੂੰ 26.30 ਫ਼ੀਸਦੀ ਵੋਟਾਂ ਪਈਆਂ ਹਨ ਜੋ 'ਆਪ' ਨੂੰ ਪਈਆਂ 26.02 ਫ਼ੀਸਦੀ ਵੋਟਾਂ ਤੋਂ ਮਹਿਜ਼ 0.28 ਫੀਸਦ ਵੱਧ ਹਨ। ਪੰਜਾਬ ਵਿਚ ਕਾਂਗਰਸ ਦੀ ਸੂਬਾ ਲੀਡਰਸ਼ਿਪ ਦੀ ਚੋਣ ਰਣਨੀਤੀ ਵਿਚੋਂ ਸਿਆਸੀ ਮੌਕਾਪ੍ਰਸਤੀ ਦਾ ਝਲਕਾਰਾ ਸਾਫ ਨਜ਼ਰ ਆ ਰਿਹਾ ਸੀ। ਕਾਂਗਰਸ ਪ੍ਰਧਾਨ ਰਾਜਾ ਵੜਿੰਗ ਵੱਲੋਂ ਬਠਿੰਡਾ ਤੋਂ ਉਮੀਦਵਾਰ ਬਨਣ ਤੋਂ ਟਾਲਾ ਵੱਟਣਾ ਬਾਦਲ ਪਰਿਵਾਰ ਨੂੰ ਫਾਇਦਾ ਪਹੁੰਚਾਉਣ ਵਾਲੀ ਪਹੁੰਚ ਜਾਪ ਰਹੀ ਸੀ। ਸੁਖਪਾਲ ਸਿੰਘ ਖਹਿਰਾ ਨੂੰ ਮੁੱਖ ਮੰਤਰੀ ਦੇ ਸੰਗਰੂਰ



ਜ਼ਿਲ੍ਹੇ ਦੀ ਸੀਟ ਤੋਂ ਉਮੀਦਵਾਰ ਤਾਂ ਐਲਾਨ ਦਿੱਤਾ ਪਰ ਉਸ ਦੇ ਪੱਖ ਵਿਚ ਕਾਂਗਰਸ ਲੀਡਰਸ਼ਿਪ ਠੋਸ ਮੁਹਿੰਮ ਚਲਾਉਣ ਤੋਂ ਟਾਲਾ ਵੱਟ ਗਈ। ਕਾਂਗਰਸ ਨੇ ਗੁਆਂਢੀ ਸੂਬੇ ਹਰਿਆਣਾ ਵਿਚ ਲੋਕ ਸਭਾ ਦੀਆਂ ਭਾਵੇਂ 10 ਵਿਚੋਂ 5 ਸੀਟਾਂ ਜਿੱਤੀਆਂ ਹਨ ਪਰ ਉਸ ਨੇ ਸੂਬੇ ਦੀਆਂ ਅੱਧ ਤੋਂ ਜ਼ਿਆਦਾ ਸੀਟਾਂ ਉੱਪਰ ਲੀਡ ਕੀਤਾ ਹੈ ਲੇਕਿਨ ਪੰਜਾਬ ਵਿਚ ਕਾਂਗਰਸ ਨੂੰ ਸਿਰਫ 38 ਵਿਧਾਨ ਸਭਾ ਹਲਕਿਆਂ ਵਿਚ ਲੀਡ ਮਿਲੀ ਹੈ।

ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸਥਿਤੀ ਬਹੁਤ ਮਾੜੀ ਨਜ਼ਰ ਆਈ। ਪੰਜਾਬ ਦੀ ਸਭ ਤੋਂ ਪੁਰਾਣੀ ਤੇ ਲੰਮਾ ਸਮਾਂ ਸੱਤਾ ਉੱਪਰ ਕਾਬਜ ਰਹਿਣ ਵਾਲੀ ਇਸ ਪਾਰਟੀ ਦਾ ਵੋਟ ਫ਼ੀਸਦ ਮਹਿਜ਼ 13.42 ਫ਼ੀਸਦ 'ਤੇ ਆ ਗਿਆ। ਅਕਾਲੀ ਦਲ ਸਿਰਫ ਇਕ, ਬਠਿੰਡਾ ਸੀਟ ਉੱਪਰ ਜਿੱਤ ਦਰਜ ਕਰ ਸਕਿਆ ਹੈ ਤੇ ਇਸ ਨੂੰ ਸਿਰਫ਼ 9 ਵਿਧਾਨ ਸਭਾ ਹਲਕਿਆਂ ਵਿਚ ਲੀਡ ਮਿਲੀ। ਭਾਜਪਾ ਨੇ ਪੰਜਾਬ ਦੇ ਸ਼ਹਿਰੀ ਖੇਤਰਾਂ ਵਿਚ ਕੁਝ ਹੱਦ ਤੱਕ ਵੋਟਾਂ ਦਾ ਧਰੁਵੀਕਰਨ ਕੀਤਾ ਹੈ। ਦੋ ਵਿਧਾਇਕਾਂ ਵਾਲੀ ਭਾਜਪਾ ਨੇ ਪੰਜਾਬ ਦੇ 23 ਵਿਧਾਨ ਸਭਾ ਹਲਕਿਆਂ ਵਿਚ ਲੀਡ ਹਾਸਿਲ ਕੀਤੀ। ਅਸਲ ਵਿਚ ਕਾਂਗਰਸ ਦੇ ਵੱਡੇ ਲੀਡਰਾਂ ਦਾ ਸਿਆਸੀ ਮੌਕਾਪ੍ਰਸਤੀ ਵਿਚੋਂ ਭਾਜਪਾ ਵਿਚ ਜਾਣ ਦਾ ਭਾਜਪਾ ਨੂੰ ਕੁਝ ਹੱਦ ਤੱਕ ਫਾਇਦਾ ਮਿਲਿਆ ਹੈ। ਵੈਸੇ, ਭਾਜਪਾ ਨੇ ਲੁਧਿਆਣਾ ਤੋਂ ਚੋਣ ਹਾਰੇ ਅਤੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਸਿਆਸੀ ਵਾਰਿਸ ਰਵਨੀਤ ਸਿੰਘ ਬਿੱਟੂ ਨੂੰ ਕੈਬਨਿਟ ਮੰਤਰੀ ਬਣਾ ਕੇ ਇਹ ਸਿੱਧ ਕਰ ਦਿੱਤਾ ਹੈ ਕਿ ਉਹ ਪੰਜਾਬ ਵਿਚ ਧਰੁਵੀਕਰਨ ਦੀ ਰਾਜਨੀਤੀ ਕਰੇਗੀ।

ਪੰਜਾਬ ਵਿਚ ਦੋ ਆਜ਼ਾਦ ਉਮੀਦਵਾਰਾਂ ਦੀ ਜਿੱਤ ਦਰਸਾਉਂਦੀ ਹੈ ਕਿ ਲੋਕ ਰਵਾਇਤੀ ਪਾਰਟੀਆਂ ਤੋਂ ਅੱਕੇ ਹੋਏ ਹਨ। ਦੋ ਸਾਲ ਪਹਿਲਾਂ ਸੰਗਰੂਰ ਤੋਂ ਜਿੱਤੇ ਸਿਮਰਨਜੀਤ ਸਿੰਘ ਮਾਨ ਹੁਣ ਤੀਜੇ ਨੰਬਰ ਉੱਪਰ ਆਏ ਹਨ। ਇਸ ਦਾ ਮਤਲਬ ਹੈ ਕਿ ਦੋਵਾਂ ਹੀ ਆਜ਼ਾਦ ਉਮੀਦਵਾਰਾਂ ਨਾਲ ਲੋਕਾਂ ਦੀ ਪੈਦਾ ਹੋਈ ਭਾਵਨਾਤਮਕ ਹਮਦਰਦੀ ਉਨ੍ਹਾਂ ਦੀ ਜਿੱਤ ਦਾ ਕਾਰਨ ਬਣੀ ਹੈ। ਪੰਜਾਬ ਸਰਕਾਰ ਵੱਲੋਂ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਾਥੀਆਂ ਖਿਲਾਫ ਐਨ.ਐਸ.ਏ. ਵਰਗਾ ਕਾਲਾ ਕਾਨੂੰਨ ਲਾਉਣਾ ਅਤੇ ਪੰਜਾਬ ਦੀ ਕਿਸੇ ਜੇਲ੍ਹ ਵਿਚ ਬੰਦ ਕਰਨ ਦੀ ਬਜਾਇ ਹਜ਼ਾਰਾਂ ਕਿਲੋਮੀਟਰ ਦੂਰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਕਰਨਾ ਸਰਕਾਰ ਦੀ ਵਧਵੀਂ ਕਾਰਵਾਈ ਸੀ। ਇਕ ਸਾਲ ਬਾਅਦ ਐਨ.ਐਸ.ਏ. ਦੀ ਮਿਆਦ ਹੋਰ ਵਧਾਉਣ ਨਾਲ ਲੋਕਾਂ ਵਿਚ ਸਰਕਾਰ ਖਿਲਾਫ ਰੋਹ ਪੈਦਾ ਹੋਇਆ। ਪੰਜਾਬ ਵਿਚੋਂ ਅੰਮ੍ਰਿਤਪਾਲ ਸਿੰਘ ਸਭ ਤੋਂ ਵੱਧ ਵੋਟਾਂ ਨਾਲ ਜਿੱਤਿਆ ਹੈ, ਇਸ ਦਾ ਮਤਲਬ ਇਹ ਨਹੀਂ ਕਿ ਵੋਟ ਪਾਉਣ ਵਾਲੇ ਸਾਰੇ ਹੀ ਲੋਕ ਉਸ ਦੀ ਵਿਚਾਰਧਾਰਾ ਨਾਲ ਸਹਿਮਤ ਹਨ ਬਲਕਿ ਵੋਟ ਪਾਉਣ ਵਾਲੇ ਸਾਰੇ ਲੋਕ ਸੂਬਾ ਸਰਕਾਰ ਦੀ ਧੱਕੇਸ਼ਾਹੀ ਖਿਲਾਫ ਭੁਗਤੇ ਹਨ।

ਕੋਈ ਦੋ ਰਾਵਾਂ ਨਹੀਂ ਕਿ ਚੋਣਾਂ ਤੋਂ 20 ਦਿਨ ਪਹਿਲਾਂ ਤੱਕ ਫਰੀਦਕੋਟ ਹਲਕੇ ਤੋਂ 'ਆਪ' ਜਿੱਤਦੀ ਨਜ਼ਰ ਆ ਰਹੀ ਸੀ ਪਰ ਚੋਣਾਂ ਤੋਂ ਪਹਿਲਾਂ ਦੋ ਹਫਤਿਆਂ ਦੌਰਾਨ ਇੰਦਰਾ ਗਾਂਧੀ ਦਾ ਕਤਲ ਕਰਨ ਵਾਲੇ ਬੇਅੰਤ ਸਿੰਘ ਦੇ ਪੁੱਤਰ ਸਰਬਜੀਤ ਸਿੰਘ ਨਾਲ ਲੋਕਾਂ ਦੀ ਅਜਿਹੀ ਹਮਦਰਦੀ ਜੁੜੀ ਕਿ ਉਹ ਵੱਡੇ ਫਰਕ ਨਾਲ ਜੇਤੂ ਰਹੇ। ਵੈਸੇ ਸਰਬਜੀਤ ਸਿੰਘ ਦੀ ਇਹ ਪਹਿਲੀ ਚੋਣ ਨਹੀਂ ਸੀ; ਇਸ ਤੋਂ ਪਹਿਲਾਂ ਉਹ ਲੋਕ ਸਭਾ/ਵਿਧਾਨ ਸਭਾ ਚੋਣਾਂ ਹਾਰ ਚੁੱਕਾ ਸੀ। ਜ਼ਾਹਿਰ ਹੈ ਕਿ ਲੋਕ ਹਾਕਮ ਜਮਾਤ ਪਾਰਟੀਆਂ ਤੋਂ ਬੁਰੀ ਤਰ੍ਹਾਂ ਅੱਕ ਚੁੱਕੇ ਹਨ।

ਚੋਣਾਂ ਵਿਚ ਮੁੱਖ ਮੰਤਰੀ ਭਗਵੰਤ ਮਾਨ ਆਪਣੀਆਂ ਪ੍ਰਾਪਤੀਆਂ ਗਿਣਾਉਣ ਦੀ ਬਜਾਇ ਕਈ ਸਾਲ ਪਹਿਲਾਂ ਦੀ ਹਾਸ਼ੀਏ 'ਤੇ ਧੱਕੀ ਪਾਰਟੀ ਦੇ ਆਗੂਆਂ ਉੱਪਰ 'ਕਿੱਕਲੀਆਂ' ਸੁਣਾ ਕੇ ਆਪਣੀ ਕਮੇਡੀ ਨਾਲ ਲੋਕਾਂ ਨੂੰ ਹਸਾ ਰਹੇ ਸਨ। ਬਾਦਲ, ਕੈਪਟਨ ਵਰਗੇ ਆਗੂਆਂ ਤੋਂ ਅੱਕੇ ਲੋਕਾਂ ਨੇ 'ਆਪ' ਨੂੰ ਜਿਤਾਇਆ ਸੀ ਪਰ ਹੁਣ 'ਆਪ' ਆਗੂ ਲੋਕਾਂ ਦੇ ਮਸਲਿਆਂ ਵੱਲ ਧਿਆਨ ਦੇਣ ਦੀ ਬਜਾਇ ਰਵਾਇਤੀ ਪਾਰਟੀਆਂ ਖਿਲਾਫ ਟਿੱਪਣੀਆਂ ਕਰ-ਕਰ ਕੇ ਟਾਈਮ ਪਾਸ ਕਰ ਰਹੇ ਹਨ। ਚੋਣਾਂ ਦੌਰਾਨ ਮੁੱਖ ਮੰਤਰੀ ਜੀ ਬਿਜਲੀ ਮੁਆਫੀ ਵਰਗੀ ਰਿਆਇਤਾਂ ਦਾ ਜ਼ਿਕਰ ਜ਼ਰੂਰ ਕਰ ਰਹੀ ਸੀ ਪਰ ਰੁਜ਼ਗਾਰ, ਸਿੱਖਿਆ, ਸਿਹਤ ਸਹੂਲਤਾਂ, ਨਸ਼ੇ, ਰੋਜ਼ਾਨਾ ਵਾਪਰ ਰਹੀਆਂ ਲੁੱਟ ਖੋਹ ਦੀਆਂ ਘਟਨਾਵਾਂ ਵਰਗੇ ਬੁਨਿਆਦੀ ਮਾਮਲਿਆਂ ਉੱਪਰ ਚੁੱਪ ਸੀ। ਪੰਜਾਬ ਦੀ ਜ਼ਮੀਨੀ ਹਕੀਕਤ ਇਹ ਹੈ ਕਿ ਬੇਰੁਜ਼ਗਾਰ ਨੌਜਵਾਨ ਆਰਥਿਕ, ਮਾਨਸਿਕ, ਸਰੀਰਕ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ। ਨਸ਼ਿਆਂ ਨਾਲ ਹਰ ਦਿਨ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ। ਸੂਬੇ ਵਿਚੋਂ ਲੋਕਾਂ ਨੂੰ ਕੋਈ ਆਸ ਦੀ ਕਿਰਨ ਨਜ਼ਰ ਨਹੀਂ ਆ ਰਹੀ ਜਿਸ ਕਾਰਨ ਵੱਡੀ ਪੱਧਰ 'ਤੇ ਪਰਵਾਸ ਜਾਰੀ ਹੈ। ਕੱਚੇ ਕਾਮੇ ਨਿਗੂਣੀਆਂ ਤਨਖਾਹਾਂ ਉੱਪਰ ਕੰਮ ਕਰਨ ਲਈ ਮਜਬੂਰ ਹਨ, ਸਰਕਾਰ ਨੇ ਆਪਣੇ ਵਾਅਦੇ ਅਨੁਸਾਰ ਕੱਚੇ ਕਾਮੇ ਪੱਕੇ ਨਹੀਂ ਕੀਤੇ। ਸੂਬਾ ਸਰਕਾਰ ਨੇ ਕਈ ਐਲਾਨ ਤਾਂ ਕੀਤੇ ਪਰ ਉਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਵਾਲੇ ਪਾਸੇ ਨਹੀਂ ਤੁਰੀ ਜਿਵੇਂ ਸ਼ਹਿਰੀ ਖੇਤਰਾਂ ਵਿਚ ਪਲਾਟਾਂ ਤੇ ਮਕਾਨਾਂ ਦੀਆਂ ਰਜਿਸਟਰੀਆਂ ਕਰਵਾਉਣ ਸਮੇਂ ਐੱਨ.ਓ.ਸੀ. ਬੰਦ ਕੀਤੇ ਜਾਣ ਦਾ ਐਲਾਨ ਕੀਤਾ ਪਰ ਲੋਕ ਅੱਜ ਤੱਕ ਖੱਜਲ-ਖੁਆਰ ਹੋ ਰਹੇ ਹਨ। ਮੁਲਾਜ਼ਮਾਂ ਦੀ ਮੰਗ ਹੈ ਕਿ ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਸਰਕਾਰ ਨੇ ਪੁਰਾਣੀ ਪੈਨਸ਼ਨ ਸਕੀਮ ਬਹਾਲੀ ਦਾ ਐਲਾਨ ਤਾਂ ਕੀਤਾ ਪਰ ਇਸ ਲਾਗੂ ਕਰਨ ਵੱਲ ਨਹੀਂ ਵਧੀ ਜਿਸ ਕਾਰਨ ਲੋਕਾਂ ਵਿਚ ਸਰਕਾਰ ਦੀ ਤਸਵੀਰ ਪੁਰਾਣੀਆਂ ਸਰਕਾਰਾਂ ਵਾਲੀ ਹੀ ਬਣੀ ਹੈ।

ਹੁਣ ਬਣਦਾ ਤਾਂ ਇਹ ਸੀ ਕਿ ਮੁੱਖ ਮੰਤਰੀ ਆਪਣੀ ਪਾਰਟੀ ਦੀ ਹੋਈ ਹਾਰ ਨੂੰ ਸਵੀਕਾਰਦੇ ਅਤੇ ਸੂਬਾ ਸਰਕਾਰ ਅੰਤਰ-ਝਾਤ ਮਾਰਦਿਆਂ ਲੋਕਾਂ ਖਾਸਕਰ ਬੇਰੁਜ਼ਗਰ ਨੌਜਵਾਨਾਂ ਦੇ ਮਸਲੇ ਹੱਲ ਕਰਨ ਵੱਲ ਕਦਮ ਪੁੱਟਦੇ ਪਰ ਹੋਇਆ ਇਸ ਦੇ ਉਲਟ; 'ਆਪ' ਦੇ ਬੁਲਾਰੇ ਅਤੇ ਆਗੂ ਮੌਜੂਦਾ ਲੋਕ ਸਭਾ ਚੋਣਾਂ ਵਿਚ ਹਾਸਿਲ ਕੀਤੇ 26.02 ਪ੍ਰਤੀਸ਼ਤ ਵੋਟ ਸ਼ੇਅਰ ਦੀ ਤੁਲਨਾ 2019 ਵਾਲੀ ਲੋਕ ਸਭਾ ਚੋਣ ਵਿਚ ਮਿਲੇ 7.5 ਫ਼ੀਸਦ ਵੋਟ ਸ਼ੇਅਰ ਨਾਲ ਕਰ ਕੇ ਖੁਦ ਨੂੰ ਧਰਵਾਸ ਦੇ ਰਹੇ ਹਨ। 2019 ਨਾਲ ਤੁਲਨਾ ਕਰ ਕੇ ਖੁਦ ਦੀ ਪਿੱਠ ਥਾਪੜਨ ਵਾਲੀ 'ਆਪ' ਲੀਡਰਸ਼ਿਪ ਨੂੰ ਉਸ ਤੋਂ ਵੀ ਪਿਛਲੀ 2014 ਦੀ ਲੋਕ ਸਭਾ ਚੋਣ ਦੇ ਤੱਥ ਵੀ ਦੇਖ ਲੈਣੇ ਚਾਹੀਦੇ ਹਨ ਜਦ 'ਆਪ' ਨੂੰ 24.5 ਫ਼ੀਸਦੀ ਵੋਟਾਂ ਹਾਸਿਲ ਹੋਈਆਂ ਸਨ ਹਾਲਾਂਕਿ ਉਹ ਪਾਰਟੀ ਦੀ ਪਹਿਲੀ ਚੋਣ ਸੀ। 'ਆਪ' ਨੂੰ ਸਪਸ਼ਟਤਾ ਨਾਲ ਮੰਨਣਾ ਚਾਹੀਦਾ ਹੈ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਹਾਸਿਲ ਹੋਈਆਂ 43.8 ਫ਼ੀਸਦੀ ਵੋਟਾਂ ਨਾਲੋਂ ਹੁਣ ਢਾਈ ਸਾਲ ਬਾਅਦ ਲੋਕ ਸਭਾ ਚੋਣਾਂ ਵਿਚ 17.78 ਫੀਸਦ ਵੋਟਾਂ ਘੱਟ ਹਾਸਿਲ ਹੋਈਆਂ ਹਨ ਤੇ ਇਸ ਦਾ ਕਾਰਨ ਲੋਕਾਂ ਦੇ ਮਸਲੇ ਹੱਲ ਕਰਨ ਤੋਂ ਟਾਲਾ ਵੱਟਣਾ ਹੈ।

# ਮੋਦੀ ਹਾਰ ਕੇ ਵੀ ਵਿਨਾਸ਼ਕਾਰੀ ਯੋਜਨਾ ਨਹੀਂ ਛੱਡਣ ਲੱਗਾ

**ਸਿਧਾਰਥ ਵਰਧਰਾਜਨ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਭਾਰਤ ਦੇ ਵੋਟਰਾਂ ਨੇ ਭਾਰਤੀ ਲੋਕਤੰਤਰ ਲਈ ਉਹ ਕਰ ਦਿਖਾਇਆ ਜੋ ਮੁਲਕ ਦਾ ਚੋਣ ਕਮਿਸ਼ਨ ਅਤੇ ਨਿਆਂਪਾਲਿਕਾ ਕਰਨ ਵਿਚ ਅਸਫ਼ਲ ਰਹੇ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਇਕ ਦੂਜੇ ਦੇ ਵਿਰੁੱਧ ਖੜਾ ਕਰਨ ਦੀ ਕੋਸ਼ਿਸ਼ ਕਰਨ ਲਈ ਅਤੇ ਵੱਡੇ ਕਾਰੋਬਾਰਾਂ ਨਾਲ ਉਸ ਦੀ ਯਾਰੀ ਲਈ ਅਨੁਸ਼ਾਸਨ 'ਚ ਲਿਆਉਣਾ ਅਤੇ ਤਾੜਨਾ ਕਰਨਾ - ਜਿਨ੍ਹਾਂ ਦੇ ਸ਼ੱਕੀ ਫੰਡਾਂ ਦੀ ਮਦਦ ਨਾਲ ਸਰਕਾਰ ਦੀਆਂ ਨੀਤੀਆਂ ਨੇ ਅਸਮਾਨਤਾ ਅਤੇ ਆਰਥਕ ਸੰਕਟ ਵਿਚ ਵਾਧਾ ਕੀਤਾ ਹੈ।

10 ਸਾਲ ਸੱਤਾ ਵਿਚ ਰਹਿਣ ਤੋਂ ਬਾਅਦ, ਮੋਦੀ ਦੀ ਭਾਰਤੀ ਜਨਤਾ ਪਾਰਟੀ ਨੇ ਸੰਸਦੀ ਬਹੁਮਤ ਗੁਆ ਲਿਆ ਹੈ ਅਤੇ ਹੁਣ ਉਹ ਗੱਠਜੋੜ ਭਾਈਵਾਲਾਂ ਦੀ ਹਮਾਇਤ ਨਾਲ ਘੱਟਗਿਣਤੀ ਵਾਲੀ ਸਰਕਾਰ ਚਲਾਉਣਗੇ, ਜਿਨ੍ਹਾਂ ਵਿੱਚੋਂ ਕੁਝ ਬੇਹੱਦ ਪਲਟੂਰਾਮ ਹਨ। ਇਸ ਨਾਲ ਕੋਈ ਮੱਦਦ ਨਹੀਂ ਮਿਲਦੀ ਕਿ ਉਸਨੇ ਖੁਦ ਕਦੇ ਵੀ ਕਾਲਪਨਿਕ ਦੀ ਬਜਾਏ ਹਕੀਕੀ ਗੱਠਜੋੜ ਨਹੀਂ ਚਲਾਇਆ ਹੈ। ਤਿੰਨ ਸਾਲ ਪਹਿਲਾਂ ਜਦੋਂ ਸ਼੍ਰੋਮਣੀ ਅਕਾਲੀ ਦਲ ਨੇ ਉਸ ਵੱਲੋਂ ਪਾਸ ਕੀਤੇ ਵਿਵਾਦਤ ਖੇਤੀ ਕਾਨੂੰਨਾਂ ਨੂੰ ਲੈ ਕੇ ਉਸ ਨੂੰ ਚੁਣੌਤੀ ਦਿੱਤੀ ਸੀ, ਤਾਂ ਉਹ ਅੜਿਆ ਰਿਹਾ ਸੀ ਅਤੇ ਅਕਾਲੀਆਂ ਨੂੰ ਹੀ ਗੱਠਜੋੜ ਛੱਡਣਾ ਪਿਆ ਸੀ। ਪਰ ਜਿਨ੍ਹਾਂ ਸਹਿਯੋਗੀਆਂ ਨੂੰ ਭਾਰਤ ਦੇ ਵੋਟਰਾਂ ਨੇ ਹੁਣ ਸਮਝਾ ਦਿੱਤਾ ਹੈ, ਉਹ ਚੁੱਪਚਾਪ ਉਸਦੀ ਝੋਲੀ ਨਹੀਂ ਚੁੱਕਣਗੇ। ਉਨ੍ਹਾਂ ਕੋਲ ਉਸਦੀ ਸਰਕਾਰ ਨੂੰ ਡੇਗਣ ਦੀ ਸਮਰੱਥਾ ਹੋਵੇਗੀ।

ਮੋਦੀ ਨੇ ਬਹਾਦਰੀ ਦਾ ਮਖੌਟਾ ਪਾ ਕੇ ਇਸ ਤੱਥ ਦਾ ਗੁਣਗਾਣ ਕੀਤਾ ਕਿ ਉਹ ਤੀਜੀ ਵਾਰ ਸੱਤਾ ਵਿਚ ਵਾਪਸ ਆ ਗਏ ਹਨ, ਇਹ ਇਕ "ਇਤਿਹਾਸਕ ਕਾਰਨਾਮਾ" ਹੈ। ਸੱਚਾਈ ਇਹ ਹੈ ਕਿ ਇਹ ਨਤੀਜਾ ਉਸ ਸ਼ਖਸ ਲਈ ਇਕ ਹੈਰਾਨਕੁਨ ਨਿੱਜੀ ਝਟਕਾ ਹੈ ਜਿਸਨੂੰ ਆਪਣੀ ਜਿੱਤ ਨੂੰ ਲੈ ਕੇ ਏਨਾ ਯਕੀਨ ਸੀ ਕਿ ਉਸਨੇ ਦੈਵੀ ਜਨਮ ਦਾ ਦਾਅਵਾ ਕਰਨਾ ਸ਼ੁਰੂ ਕਰ ਦਿੱਤਾ ਸੀ। ਉਸਨੇ ਚੋਣ ਪ੍ਰਚਾਰ ਦੌਰਾਨ ਇਕ ਇੰਟਰਵਿਊ ਲੈਣ ਵਾਲੇ ਨੂੰ ਕਿਹਾ "ਜਦ ਤੱਕ ਮੇਰੀ ਮਾਂ ਜਿਊਂਦੀ ਸੀ, ਮੈਨੂੰ ਲੱਗਦਾ ਸੀ ਕਿ ਸ਼ਾਇਦ ਮੈਂ ਜੀਵ-ਵਿਗਿਆਨਕ ਤੌਰ 'ਤੇ ਪੈਦਾ ਹੋਇਆ ਹਾਂ। ਪਰ ਉਸ ਦੀ ਮੌਤ ਤੋਂ ਬਾਅਦ, ਆਪਣੇ ਸਾਰੇ ਤਜਰਬਿਆਂ ਨੂੰ ਵੇਖਦਿਆਂ, ਮੈਨੂੰ ਯਕੀਨ ਹੋ ਗਿਆ ਹੈ ... ਕਿ ਮੈਨੂੰ ਰੱਬ ਨੇ ਭੇਜਿਆ ਹੈ। ਊਰਜਾ (ਮੇਰੇ 'ਚ) ਕਿਸੇ ਜੈਵਿਕ ਸਰੀਰ ਤੋਂ ਨਹੀਂ ਆਈ ਹੈ।" ਵੋਟਰਾਂ ਨੇ ਰੱਬ ਦੇ ਇਸ ਆਪੇ ਬਣੇ ਦੂਤ ਨੂੰ ਜ਼ੋਰ ਨਾਲ ਧਰਤੀ 'ਤੇ ਪਟਕਾ ਮਾਰਿਆ ਹੈ।

ਸੰਯੋਗ ਨਾਲ, ਮੋਦੀ ਦਾ ਧਰਮਾਤਮਾ ਹੋਣ ਦਾ ਦਾਅਵਾ, ਉਸੇ ਇੰਟਰਵਿਊ ਵਿਚ ਆਇਆ ਜਿੱਥੇ ਉਸਨੇ ਚੋਣ ਪ੍ਰਚਾਰ ਦੀ ਸ਼ੁਰੂਆਤ ਵਿਚ ਹੀ ਦਿੱਤੇ ਇਕ ਚੋਣ ਭਾਸ਼ਣ ਬਾਰੇ ਸਰੇਆਮ ਝੂਠ ਬੋਲਿਆ। ਬਾਂਸਵਾੜਾ ਵਿਚ ਉਸਨੇ ਸਪਸ਼ਟ ਤੌਰ 'ਤੇ ਭਾਰਤ ਦੇ ਮੁਸਲਮਾਨਾਂ ਨੂੰ "ਘੁਸਪੈਠੀਏ" ਅਤੇ "ਵੱਧ ਬੱਚੇ ਜੰਮਣ ਵਾਲੇ" ਕਿਹਾ ਸੀ। ਮੋਦੀ ਸਿਰਫ਼ ਮੁਸਲਮਾਨਾਂ ਨੂੰ ਗਾਲ੍ਹਾਂ ਨਹੀਂ ਸੀ ਕੱਢ ਰਿਹਾ, ਸਗੋਂ ਭਾਰਤ ਦੇ ਹਿੰਦੂ ਵੋਟਰਾਂ ਵਿਚ ਤਰਕਹੀਣ ਚਿੰਤਾਵਾਂ ਪੈਦਾ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਕਿਵੇਂ ਉਹੀ ਵਾਹਦ ਆਗੂ ਹੈ ਜੋ ਵਿਰੋਧੀ-ਧਿਰ ਨੂੰ ਉਨ੍ਹਾਂ ਦੀਆਂ ਜਾਇਦਾਦਾਂ ਨੂੰ ਜ਼ਬਤ ਕਰਨ ਅਤੇ ਉਨ੍ਹਾਂ ਨੂੰ ਮੁਸਲਮਾਨਾਂ ਦੇ ਹਵਾਲੇ ਕਰਨ ਤੋਂ ਰੋਕਣ ਦੇ ਸਮਰੱਥ ਹੈ।

ਇਹੀ ਇਲਜ਼ਾਮ ਮੋਦੀ ਥੋੜ੍ਹੇ ਫ਼ਰਕ ਨਾਲ, ਰੈਲੀ ਦਰ ਰੈਲੀ ਦੁਹਰਾਉਂਦਾ ਰਿਹਾ। ਉਸ ਦੀ ਪਾਰਟੀ ਨੇ ਹਿੰਦੂਆਂ ਨੂੰ ਇਸ ਬੇਤੁਕੇ ਦਾਅਵੇ 'ਤੇ ਯਕੀਨ ਕਰਨ ਲਈ ਡਰਾਉਣ ਦੇ ਉਦੇਸ਼ ਨਾਲ ਘਿਣਾਉਣੇ ਐਨੀਮੇਟਡ ਵੀਡੀਓ ਬਣਾਏ। ਇਕ ਹੋਰ ਇੰਟਰਵਿਊ ਵਿਚ, ਉਸਨੇ ਆਪਣੇ ਹੀ ਦਫ਼ਤਰ ਦੇ ਖੋਜਕਰਤਾਵਾਂ ਦੁਆਰਾ ਵਿਆਪਕ ਤੌਰ 'ਤੇ ਪ੍ਰਚਾਰੇ ਗਏ ਅਧਿਐਨ ਦੇ ਸ਼ੱਕੀ ਨਤੀਜਿਆਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ - ਜਿਨ੍ਹਾਂ ਨੂੰ ਮੁਸਲਿਮ ਵਿਰੋਧੀ ਚੋਣ ਬਿਰਤਾਂਤ ਦੇ ਨਾਲ ਮੇਲ ਖਾਂਦੇ ਦਰਸਾਉਣ ਦੇ ਮਨੋਰਥ ਨਾਲ ਜਾਰੀ ਕੀਤਾ ਗਿਆ ਸੀ - ਤਾਂ ਜੋ ਹਿੰਦੂਆਂ ਨੂੰ ਇਹ ਯਕੀਨ ਦਿਵਾਇਆ ਜਾ ਸਕੇ ਕਿ ਭਾਰਤ ਦੀ ਮੁਸਲਮਾਨ ਆਬਾਦੀ ਏਨੀ ਤੇਜ਼ੀ ਨਾਲ ਵਧ ਰਹੀ ਹੈ ਕਿ ਉਹ ਛੇਤੀ ਹੀ ਇਸ ਵਿਚ ਡੁੱਬ ਜਾਣਗੇ।

ਮੋਦੀ ਮੁਸਲਮਾਨਾਂ ਪ੍ਰਤੀ ਏਨਾ ਜਨੂੰਨੀ ਕਿਉਂ ਹੈ? ਇਕ ਤਾਂ ਇਹ ਉਸ ਦੇ ਰਾਜਨੀਤਕ ਡੀਐਨਏ ਦਾ ਹਿੱਸਾ ਹੈ। ਉਸਦਾ ਕਰੀਅਰ ਭਾਜਪਾ ਦੀ ਮੂਲ ਜਥੇਬੰਦੀ - ਰਾਸ਼ਟਰੀ ਸੋਇਮ ਸੇਵਕ ਸੰਘ - ਵਿਚ ਸ਼ੁਰੂ ਹੋਇਆ ਅਤੇ ਇਹ ਆਰਐੱਸਐੱਸ ਦੀ ਇਸ ਧਾਰਨਾ ਦੇ ਆਲੇ-ਦੁਆਲੇ ਬਣਿਆ ਹੈ ਕਿ ਭਾਰਤ ਇਕ ਹਿੰਦੂ ਰਾਸ਼ਟਰ ਹੈ ਜੋ 800 ਸਾਲ ਮੁਸਲਮਾਨਾਂ ਦਾ ਗ਼ੁਲਾਮ ਰਿਹਾ ਹੈ। ਮੋਦੀ ਦਾ ਮੰਨਣਾ ਹੈ ਕਿ ਅੱਜ ਭਾਰਤੀ ਮੁਸਲਮਾਨ - ਅੰਕੜਿਆਂ ਦੇ ਤੌਰ 'ਤੇ ਮੁਲਕ ਦੇ ਸਭ ਤੋਂ ਗ਼ਰੀਬ ਸਮੂਹਾਂ ਵਿੱਚੋਂ ਇਕ - ਦਰਅਸਲ 'ਵਿਸ਼ੇਸ਼ ਅਧਿਕਾਰ ਪ੍ਰਾਪਤ' ਹਨ ਅਤੇ ਹਿੰਦੂਆਂ ਨਾਲੋਂ ਵੱਧ ਅਧਿਕਾਰਾਂ ਤੇ ਲਾਭਾਂ ਦਾ ਆਨੰਦ ਮਾਣਦੇ ਹਨ, ਅਤੇ ਇਹ ਕਿ ਜਦੋਂ ਤੱਕ ਮੁਸਲਮਾਨਾਂ ਦਾ 'ਤੁਸ਼ਟੀਕਰਨ' ਜਾਰੀ ਹੈ, ਭਾਰਤ ਸੱਚਾ ਗੌਰਵ ਪ੍ਰਾਪਤ ਨਹੀਂ ਕਰ ਸਕਦਾ।

ਪਰ ਉਸ ਦੇ ਮੁਸਲਿਮ ਵਿਰੋਧੀ ਐਲਾਨਾਂ/ਬਿਆਨਾਂ ਵਿਚ ਹਾਲੀਆ ਵਾਧੇ ਦਾ ਇਕ ਦੂਜਾ ਕਾਰਨ ਵੀ ਹੈ। ਜਦੋਂ ਤੁਹਾਡੇ ਕੋਲ ਦਿਖਾਉਣ ਲਈ ਕੋਈ ਅਸਲ ਪ੍ਰਾਪਤੀਆਂ ਨਹੀਂ ਹਨ ਅਤੇ ਇਸ ਹਾਲਤ 'ਚ - ਜਦੋਂ ਮੁਲਕ ਵਿਚ ਬੇਰੁਜ਼ਗਾਰੀ ਅਤੇ ਪੇਂਡੂ ਨਿਰਾਸ਼ਾ ਵਿਆਪਕ ਫੈਲੀ ਹੋਈ ਹੈ ਅਤੇ 80 ਕਰੋੜ ਭਾਰਤੀ ਸਰਕਾਰ ਦੁਆਰਾ ਦਿੱਤੇ ਜਾਣ ਵਾਲੇ ਮੁਫ਼ਤ ਅਨਾਜ ਦੇ ਮੁਥਾਜ ਹਨ - ਤੁਸੀਂ ਚੋਣ ਵਿਚ ਜਾਂਦੇ ਹੋ ਤਾਂ ਮੁਸਲਮਾਨਾਂ ਨੂੰ ਵੱਡੀ ਮਾਤਰਾ ਵਿਚ ਭੰਡਣ ਦਾ ਸਿਲਸਿਲਾ ਵੋਟਰਾਂ ਦਾ ਧਿਆਨ ਉੱਧਰੋਂ ਹਟਾਉਣ ਵਿਚ ਸਹਾਈ ਹੁੰਦਾ ਹੈ। ਮੋਦੀ ਅਤੇ ਉਸ ਦੀ ਪਾਰਟੀ ਨੇ ਇਹੀ ਕੁਝ ਕੀਤਾ।

ਇਹ ਇਕ ਖੁੱਲ੍ਹਾ ਭੇਤ ਹੈ ਕਿ ਧਰਮ ਦੀ ਸਿੱਧੀ ਜਾਂ ਅਸਿੱਧੀ ਅਪੀਲ ਦੇ ਅਧਾਰ 'ਤੇ ਵੋਟਾਂ ਲਈ ਪ੍ਰਚਾਰ ਕਰਨਾ ਸਾਡੇ ਚੋਣ-ਕਾਨੂੰਨ ਦੇ ਤਹਿਤ ਗ਼ੈਰ-ਕਾਨੂੰਨੀ ਹੈ ਅਤੇ ਇਸ ਨਾਲ ਕਿਸੇ ਰਾਜਨੇਤਾ ਉੱਪਰ ਛੇ ਸਾਲ ਲਈ ਚੋਣ ਲੜਨ 'ਤੇ ਪਾਬੰਦੀ ਲਗਾਈ ਜਾ ਸਕਦੀ ਹੈ। ਹਾਲਾਂਕਿ, ਮੋਦੀ ਨੇ ਸਹੀ ਹਿਸਾਬ ਲਗਾਇਆ ਕਿ ਜਿਨ੍ਹਾਂ ਤਿੰਨ ਚੋਣ ਕਮਿਸ਼ਨਰਾਂ ਨੇ ਇਸ ਕਾਨੂੰਨ ਨੂੰ ਲਾਗੂ ਕਰਨਾ ਹੈ (ਅਤੇ ਜਿਨ੍ਹਾਂ ਨੂੰ ਉਸ ਨੇ ਇਸ ਕੰਮ ਲਈ ਚੁਣਿਆ) ਉਹ ਕੁਝ ਨਹੀਂ ਕਹਿਣਗੇ। ਜਦੋਂ ਕੁਝ ਨਾਗਰਿਕਾਂ ਨੇ ਦਿੱਲੀ ਹਾਈ ਕੋਰਟ ਤੱਕ ਪਹੁੰਚ ਕਰਕੇ ਬੇਨਤੀ ਕੀਤੀ ਕਿ ਚੋਣ ਕਮਿਸ਼ਨ ਨੂੰ ਮੋਦੀ ਦੇ ਨਫ਼ਰਤ ਭਰੇ ਭਾਸ਼ਣਾਂ ਲਈ ਉਸ ਵਿਰੁੱਧ ਕੇਸ ਦਰਜ ਕਰਨ ਲਈ ਕਿਹਾ ਜਾਵੇ, ਤਾਂ ਉਨ੍ਹਾਂ ਨੂੰ ਇਹ ਸਲਾਹ ਦੇ ਕੇ ਵਾਪਸ ਮੋੜ ਦਿੱਤਾ ਗਿਆ ਕਿ ਉਨ੍ਹਾਂ ਨੂੰ ਚੋਣ ਕਮਿਸ਼ਨ (ਈਸੀ) ਵਿਚ ਵਿਸ਼ਵਾਸ ਹੋਣਾ ਚਾਹੀਦਾ ਹੈ। ਨਿਰਸੰਦੇਹ, ਮਗਰਲੇ ਨੇ ਕੁਝ ਨਹੀਂ ਕੀਤਾ, ਅਤੇ ਜਦੋਂ ਮੁੱਖ ਚੋਣ ਕਮਿਸ਼ਨਰ ਨੂੰ ਪੁੱਛਿਆ ਗਿਆ (ਵੋਟਿੰਗ ਖ਼ਤਮ ਹੋਣ ਤੋਂ ਬਾਅਦ) ਕਿ ਉਸਨੇ ਕਾਰਵਾਈ ਕਿਉਂ ਨਹੀਂ ਕੀਤੀ, ਤਾਂ ਉਸਦਾ ਜਵਾਬ ਸੀ ਕਿ ਅਦਾਲਤਾਂ ਨੇ ਉਹ ਪਟੀਸ਼ਨਾਂ ਰੱਦ ਕਰ ਦਿੱਤੀਆਂ ਸਨ, ਜਿਨ੍ਹਾਂ ਵਿਚ ਚੋਣ ਕਮਿਸ਼ਨ ਨੂੰ ਕਾਰਵਾਈ ਕਰਨ ਲਈ ਕਿਹਾ ਗਿਆ ਸੀ।



ਅਦਾਲਤਾਂ ਅਤੇ ਚੋਣ ਕਮਿਸ਼ਨ ਨੇ ਜ਼ਿੰਮੇਵਾਰੀ ਇਕ ਦੂਜੇ ਵੱਲ ਖਿਸਕਾਈ ਹੋ ਸਕਦੀ ਹੈ ਅਤੇ ਕੁਝ ਨਹੀਂ ਕੀਤਾ ਪਰ ਜਿੱਥੋਂ ਤੱਕ ਮੋਦੀ ਦਾ ਸਵਾਲ ਹੈ, ਕਾਫ਼ੀ ਹਿੰਦੂ ਵੋਟਰਾਂ ਨੇ ਉਸਦੀ ਗੇਮ ਤਾੜ ਲਈ ਅਤੇ ਫ਼ੈਸਲਾ ਕੀਤਾ ਕਿ ਉਹ ਹੁਣ ਫਿਰਕੂ ਝਗੜੇ ਦੇ ਜਾਲ 'ਚ ਨਹੀਂ ਫਸਣਗੇ ਜਿਨ੍ਹਾਂ ਵਿਚ ਮੋਦੀ ਸਪਸ਼ਟ ਤੌਰ 'ਤੇ ਉਨ੍ਹਾਂ ਨੂੰ ਉਲਝਾ ਰਿਹਾ ਹੈ। ਉੱਤਰ ਪ੍ਰਦੇਸ਼ ਅਤੇ ਮਹਾਰਾਸ਼ਟਰ ਵਿਚ ਭਾਜਪਾ ਦਾ ਵੋਟ ਸ਼ੇਅਰ ਡਿਗ ਗਿਆ। ਇੱਥੋਂ ਤੱਕ ਕਿ ਅਯੁੱਧਿਆ - ਜਿਸ ਨੂੰ ਮੋਦੀ ਦੀ ਅੰਧਰਾਸ਼ਟਰਵਾਦੀ ਰਾਜਨੀਤੀ ਵਿਚ ਵਿਸ਼ੇਸ਼ ਜਗ੍ਹਾ ਦਿੱਤੀ ਗਈ ਹੈ - ਨੇ ਵੀ ਉਸ ਨੂੰ ਗਲੋਂ ਲਾਹੁਣ ਦਾ ਫ਼ੈਸਲਾ ਕਰ ਲਿਆ। ਰਾਜਸਥਾਨ ਅਤੇ ਹਰਿਆਣਾ ਵਿਚ, ਮੋਦੀ ਦੀਆਂ ਕਿਸਾਨ ਵਿਰੋਧੀ ਨੀਤੀਆਂ ਤੋਂ ਨਾਰਾਜ਼ ਪੇਂਡੂ ਵੋਟਰਾਂ ਨੇ ਵਿਰੋਧੀ ਧਿਰ ਨੂੰ ਹਮਾਇਤ ਦਿੱਤੀ। ਪੂਰੇ ਭਾਰਤ ਵਿਚ, ਘੱਟੋਘੱਟ 22 ਮੌਜੂਦਾ ਮੰਤਰੀ - ਉਸ ਦੀ ਵਜ਼ਾਰਤ ਦਾ ਲੱਗਭੱਗ ਚੌਥਾ ਹਿੱਸਾ - ਆਪਣੀਆਂ ਸੀਟਾਂ ਹਾਰ ਗਏ।

ਹਾਲਾਂਕਿ, ਭਾਜਪਾ ਵੱਲੋਂ ਧਨ ਦੀ ਤਾਕਤ ਨਾਲ ਚੋਣ ਯੁੱਧ ਦੇ ਮੈਦਾਨ ਨੂੰ ਆਪਣੇ ਪੱਖ 'ਚ ਭੁਗਤਾਉਣ, ਵੱਡੇ ਮੀਡੀਆ ਦੇ ਪੱਖਪਾਤ ਅਤੇ ਵਿਰੋਧੀ ਧਿਰ ਦੇ ਖਿਲਾਫ਼ ਰਾਜ ਦੇ ਦਬਾਅ ਦੀ ਵਰਤੋਂ ਕਰਨ ਦੀ ਆਪਣੀ ਇੱਛਾ ਸਦਕਾ, ਮੋਦੀ ਗੱਠਜੋੜ ਦੀ ਮੱਦਦ ਨਾਲ ਆਪਣੇ ਨੁਕਸਾਨ ਨੂੰ ਸੀਮਤ ਕਰਨ ਅਤੇ ਚੋਣ ਦੌੜ ਮਸਾਂ ਹੀ ਜਿੱਤਣ ਵਿਚ ਕਾਮਯਾਬ ਰਿਹਾ ਹੈ। ਸ਼ਨੀਵਾਰ 8 ਜੂਨ (ਦਰਅਸਲ 9 ਜੂਨ) ਨੂੰ ਉਹ ਤੀਜੀ ਵਾਰ ਅਹੁਦੇ ਦੀ ਸਹੁੰ ਚੁੱਕੇਗਾ। ਇਹ ਤੱਥ ਤਾਂ ਭਾਰਤ ਦੇ ਲੋਕਤੰਤਰ ਲਈ ਚੰਗੀ ਖ਼ਬਰ ਹੈ ਕਿ ਉਹ ਕਮਜ਼ੋਰ ਹੋ ਗਿਆ ਹੈ ਪਰ ਜਿਸ ਹੱਦ ਤੱਕ ਉਹ ਬੇਪਰਵਾਹੀ ਨਾਲ ਪੇਸ਼ ਆ ਰਿਹਾ ਹੈ, ਉਸਦੇ ਮੱਦੇਨਜ਼ਰ ਇਹ ਪੁੱਛਣਾ ਵਾਜਬ ਹੈ ਕਿ ਇਸ ਵਾਰ ਉਸ ਦੀਆਂ ਤਰਜ਼ੀਹਾਂ ਕੀ ਹੋਣਗੀਆਂ।

ਕੀ ਉਸ ਦੇ ਚੋਣ ਹਾਰ ਜਾਣ ਦਾ ਮਤਲਬ ਇਹ ਹੈ ਕਿ ਉਹ ਹੁਣ ਆਪਣੇ ਹਿੰਦੂ ਅੰਧਰਾਸ਼ਟਰਵਾਦੀ ਏਜੰਡੇ ਨੂੰ ਅੱਗੇ ਨਹੀਂ ਵਧਾ ਸਕੇਗਾ? ਕੀ ਉਸਨੂੰ ਹੁਣ ਅਸਹਿਮਤੀ ਨੂੰ ਦਬਾਉਣ ਅਤੇ ਪ੍ਰੈੱਸ ਦੀ ਆਜ਼ਾਦੀ ਨੂੰ ਕਮਜ਼ੋਰ ਕਰਨ ਦੀਆਂ ਆਪਣੀਆਂ ਕੋਸ਼ਿਸ਼ਾਂ 'ਚ ਢਿੱਲ ਦੇਣੀ ਪਏਗੀ? ਕੀ ਉਹ ਇਹ ਨਿਰਣਾ ਲਏਗਾ ਕਿ ਹੁਣ ਵੱਡੇ ਕਾਰੋਬਾਰਾਂ ਪ੍ਰਤੀ ਘੱਟ ਕ੍ਰਿਪਾਲੂ ਹੋਣ ਦਾ ਸਮਾਂ ਹੈ? ਜਾਂ ਕੀ ਉਹ ਅਸਲ ਵਿਚ ਆਪਣੇ ਮੌਜੂਦਾ ਏਜੰਡੇ ਨੂੰ ਦੁੱਗਣਾ ਕਰ ਸਕਦਾ ਹੈ?

ਤੁਰਕੀ ਤੋਂ ਇਕ ਦੋਸਤ ਨੇ ਮੈਨੂੰ ਚੇਤੇ ਕਰਾਇਆ ਕਿ ਜਦੋਂ ਕੋਈ ਤਾਕਤਵਰ ਬੰਦਾ ਕਮਜ਼ੋਰ ਮਹਿਸੂਸ ਕਰਦਾ ਹੈ ਤਾਂ ਚੀਜ਼ਾਂ ਖ਼ਾਸ ਤੌਰ 'ਤੇ ਖ਼ਤਰਨਾਕ ਹੋ ਸਕਦੀਆਂ ਹਨ। ਤੁਰਕੀ ਵਿਚ ਰੇਸੇਪ ਤੈਯਪ ਏਰਦੋਗਨ ਨਾਲ ਇਹੀ ਅਨੁਭਵ ਰਿਹਾ ਹੈ ਅਤੇ ਮੋਦੀ ਤੋਂ ਇਸ ਤੋਂ ਵੱਖਰਾ ਚੱਲਣ ਦੀ ਉਮੀਦ ਰੱਖਣ ਦੀ ਕੋਈ ਵਜ੍ਹਾ ਨਹੀਂ ਹੈ। ਆਪਣੇ ਦੂਜੇ ਕਾਰਜਕਾਲ ਵਿਚ, ਮੋਦੀ ਨੇ ਭਾਰਤ ਦੇ ਸ਼ਕਤੀਸ਼ਾਲੀ ਡਿਜੀਟਲ ਮੀਡੀਆ ਉੱਪਰ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਸੀ - ਜੋ ਹੁਣ ਤੱਕ ਉਨ੍ਹਾਂ ਖ਼ਤਰਿਆਂ ਅਤੇ ਲਾਲਚਾਂ ਦੇ ਬਾਵਜੂਦ ਲੱਖਾਂ ਪਾਠਕਾਂ ਅਤੇ ਦਰਸ਼ਕਾਂ ਤੱਕ ਪਹੁੰਚਣ ਵਿਚ ਕਾਮਯਾਬ ਰਿਹਾ ਹੈ ਜਿਸ ਨੇ ਭਾਰਤ ਦੇ ਵਿਰਾਸਤੀ ਮੀਡੀਆ ਨੂੰ ਰਾਸ਼ਟਰੀ ਸ਼ਰਮਿੰਦਗੀ 'ਚ ਬਦਲ ਦਿੱਤਾ ਹੈ। ਆਪਣੇ ਤੀਜੇ ਕਾਰਜਕਾਲ ਵਿਚ, ਮੋਦੀ ਦੇ ਮੀਡੀਆ ਵਿਰੁੱਧ ਕਾਨੂੰਨ ਦੀ ਵਰਤੋਂ 'ਚ ਵਧੇਰੇ ਹਮਲਾਵਰ ਹੋਣ ਦੀ ਸੰਭਾਵਨਾ ਹੈ। ਇਸੇ ਤਰ੍ਹਾਂ, ਇਕ ਵਾਰ ਫਿਰ ਉਹ ਵਿਰੋਧੀ ਧਿਰ ਨੂੰ ਰੋਕਣ ਲਈ ਵਿਅਕਤੀਗਤ ਆਗੂਆਂ ਦੇ ਪਿੱਛੇ ਪੈ ਕੇ ਸਰਕਾਰ ਦੀਆਂ ਐਨਫੋਰਸਮੈਂਟ ਏਜੰਸੀਆਂ ਨੂੰ ਇਸਤੇਮਾਲ ਕਰਨ ਦੀ ਕੋਸ਼ਿਸ਼ ਕਰੇਗਾ।

ਜੇਕਰ ਮੋਦੀ ਹੁਣ ਤੱਕ ਅਪਣਾਏ ਰਾਹ 'ਤੇ ਚੱਲਦਾ ਰਹਿੰਦਾ ਹੈ, ਤਾਂ ਇਹ ਉਨ੍ਹਾਂ ਦੇ ਗੱਠਜੋੜ ਭਾਈਵਾਲਾਂ ਅਤੇ ਨਿਆਂਪਾਲਿਕਾ 'ਤੇ ਨਿਰਭਰ ਕਰੇਗਾ ਕਿ ਉਹ ਦਖ਼ਲਅੰਦਾਜ਼ੀ ਕਰਨ। ਇਹ ਤੱਥ ਕਿ ਮੋਦੀ ਗਿਣਤੀ ਪੱਖੋਂ ਕਮਜ਼ੋਰ ਹੈ, ਇਸ ਨਾਲ ਇਸ ਗੱਲ ਦੀ ਸੰਭਾਵਨਾ ਵਧ ਜਾਂਦੀ ਹੈ ਕਿ ਉਸ ਨੂੰ ਇਨ੍ਹਾਂ ਹਿੱਸਿਆਂ ਤੋਂ ਕੁਝ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ ਪਰ ਇਸ ਗੱਲ ਦੀ ਕੋਈ ਗਾਰੰਟੀ ਨਹੀਂ ਹੈ ਕਿ ਅਜਿਹਾ ਹੋਵੇਗਾ।

ਆਪਣੇ ਪਹਿਲੇ ਦੋ ਕਾਰਜਕਾਲਾਂ ਵਿਚ, ਮੋਦੀ ਨੇ ਆਪਣੇ ਆਪ ਨੂੰ ਰਾਜਨੀਤਿਕ ਤੌਰ 'ਤੇ ਮਜ਼ਬੂਤ ਕਰਨ ਲਈ ਬਦੇਸ਼ੀ ਤਾਕਤਾਂ, ਖ਼ਾਸ ਕਰਕੇ ਅਮਰੀਕਾ ਅਤੇ ਯੂਰਪ ਦੀਆਂ ਤਾਕਤਾਂ ਦੀ ਹਮਾਇਤ ਅਤੇ ਸਦਭਾਵਨਾ ਦੀ ਵਰਤੋਂ ਸ਼ਕਤੀ-ਵਰਧਕ ਦੇ ਰੂਪ 'ਚ ਕੀਤੀ ਸੀ। ਉਹ ਵੀ ਜ਼ਰੂਰੀ ਤੌਰ 'ਤੇ ਬਦਲਣ ਵਾਲਾ ਨਹੀਂ ਹੈ। ਸੱਤਾ ਵਿਚ ਵਾਪਸ ਆਉਣ ਤੋਂ ਬਾਅਦ, ਆਪਣੇ ਸਰੇਆਮ ਇਸਲਾਮੋਫੋਬੀਆ ਅਤੇ ਤਾਨਾਸ਼ਾਹ ਪ੍ਰਵਿਰਤੀਆਂ ਨਾਲ ਪੈਦਾ ਹੋਈ ਕਿਸੇ ਵੀ ਨਾਰਾਜ਼ਗੀ ਨੂੰ ਦੂਰ ਕਰਨ ਲਈ ਉਸ ਵੱਲੋਂ ਪੱਛਮੀ ਕੰਪਨੀਆਂ ਲਈ ਆਕਰਸ਼ਕ/ਮੁਨਾਫ਼ੇ ਵਾਲੇ ਕਾਰੋਬਾਰੀ ਮੌਕਿਆਂ ਅਤੇ ਅਮਰੀਕਾ ਤੇ ਚੀਨ ਦਰਮਿਆਨ ਵਧ ਰਹੀ ਦਰਾੜ ਦਾ ਫ਼ਾਇਦਾ ਉਠਾਉਣਾ ਨਿਸ਼ਚਿਤ ਹੈ।

ਭਾਰਤ ਦੇ ਲੋਕ ਹੁਣ ਸੁੱਖ ਦਾ ਸਾਹ ਲੈ ਰਹੇ ਹਨ, ਇਸ ਭਰੋਸੇ ਨਾਲ ਕਿ ਉਹ ਭਾਰਤੀ ਲੋਕਤੰਤਰ ਨੂੰ ਤਬਾਹੀ ਦੇ ਕੰਢੇ ਤੋਂ ਪਿੱਛੇ ਖਿੱਚਣ ਵਿਚ ਕਾਮਯਾਬ ਹੋ ਗਏ ਹਨ। ਉਹ ਇਹ ਵੀ ਜਾਣਦੇ ਹਨ ਕਿ ਮੋਦੀ ਨੇ ਆਪਣੀ ਜੋ ਦੈਵੀ ਰੂਪ 'ਚ ਪੇਸ਼ ਆਉਣ ਦੀ ਜ਼ਿਹਨੀਅਤ ਬਣਾਈ ਹੋਈ ਹੈ, ਉਸ ਨੂੰ ਉਸ ਮੋੜ 'ਚ ਪਰਤਣ 'ਚ ਦੇਰ ਨਹੀਂ ਲੱਗੇਗੀ। ਭਾਜਪਾ ਦੀ ਮੁਸਲਿਮ ਵਿਰੋਧੀ ਰਾਜਨੀਤੀ ਲਈ ਹਮਾਇਤ ਚਾਹੇ ਭਾਰਤ ਦੇ ਉੱਤਰ ਅਤੇ ਪੱਛਮ ਵਿਚ ਸਿਖ਼ਰ 'ਤੇ ਹੋਵੇ, ਪਰ ਉਹ ਦੱਖਣ ਅਤੇ ਪੂਰਬ ਵਿਚ ਆਪਣੀ ਪਹੁੰਚ ਵਧਾਉਣ ਲਈ ਉਤਸੁਕ ਹੈ। ਇਹ ਉਹ ਵਿਅਕਤੀ ਹੈ ਜਿਸ ਨੂੰ ਇਹ ਘੁਮੰਢ ਹੈ ਕਿ ਉਸ ਕੋਲ ਭਾਰਤ ਲਈ ਇਕ ਹਜ਼ਾਰ ਸਾਲ ਦੀ ਯੋਜਨਾ ਹੈ - ਜੋ ਆਰਐੱਸਐੱਸ ਦੇ ਵਿਨਾਸ਼ਕਾਰੀ ਨਜ਼ਰੀਏ ਦਾ ਇਕ ਟੈਕਨੋ-ਕਾਰਪੋਰੇਟ ਰੂਪ ਹੈ - ਅਤੇ ਉਹ ਇਸਨੂੰ ਐਨਾ ਸੌਖਿਆਂ ਛੱਡਣ ਵਾਲਾ ਨਹੀਂ ਹੈ। ਭਾਰਤ ਦੇ ਵੋਟਰਾਂ ਨੇ ਇਸ ਨਜ਼ਰੀਏ ਨੂੰ ਬਹੁਤ ਵੱਡਾ ਝਟਕਾ ਦਿੱਤਾ ਹੈ ਪਰ ਸੱਚਾਈ ਇਹ ਹੈ ਕਿ ਮੋਦੀ ਮੁੜ ਆ ਗਿਆ ਹੈ। ਭਾਰਤੀ, ਜੋ ਆਪਣੇ ਸੰਵਿਧਾਨ - ਆਪਣੇ ਅਧਿਕਾਰਾਂ, ਆਪਣੀ ਸੱਭਿਅਤਾ ਅਤੇ ਆਪਣੇ ਭਾਈਚਾਰੇ - ਨੂੰ ਪਿਆਰ ਕਰਦੇ ਹਨ ਅਤੇ ਉਸ ਨੂੰ ਮਹੱਤਵ ਦਿੰਦੇ ਹਨ ਉਨ੍ਹਾਂ ਨੂੰ ਇਕ ਹੋਰ ਫ਼ੈਸਲਾਕੁਨ ਦੌਰ ਲਈ ਆਪਣੇ ਆਪ ਨੂੰ ਤਿਆਰ ਕਰਨਾ ਹੋਵੇਗਾ ਜੋ ਨਿਸ਼ਚਿਤ ਤੌਰ 'ਤੇ ਆਉਣ ਹੀ ਵਾਲਾ ਹੈ। ਚਲੋ ਚਲੋ, ਜਿਵੇਂ ਕਿ ਫੈਜ ਨੇ ਨਵੀਂ ਸਵੇਰ ਦੀ ਤਲਾਸ਼ ਬਾਰੇ ਲਿਖਿਆ, ਕੀ ਵੋਹ ਮੰਜਲਿ ਅਭੀ ਨਹੀਂ ਆਈ। ਮਹਿਫੂਜ਼ ਟਿਕਾਣਾ ਅਜੇ ਵੀ ਥੋੜ੍ਹੀ ਦੂਰ ਹੈ।

## ਭਗਵਾ ਬ੍ਰਿਗੇਡ ਨੂੰ ਅਸਲ ਚੁਣੌਤੀ ਕਿਨ੍ਹਾਂ ਦਿੱਤੀ?

**ਬੂਟਾ ਸਿੰਘ ਮਹਿਮੂਦਪੁਰ**

ਆਰ.ਐੱਸ.ਐੱਸ.-ਭਾਜਪਾ ਦਾ ਅਸਲ ਵਿਰੋਧ ਵਿਰੋਧੀ ਧਿਰ ਦੀਆਂ ਪਾਰਟੀਆਂ ਨੇ ਨਹੀਂ ਸਗੋਂ ਲੋਕਾਂ ਦੇ ਜਥੇਬੰਦ ਹਿੱਸਿਆਂ ਨੇ ਕੀਤਾ। ਵਿਰੋਧੀ ਧਿਰ ਨੇ ਤਾਂ ਇਸ ਵਿਰੋਧ ਦਾ ਇਕ ਤਰੀਕੇ ਨਾਲ ਲਾਹਾ ਹੀ ਲਿਆ। ਵੱਖ-ਵੱਖ ਰਾਜਾਂ ਵਿਚ ਬਹੁਤ ਸਾਰੀਆਂ ਨਾਗਰਿਕ ਜਥੇਬੰਦੀਆਂ, ਲੋਕ ਅੰਦੋਲਨਾਂ ਨੇ ਮਿਲ ਕੇ ਜਾਂ ਆਪੋ-ਆਪਣੇ ਤੌਰ 'ਤੇ ਸੰਘ ਬ੍ਰਿਗੇਡ ਦੇ ਝੂਠ ਨੂੰ ਤੱਥਾਂ ਸਹਿਤ ਬੇਪਰਦ ਕੀਤਾ, ਭਾਜਪਾ ਨੂੰ ਹਰਾ ਕੇ ਲੋਕਤੰਤਰੀ ਮੁੱਲਾਂ ਨੂੰ ਬਚਾਉਣ ਦਾ ਸੱਦਾ ਦਿੱਤਾ ਅਤੇ ਲੋਕਾਂ ਦੇ ਅਸਲ ਮੁੱਦੇ ਉਭਾਰ ਕੇ ਲੋਕ ਰਾਇ ਖੜ੍ਹੀ ਬਣਾਉਣ ਲਈ ਮੁਹਿੰਮਾਂ ਚਲਾਈਆਂ। ਸੰਯੁਕਤ ਕਿਸਾਨ ਮੋਰਚੇ ਨੇ ਕੇਂਦਰੀ ਟਰੇਡ ਯੂਨੀਅਨਾਂ ਨਾਲ ਮਿਲ ਕੇ ਮਜ਼ਦੂਰਾਂ ਕਿਸਾਨਾਂ ਦੇ ਮੁੱਖ ਮੁੱਦਿਆਂ ਉੱਪਰ ਵੱਡੀ ਲਾਮਬੰਦੀ ਕਰਨ ਦੀ ਯੋਜਨਾ ਬਣਾ ਕੇ ਲਗਾਤਾਰ ਸੱਦੇ ਦੇਣੇ ਸ਼ੁਰੂ ਕਰ ਦਿੱਤੇ। ਇਨ੍ਹਾਂ ਕੋਸ਼ਿਸ਼ਾਂ ਨਾਲ ਭਾਜਪਾ ਦੇ ਖ਼ਿਲਾਫ਼ ਵਿਰੋਧ ਦੀ ਲਹਿਰ ਉੱਠਣੀ ਸ਼ੁਰੂ ਹੋ ਗਈ। ਇਸ ਦੌਰਾਨ ਡੱਲੇਵਾਲ-ਪੰਧੇਰ ਧੜੇ ਦੇ ਦਿੱਲੀ ਕੂਚ ਨੂੰ ਰੋਕਣ ਲਈ ਸ਼ੰਭੂ-ਖਨੌਰੀ ਬਾਰਡਰਾਂ ਉੱਪਰ ਹਰਿਆਣੇ ਦੀ ਖੱਟਰ ਸਰਕਾਰ ਵੱਲੋਂ ਕੀਤੇ ਬੇਕਿਰਕ ਜਬਰ ਨੇ ਜਿੱਥੇ ਭਾਜਪਾ ਵਿਰੁੱਧ ਆਮ ਲੋਕਾਂ ਅੰਦਰ ਨਫ਼ਰਤ ਵਿਚ ਵਾਧਾ ਕੀਤਾ ਉੱਥੇ ਸੰਘਰਸ਼ਸ਼ੀਲ ਤਾਕਤਾਂ ਨੇ ਵੀ ਇਸ ਨੂੰ ਚੁਣੌਤੀ ਵਜੋਂ ਲਿਆ। ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 'ਭਾਜਪਾ ਭਜਾਓ, ਭਾਜਪਾ ਨੂੰ ਸਬਕ ਸਿਖਾਓ' ਦਾ ਨਾਅਰਾ ਪੰਜਾਬ ਦੇ ਪਿੰਡਾਂ-ਸ਼ਹਿਰਾਂ 'ਚ ਗੂੰਜਣ ਲੱਗਾ। ਹਰਿਆਣਾ ਦੇ ਬਹੁਤ ਸਾਰੇ ਹਿੱਸਿਆਂ 'ਚ ਵੀ ਭਾਜਪਾ ਤੇ ਇਸ ਦੇ ਜੋਟੀਦਾਰਾਂ ਨੂੰ ਤਿੱਖੇ ਜਨਤਕ ਵਿਰੋਧ ਦਾ ਸਾਹਮਣਾ ਕਰਨਾ ਪਿਆ।

ਭਾਜਪਾ ਆਗੂਆਂ ਨੇ ਇਸ ਹੱਕੀ ਵਿਰੋਧ ਨੂੰ ਜਮਹੂਰੀ ਹੱਕ ਉੱਪਰ ਹਮਲਾ ਦੱਸਦਿਆਂ ਖ਼ੁਦ ਨੂੰ 'ਪੀੜਤ' ਬਣਾ ਕੇ ਹਮਦਰਦੀ ਬਟੋਰਨ ਦੀ ਕੋਸ਼ਿਸ਼ ਕੀਤੀ। ਸੰਘਰਸ਼ਸ਼ੀਲ ਤਾਕਤਾਂ ਨੇ ਮੋਦੀ ਰਾਜ ਦੇ ਖ਼ੂਨੀ ਕਾਰਿਆਂ ਦੇ ਤੱਥ ਪੇਸ਼ ਕਰਦਿਆਂ ਇਸ ਭਗਵਾ ਬਿਰਤਾਂਤ ਨੂੰ ਬਖ਼ੂਬੀ ਬੇਪੜਦ ਕੀਤਾ ਕਿ ਜੇ ਕਿਸਾਨ ਅੰਦੋਲਨ ਕਰਨ ਲਈ ਦਿੱਲੀ ਨਹੀਂ ਜਾ ਸਕਦੇ ਤਾਂ ਭਾਜਪਾ ਦੇ ਆਗੂ ਵੀ ਪਿੰਡਾਂ 'ਚ ਨਹੀਂ ਆ ਸਕਦੇ।

ਆਰ.ਐੱਸ.ਐੱਸ.-ਭਾਜਪਾ ਨੂੰ ਪਤਾ ਸੀ ਕਿ ਇਤਿਹਾਸਕ ਕਿਸਾਨ ਅੰਦੋਲਨ ਨਾਲ ਬਣੀ ਚੇਤਨਾ ਕਾਰਨ ਪੰਜਾਬ ਦੇ ਜ਼ਿਆਦਾਤਰ ਲੋਕ ਉਨ੍ਹਾਂ ਨੂੰ ਮੂੰਹ ਨਹੀਂ ਲਾਉਣਗੇ। ਤਿੱਖੇ ਵਿਰੋਧ ਨੂੰ ਖਾਰਜ ਕਰਨ ਲਈ ਉਨ੍ਹਾਂ ਨੇ ਸਮਾਜ ਵਿਚਲੇ ਜਾਤਪਾਤੀ ਵਿਰੋਧਾਂ ਦਾ ਲਾਹਾ ਲੈਂਦਿਆਂ ਦਲਿਤ ਪੱਤਾ ਖੇਡਿਆ। ਹੰਸ ਰਾਜ ਹੰਸ ਵਰਗੇ ਦਲਿਤ ਚਿਹਰਿਆਂ ਨੂੰ ਅੱਗੇ ਲਾ ਕੇ ਦਲਿਤ-ਜੱਟ ਵਿਰੋਧ ਭੜਕਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਫ਼ਿਲਹਾਲ ਚੋਣਾਂ ਦੌਰਾਨ ਚਾਹੇ ਇਹ ਵੱਡੇ ਟਕਰਾਅ ਦਾ ਮੁੱਦਾ ਨਹੀਂ ਬਣਿਆ ਪਰ ਆਪਣੀ ਕੁਟਲ ਨੀਤੀ ਨਾਲ ਆਰ.ਐੱਸ.ਐੱਸ. ਪੰਜਾਬ ਦੇ ਦਲਿਤਾਂ ਦੇ ਇਕ ਹਿੱਸੇ 'ਚ ਆਪਣੀ ਪਾਟਕ ਪਾਊ ਸਿਆਸਤ ਦਾ ਸੰਚਾਰ ਕਰਨ 'ਚ ਕਾਮਯਾਬ ਹੋ ਗਈ ਹੈ। ਇਸ ਤੋਂ ਚੌਕਸ ਹੋਣਾ ਵੀ ਜ਼ਰੂਰੀ ਹੈ ਅਤੇ ਇਸ ਦਾ ਮੁਕਾਬਲਾ ਕਰਨ ਲਈ ਠੋਸ ਨੀਤੀ ਵੀ ਘੜਨੀ ਪਵੇਗੀ।

ਸੰਘਰਸ਼ਸ਼ੀਲ ਕਿਸਾਨੀ ਦੇ ਰੋਹ ਨੂੰ ਸ਼ਾਂਤ ਕਰਨ ਲਈ ਮੋਦੀ ਨੇ ਸਿੱਖ ਪੱਤਾ ਖੇਡਿਆ। ਸਿਰ 'ਤੇ ਦਸਤਾਰ ਸਜਾ ਕੇ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਸੰਗਤਾਂ ਨੂੰ ਲੰਗਰ ਛਕਾਉਣ ਤੇ ਸੰਗਤ ਦੀ ਸੇਵਾ ਕਰਨ ਦਾ ਨਾਟਕ ਕੀਤਾ ਗਿਆ। ਪੰਜਾਬ ਵਿਚ ਚੋਣ ਰੈਲੀਆਂ ਦੇ ਭਾਸ਼ਣਾਂ 'ਚ ਮੋਦੀ ਵੱਲੋਂ ਪੰਜਾਬ ਅਤੇ ਸਿੱਖ ਧਰਮ ਲਈ ਕੀਤੇ ਕਾਰਜਾਂ ਦੀ ਲੰਮੀ ਸੂਚੀ ਗਿਣਾਈ ਗਈ। ਸਿੱਖ ਧਰਮ ਨਾਲ ਪੁਰਾਣਾ ਰਿਸ਼ਤਾ ਦਿਖਾਉਣ ਲਈ ਇਹ ਦਾਅਵਾ ਵੀ ਕਿਹਾ ਗਿਆ ਕਿ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ ਪੰਜ ਪਿਆਰਿਆਂ ਨਾਲ ਵੀ ਉਸ ਦੇ ਪੁਰਖਿਆਂ ਦਾ ਸਬੰਧ ਹੈ। ਭਾਜਪਾ ਹਾਈਕਮਾਨ ਨੂੰ ਭਰਮ ਸੀ ਕਿ ਅਜਿਹੇ ਕਪਟੀ ਭਾਸ਼ਣ ਸੁਣ ਕੇ ਅਤੇ ਦੂਜੀਆਂ ਪਾਰਟੀਆਂ 'ਚੋਂ ਆਏ ਦਲ-ਬਦਲੂ 'ਸਿੱਖ' ਚਿਹਰਿਆਂ ਤੋਂ ਪ੍ਰਭਾਵਿਤ ਹੋ ਕੇ ਪੰਜਾਬ ਦੇ ਲੋਕ ਭਾਜਪਾ ਹਕੂਮਤ ਦੇ ਜਾਬਰ ਖ਼ੂਨੀ ਕਾਰਿਆਂ ਨੂੰ ਭੁੱਲ ਜਾਣਗੇ। ਇਸ ਦੇ ਉਲਟ, ਹਰ ਥਾਂ ਹੀ ਮੋਦੀ ਸਮੇਤ ਭਾਜਪਾ ਦੇ 'ਸਟਾਰ ਪ੍ਰਚਾਰਕਾਂ' ਦੀਆਂ ਰੈਲੀਆਂ ਨੂੰ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਦਹਿ-ਹਜ਼ਾਰਾਂ ਪੁਲਸੀ ਧਾੜਾਂ, ਬੈਰੀਕੇਡਿੰਗ ਅਤੇ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਤੇ ਘਰਾਂ 'ਚ ਨਜ਼ਰਬੰਦੀ ਦੀ ਮਦਦ ਨਾਲ ਹੀ ਇਹ ਪ੍ਰਚਾਰਕ ਚੋਣ ਰੈਲੀਆਂ 'ਚ ਢੋਏ ਭਾੜੇ ਦੇ ਇਕੱਠਾਂ ਨੂੰ ਸੰਬੋਧਨ ਕਰ ਸਕੇ।


ਇਨਕਲਾਬੀ ਤਾਕਤਾਂ ਵੱਲੋਂ ਆਪਣੀ ਚੋਣਾਂ ਦੇ ਰਾਹ ਨੂੰ ਰੱਦ ਕਰਨ ਦੀ ਨੀਤੀ ਅਨੁਸਾਰ ਵੋਟਾਂ ਨਾਲ ਤਬਦੀਲੀ ਦੀ ਕੋਈ ਉਮੀਦ ਨਾ ਰੱਖਣ ਅਤੇ ਸੰਘਰਸ਼ਾਂ 'ਤੇ ਟੇਕ ਰੱਖਣ ਦੀ ਮੁਹਿੰਮ ਚਲਾਈ ਗਈ। ਚੋਣ ਬਾਈਕਾਟ ਦਾ ਨਾਅਰਾ ਦੇਣ ਵਾਲਿਆਂ ਨੇ ਵੀ ਆਪਣੀ ਸਿਆਸਤ ਦਾ ਪ੍ਰਚਾਰ ਕੀਤਾ। ਆਮ ਲੋਕਾਈ ਦਾ ਅਜੇ ਚੋਣਾਂ ਰਾਹੀਂ ਤਬਦੀਲੀ 'ਚ ਡੂੰਘਾ ਵਿਸ਼ਵਾਸ ਹੋਣ ਕਾਰਨ ਉਹ ਚੋਣਾਂ 'ਚ ਬੇਹੱਦ ਸਰਗਰਮੀ ਨਾਲ ਹਿੱਸਾ ਲੈਂਦੇ ਹਨ ਅਤੇ ਇਨਕਲਾਬੀ ਤਬਦੀਲੀ ਦੀ ਸਿਆਸਤ ਨੂੰ ਹੁੰਗਾਰਾ ਨਹੀਂ ਦਿੰਦੇ। ਇਸ ਕਰਕੇ, ਇਨ੍ਹਾਂ ਚੋਣਾਂ 'ਚ ਵੀ ਇਨਕਲਾਬੀ ਤਾਕਤਾਂ ਦੀ ਰਾਜਨੀਤਕ ਦਖ਼ਲਅੰਦਾਜ਼ੀ ਨਾਮਾਤਰ ਹੀ ਰਹੀ। ਮੁੱਖ ਤੌਰ 'ਤੇ, ਸੰਯੁਕਤ ਕਿਸਾਨ ਮੋਰਚੇ+ਟਰੇਡ ਯੂਨੀਅਨਾਂ ਦੇ 'ਭਾਜਪਾ ਭਜਾਓ' ਦੇ ਸੱਦੇ ਨੇ ਹੀ ਅਵਾਮ ਨੂੰ ਆਰ.ਐੱਸ.ਐੱਸ.-ਭਾਜਪਾ ਵਿਰੁੱਧ ਰਾਜਨੀਤਕ ਤੌਰ 'ਤੇ ਲਾਮਬੰਦ ਕਰਨ 'ਚ ਪ੍ਰਭਾਵਸ਼ਾਲੀ ਭੂਮਿਕਾ ਨਿਭਾਈ। ਚੋਣਾਂ ਦੌਰਾਨ ਸਰਗਰਮੀ ਦੀ ਇਕ ਖ਼ਾਸ ਖ਼ੂਬੀ ਹੈ ਜਮਹੂਰੀ ਵਿਰੋਧ ਅਤੇ ਸਵਾਲ ਕਰਨ ਦਾ ਹਾਂਦਰੂ ਰੁਝਾਨ। ਸੰਘਰਸ਼ਸ਼ੀਲ ਹਿੱਸਿਆਂ ਨੇ ਜਨਤਕ ਤੌਰ 'ਤੇ ਸਵਾਲਾਂ ਰਾਹੀਂ ਚੋਣਵਾਦੀ ਪਾਰਟੀਆਂ ਨੂੰ ਘੇਰਨ ਅਤੇ ਜਵਾਬਦੇਹ ਬਣਾਉਣ ਲਈ ਹੰਭਲਾ ਮਾਰਿਆ। ਇਸ ਸਰਗਰਮੀ ਨੇ ਆਮ ਜਨਤਾ ਨੂੰ ਅੱਗੇ ਆਉਣ ਅਤੇ ਆਪਣੇ ਹੱਕ ਜਤਾਉਣ ਲਈ ਉਤਸ਼ਾਹਤ ਕੀਤਾ। ਇਸ ਦਾ ਤਿੱਖਾ ਸੇਕ 'ਆਪ' ਅਤੇ ਹੋਰ ਪਾਰਟੀਆਂ ਨੂੰ ਵੀ ਝੱਲਣਾ ਪਿਆ। ਇਸ ਜਮਹੂਰੀ ਪਿਰਤ ਨੂੰ ਹੋਰ ਬੱਝਵੀਂ, ਪ੍ਰਭਾਵਸ਼ਾਲੀ ਅਤੇ ਵਿਆਪਕ ਬਣਾਉਣ ਦੀ ਲੋੜ ਹੈ।

# ਵਿਗੜ ਰਿਹਾ ਵਾਤਾਵਰਨ ਹਿਮਾਲਿਆ ਵਿਚ ਖ਼ਤਰੇ ਦੀ ਘੰਟੀ

ਸ਼ਿਆਮ ਸਰਨ

ਪਿਛਲੇ ਕਈ ਸਾਲਾਂ ਤੋਂ ਹਿਮਾਲਿਆ ਦੀ ਯਾਤਰਾ ਕਰਦਾ ਰਿਹਾ ਹਾਂ ਪਰ ਇਸ ਵੇਲੇ ਜਿਸ ਤਰ੍ਹਾਂ ਦੀ ਬਿਪਤਾ ਦਾ ਅਹਿਸਾਸ ਹੋ ਰਿਹਾ ਹੈ, ਪਹਿਲਾਂ ਕਦੇ ਨਹੀਂ ਹੋਇਆ। ਮੈਂ ਇਸ ਦਾ ਗਵਾਹ ਹਾਂ ਕਿ ਕਿਵੇਂ ਵਿਕਾਸ ਦੇ ਨਾਂ 'ਤੇ ਇਸ ਪਵਿੱਤਰ ਸਥਾਨ ਨੂੰ ਬਰਬਾਦ ਕੀਤਾ ਗਿਆ, ਇਸ ਦੇ ਕੁਦਰਤੀ ਸੁਹੱਪਣ ਨੂੰ ਮਧੋਲਿਆ ਗਿਆ, ਪ੍ਰਾਚੀਨ ਕਾਲ ਤੋਂ ਇਸ ਦੀ ਗੋਦ ਵਿਚ ਰਹਿੰਦੇ ਆ ਰਹੇ ਬਹੁਤ ਹੀ ਦੁਰਲੱਭ ਪੰਛੀਆਂ ਤੇ ਜੀਵਾਂ, ਇੱਥੋਂ ਤਕ ਕਿ ਮਨੁੱਖੀ ਭਾਈਚਾਰਿਆਂ ਨੂੰ ਵੀ ਉਜਾੜ ਦਿੱਤਾ ਗਿਆ ਜਿਨ੍ਹਾਂ ਦੀ ਜੀਵਨ ਜਾਚ, ਰਵਾਇਤਾਂ ਅਤੇ ਵਿਸ਼ਵਾਸਾਂ ਦੇ ਆਪਣੇ ਢੰਗ-ਤਰੀਕੇ ਰਹੇ ਹਨ। "ਹਿਮਾਲਿਆ ਦੋ ਛੂਹੇ ਅਤੇ ਅਣਛੂਹੇ ਸੰਸਾਰਾਂ ਵਿਚਕਾਰ ਜੰਕਸ਼ਨ ਹੈ।" (ਐਕਸਲ ਮਾਈਕਲਜ਼ ਦੀ ਕਿਤਾਬ 'ਹਿੰਦੂਇਜ਼ਮ ਪਾਸਟ ਐਂਡ ਪ੍ਰੈਜ਼ੈਂਟ' ਵਿਚੋਂ)। ਸੰਸਕ੍ਰਿਤ ਦੇ ਸ਼ਬਦ 'ਤੀਰਥ' ਦਾ ਵੀ ਬਿਲਕੁਲ ਇਹੋ ਜਿਹਾ ਸੰਕਲਪ ਹੈ ਅਤੇ ਇਸੇ ਕਰ ਕੇ ਇਸ ਸਮੁੱਚੇ ਪਹਾੜੀ ਖੇਤਰ ਨੂੰ ਪਵਿੱਤਰ ਤੇ ਤੀਰਥ ਸਥਾਨ ਦੀ ਸੰਗਿਆ ਦਿੱਤੀ ਜਾਂਦੀ ਹੈ।

ਇਸ ਦੀ ਨਾਟਕੀ ਸ਼ੁਰੂਆਤ ਦੀ ਯਾਦਾਸ਼ਤ ਸਾਡੀਆਂ ਨਸਾਂ ਵਿਚ ਰਚੀ ਹੋਈ ਹੈ। ਸਾਗਰ ਇਸ ਦੀ ਮਾਂ ਹੈ ਅਤੇ ਇਸੇ ਕਾਰਨ ਨੇਪਾਲ ਦੇ ਲੋਕ ਇਸ ਨੂੰ ਐਵਰੈਸਟ ਸਾਗਰ ਮੱਠ ਜਾਂ ਸਮੁੰਦਰ ਦਾ ਮੱਥਾ ਕਹਿੰਦੇ ਹਨ। ਉਂਝ, ਮਨੁੱਖੀ ਖੁਰਾਫ਼ਾਤੀਆਂ ਲਈ ਇਹ ਪਵਿੱਤਰਤਾ ਮੁਨਾਫ਼ੇ ਲਈ ਸ਼ੋਸ਼ਣ ਦਾ ਖ਼ਜ਼ਾਨਾ ਬਣ ਗਈ ਹੈ। ਐਵਰੈਸਟ ਕੂੜੇ ਦਾ ਢੇਰ ਬਣ ਗਿਆ ਹੈ ਅਤੇ ਇਸ ਦੀ ਚੋਟੀ ਸਾਹਸਿਕ ਕਾਰਜਾਂ ਦੀ ਸੂਚੀ ਵਿਚ 'ਸਹੀ' ਦਾ ਨਿਸ਼ਾਨ ਮਾਤਰ ਬਣ ਕੇ ਰਹਿ ਗਈ ਹੈ। ਚਾਰ ਧਾਮ ਹੁਣ ਪਵਿੱਤਰ ਤੀਰਥ ਸਥਾਨ ਨਹੀਂ ਰਹਿ ਗਿਆ ਸਗੋਂ ਧਾਰਮਿਕ ਸੈਰ-ਸਪਾਟੇ ਦਾ ਟਿਕਾਣਾ ਬਣ ਚੁੱਕਿਆ ਹੈ। ਗੰਗੋਤਰੀ ਸ਼ਹਿਰੀ ਪਸਾਰੇ ਦਾ ਰੂਪ ਧਾਰ ਚੁੱਕੀ ਹੈ। ਮੁੱਖ ਮੰਦਰ ਸਤਰੰਗੀਆਂ ਲਾਈਟਾਂ ਦੀ ਚਕਾਚੌਂਧ ਵਿਚ ਗੁਆਚ ਗਏ ਹਨ; ਲਾਊਡ ਸਪੀਕਰਾਂ 'ਤੇ ਭਜਨਾਂ ਦੇ ਸ਼ੋਰ ਵਿਚ ਨਦੀ ਦੀ ਕਲ-ਕਲ ਦਬ ਗਈ ਹੈ। ਸਿਰਫ਼ ਕੁਝ ਸਮੇਂ ਦੀ ਹੀ ਗੱਲ ਹੈ ਜਦੋਂ ਤੁਸੀਂ ਗੋਮੁਖ ਵਿਚ ਕਿਸੇ ਆਧੁਨਿਕ ਹੋਟਲ ਵਿਚ ਤੁਸੀਂ ਸੂਟ ਬੁੱਕ ਕਰ ਸਕੋਗੇ ਜਿਸ ਦੀ ਬਾਲਕੋਨੀ ਤੋਂ ਤੁਸੀਂ ਪ੍ਰਸਿੱਧ ਗਲੇਸ਼ੀਅਰ ਅਤੇ ਭਾਗੀਰਥੀ ਦੀਆਂ ਚੋਟੀਆਂ ਦਾ ਨਜ਼ਾਰਾ ਮਾਣ ਸਕੋਗੇ। ਗੋਮੁਖ ਦਾ ਮਤਲਬ ਹੈ ਗਾਂ ਦਾ ਮੁਖ ਅਤੇ ਜਿਸ ਕਰ ਕੇ ਇਸ ਵਿਚ ਵੱਡੇ ਪੱਧਰ 'ਤੇ ਧਾਰਮਿਕ ਸੈਰ-ਸਪਾਟੇ ਦੀਆਂ ਸੰਭਾਵਨਾਵਾਂ ਮੌਜੂਦ ਹਨ।



ਜਿਵੇਂ ਪਿਛਲੇ ਕੁਝ ਦਹਾਕਿਆਂ ਤੋਂ ਚਾਰ ਧਾਮ ਯਾਤਰਾ ਵਿਕਸਤ ਕੀਤੀ ਗਈ ਹੈ, ਇਹ ਇਸ ਗੱਲ ਦਾ ਸੰਕੇਤ ਹੈ ਕਿ ਹਿਮਾਲਿਆਈ ਰੇਂਜ ਅੰਦਰ ਸਾਡੇ ਨਾਲ ਕੀ ਕੁਝ ਹੋਣ ਵਾਲਾ ਹੈ ਜੋ ਇਸ ਉਪ ਮਹਾਂਦੀਪ ਦੇ ਬਹੁਤ ਸਾਰੇ ਧਰਮਾਂ ਨਾਲ ਸਬੰਧਿਤ ਮਹਾਂ ਨਾਇਕਾਂ ਨਾਲ ਜੁੜੀ ਹੋਈ ਹੈ। ਤਾਜ਼ਾ ਤਰੀਨ ਰਿਪੋਰਟਾਂ ਮੁਤਾਬਕ ਚਾਰ ਧਾਮ ਯਾਤਰਾ 10-11 ਮਈ ਤੋਂ ਸ਼ੁਰੂ ਹੋਈ ਸੀ ਅਤੇ 9.5 ਲੱਖ ਯਾਤਰੀ ਗੰਗੋਤਰੀ, ਬਦਰੀਨਾਥ, ਕੇਦਾਰਨਾਥ ਅਤੇ ਯਮਨੋਤਰੀ ਵਿਚ ਪਹਿਲਾਂ ਹੀ ਪਹੁੰਚ ਚੁੱਕੇ ਹਨ।

ਨਵੰਬਰ ਦੇ ਸ਼ੁਰੂ ਵਿਚ ਇਨ੍ਹਾਂ ਧਾਮਾਂ ਦੇ ਕਿਵਾੜ ਬੰਦ ਹੋਣ ਵਿਚ ਅਜੇ ਪੰਜ ਮਹੀਨੇ ਪਏ ਹਨ। ਉਤਰਾਖੰਡ ਸਰਕਾਰ ਨੇ ਇਨ੍ਹਾਂ ਧਾਮਾਂ ਦੇ ਦਰਸ਼ਨਾਂ ਲਈ ਰਜਿਸਟ੍ਰੇਸ਼ਨ ਪ੍ਰਣਾਲੀ ਸ਼ੁਰੂ ਕੀਤੀ ਹੈ। ਕੇਦਾਰਨਾਥ ਲਈ ਰੋਜ਼ਾਨਾ 20 ਹਜ਼ਾਰ, ਬਦਰੀਨਾਥ ਲਈ 18 ਹਜ਼ਾਰ, ਗੰਗੋਤਰੀ ਲਈ 11 ਹਜ਼ਾਰ ਅਤੇ ਯਮਨੋਤਰੀ ਲਈ 9 ਹਜ਼ਾਰ ਸ਼ਰਧਾਲੂਆਂ ਦੀ ਸੰਖਿਆ ਨਿਸ਼ਚਤ ਕੀਤੀ ਹੈ। ਅਜਿਹੀਆਂ ਨਾਜ਼ੁਕ ਅਤੇ ਸੰਵੇਦਨਸ਼ੀਲ ਪਹਾੜੀ ਥਾਵਾਂ ਲਈ ਸ਼ਰਧਾਲੂਆਂ ਦੀ ਇਹ ਗਿਣਤੀ ਬਹੁਤ ਜ਼ਿਆਦਾ ਹੈ। ਧਾਰਮਿਕ ਸੈਰ-ਸਪਾਟਾ ਕਿਸ ਤੇਜ਼ੀ ਨਾਲ ਵਧ ਰਿਹਾ ਹੈ, ਇਸ ਦਾ ਅਨੁਮਾਨ ਪਿਛਲੇ ਸਾਲ ਆਏ 56 ਲੱਖ ਸ਼ਰਧਾਲੂਆਂ ਤੋਂ ਲਾਇਆ ਜਾ ਸਕਦਾ ਹੈ ਜੋ 2022 ਦੀ ਕੁੱਲ ਸੰਖਿਆ ਨਾਲੋਂ 10 ਲੱਖ ਜ਼ਿਆਦਾ ਸਨ। ਇਨ੍ਹਾਂ ਵਿਚ ਹੇਮਕੁੰਟ ਸਾਹਿਬ ਦੇ ਯਾਤਰੂ ਵੀ ਸ਼ਾਮਿਲ ਸਨ ਹਾਲਾਂਕਿ ਉਨ੍ਹਾਂ ਦੀ ਸੰਖਿਆ ਨਿਸਬਤਨ ਘੱਟ ਹੁੰਦੀ ਹੈ।

ਜੇ ਟਰੈਵਲ ਵੈੱਬਸਾਈਟਾਂ 'ਤੇ ਨਜ਼ਰ ਮਾਰੀ ਜਾਵੇ ਤਾਂ ਬਦਰੀਨਾਥ ਅਤੇ ਕੇਦਾਰਨਾਥ ਵਿਚ ਕਈ ਦੋ, ਤਿੰਨ ਤੇ ਚਾਰ ਸਿਤਾਰਾ ਹੋਟਲ ਸੂਚੀ ਦਰਜ ਕੀਤੇ ਦਿਖਾਏ ਦਿੰਦੇ ਹਨ। ਕੁਝ ਦਿਨ ਪਹਿਲਾਂ ਕੇਦਾਰਨਾਥ ਲਾਗੇ ਇੱਕ ਚੌਪਰ ਡਿੱਗ ਪਿਆ ਸੀ। ਪਿਛਲੇ ਦੋ ਹਫ਼ਤਿਆਂ ਵਿਚ ਪਹਾੜੀ ਚੋਟੀਆਂ ਦੀ ਯਾਤਰਾ 'ਤੇ ਗਏ 50 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ ਅਤੇ ਪੁਲਿਸ ਨੇ ਕੇਦਾਰਨਾਥ ਵਿਚ ਸ਼ਰਾਬ ਨਾਲ ਧੁੱਤ ਅਤੇ ਹੁੱਲੜਬਾਜ਼ੀ ਕਰਦੇ 50 ਤੋਂ ਵੱਧ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਪਰ ਜਦੋਂ ਰੱਜ ਕੇ ਕਮਾਈ ਹੋ ਰਹੀ ਹੋਵੇ ਤਾਂ ਫਿਰ ਕੀ ਫ਼ਰਕ ਪੈਂਦਾ ਹੈ!

ਪਿਛਲੇ ਦੋ ਹਫ਼ਤਿਆਂ ਵਿਚ ਹੋਟਲਾਂ, ਰੈਸਤਰਾਂ, ਖੱਚਰ ਚਾਲਕਾਂ ਅਤੇ ਕੁਲੀਆਂ ਨੇ 200 ਕਰੋੜ ਰੁਪਏ ਤੋਂ ਵੱਧ ਦੀ ਕਮਾਈ ਕੀਤੀ ਹੈ। ਇੰਨੀ ਵੱਡੀ ਸੰਖਿਆ ਵਿਚ ਪੁੱਜੇ ਲੋਕਾਂ ਲਈ ਖਾਣੇ, ਬੋਤਲ ਬੰਦ ਪਾਣੀ, ਖਾਣਾ ਬਣਾਉਣ ਲਈ ਗੈਸ ਸਿਲੰਡਰ ਅਤੇ ਪਾਵਰ ਜੈਨਰੇਟਰਾਂ ਲਈ ਡੀਜ਼ਲ ਦਾ ਬੰਦੋਬਸਤ ਕਰਨਾ ਪੈਂਦਾ ਹੈ। ਕੁਝ ਸਾਲ ਪਹਿਲਾਂ ਜਦੋਂ ਆਵਾਜਾਈ ਬਹੁਤੀ ਨਹੀਂ ਹੋਈ ਸੀ ਤਾਂ ਇੱਕ ਸਰਕਾਰੀ ਅਧਿਐਨ ਕਰਾਇਆ ਗਿਆ ਸੀ। ਇਸ ਵਿਚ ਪਤਾ ਲੱਗਿਆ ਸੀ ਕਿ ਇੱਕ ਧਾਮ ਦੇ ਰਸਤੇ ਵਿਚ ਸਾਲਾਨਾ 23 ਹਜ਼ਾਰ ਟਨ ਕੂੜਾ ਪੈਦਾ ਹੋਇਆ ਸੀ ਜਿਸ ਨੂੰ ਠਿਕਾਣੇ ਲਾਉਣ ਲਈ ਕੋਈ ਪ੍ਰਬੰਧ ਨਹੀਂ ਸੀ। ਹੁਣ ਜਦੋਂ ਸੰਖਿਆ ਵਿਚ ਬੇਤਹਾਸ਼ਾ ਵਾਧਾ ਹੋ ਚੁੱਕਿਆ ਹੈ ਤਾਂ ਇਸ ਬਾਰੇ ਸੋਚ ਕੇ ਹੀ ਕੰਬਣੀ ਛਿੜ ਜਾਂਦੀ ਹੈ।

ਚਾਰ ਤੋਂ ਛੇ ਲੇਨਾਂ ਵਾਲੇ ਚਾਰ ਧਾਮ ਰਾਜਮਾਰਗ ਸ਼ਰਧਾਲੂਆਂ ਅਤੇ ਹੋਰਨਾਂ ਸੈਲਾਨੀਆਂ ਦੇ ਝੁੰਡਾਂ ਨੂੰ ਇਨ੍ਹਾਂ ਗਰਮੀਆਂ 'ਚ ਪੂਰੀ ਅਲਕਨੰਦਾ ਨਦੀ ਘਾਟੀ 'ਚ ਲਿਆ ਰਿਹਾ ਹੈ। ਸਾਲ ਦੇ ਅਖੀਰ ਤੱਕ ਜਦ 127 ਕਿਲੋਮੀਟਰ ਲੰਮੀ ਰਿਸ਼ੀਕੇਸ਼-ਕਰਨਪ੍ਰਯਾਗ ਰੇਲਵੇ ਲਾਈਨ ਮੁਕੰਮਲ ਹੋ ਜਾਵੇਗੀ ਤਾਂ ਕਦੇ ਬਹੁਤ ਦੂਰ ਪੈਂਦੀਆਂ ਇਨ੍ਹਾਂ ਪ੍ਰਾਚੀਨ ਥਾਵਾਂ 'ਤੇ ਲੋਕਾਂ ਦੇ ਹੋਰ ਵੀ ਜ਼ਿਆਦਾ ਝੁੰਡ ਪਹੁੰਚਣੇ ਸ਼ੁਰੂ ਹੋ ਜਾਣਗੇ। ਸੈਲਾਨੀਆਂ ਦੀ ਵਧ ਰਹੀ ਗਿਣਤੀ ਦੀਆਂ ਲੋੜਾਂ ਪੂਰਨ ਲਈ ਕਈ ਲਿਸ਼ਕਦੇ ਹੋਟਲ ਤੇ ਗੈਸਟ ਹਾਊਸ ਵੀ ਉਸਰ ਗਏ ਹਨ; ਇੱਥੋਂ ਤੱਕ ਕਿ ਬਿਨਸਰ ਦੀ ਸੁਰੱਖਿਅਤ ਜੰਗਲੀ ਜੀਵ ਰੱਖ ਵਿਚ, ਸੜਕਾਂ ਦੇ ਕਿਨਾਰੇ ਠੋਸ ਕਚਰੇ ਦੇ ਢੇਰ ਲੱਗੇ ਹੋਏ ਹਨ, ਖ਼ਾਸ ਤੌਰ 'ਤੇ ਪਲਾਸਟਿਕ ਕਚਰੇ ਦੇ।

ਕੋਈ ਪਰਬਤੀ ਖੇਤਰ 'ਚ ਆਵਾਜਾਈ 'ਤੇ ਪਾਬੰਦੀ ਲਾ ਕੇ ਇਸ ਇਲਾਕੇ ਨੂੰ ਬੰਦ ਨਹੀਂ ਕਰ ਸਕਦਾ ਅਤੇ ਨਾ ਹੀ ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਆਰਥਿਕ ਗਤੀਵਿਧੀ ਜੋ ਰੁਜ਼ਗਾਰ ਤੇ ਆਮਦਨੀ ਲਿਆ ਰਹੀ ਹੈ, ਨੂੰ ਤਿਆਗ ਦਿੱਤਾ ਜਾਵੇ ਪਰ ਇਨ੍ਹਾਂ ਸੰਵੇਦਨਸ਼ੀਲ ਥਾਵਾਂ 'ਤੇ ਵੱਡੇ ਪੱਧਰ ਦੇ ਉਸਾਰੀ ਪ੍ਰੋਜੈਕਟ ਸ਼ੁਰੂ ਕਰਨ ਤੋਂ ਪਹਿਲਾਂ ਵਧੇਰੇ ਸਚੇਤ ਤੇ ਵਿਆਪਕ ਯੋਜਨਾਬੰਦੀ ਕਰਨੀ ਚਾਹੀਦੀ ਹੈ। ਇਹ ਭੂ-ਭਾਗ ਅਜੇ ਵੀ ਅਸਥਿਰ ਹੈ ਤੇ ਖਿਸਕ ਰਿਹਾ ਹੈ ਜਿਸ ਵਿਚ ਸੌਖਿਆਂ ਹੀ ਗੜਬੜ ਹੋ ਸਕਦੀ ਹੈ। ਨਤੀਜੇ ਵਜੋਂ ਵਾਰ-ਵਾਰ ਜ਼ਮੀਨ ਖਿਸਕੇਗੀ ਤੇ ਢਿੱਗਾਂ ਡਿੱਗਣਗੀਆਂ।

ਚਾਰ ਧਾਮ ਮਾਰਗ ਦੇ ਲੰਮੇ ਪੈਂਡੇ 'ਤੇ ਕਈ ਵਾਰ ਜ਼ਮੀਨ ਖਿਸਕਦੀ ਹੈ ਜਿਸ ਦੀ ਮਹਿੰਗੀ ਮੁਰੰਮਤ ਕਰਨੀ ਪੈਂਦੀ ਹੈ। ਗੰਗਾ ਦੀਆਂ ਸਹਾਇਕ ਨਦੀਆਂ 'ਤੇ ਲੱਗੇ ਕਈ ਪਣ-ਬਿਜਲੀ ਪ੍ਰੋਜੈਕਟ ਅਚਾਨਕ ਆਏ ਹੜ੍ਹਾਂ ਤੇ ਪਾਣੀ ਦੇ ਪੱਧਰ 'ਚ ਇਕਦਮ ਵਾਧੇ ਨਾਲ ਰੁੜ੍ਹੇ ਹਨ ਜਿਸ ਨਾਲ ਜਾਨ-ਮਾਲ ਦਾ ਨੁਕਸਾਨ ਹੋਇਆ ਹੈ। ਸਿੱਟੇ ਵਜੋਂ ਕੁਦਰਤੀ ਜਲ ਨਿਕਾਸੀ 'ਚ ਅੜਿੱਕਾ ਪੈਂਦਾ ਹੈ ਤੇ ਉਚਾਈ ਉਤੇ ਪਾਣੀ ਜਮ੍ਹਾਂ ਹੋਣ ਕਾਰਨ ਹੇਠਲੇ ਇਲਾਕਿਆਂ 'ਚ ਪਾਣੀ ਦੇ ਸਰੋਤ ਤੇ ਕੁਦਰਤੀ ਝਰਨੇ ਸੁੱਕ ਜਾਂਦੇ ਹਨ।

ਉੱਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਵਿਚ ਇਸ ਵਰਤਾਰੇ ਨੂੰ ਸਾਫ ਦੇਖਿਆ ਜਾ ਸਕਦਾ ਹੈ। ਫੌਰੀ ਲਾਭ ਭਾਵੇਂ ਕੁਝ ਵੀ ਹੋਵੇ ਪਰ ਕੁਦਰਤ ਦੀ ਇਉਂ ਬੇਕਿਰਕ ਲੁੱਟ ਆਖ਼ਿਰਕਾਰ ਲੋਕਾਂ ਲਈ ਹੋਰ ਜ਼ਿਆਦਾ ਸਜ਼ਾ ਅਤੇ ਨੁਕਸਾਨ ਦਾ ਸਬਬ ਬਣੇਗੀ। ਅਤਿ ਗ਼ਰੀਬ ਸਭ ਤੋਂ ਵੱਧ ਕਸ਼ਟ ਝੱਲਣਗੇ; ਤੇ ਅਜੇ ਕੋਈ ਵੀ ਆਲਮੀ ਤਪਸ਼ ਦੇ ਮਾੜੇ ਅਸਰਾਂ ਬਾਰੇ ਤਾਂ ਸੋਚ ਵਿਚਾਰ ਹੀ ਨਹੀਂ ਕਰ ਰਿਹਾ ਜੋ ਪਹਿਲਾਂ ਹੀ ਹਿਮਾਲਿਆ ਗਲੇਸ਼ੀਅਰਾਂ ਦੇ ਤੇਜ਼ੀ ਨਾਲ ਪਿਘਲਣ ਦਾ ਕਾਰਨ ਬਣ ਰਹੀ ਹੈ।

ਅਸੀਂ ਲਗਾਤਾਰ ਵਧ ਰਹੀ ਅਜਿਹੀ ਭ੍ਰਿਸ਼ਟ ਗਤੀਵਿਧੀ ਵਿਚ ਘਿਰ ਗਏ ਹਾਂ ਜਿੱਥੇ ਜਲਵਾਯੂ ਤਬਦੀਲੀ ਅਤੇ ਵਾਤਾਵਰਨ ਦਾ ਨਿਘਾਰ ਇੱਕ-ਦੂਜੇ ਦਾ ਸਹਾਰਾ ਬਣ ਰਹੇ ਹਨ। ਜੇ ਅਸੀਂ ਇਨ੍ਹਾਂ ਪਵਿੱਤਰ ਪਰਬਤਾਂ 'ਚ ਵੱਜ ਰਹੀਆਂ ਚਿਤਾਵਨੀ ਦੀਆਂ ਘੰਟੀਆਂ 'ਤੇ ਗੌਰ ਨਾ ਕੀਤਾ ਤਾਂ ਚਾਰ ਧਾਮ ਮੰਦਰਾਂ ਦੇ ਟੱਲ ਵੀ ਸ਼ਾਇਦ ਜਲਦੀ ਹੀ ਸ਼ਾਂਤ ਹੋ ਜਾਣ।

# ਡੋਨਲਡ ਟਰੰਪ ਅਮਰੀਕੀ ਲੋਕਤੰਤਰ ਦੇ ਮੱਥੇ 'ਤੇ ਦਾਗ਼

ਦਰਬਾਰਾ ਸਿੰਘ ਕਾਹਲੋਂ
ਫੋਨ: +1-289-829-2929

ਨਿਊਯਾਰਕ (ਅਮਰੀਕਾ) ਦੇ 12 ਸੁਘੜ, ਸਿਆਣੇ, ਜ਼ਿੰਮੇਵਾਰ ਜਿਊਰੀ ਮੈਂਬਰਾਂ ਨੇ ਵਿਸ਼ਵ ਦੇ ਤਾਕਤਵਰ ਤਾਨਾਸ਼ਾਹਾਂ ਵਾਂਗ ਵਰਤਾਓ ਕਰਨ ਵਾਲੇ, ਹਰ ਰੋਜ਼ ਝੂਠ ਦੀ ਦੁਕਾਨ ਸਜਾਉਣ ਵਾਲੇ, ਵਿਸ਼ਵ ਦੇ ਨਾਮਵਰ ਦੇਸ਼ਾਂ ਦੇ ਆਗੂਆਂ ਨੂੰ ਟਿੱਚ ਕਰ ਕੇ ਜਾਨਣ ਵਾਲੇ, ਜਦ ਚਾਹੁਣ ਊਲ-ਜਲੂਲ ਪਰੋਸਣ ਵਾਲੇ, ਲੋਕਤੰਤਰ ਦੇ ਚੌਥੇ ਥੰਮ੍ਹ ਪ੍ਰੈੱਸ ਦਾ ਵਾਰ-ਵਾਰ ਅਪਮਾਨ ਕਰਨ ਵਾਲੇ (ਇਕ ਅਪਾਹਜ ਪੱਤਰਕਾਰ ਨਾਲ ਦੁਰਵਿਹਾਰ), ਆਪਣੇ ਆਪ ਨੂੰ ਕਾਨੂੰਨ ਤੋਂ ਉੱਪਰ ਸਮਝਣ ਵਾਲੇ, ਦੋ ਮਹਾਂ ਦੋਸ਼ਾਂ ਅਤੇ ਕਈ ਅਪਰਾਧਿਕ ਜਾਂਚਾਂ ਦਾ ਸਾਹਮਣਾ ਕਰਨ ਵਾਲੇ, ਵਿਸ਼ਵ ਦੀ ਮਹਾਂ ਸ਼ਕਤੀ ਜਾਣੇ ਜਾਂਦੇ ਅਮਰੀਕਾ ਦੇ ਚਾਰ ਸਾਲ ਰਾਸ਼ਟਰਪਤੀ ਰਹੇ ਡੋਨਲਡ ਟਰੰਪ ਨੂੰ 'ਚੁੱਪ ਰਹਿਣ ਬਦਲੇ ਪੈਸੇ ਦੇਣ ਦੇ ਮਾਮਲੇ' ਵਿਚ ਦੋਸ਼ੀ ਕਰਾਰ ਦਿੱਤਾ ਗਿਆ ਹੈ। ਇਸ ਸਬੰਧੀ ਸਜ਼ਾ ਮਿੱਠ ਬੋਲੜੇ ਸੁਭਾਅ ਵਜੋਂ ਜਾਣੇ ਜਾਂਦੇ ਜੱਜ ਜੁਆਨ ਮਰਚਨ 11 ਜੁਲਾਈ 2024 ਨੂੰ ਸੁਣਾਉਣਗੇ।

ਟਰੰਪ ਅਮਰੀਕਾ ਦੇ ਐਸੇ ਪਹਿਲੇ ਰਾਸ਼ਟਰਪਤੀ ਹਨ ਜਿਨ੍ਹਾਂ ਨੂੰ ਰਾਜ ਵਿਰੁੱਧ ਅਪਰਾਧ ਕੇਸ ਵਿਚ ਦੋਸ਼ੀ ਠਹਿਰਾਇਆ ਗਿਆ ਹੈ। ਇਹ ਫੈਸਲਾ ਪੂਰੀ ਜਿਊਰੀ ਨੇ ਸਰਬਸੰਮਤੀ, ਬਗੈਰ ਹਿਚਕਚਾਹਟ, ਸਪੱਸ਼ਟ ਅਤੇ ਕਾਨੂੰਨ ਅਨੁਸਾਰ ਲਿਆ ਹੈ। ਉਸ ਨੂੰ 'ਚੁੱਪ ਰਹਿਣ ਬਦਲੇ ਪੈਸੇ ਦੇਣ ਦੇ ਮਾਮਲੇ' ਦੇ ਕੁੱਲ 34 ਮਾਮਲਿਆਂ ਵਿਚ ਦੋਸ਼ੀ ਪਾਇਆ ਗਿਆ ਹੈ। ਇਸ ਕੇਸ ਵਿਚ ਉਸ ਨੂੰ 4 ਸਾਲ ਕੈਦ ਹੋ ਸਕਦੀ ਹੈ।

ਦਰਅਸਲ, ਇਹ ਕੇਸ ਵਿਗੜੈਲ ਧਨਾਢ ਕਾਰਪੋਰੇਟਰ ਡੋਨਲਡ ਟਰੰਪ ਨਾਲ ਉਸ ਵੇਲੇ ਤੋਂ ਜੁੜਿਆ ਜਦੋਂ ਉਸ ਨੇ 2006 ਵਿਚ ਪੋਰਨ ਸਟਾਰ ਸਟਾਰਮੀ ਡੇਨੀਅਲਜ਼ ਨਾਲ ਸੈਕਸ ਸਕੈਂਡਲ ਬਦਲੇ ਮੂੰਹ ਬੰਦ ਰੱਖਣ ਲਈ 1,30,000 ਡਾਲਰ ਦਿੱਤੇ ਸਨ। ਟਰੰਪ ਦਾ ਕਹਿਣਾ ਸੀ ਕਿ ਇਹ ਔਰਤ ਉਸ ਨੂੰ ਝੂਠੇ ਕੇਸ ਵਿਚ ਫਸਾ ਕੇ ਸ਼ੋਸ਼ਣ ਕਰਨ 'ਤੇ ਅੜੀ ਹੋਈ ਸੀ। ਉਸ ਤੋਂ ਖਹਿੜਾ ਛੁਡਾਉਣ ਲਈ ਉਸ ਨੇ ਉਸ ਨੂੰ ਧਨ ਦਿੱਤਾ ਲੇਕਿਨ ਇਸ ਮਾਮਲੇ ਦੀ ਪਰਦਾਪੋਸ਼ੀ ਲਈ 2016 ਵਿਚ ਹੋਈ ਰਾਸ਼ਟਰਪਤੀ ਚੋਣ ਤੋਂ ਪਹਿਲਾਂ ਧਨ ਦੇ ਭੁਗਤਾਨ ਸਬੰਧੀ ਬਿਜ਼ਨੈਸ ਰਿਕਾਰਡ ਵਿਚ ਹੇਰਾਫੇਰੀ ਕੀਤੀ ਗਈ। ਇਸ ਖਰਚ ਨੂੰ ਕਾਨੂੰਨੀ ਤੌਰ 'ਤੇ ਖਰਚ ਤੌਰ 'ਤੇ ਕਿਵੇਂ ਸਿੱਧ ਕੀਤਾ, ਅਦਾਲਤ ਦੇ ਸਾਹਮਣੇ ਇਸ ਬਾਰੇ ਸਚਾਈ ਜਾਨਣਾ ਵੱਡੀ ਚੁਣੌਤੀ ਸੀ। ਇਸ ਸੱਚ ਨੂੰ ਛੁਪਾਉਣ ਲਈ ਡੋਨਲਡ ਟਰੰਪ ਨੇ ਬਿਜ਼ਨੈਸ ਸਾਜ਼ਿਸ਼ ਦਾ ਸਹਾਰਾ ਲਿਆ। ਅਦਾਲਤ ਨੂੰ ਟਰੰਪ ਦੇ ਵਕੀਲਾਂ ਨੇ ਗੁਮਰਾਹ ਕਰਨ ਦੇ ਯਤਨ ਕੀਤੇ। ਉਨ੍ਹਾਂ ਦਾ ਮੱਤ ਸੀ ਕਿ ਉਹ ਆਪ ਤਾਂ ਰਾਸ਼ਟਰਪਤੀ ਚੋਣਾਂ ਵਿਚ ਬਹੁਤ ਮਸਰੂਫ ਸਨ, ਉਨ੍ਹਾਂ ਨੂੰ ਇਸ ਸਾਜ਼ਿਸ਼ ਬਾਰੇ ਕੋਈ ਇਲਮ ਨਹੀਂ।

**ਮਾਈਕਲ ਕੋਹਨ:** ਮਾਈਕਲ ਕੋਹਨ ਸਾਬਕਾ ਰਾਸ਼ਟਰਪਤੀ ਟਰੰਪ ਦੇ ਭਰੋਸੇਯੋਗ ਵਕੀਲ ਅਤੇ ਅਨੇਕ ਮਾਮਲਿਆਂ ਵਿਚ ਰਾਜ਼ਦਾਰ ਰਹੇ ਹਨ। ਉਨ੍ਹਾਂ ਨੇ ਅਮਰੀਕੀ ਕਾਂਗਰਸ ਸਾਹਮਣੇ ਟਰੰਪ ਵਿਰੁੱਧ ਚਲ ਰਹੇ ਕਈ ਕੇਸਾਂ, ਮਹਾਂ ਦੋਸ਼ ਵਿਚੋਂ ਬਚਾਉਣ ਲਈ ਝੂਠ ਬੋਲੇ ਜਿਨ੍ਹਾਂ ਵਿਚ ਤੱਥ ਉਜਾਗਰ ਕਰ ਕੇ ਉਹ ਖੁਦ ਝੂਠ ਬੋਲਣ ਦੇ ਜੁਰਮ ਵਿਚ ਫਸ ਗਏ। 2018 ਵਿਚ ਉਨ੍ਹਾਂ ਨੂੰ ਸਜ਼ਾ ਸੁਣਾਈ ਗਈ ਲੇਕਿਨ ਉਹ ਪ੍ਰਾਸੀਕਿਊਸ਼ਨ ਵਿਵਸਥਾ ਦੇ ਪੱਖ ਵਿਚ ਗਵਾਹ ਬਣ ਗਏ। ਉਨ੍ਹਾਂ ਨੇ ਟਰੰਪ ਦੇ ਕੇਸ ਦਾ ਪਰਦਾਫਾਸ਼ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਉਸ ਨੇ ਬਗੈਰ ਡਰ ਅਤੇ ਖੌਫ ਦੇ ਟਰੰਪ ਨੂੰ ਦੋਸ਼ੀ ਠਹਿਰਾਉਣ ਤੋਂ ਤੁਰੰਤ ਬਾਅਦ 'ਐਕਸ 'ਤੇ ਲਿਖਿਆ, "ਅੱਜ ਜਵਾਬਦੇਹੀ ਸੁਨਿਸ਼ਚਿਤ ਕਰਨ ਅਤੇ ਕਾਨੂੰਨ ਦੇ ਸ਼ਾਸਨ ਲਈ ਮਹੱਤਵਪੂਰਨ ਦਿਨ ਹੈ। ਇਹ ਭਾਵੇਂ ਮੇਰੇ ਪਰਿਵਾਰ ਅਤੇ ਮੇਰੇ ਲਈ ਜੋਖ਼ਮ ਭਰਿਆ ਸਫ਼ਰ ਰਿਹਾ ਪਰ ਸਚਾਈ ਹਮੇਸ਼ਾ ਮਹੱਤਵਪੂਰਨ ਸਥਾਨ ਰਖਦੀ ਹੈ।"

ਅਮਰੀਕਾ ਵਿਚ ਰਾਸ਼ਟਰਪਤੀ ਪਦ ਲਈ ਚੋਣਾਂ 5 ਨਵੰਬਰ 2024 ਨੂੰ ਹੋ ਰਹੀਆਂ ਹਨ। ਮੁੱਖ ਮੁਕਾਬਲਾ ਰਾਸ਼ਟਰਪਤੀ ਜੋਅ ਬਾਇਡਨ ਜੋ ਡੈਮੋਕ੍ਰੈਟਿਕ ਪਾਰਟੀ ਵੱਲੋਂ ਉਮੀਦਵਾਰ ਐਲਾਨੇ ਗਏ ਹਨ ਅਤੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦਰਮਿਆਨ ਹੈ ਜੋ ਰਿਪਬਲਿਕਨ ਪਾਰਟੀ ਵੱਲੋਂ ਉਮੀਦਵਾਰ ਹਨ। ਅਮਰੀਕੀ ਰਾਸ਼ਟਰਪਤੀ ਬਾਇਡਨ ਦੀ ਚੋਣ ਮੁਹਿੰਮ ਦੇ ਕਮਿਊਨੀਕੇਸ਼ਨ ਡਾਇਰੈਕਟਰ ਮਾਈਕਲ ਟਾਇਲਰ ਦਾ ਕਹਿਣਾ ਹੈ ਕਿ ਅਮਰੀਕਾ ਅੰਦਰ ਕਾਨੂੰਨ ਤੋਂ ਕੋਈ ਉਪਰ ਨਹੀਂ। ਸਾਬਕਾ ਰਾਸ਼ਟਰਪਤੀ ਟਰੰਪ ਨੇ ਆਪਣੇ ਨਿੱਜੀ ਸੁਆਰਥਾਂ ਲਈ ਕਾਨੂੰਨ ਦੀਆਂ ਧੱਜੀਆਂ ਉਡਾਈਆਂ; ਫਲਸਰੂਪ ਜੋ ਬੀਜਿਆ, ਹੁਣ ਵੱਢਣਾ ਪਏਗਾ। ਵੈਸੇ ਅਮਰੀਕੀਆਂ ਲਈ ਵਧੀਆ ਇਹੀ ਰਹੇਗਾ ਕਿ ਐਸੇ ਵਿਅਕਤੀ ਨੂੰ ਚੋਣ ਪ੍ਰਕਿਰਿਆ ਰਾਹੀਂ ਡਾਢਾ ਸਬਕ ਸਿਖਾਉਣ।

ਟਰੰਪ ਦੇ ਵਕੀਲ ਇਸ ਫੈਸਲੇ ਵਿਰੁੱਧ ਉੱਚ ਅਦਾਲਤ ਵਿਚ ਜਾਣ ਲਈ ਤਿਆਰੀ ਵਿਚ ਜੁੱਟੇ ਹੋਏ ਹਨ। ਦੇਸ਼ ਦੇ ਲੱਖਾਂ ਲੋਕਾਂ ਨੇ ਉਸ ਵਿਰੁੱਧ ਕਾਨੂੰਨੀ ਪ੍ਰਕਿਰਿਆ ਨੂੰ ਵੱਖ-ਵੱਖ ਜਾਣਕਾਰੀ ਮਾਧਿਅਮਾਂ ਰਾਹੀਂ ਵਾਚਿਆ। ਉਸ ਦੇ ਬਦਨਾਮ ਅਪਰਾਧਿਕ ਕਾਰਨਾਮਿਆਂ ਬਾਰੇ ਤੱਥ ਆਧਾਰਿਤ ਜਾਣਕਾਰੀ ਪ੍ਰਾਪਤ ਕੀਤੀ ਜੋ ਉਹ ਕਈ ਸਾਲਾਂ ਤੋਂ ਅਪਰਾਧਿਕ ਢੰਗਾਂ, ਭ੍ਰਿਸ਼ਟਾਚਾਰ ਅਤੇ ਹੇਰਾਫੇਰੀਆਂ ਰਾਹੀਂ ਕਰ ਰਿਹਾ ਸੀ। ਲੋਕ ਮਹਿਸੂਸ ਕਰ ਰਹੇ ਹਨ ਕਿ ਇਹ ਅਮਰੀਕੀ ਲੋਕਤੰਤਰ ਦੀ ਬੁੱਕਲ ਦਾ ਸੱਪ ਐਸੀ ਸਜ਼ਾ ਦਾ ਹੱਕਦਾਰ ਸੀ।

**ਸੰਗੀਨ ਦੋਸ਼:** ਅਜੇ ਇਸ ਸ਼ਖ਼ਸ ਦੀ ਕਾਨੂੰਨ ਦੇ ਫੰਧੇ ਵਿਚੋਂ ਬਚਣ ਦੀ ਕੋਈ ਉਮੀਦ ਨਜ਼ਰ ਨਹੀਂ ਆਉਂਦੀ। ਇਸ 'ਤੇ ਰਾਜ ਦੇ ਵਰਗੀਕ੍ਰਿਤ ਦਸਤਾਵੇਜ਼ਾਂ ਨਾਲ ਛੇੜਛਾੜ ਦਾ ਸੰਗੀਨ ਮੁਕੱਦਮਾ ਕਾਇਮ ਹੈ। ਇਸ ਤੋਂ ਇਲਾਵਾ ਇੱਕ ਹੋਰ ਸੰਗੀਨ ਮੁਕੱਦਮਾ ਚਲ ਰਿਹਾ ਜਿਸ ਵਿਚ 6 ਜਨਵਰੀ 2021 ਨੂੰ ਉਸ ਨੇ ਆਪਣੀ ਹਮਾਇਤੀ ਹਿੰਸਕ ਭੀੜ ਨੂੰ 2020 ਦੀ ਰਾਸ਼ਟਰਪਤੀ ਚੋਣ ਸਬੰਧੀ ਜਨਤਕ ਫਤਵੇ ਨੂੰ ਉਲਟਾਉਣ ਲਈ ਵਾਸ਼ਿੰਗਟਨ ਕੈਪੀਟਲ 'ਤੇ ਹਮਲੇ ਲਈ ਉਕਸਾਇਆ ਸੀ।

ਉਸ ਨੇ ਆਪਣੇ ਨਿੱਜ ਸੁਆਰਥਾਂ ਦੀ ਪੂਰਤੀ ਲਈ ਪ੍ਰਾਸੀਕਿਊਟਰਾਂ, ਜੱਜਾਂ, ਨਿਆਂਇਕ ਸਿਸਟਮ 'ਤੇ ਹਮਲਾ ਕੀਤਾ ਅਤੇ ਕਾਨੂੰਨ ਦੇ ਰਾਜ ਨੂੰ ਮਧੋਲਣ ਵਿਚ ਕਦੇ ਕੋਈ ਕਸਰ ਬਾਕੀ ਨਹੀਂ ਛੱਡੀ।

ਅਮਰੀਕਾ ਅੰਦਰ ਬਹੁਗਿਣਤੀ ਅੱਧਪੜ੍ਹਾਂ ਅਤੇ ਭੇਡਚਾਲੀਆਂ ਦੀ ਹੈ। ਕਰੀਬ 18 ਰਾਜਾਂ ਵਿਚ ਪੁਰਾਤਨ ਸਾਮੰਤਵਾਦੀ ਸਿਸਟਮ ਕਾਇਮ ਹੈ। ਨਸਲਵਾਦ, ਰੰਗਭੇਦ, ਨਫ਼ਰਤ ਅਤੇ ਗੁਲਾਮੀ ਕਾਇਮ ਰੱਖਣ ਵਾਲੇ ਇਹੀ ਰਾਜ ਅਮਰੀਕੀ ਚੋਣਾਂ ਵਿਚ ਪਾਸੇ ਪਲਟਣ ਲਈ ਬਦਨਾਮ ਹਨ। ਡੋਨਲਡ ਟਰੰਪ ਵਰਗਾ ਤਾਨਾਸ਼ਾਹ, ਏਕਾਧਿਕਾਰਵਾਦੀ, ਧੱਕੇਸ਼ਾਹ, ਝੂਠ ਪਰੋਸਣ ਵਿਚ ਮਾਹਿਰ, ਅਨੈਤਿਕ ਆਦਤਾਂ ਲਈ ਬਦਨਾਮ, ਭ੍ਰਿਸ਼ਟਾਚਾਰੀ ਕਾਰੋਬਾਰੀ ਅਮਰੀਕੀ ਅਧਪੜ੍ਹਾਂ, ਸਾਮੰਤਵਾਦੀਆਂ, ਨਸਲਵਾਦੀ, ਨਫਰਤੀਆਂ ਨੇ ਚੁਣ ਲਿਆ। ਉਹ ਚਾਰ ਸਾਲ ਅਮਰੀਕੀ ਰਾਸ਼ਟਰਪਤੀ ਵਜੋਂ ਵਿਸ਼ਵ ਬਿਰਾਦਰੀ ਵਿਚ ਸਰਦਾਰੀ ਦੀ ਧਾਕ ਜਮਾਉਂਦਾ ਰਿਹਾ। ਉਸ ਨੇ ਵੱਡੇ-ਵੱਡੇ ਕੌਮਾਂਤਰੀ ਆਗੂਆਂ ਨੂੰ ਬੇਇੱਜ਼ਤ ਕਰਨ ਵਿਚ ਪਲ ਨਹੀਂ ਲਾਇਆ। ਜਰਮਨ ਸਾਬਕਾ ਚਾਂਸਲਰ ਅੰਜੇਲਾ ਮਰਕਲ ਨਾਲ ਵ੍ਹਾਈਟ ਹਾਊਸ ਵਿਚ ਹੱਥ ਨਾ ਮਿਲਾਉਣਾ, ਜੀ7 ਸੰਮੇਲਨ ਵਿਚ ਉਸ ਵੱਲ ਦੋ ਟਾਫੀਆਂ ਸੁੱਟ ਕੇ ਕਹਿਣਾ- 'ਫਿਰ ਨਾ ਕਹੀਂ ਤੈਨੂੰ ਕੁਝ ਦਿੱਤਾ ਨਹੀਂ', ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਕਮਜ਼ੋਰ ਬੰਦਾ ਕਹਿਣਾ, ਜੀ7 ਸੰਮੇਲਨ ਛੱਡ ਕੇ ਚਲੇ ਜਾਣਾ, ਪੈਰਿਸ ਵਾਤਾਵਰਨ ਸੰਧੀ ਅਤੇ ਇਰਾਨ ਨਾਲ ਪਰਮਾਣੂ ਸੰਧੀ ਤੋੜਨਾ, ਨਾਟੋ ਦੇਸ਼ਾਂ ਨੂੰ ਠੁੱਠ ਦਿਖਾਉਣਾ ਪਰ ਅਫਗਾਨਿਸਤਾਨ ਵਿਚੋਂ ਤਾਲਿਬਾਨ ਨਾਲ ਸੰਧੀ ਕਰਨਾ ਅਤੇ ਡਰਦੇ ਉੱਥੋਂ ਭੱਜਣਾ। ਹੈਰਾਨੀ ਇਸ ਗੱਲ ਦੀ ਹੈ ਕਿ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਐਸੇ ਸ਼ਾਸਕ ਨੂੰ ਜਾਨਣ ਤੋਂ ਟਪਲਾ ਖਾ ਗਏ ਅਤੇ ਅਮਰੀਕਾ ਵਿਚ ਨਿੰਦਣਯੋਗ ਨਾਅਰਾ ਦੇ ਬੈਠੇ- 'ਅਬ ਕੀ ਬਾਰ, ਟਰੰਪ ਸਰਕਾਰ।' ਗੁਰੂ ਨਾਨਕ ਦੇਵ ਜੀ ਐਸੇ ਸ਼ਾਸਕਾਂ ਬਾਰੇ ਜਪੁਜੀ ਸਾਹਿਬ ਵਿਚ ਲਿਖਦੇ ਹਨ-ਅਸੰਖ ਮੂਰਖ ਅੰਧ ਘੋਰ॥ ਅਸੰਖ ਚੋਰ ਹਰਾਮ ਖੋਰ॥ ਅਸੰਖ ਅਮਰ ਕਰਿ ਜਾਹਿ ਜੋਰ॥

**ਸੰਵਿਧਾਨ:** ਅਮਰੀਕੀ ਸੰਵਿਧਾਨ ਅਤੇ ਕਾਨੂੰਨ ਅਪਰਾਧਿਕ ਜਾਂ ਐਸੇ ਹੋਰ ਦੋਸ਼ ਸਿੱਧ ਹੋਣ ਦੇ ਬਾਵਜੂਦ ਕਿਸੇ ਸ਼ਖ਼ਸ ਨੂੰ ਰਾਸ਼ਟਰਪਤੀ ਪਦ ਲਈ ਚੋਣ ਲੜਨ ਤੋਂ ਨਹੀਂ ਰੋਕਦਾ। ਐਸਾ ਸ਼ਖ਼ਸ ਜੇ ਚੋਣ ਜਿੱਤ ਜਾਂਦਾ ਹੈ ਤਾਂ ਜੇਲ੍ਹ ਵਿਚੋਂ ਸਹੁੰ ਚੁੱਕ ਸਕਦਾ ਹੈ ਪਰ ਸ਼ਾਸਨ ਚਲਾਉਣ ਬਾਰੇ ਸੰਵਿਧਾਨ ਚੁੱਪ ਹੈ। ਰਾਜ ਵਿਰੁੱਧ ਅਪਰਾਧ ਦਾ ਦੋਸ਼ੀ ਬੰਦਾ ਰਾਸ਼ਟਰਪਤੀ ਚੁਣੇ ਜਾਣ 'ਤੇ ਆਪਣੇ ਆਪ ਨੂੰ ਮੁਆਫੀ ਨਹੀਂ ਦੇ ਸਕਦਾ ਜਿਵੇਂ ਅਮਰੀਕੀ ਰਾਸ਼ਟਰਪਤੀ ਅਜਿਹੀ ਸ਼ਕਤੀ ਰੱਖਦਾ ਹੈ।

ਫਾਕਸ ਨਿਊਜ਼ ਪੱਤਰਕਾਰ ਸੀਨ ਹੈਨਿੱਟੀ ਨੇ ਜਦੋਂ ਟਰੰਪ ਨੂੰ ਪੁੱਛਿਆ ਕਿ ਕੀ ਰਾਸ਼ਟਰਪਤੀ ਚੁਣੇ ਜਾਣ 'ਤੇ ਉਹ ਬਦਲਾਖੋਰੀ ਅਤੇ ਸ਼ਕਤੀਆਂ ਦੀ ਕੁਵਰਤੋਂ ਕਰੋਗੇ? ਉੱਤਰ ਸੀ, "ਪਹਿਲਾ ਦਿਨ ਛੱਡ ਕੇ।" ਖੈਰ! ਉਸ ਵਿਰੁੱਧ ਅਦਾਲਤ ਦਾ ਫੈਸਲਾ ਉਦੋਂ ਆਇਆ ਜਦੋਂ ਰਿਪਬਲਿਕਨ ਪਾਰਟੀ ਉਸ ਨੂੰ ਆਪਣਾ ਉਮੀਦਵਾਰ ਐਲਾਨਣ ਵਾਲੀ ਸੀ। ਅਮਰੀਕੀ ਜਨਤਾ ਨੂੰ ਐਸੇ ਸ਼ਖ਼ਸ ਨੂੰ ਮੁੜ ਆਪਣਾ ਰਾਸ਼ਟਰਪਤੀ ਚੁਣਨ ਦੀ ਇਤਿਹਾਸਕ ਭੁੱਲ ਕਦੇ ਨਹੀਂ ਕਰਨੀ ਚਹੀਦੀ ਜੋ ਅਮਰੀਕੀ ਰਾਸ਼ਟਰ ਅਤੇ ਲੋਕਤੰਤਰ ਦੇ ਮੱਥੇ 'ਤੇ ਕਲੰਕ ਸਿੱਧ ਹੋਇਆ ਹੈ।

# ਸ਼ਹਾਦਤ ਨੂੰ ਸਿਜਦਾ

ਗੁਰੂ ਗ੍ਰੰਥ ਸਾਹਿਬ ਵਿਚ ਦੱਸਿਆ ਗਿਆ ਹੈ: ਗੁਰੁ ਅਰਜੁਨੁ, ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ॥ ਅਰਥਾਤ ਪੰਚਮ ਪਾਤਸ਼ਾਹ, ਗੁਰੂ ਅਰਜਨ ਦੇਵ, ਚੌਥੇ ਪਾਤਸ਼ਾਹ, ਗੁਰੂ ਰਾਮਦਾਸ ਜੀ ਦੇ ਗ੍ਰਹਿ ਵਿਖੇ ਪ੍ਰਗਟ ਹੋਏ। ਆਪ ਜੀ ਦੇ ਮਾਤਾ ਬੀਬੀ ਭਾਨੀ ਜੀ, ਤੀਜੇ ਪਾਤਸ਼ਾਹ, ਗੁਰੂ ਅਮਰਦਾਸ ਜੀ ਦੀ ਬੇਟੀ ਸਨ।

ਕਹਿੰਦੇ ਹਨ ਗੁਰੂ ਅਰਜਨ ਦੇਵ ਜੀ, ਬਾਲ ਉਮਰ ਵਿਚ ਰਿੜਦੇ ਹੋਏ, ਆਪਣੇ ਨਾਨਾ, ਗੁਰੂ ਅਮਰਦਾਸ ਜੀ ਦੇ ਆਸਣ 'ਤੇ ਬਹਿ ਗਏ ਤਾਂ ਪਾਤਸ਼ਾਹ ਨੇ ਬਚਨ ਕੀਤਾ: ਅਪਨੇ ਪਿਤਾ ਪਾਸ ਤੇ ਲੀਜਹਿ। ਤਬਿ ਲਗੁ ਧੀਰਜ ਧਾਰਿ ਖਿਰੀਜਹਿ। ਅਰਥਾਤ ਇਹ ਹੱਕ ਆਪਣੇ ਪਿਤਾ ਜੀ ਤੋਂ ਲਿਓ ਤੇ ਉਦੋਂ ਤਕ ਸਬਰ ਧਾਰ ਰੱਖੋ। ਇਹ ਵੀ ਕਿਹਾ ਜਾਂਦਾ ਹੈ ਕਿ ਆਪ



**ਅਵਤਾਰ ਸਿੰਘ (ਪ੍ਰੋ.)**
**ਫੋਨ: +91-94175-18384**

ਜੀ ਦੀ ਬਿਰਤੀ ਨੂੰ ਭਾਂਪ ਕੇ ਗੁਰੂ ਅਮਰਦਾਸ ਜੀ ਨੇ ਇਹ ਵੀ ਬਚਨ ਕੀਤਾ: ਦੋਹਿਤਾ ਬਾਣੀ ਕਾ ਬੋਹਿਥਾ।

ਫਿਰ ਪਾਤਸ਼ਾਹ ਨੂੰ ਰਿਸ਼ਤੇਦਾਰੀ ਵਿਚ ਹੋਣ ਵਾਲੀ ਸ਼ਾਦੀ 'ਤੇ ਲਾਹੌਰ ਭੇਜ ਦਿਤਾ ਗਿਆ, ਤੇ ਆਖਿਆ, ਜਦ ਤਕ ਸੱਦਿਆ ਨਾ ਜਾਵੇ, ਵਾਪਸ ਨਹੀਂ ਆਉਣਾ। ਪਾਤਸ਼ਾਹ ਰੋਜ਼ ਸੱਦਾ ਉਡੀਕਦੇ, ਪਰ, ਸੱਦਾ ਨਾ ਆਇਆ। ਇਕ ਦਿਨ ਪਾਤਸ਼ਾਹ ਨੇ ਆਪ ਪਿਤਾ ਗੁਰੂ ਰਾਮਦਾਸ ਜੀ ਨੂੰ ਚਿੱਠੀ ਲਿਖੀ: ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥ ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥ ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਓ॥ ਪਾਤਸ਼ਾਹ ਨੇ ਤਿੰਨ ਚਿੱਠੀਆਂ ਲਿਖੀਆਂ। ਵੱਡੇ ਭਾਈ ਦੀ ਬਦਨੀਤੀ ਕਾਰਣ ਨਾ ਪਹਿਲੀ ਚਿੱਠੀ ਪੁੱਜੀ ਨਾ ਦੂਜੀ। ਜਦ ਇਹ ਤਿੰਨੇ ਚਿੱਠੀਆਂ ਪੁੱਜੀਆਂ, ਤਾਂ ਗੁਰੂ ਪਿਤਾ ਨੇ, ਆਪਣੇ ਬੇਟੇ ਦੇ ਹਿਰਦੇ ਦੀ ਵੈਰਾਗਮਈ ਬਿਹਬਲਤਾ ਅਤੇ ਪਿਆਰ ਭਰੀ ਨਿਰਮਲਤਾ ਨੂੰ, ਗੁਰਿਆਈ ਦੇ ਸ਼ੁੱਭ ਸੰਕੇਤ ਵਜੋਂ ਦੇਖ ਕੇ, ਆਪ ਜੀ ਨੂੰ, ਗੁਰੂ ਅਰਜਣ ਵਜੋਂ, ਗੁਰਿਆਈ 'ਤੇ ਆਸੀਨ ਕਰ ਦਿੱਤਾ, ਤੇ ਨਾਲ ਹੀ, ਇਕ ਵੱਡੇ ਸਰੋਵਰ ਵਾਲਾ ਸ਼ਹਿਰ ਵਸਾਉਣ ਦਾ ਆਦੇਸ਼ ਦਿੱਤਾ, ਜਿਸਦਾ ਪਾਲਣ ਕਰਦੇ ਹੋਏ, ਪਾਤਸ਼ਾਹ ਨੇ ਇੱਕ ਵੱਡਾ ਤਾਲ ਤਿਆਰ ਕਰਵਾਇਆ ਤੇ ਉਸਦੇ ਇਰਦ ਗਿਰਦ 'ਤਰਨਤਾਰਨ' ਨਾਂ ਦਾ ਵਿਸ਼ਾਲ ਨਗਰ ਵਸਾਇਆ। ਇੱਥੇ ਆਪ ਜੀ ਨੇ ਅਸਾਧ ਰੋਗਾਂ ਦੇ ਇਲਾਜ ਲਈ ਇੱਕ ਸ਼ਫ਼ਾਖ਼ਾਨਾ ਵੀ ਚਲਾਇਆ। ਤਰਨਤਾਰਨ ਨਗਰ ਸੰਗਤ ਦੇ ਆਤਮਿਕ ਵਿਕਾਸ ਅਤੇ ਦੇਹ ਅਰੋਗਤਾ ਦਾ ਕੇਂਦਰ ਬਣ ਗਿਆ।

ਫਿਰ ਪਾਤਸ਼ਾਹ ਨੇ ਪਿਤਾ ਦੀ ਵਸਾਈ ਨਗਰੀ 'ਗੁਰੂ ਕਾ ਚੱਕ' ਦੇ ਸਰੋਵਰ ਦਰਮਿਆਨ ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰ ਇਮਾਰਤ ਤਿਆਰ ਕਰਵਾਈ, ਜਿਸਦੀ ਨੀਂਹ ਸੂਫੀ ਫ਼ਕੀਰ ਸਾਈਂ ਮੀਆਂ ਮੀਰ ਜੀ ਦੇ ਕਰ ਕਮਲਾਂ ਨਾਲ ਰਖਵਾਈ ਤੇ ਇਸਦਾ ਨਾਂ 'ਰਾਮਦਾਸਪੁਰ' ਰੱਖਿਆ। ਜਦ ਪਵਿੱਤਰ ਇਮਾਰਤ ਮੁਕੰਮਲ ਹੋਈ ਤਾਂ ਪਾਤਸ਼ਾਹ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਖ਼ੁਦ ਬਿਰਾਜਦੇ ਤੇ ਆਈ ਸੰਗਤ ਨੂੰ ਕਥਾ ਵਾਰਤਾ ਨਾ.ਲ ਨਿਹਾਲ ਕਰਦੇ। ਪਾਤਸ਼ਾਹ ਨੇ ਸੰਗਤ ਦੇ ਨਾਲ ਪੰਗਤ ਦਾ ਵੀ ਪ੍ਰਚਲਨ ਕੀਤਾ। ਹਰ ਆਉਣ ਵਾਲੇ ਨੂੰ ਹਮੇਸ਼ਾ ਤਿਆਰ ਬਰ ਤਿਆਰ ਲੰਗਰ ਮਿਲਦਾ। ਦੂਰ ਦੂਰ ਤੋਂ, ਕਿਆ ਹਿੰਦੂ, ਕਿਆ ਮੁਸਲਿਮ, ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਵਾਲੀ, ਇਸ ਮਹਾਨ ਅਤੇ ਬਲਵਾਨ ਧਾਰਾ ਵੱਲ ਖਿੱਚੇ ਆਉਣ ਲੱਗੇ। ਘਰ ਘਰ ਅੰਦਰ ਗੁਰੂ ਅਰਜਨ ਪਾਤਸ਼ਾਹ ਦੀ ਸਿਫ਼ਤ ਹੋਣ ਲੱਗੀ। ਅੰਮ੍ਰਿਤਬਾਣੀ ਤੇ ਅੰਮ੍ਰਿਤ ਸਰੋਵਰ ਕਾਰਣ ਇਹ ਸ਼ਹਿਰ 'ਅੰਮ੍ਰਿਤਸਰ' ਹੋ ਗਿਆ ਤੇ ਗੁਰੂ ਦੀ ਵਡਿਆਈ ਚਾਰੇ ਪਾਸੇ ਫੈਲ ਗਈ।

# ਗੁਰ ਅਰਜਨ ਵਿਟਹੁ ਕੁਰਬਾਣੀ



ਪਾਤਸ਼ਾਹ ਨੇ ਗੁਰਿਆਈ ਦੀ ਵਿਰਾਸਤ, ਗੁਰਮਤਿ ਦਾ ਸਾਗਰ, ਕਲਜੁਗ ਕੇ ਜਹਾਜ਼, ਜਗਤ ਦਾ ਪੁਲ, ਅਰਥਾਤ ਬਾਣੀ ਦਾ ਸੰਕਲਨ ਤਿਆਰ ਕੀਤਾ ਅਤੇ ਭਾਈ ਗੁਰਦਾਸ ਜੀ ਨੂੰ ਲਿਖਾਰੀ ਥਾਪ ਕੇ ਪਵਿੱਤਰ ਪੋਥੀ ਦਾ ਰੂਪ ਦੇ ਦਿੱਤਾ। ਅਦੁੱਤੀ ਅਤੇ ਅਲੌਕਿਕ ਭਵਨ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਇਸ ਪੋਥੀ ਦਾ ਪ੍ਰਕਾਸ਼ ਕਰਕੇ, ਬਾਬਾ ਬੁੱਢਾ ਜੀ ਨੂੰ ਇਹਦੀ ਤਾਬਿਆ ਅਤੇ ਸੇਵਾ ਬਖ਼ਸ਼ ਦਿੱਤੀ। ਪਾਤਸ਼ਾਹ ਆਪ ਸੰਗਤ ਵਿਚ ਬਿਰਾਜਮਾਨ ਹੋ ਗਏ ਤੇ ਸੰਗਤ ਨੂੰ ਆਦੇਸ਼ ਕੀਤਾ- ਪੋਥੀ ਪਰਮੇਸਰ ਕਾ ਥਾਨ।

ਇਕ ਪਾਸੇ ਬਾਣੀ ਦਾ ਪ੍ਰਵਾਹ ਤੇ ਦੂਜੇ ਪਾਸੇ ਅਤੁੱਟ ਲੰਗਰ। ਪੰਗਤ ਅਤੇ ਸੰਗਤ ਦਾ ਅਨੂਠਾ ਸੁਮੇਲ ਦੇਖ ਕੇ ਦੁਨੀਆਂ ਦੰਗ ਹੁੰਦੀ। ਮਨ ਰਾਜ਼ੀ ਨਾਲੇ ਤਨ ਰਾਜ਼ੀ। ਰੂਹਾਂ ਤੇ ਜਿਸਮਾਂ ਦਾ ਕਲਿਆਣ ਤੇ ਸਾਂਝੀਵਾਲਤਾ ਦਾ ਪ੍ਰਕਾਸ਼ ਹੋਣ ਲੱਗਾ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਏਨੀ ਆਭਾ ਸੁਣ ਕੇ ਸਮੇਂ ਦਾ ਹਾਕਮ ਅਕਬਰ ਆਪ ਚੱਲ ਕੇ ਦਰਸ਼ਣ ਕਰਨ ਆਇਆ ਤੇ ਸੱਚਖੰਡ ਲਈ ਜਾਗੀਰ ਦੀ ਪੇਸ਼ਕਸ਼ ਕੀਤੀ। ਪਰ ਪਾਤਸ਼ਾਹ ਨੇ ਸ਼ਾਹੀ ਜਾਗੀਰ ਲੈਣ ਤੋਂ ਇਨਕਾਰ ਕਰ ਦਿਤਾ ਤੇ ਇਸਦੇ ਬਦਲੇ ਕਿਰਤ ਕਰਨ ਵਾਲੇ ਲੋਕਾਂ ਲਈ ਸਹੂਲਤਾਂ ਦੀ ਸਿਫਾਰਿਸ਼ ਕੀਤੀ।

ਗੁਰੂਘਰ ਦੀ ਏਨੀ ਮਾਨਤਾ ਤੇ ਮਹਾਨਤਾ ਦੇਖ ਕੇ ਇਲਾਕੇ ਦੀ ਛੋਟੀ ਹਾਕਮੀ ਨੂੰ ਵਖਤ ਪੈ ਗਿਆ। ਉਨ੍ਹਾਂ ਦੇ ਦਾਬੇ ਤੇ ਲੁੱਟ ਅਗੇ ਪ੍ਰਸ਼ਨ ਚਿੰਨ ਲੱਗਣੇ ਸ਼ੁਰੂ ਗਏ। ਅਜਿਹੇ ਲੋਭੀ, ਖੁਣਸੀ ਅਤੇ ਸੜੀਅਲ ਲੋਕਾਂ ਨੇ ਹਕੂਮਤ ਦੇ ਕੰਨ ਭਰੇ ਤੇ ਸਾਂਝੀਵਾਲਤਾ ਦੀ ਇਸ ਪਾਵਨ ਪੋਥੀ ਨੂੰ ਸਾਮੀਂ ਕਿਤਾਬ ਕੁਰਾਨ ਦੇ ਸ਼ਰੀਕ ਵਜੋਂ ਦੱਸ ਕੇ ਸ਼ਿਕਾਇਤਾਂ ਕਰਨ ਲੱਗੇ।

ਇਸਲਾਮ ਦੇ ਸੂਫੀ ਸਿਲਸਿਲੇ ਦੋ ਤਰ੍ਹਾਂ ਦੇ ਸਨ। ਇਕ ਉਹ, ਜੋ ਰੱਬੀ ਰਜ਼ਾ ਤੇ ਪ੍ਰੇਮ ਪਿਆਰ ਦੇ ਉਪਾਸ਼ਕ ਸਨ ਤੇ ਰਾਜਸੀ ਚਾਹਤ ਅਤੇ ਤਾਕਤ ਤੋਂ ਪਰਹੇਜ਼ ਕਰਦੇ ਸਨ। ਇਹਦੇ ਵਿਪਰੀਤ, ਨਕਸ਼ਬੰਦੀ ਸਿਲਸਿਲੇ ਦੇ ਸੰਚਾਲਕ, ਖ਼ੁਆਜਾ ਬਾਕੀ ਬਿੱਲਾ ਦਾ ਮੁਰੀਦ ਸ਼ੈਖ ਮੁਜੱਦਦ ਅਹਿਮਦ ਸਰਹੰਦੀ, ਕੱਟੜ ਸ਼ਰੱਈ ਤੇ ਰਾਜਸੀ ਤਾਕਤ ਦੀ ਨੇਤ੍ਰਤਾ ਅਤੇ ਅਸਰ ਰਸੂਖ਼ ਹੇਠ, ਸਾਂਝੀਵਾਲਤਾ ਦਾ ਸੁਨੇਹਾ ਦੇਣ ਵਾਲੇ ਪਾਤਸ਼ਾਹ 'ਤੇ ਤੱਦੀ ਕਰਾਉਣ ਦੇ ਮਨਸੂਬੇ ਘੜਦਾ ਰਹਿੰਦਾ ਸੀ।

ਬੇਸ਼ਕ ਅਕਬਰ 'ਤੇ ਇਸਦੀ ਪੇਸ਼ ਨਹੀਂ ਸੀ ਗਈ, ਪਰ ਉਸਦੇ ਬੇਟੇ ਜਹਾਂਗੀਰ ਨੇ, ਅਕਬਰ ਦੇ ਬਾਦ, ਵੱਖਰਾ ਰਾਹ ਅਪਣਾ ਲਿਆ। ਢੁਕਵਾਂ ਸਮਾਂ ਜਾਣ ਕੇ ਸ਼ੇਖ ਮੁਜੱਦਦ ਨੇ ਮੁਰਤਜਾ ਖ਼ਾਨ ਰਾਹੀਂ, ਗੁਰੂ ਘਰ ਦੇ ਖ਼ਿਲਾਫ਼, ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕਰ ਦਿਤੇ। ਉਸਨੇ ਊਜਾਂ ਲਾਉਣੀਆਂ ਤੇ ਸ਼ਿਕਾਇਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਇਨ੍ਹਾਂ ਊਜਾਂ ਤੇ ਸ਼ਿਕਾਇਤਾਂ ਦੀ ਚੁੱਕ ਵਿਚ ਆ ਕੇ ਜਹਾਂਗੀਰ ਨੇ ਆਪਣੀ ਡਾਇਰੀ ਵਿੱਚ ਗੁਰੂ ਸਾਹਿਬਾਨ ਦੀ ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਦੀ ਇਸ ਮਹਾਨ ਵਿਰਾਸਤ ਨੂੰ 'ਝੂਠ ਦੀ ਦੁਕਾਨ' ਲਿਖਿਆ ਅਤੇ ਇਤਰਾਜ਼ ਕੀਤਾ ਕਿ ਇੱਥੇ 'ਸਿੱਧੜ ਹਿੰਦੂ ਤੇ ਭੁੱਲੜ ਮੁਸਲਮਾਨ' ਰ.ਲ-ਮਿ.ਲ ਕੇ ਬੈਠਦੇ ਹਨ। ਜਗਤ ਕਲਿਆਣ ਦੀ ਅਜਿਹੀ ਵਿਰਾਸਤ, ਹਕੂਮਤ ਨੂੰ, ਰਾਸ ਆਉਣ ਵਾ.ਲੀ ਨਹੀਂ ਸੀ ਤੇ ਇਸ ਕਰਕੇ ਹਕੂਮਤ ਦੀ ਨਜ਼ਰ ਵਿਚ ਕੰਡੇ ਵਾਂਗ ਰੜਕਣ ਲੱਗੀ।

ਇਨ੍ਹਾਂ ਦਿਨਾਂ ਵਿਚ ਹੀ ਜਹਾਂਗੀਰ ਦੇ ਅਹਿਲਕਾਰ, ਚੰਦੂ ਦੀ ਬੇਟੀ, ਤੇ ਗੁਰੂ ਅਰਜਣ ਦੇਵ ਜੀ ਦੇ ਬੇਟੇ, ਹਰਗੋਬਿੰਦ ਪਾਤਸ਼ਾਹ ਨਾਲ ਰਿਸ਼ਤਾ ਤੈਅ ਹੋ ਗਿਆ। ਪਰ ਚੰਦੂ ਨੇ ਇਸ ਰਿਸ਼ਤੇ ਨੂੰ ਚੁਬਾਰੇ ਦੀ ਇੱਟ, ਮੋਰੀ ਨੂੰ ਲਾਈ ਗਈ ਦੱਸਿਆ। ਸਿੱਖਾਂ ਤੋਂ ਇਹ ਗੱਲ ਬਰਦਾਸ਼ਤ ਨਾ ਹੋਈ ਤੇ ਉਨ੍ਹਾਂ ਨੇ ਪੰਚਮ ਪਾਤਸ਼ਾਹ ਨੂੰ ਚਿੱਠੀ ਲਿਖ ਕੇ ਹਕੀਕਤ ਬਿਆਨ ਕੀਤੀ। ਚਿੱਠੀ ਪੜ੍ਹ ਕੇ ਪਾਤਸ਼ਾਹ ਨੇ ਚੰਦੂ ਦੀ ਬੇਟੀ ਦੇ ਰਿਸ਼ਤੇ ਤੋਂ ਇਨਕਾਰ ਕਰ ਦਿਤਾ। ਚੰਦੂ ਨੇ ਆਪਣੀ ਇਸ ਹੇਠੀ ਦਾ ਬਦਲਾ ਲੈਣ ਲਈ ਮਨਸੂਬੇ ਘੜਨੇ ਸ਼ੁਰੂ ਕਰ ਦਿਤੇ। ਅਖੀਰ ਜਹਾਂਗੀਰ ਨੇ ਪੰਚਮ ਪਾਤਸ਼ਾਹ ਨੂੰ ਸਖਤ ਤੋਂ ਸਖਤ ਸਬਕ ਸਿਖਾਉਣ ਦਾ ਦਾਈਆ ਬੰਨ੍ਹ ਲਿਆ ਤੇ ਸ਼ਾਹੀ ਫੁਰਮਾਨ ਜਾਰੀ ਕਰ ਦਿਤਾ।

ਪੰਚਮ ਪਾਤਸ਼ਾਹ ਨੂੰ ਲਾਹੌਰ ਵਿਖੇ ਬੁਲਾਇਆ ਗਿਆ। ਮੰਨਿਆਂ ਜਾਂਦਾ ਹੈ ਕਿ ਬਾਦਸ਼ਾਹ ਨੇ ਆਦਿ ਬੀੜ ਅਰਥਾਤ ਪਵਿੱਤਰ ਪੋਥੀ ਵਿੱਚ ਫੇਰਬਦਲ ਕਰਨ ਲਈ ਆਖਿਆ ਤਾਂ ਪਾਤਸ਼ਾਹ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਉਹ ਧੁਰ ਕੀ ਬਾਣੀ ਦੇ ਰਚੇਤਾ ਨਹੀਂ, ਕੇਵਲ ਉਚਰੇਤਾ ਹਨ, ਜਿਸ ਕਰਕੇ ਇਸ ਅਕਾਲੀ ਬਾਣੀ ਵਿੱਚ, ਉਹ ਕਿਸੇ ਤਰਾਂ ਦਾ ਵੀ ਦਖ਼ਲ ਨਹੀਂ ਦੇ ਸਕਦੇ। ਇੱਥੋਂ ਤਕ ਕਿ ਉਨ੍ਹਾਂ ਨੇ ਹਕੂਮਤ ਵੱਲੋਂ ਲਗਾਇਆ ਗਿਆ ਜ਼ੁਰਮਾਨਾ ਜਮਾਂ ਕਰਾਉਣ ਤੋਂ ਵੀ ਇਨਕਾਰ ਕਰ ਦਿਤਾ। ਇਸ ਇਨਕਾਰ ਉਪਰੰਤ, ਗੁਰਦੇਵ ਨੂੰ ਇਸਲਾਮ ਵਿਚ ਆਉਣ ਲਈ ਆਖਿਆ ਗਿਆ ਤੇ ਇਨਕਾਰ ਕਰਨ ਤੇ 'ਯਾਸਾ' ਦੇ ਸਖ਼ਤ ਅਤੇ ਕੁਰੱਖਤ ਕਾਨੂੰਨ ਮੁਤਾਬਕ, ਤੱਤੀ ਤਵੀ 'ਤੇ ਬਹਾ ਕੇ, ਤੱਤੀ ਰੇਤ ਨਾ.ਲ, ਸਖ਼ਤ ਤਸੀਹੇ ਦੇ ਕੇ, ਸ਼ਹੀਦ ਕਰ ਦੇਣ ਦਾ ਹੁਕਮ ਸੁਣਾ ਦਿਤਾ ਗਿਆ।

ਦੁਨੀਆ ਦੇ ਇਤਿਹਾਸ ਵਿਚ ਅਕਹਿ, ਅਸਹਿ ਤੇ ਦਿਲ ਕੰਬਾਊ ਤਸੀਹੇ ਵਾਲੀ ਸਜ਼ਾ ਦੇ ਇਸ ਹੁਕਮ ਦੀ ਤਾਮੀਲ ਹੋਈ ਤੇ ਲਾਟਾਂ ਬ.ਲ ਉੱਠੀਆਂ। ਪੰਚਮ ਪਾਤਸ਼ਾਹ, ਕਹਿਰ ਦੀ ਗਰਮੀ ਵਿਚ, ਬਲਦੀ ਅੱਗ 'ਤੇ ਰੱਖੀ, ਤਪੀ ਹੋਈ ਤਵੀ ਉੱਤੇ ਬਿਰਾਜਮਾਨ ਹੋ ਗਏ। ਪਾਤਸ਼ਾਹ ਦਾ ਸਰੀਰ ਖਿੱਲ ਦੀ ਤਰਾਂ ਭੁੱਝ ਕੇ ਛਾਲੇ ਛਾਲੇ ਹੋ ਗਿਆ। ਅੱਤ ਦੇ ਤਸੀਹੇ ਭਰੀਆਂ ਖਬਰਾਂ ਸਾਰੇ ਪਾਸੇ ਫੈਲ ਗਈਆਂ। ਜ਼ਾਲਮ ਚੰਦੂ ਦੇ ਕਾ.ਲਜੇ ਠੰਢ ਪੈ ਗਈ। ਪਰ ਉਸਦੀ ਕੋਮਲ-ਚਿੱਤ ਨੂੰਹ ਦਾ ਹਿਰਦਾ ਕੰਬ ਗਿਆ। ਉਸਨੇ ਪੰਚਮ ਪਾਤਸ਼ਾਹ ਤਕ ਪਹੁੰਚ ਕੀਤੀ ਤੇ ਕੋਈ ਹੀਲਾ ਵਸੀਲਾ ਵਰਤਣ ਦੀ ਇੱਛਾ ਪ੍ਰਗਟ ਕੀਤੀ। ਪਾਤਸ਼ਾਹ ਨੇ ਇਨਕਾਰ ਕਰ ਦਿਤਾ ਤੇ ਉਸ ਅਕਹਿ ਤਸੀਹੇ ਨੂੰ ਪ੍ਰਭੂ ਦਾ ਭਾਣਾ ਮੰਨ ਕੇ ਸ੍ਵੀਕਾਰ ਕੀਤਾ।

ਕਹਿੰਦੇ ਹਨ ਸਾਈਂ ਮੀਆਂ ਮੀਰ ਜੀ ਵੀ ਆਏ ਤੇ ਆਪਣੀ ਕਰਾਮਾਤ ਨਾਲ ਦਿੱਲੀ ਤੇ ਲਾਹੌਰ ਨੂੰ ਤਹਿਸ ਨਹਿਸ ਕਰਨ ਦੀ ਆਗਿਆ ਮੰਗੀ। ਪਰ ਪੰਚਮ ਪਾਤਸ਼ਾਹ ਨੇ ਸਭ ਨੂੰ ਪ੍ਰਭੂ ਦੇ ਭਾਣੇ ਵਿਚ ਰਹਿਣ ਦਾ ਆਦੇਸ਼ ਦਿਤਾ ਤੇ ਫੁਰਮਾਇਆ: ਤੇਰਾ ਕੀਆ ਮੀਠਾ ਲਾਗੈ॥

ਅਖੀਰ ਅੱਗ ਹੋਰ ਤੇਜ਼ ਕਰ ਦਿਤੀ ਗਈ, ਤਵੀ ਹੋਰ ਤਪਾ ਦਿਤੀ ਗਈ ਤੇ ਪਾਤਸ਼ਾਹ ਦੇ ਸੀਸ ਉੱਤੇ ਤੱਤੀ ਰੇਤ ਦੇ ਕੜਛੇ ਭਰ-ਭਰ ਪਾਏ ਗਏ। ਜ਼ੁਲਮ ਦੀ ਇੰਤਹਾ ਹੋਈ ਤਾਂ ਪਾਤਸ਼ਾਹ ਨੇ ਛਾਲੇ ਛਾਲੇ ਹੋਈ ਦੇਹੀ ਦਾ, ਨਾਲ ਵਗਦੇ ਰਾਵੀ ਦਰਿਆ ਵਿਚ, ਖ਼ੁਦ ਵਿਸਰਜਨ ਕਰ ਲਿਆ: ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥

ਅਸਮਾਨ ਵਿਚ ਸੋਗ ਫੈਲ ਗਿਆ, ਹਵਾ ਉਦਾਸ ਹੋ ਗਈ ਤੇ ਖ਼ਲਕਤ ਹੈਰਾਨ ਰਹਿ ਗਈ। ਨਾ.ਲ ਗਏ ਉਦਾਸ ਸਿੱਖਾਂ ਨੇ ਪਰਤ ਕੇ, ਪਾਤਸ਼ਾਹ ਦੇ ਹੁਕਮ ਅਨੁਸਾਰ, ਗੁਰੂ ਕੇ ਬੇਟੇ ਹਰਗੋਬਿੰਦ ਨੂੰ ਗੁਰੂ ਥਾਪ ਦਿੱਤਾ। ਸੰਗਤ ਨੇ ਇਸ ਮਹਾਂ ਸੋਗ ਵਿਚ ਮਿ.ਲ ਕੇ ਖ਼ਲਕਤ ਲਈ ਥਾਂ ਥਾਂ 'ਤੇ ਠੰਡੇ ਮਿੱਠੇ ਪਾਣੀ ਦੀਆਂ ਛਬੀਲਾਂ ਲਾਈਆ। ਕਹਿਰ ਭਰੇ ਜ਼ੁਲਮ ਦਾ ਜਵਾਬ, ਬਦਲੇ ਦੀ ਬਜਾਏ, ਸਰਬੱਤ ਦੇ ਭਲੇ ਵਿਚ ਦਿਤਾ ਗਿਆ। ਇਸ ਅਲੌਕਿਕ ਰੀਤ ਨੂੰ ਦੇਖ ਕੇ ਹਰੇਕ ਮਾਈ ਭਾਈ ਦੇ ਮੁਖਾਰਬਿੰਦ 'ਤੇ ਇਹ ਧੁਨ ਸੁਣਾਈ ਦਿੱਤੀ— ਗੁਰ ਅਰਜਨ ਵਿਟਹੁ ਕੁਰਬਾਣੀ॥

## ਸ਼ਹੀਦੀ ਦਿਵਸ
## ਸ੍ਰੀ ਗੁਰੂ ਅਰਜਨ ਦੇਵ ਜੀ

ਆਓ ਪਿਆਰੀ ਸੰਗਤੇ ਜਾਣੀਏ,
ਸ੍ਰੀ ਗੁਰੂ ਅਰਜਨ ਦੇਵ ਜੀ ਬਾਰੇ।
ਕਿੱਥੇ ਉਨ੍ਹਾਂ ਅਵਤਾਰ ਧਾਰਿਆ,
ਕਿਹੜੇ ਕੀਤੇ ਕੰਮ ਸੀ ਨਿਆਰੇ।
ਸੰਨ ਪੰਦਰਾਂ ਸੌ ਤਰੇਹਟ ਦੀ ਸੀ,
ਸੰਗਤੇ ਤਾਰੀਕ ਓਦੋਂ ਦੋ ਮਈ।
ਸੰਤ ਸਰੂਪ ਬਾਲ ਹੈ ਜਨਮਿਆ,
ਸਾਰੇ ਜਗ ਵਿਚ ਗੱਲ ਸੀ ਗਈ।
ਪਿਤਾ ਜੀ ਸਨ ਗੁਰੂ ਰਾਮ ਦਾਸ ਜੀ,
ਮਾਤਾ ਜੀ ਸਨ ਬੀਬੀ ਭਾਨੀ।
ਬਾਲ ਵਰੇਸ ਦੇ ਚੋਜ ਵੇਖ ਕੇ,
ਦੰਗ ਰਹਿ ਗਏ ਸੀ ਗੁਣੀ ਗਿਆਨੀ।
ਪੰਦਰਾਂ ਸੌ ਉਣਾਨਵੇਂ ਨੂੰ ਸੀ,
ਹੋਈ ਬੀਬੀ ਗੰਗਾ ਜੀ ਦੇ ਨਾਲ ਸ਼ਾਦੀ।
ਪੁੱਤਰ ਹਰ ਗੋਬਿੰਦ ਸੀ ਜਾਇਆ,
ਜਿਸ ਚਾਹੀ ਧਰਮ ਦੀ ਅਜ਼ਾਦੀ।
ਸੰਨ ਪੰਦਰਾਂ ਸੌ ਇਕਾਸੀ ਦੀ ਸੀ,
ਤਾਰੀਕ ਸੰਗਤੇ ਇੱਕ ਸਤੰਬਰ।
ਗੁਰ-ਗੱਦੀ 'ਤੇ ਬਿਰਾਜਮਾਨ ਹੋਏ,
ਸਿੱਖਾਂ ਦੇ ਇਹ ਪੰਜਵੇਂ ਪੈਗੰਬਰ।
ਹਰਿਮੰਦਰ ਸਾਹਿਬ ਦੀ ਨੀਂਹ ਇਨ੍ਹਾਂ,
ਸਾਈਂ ਮੀਆਂ ਮੀਰ ਤੋਂ ਰਖਾਈ।
ਤਰਨਤਾਰਨ ਵਸਾਵਣ ਦੇ ਲਈ,
ਆਪਣੇ ਹੱਥੀਂ ਸੀ ਮੋੜ੍ਹੀ ਗਡਾਈ।
ਬਾਈ ਸੌ ਸੀ ਅਠਾਰਾਂ ਸ਼ਬਦ,
ਇਨ੍ਹਾਂ ਨੇ ਤੀਹ ਰਾਗਾਂ ਵਿਚ ਰਚੇ।
ਐਸਾ ਤਿਆਰ ਕਰਾਇਆ ਗ੍ਰੰਥ,
ਜਿਹੜਾ ਗੁਰੂ ਜੀ ਦੇ ਵਾਂਗਰ ਜਚੇ।
ਸੰਨ ਸੋਲਾਂ ਸੌ ਚਾਰ ਨੂੰ ਕਰਿਆ,
ਆਦਿ ਗ੍ਰੰਥ ਦਾ ਪਹਿਲਾ ਪ੍ਰਕਾਸ਼।
ਬਾਬਾ ਬੁੱਢਾ ਜੀ ਸੀ ਗ੍ਰੰਥੀ ਥਾਪੇ,
ਪਵਿੱਤਰ ਕਾਰਜ ਕਰਿਆ ਰਾਸ।
ਸਤਿਗੁਰਾਂ ਦੀ ਮਹਿਮਾ ਨੂੰ ਸੁਣ ਕੇ,
ਅਨੇਕਾਂ ਦੋਖੀ ਲੱਗੇ ਸੀ ਸੜਨ।
ਬਾਦਸ਼ਾਹ ਜਹਾਂਗੀਰ ਕੋ.ਲ ਜਾ ਕੇ,
ਕੰਨ ਲੱਗੇ ਸੀ ਭਰਨ।
ਕੰਨਾਂ ਦਾ ਸੀ ਕੱਚਾ ਬਾਦਸ਼ਾਹ,
ਕੱਚੀਆਂ ਗੱਲਾਂ ਵਿਚ ਆਇਆ,
ਅਹਿਲਕਾਰ ਚੰਦੂ ਚੰਦਰੇ ਨੂੰ ਸੀ,
ਸਖ਼ਤ ਹੁਕਮ ਸੁਣਾਇਆ।
ਸਿੱਖ ਗੁਰੂ ਨੂੰ ਲਾਹੌਰ ਬੁਲਾ ਕੇ,
ਕਹਿੰਦਾ ਪਹਿਲਾਂ ਈਨ ਮਨਾਓ।
ਜੇ ਉਹ ਧਰਮ ਨਹੀਓਂ ਹੈ ਬਦਲਦਾ,
ਕਹਿੰਦਾ ਜਲਦੀ ਪਾਰ ਬੁਲਾਓ।
ਈਨ ਮੰਨਣ ਤੋਂ ਗੁਰਾਂ ਜੀ ਨੇ,
ਜਦੋਂ ਦਿੱਤਾ ਸੀ ਕੋਰਾ ਜਵਾਬ।
ਓਧਰ ਚੰਦੂ ਚੰਦਰੇ ਨੂੰ ਸੀ ਸੰਗਤੇ,
ਗੁੱਸਾ ਚੜ੍ਹ ਗਿਆ ਬੇਹਿਸਾਬ।
ਤੱਤੀ ਤਵੀ 'ਤੇ ਗੁਰੂ ਜੀ ਬੈਠਾਏ,
ਚੂਰ 'ਚ ਅੱਗ ਦੇ ਭਾਂਬੜ ਮਚਾਏ।
ਤੇਰਾ ਭਾਣਾ ਸਦਾ ਮੀਠਾ ਲਾਗੇ,
ਅੱਗੋਂ ਗੁਰੂ ਜੀ ਨੇ ਬੋਲ ਸੀ ਸੁਣਾਏ।
ਸੰਨ ਸੋਲਾਂ ਸੌ ਛੇ ਦੀ 'ਤਲਵੰਡੀ',
ਤਾਰੀਕ ਸੀ ਉਸ ਵੇਲੇ ਦਸ ਜੂਨ।
ਗੁਰਾਂ ਦੀ ਸੀ ਜਾਨ ਲੈ ਗਿਆ,
ਜਹਾਂਗੀਰ ਰਾਜੇ ਦਾ ਅੰਨ੍ਹਾ ਜਨੂੰਨ॥

*-ਅਮਰੀਕ ਸਿੰਘ*
*ਫੋਨ: 94635-42896*

## ਗਰਮੀ

ਗਰਮੀ ਅੱਤ ਕਰਾ ਛੱਡੀ ਏ।
ਹਾਹਾਕਾਰ ਮਚਾ ਛੱਡੀ ਏ।
ਰੁੱਖਾਂ ਬਾਝੋਂ ਨੰਗੀ ਧਰਤੀ,
ਅੱਗ ਦੇ ਵਾਂਗ ਤਪਾ ਛੱਡੀ ਏ।

ਏ.ਸੀ ਕੂਲਰ ਚੱਲੀ ਜਾਂਦੇ,
ਬਿਜਲੀ ਖ਼ਪਤ ਵਧਾ ਛੱਡੀ ਏ।
ਕਈਆਂ ਨੂੰ ਲੂਅ ਲੂਹੀ ਜਾਵੇ,
ਕਈਆਂ ਜਾਨ ਗਵਾ ਛੱਡੀ ਏ।

ਕਈ ਲੋਕਾਂ ਨੇ ਰਾਹਗੀਰਾਂ ਲਈ,
ਰਾਹ 'ਚ ਛਬੀਲ ਲਗਾ ਛੱਡੀ ਏ।
ਪੰਛੀ ਪਾਣੀ ਪੀਵਣ ਆ ਕੇ,
ਕਈਆਂ ਜਗ੍ਹਾ ਬਣਾ ਛੱਡੀ ਏ।

ਗਰਮੀ ਦੇ ਵਿਚ ਬਾਹਰ ਨ੍ਹੀਂ ਜਾਣਾ,
ਕਈਆਂ ਨੇ ਸਹੁੰ ਪਾ ਛੱਡੀ ਏ।
ਸਿਖਰ ਦੁਪਹਿਰੇ ਕਈ ਲੋਕਾਂ ਨੇ,
ਛਾਵੇਂ ਮੰਜੀ ਡਾਹ ਛੱਡੀ ਏ।
ਕਈ ਲੋਕਾਂ ਨੇ 'ਨਾਗਰਾ' ਗੱਡੀ,
ਰਾਹ ਪਹਾੜ ਦੇ ਪਾ ਛੱਡੀ ਏ।

*-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ'*

# ਲੋਕ ਸਭਾ ਚੋਣਾਂ ਅਤੇ ਕਾਂਗਰਸ ਦੀ ਪੁਨਰ-ਸੁਰਜੀਤੀ

ਮਾਰਟਿਨ ਲੂਥਰ ਕਿੰਗ ਜੂਨੀਅਰ ਦਾ ਇੱਕ ਸੁਫ਼ਨਾ ਸੀ, ਸ਼ੀ ਜਿਨਪਿੰਗ ਦਾ ਇੱਕ ਸੁਫ਼ਨਾ ਸੀ, ਲੋਕ ਸਭਾ ਚੋਣਾਂ ਦੀ ਮੁਹਿੰਮ 'ਤੇ ਨਿਕਲਣ ਲੱਗਿਆਂ ਨਰਿੰਦਰ ਮੋਦੀ ਦਾ ਵੀ ਇੱਕ ਸੁਫ਼ਨਾ ਸੀ। ਉਨ੍ਹਾਂ ਦਾ ਕਿਆਸ ਸੀ ਕਿ ਕੌਮੀ ਜਮਹੂਰੀ ਗੱਠਜੋੜ (ਐੱਨ.ਡੀ.ਏ.) ਨੂੰ 400 ਤੋਂ ਵੱਧ ਸੀਟਾਂ ਮਿਲਣਗੀਆਂ ਪਰ ਇਹ ਸੁਫ਼ਨਾ ਟੁੱਟ ਗਿਆ। 2014 ਵਿਚ ਮੋਦੀ ਦਾ ਵੱਡਾ ਯੋਗਦਾਨ ਇਹ ਸੀ ਕਿ ਉਨ੍ਹਾਂ ਭਾਰਤੀ ਜਨਤਾ ਪਾਰਟੀ ਨੂੰ ਸੁਰਜੀਤ ਕਰ ਦਿੱਤਾ ਸੀ। 2024 ਵਿਚ ਉਨ੍ਹਾਂ ਦਾ ਸਭ ਤੋਂ ਵੱਡਾ ਸਿਆਸੀ ਯੋਗਦਾਨ ਇਹ ਰਿਹਾ ਹੈ ਕਿ ਉਨ੍ਹਾਂ ਇੰਡੀਅਨ ਨੈਸ਼ਨਲ ਕਾਂਗਰਸ ਨੂੰ ਸੁਰਜੀਤ ਕਰ ਦਿੱਤਾ ਹੈ।

ਸੰਜੇ ਬਾਰੂ

ਬਿਨਾਂ ਸ਼ੱਕ, ਰਾਹੁਲ ਗਾਂਧੀ ਨੇ ਭਾਰਤ ਜੋੜੋ ਯਾਤਰਾ ਕੱਢ ਕੇ ਅਤੇ ਮਲਿਕਾਰਜੁਨ ਖੜਗੇ ਨਾਲ ਰਲ ਕੇ ਸੁਲਝੀ ਹੋਈ ਲੀਡਰਸ਼ਿਪ ਮੁਹੱਈਆ ਕਰਵਾਈ ਹੈ ਪਰ ਮੋਦੀ ਦੇ ਦੂਜੇ ਕਾਰਜਕਾਲ ਦੀਆਂ ਨੀਤੀਆਂ, ਵੰਡਪਾਊ ਸਿਆਸਤ ਅਤੇ ਨੀਵੇਂ ਪੱਧਰ ਦੀ ਚੋਣ ਪ੍ਰਚਾਰ ਮੁਹਿੰਮ ਨੇ ਕਾਂਗਰਸ ਨੂੰ ਸੁਰਜੀਤ ਕਰਨ ਵਿਚ ਯੋਗਦਾਨ ਪਾਇਆ ਹੈ। ਮੋਦੀ ਨੇ 2014 ਵਿਚ ਚੋਣ ਪ੍ਰਚਾਰ ਸ਼ੁਰੂ ਕਰਦਿਆਂ ਭਾਰਤ ਨੂੰ ਕਾਂਗਰਸ ਮੁਕਤ ਕਰਨ ਦਾ ਐਲਾਨ ਕੀਤਾ ਸੀ। 2024 ਦੀਆਂ ਚੋਣਾਂ ਤੋਂ ਬਾਅਦ ਜਿਵੇਂ ਕਾਂਗਰਸ ਪਾਰਟੀ ਵਿਚ ਨਵੀਂ ਜਾਨ ਪੈ ਗਈ ਹੈ ਤਾਂ ਇਹ ਉਨ੍ਹਾਂ ਦੀ ਸ਼ੁਕਰਗੁਜ਼ਾਰ ਹੀ ਹੋਵੇਗੀ। ਦਹਾਕਾ ਪਹਿਲਾਂ ਕਾਂਗਰਸ ਡਰੀ ਸਹਿਮੀ ਖਲੋਤੀ ਸੀ, ਇਸ ਸਮੇਂ ਇਹ ਪਹਿਲਾਂ ਨਾਲੋਂ ਵਧੇਰੇ ਜਵਾਨ ਅਤੇ ਊਰਜਾਵਾਨ ਬਣ ਕੇ ਉੱਭਰੀ ਹੈ।

ਮੋਦੀ ਨੇ ਤੀਜੀ ਵਾਰ ਪ੍ਰਧਾਨ ਮੰਤਰੀ ਬਣ ਕੇ ਇਤਿਹਾਸ ਬਣਾ ਦਿੱਤਾ ਹੈ। ਹੁਣ ਸਵਾਲ ਹਨ: ਮੋਦੀ ਦੀ ਅਗਵਾਈ ਵਾਲੀ ਐੱਨ.ਡੀ.ਏ. ਸਰਕਾਰ ਲਈ ਕਮਜ਼ੋਰ ਪ੍ਰਧਾਨ ਮੰਤਰੀ ਦਾ ਕੀ ਅਰਥ ਹੋਵੇਗਾ? ਇਸ ਤੋਂ ਵੀ ਵਧ ਕੇ, ਤੇਲਗੂ ਦੇਸਮ ਪਾਰਟੀ ਦੇ ਨੇਤਾ ਐੱਨ. ਚੰਦਰਬਾਬੂ ਨਾਇਡੂ ਅਤੇ ਜਨਤਾ ਦਲ (ਯੂ) ਦੇ ਆਗੂ ਨਿਤੀਸ਼ ਕੁਮਾਰ ਵਰਗੇ ਸਹਿਯੋਗੀਆਂ 'ਤੇ ਨਿਰਭਰ ਐੱਨ.ਡੀ.ਏ. ਸਰਕਾਰ ਦੀ ਨੀਤੀ ਕੀ ਹੋਵੇਗੀ? ਕੀ ਮੋਦੀ ਦੀਆਂ ਗਾਰੰਟੀਆਂ ਮੋਦੀ ਸਰਕਾਰ ਦੀ ਤਰਫ਼ੋਂ ਸਨ? ਨਾਇਡੂ ਅਤੇ ਨਿਤੀਸ਼ ਵਿਚੋਂ ਕੋਈ ਵੀ ਵਿਚਾਰਧਾਰਕ ਤੌਰ 'ਤੇ ਉਸ ਏਜੰਡੇ ਦੇ ਹੱਕ ਵਿਚ ਨਹੀਂ, ਭਾਵੇਂ ਸੱਤਾ ਦੇ ਮੋਹ ਕਰ ਕੇ ਉਹ ਮੋਦੀ ਦੇ ਪਾਲੇ ਵਿਚ ਚਲੇ ਵੀ ਜਾਣ ਪਰ ਕੀ ਅਜਿਹਾ ਹੋ ਸਕੇਗਾ?

ਜੂਨ 2024 ਬਹੁਤ ਹੱਦ ਤੱਕ ਮਈ 2004 ਨਾਲ ਮਿਲਦਾ ਜੁਲਦਾ ਹੈ। ਹਰ ਸਿਆਸੀ ਸਮੀਖਿਅਕ ਅਤੇ ਚੋਣ ਸਰਵੇਖਣਕਾਰ ਨੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੇ ਐੱਨ.ਡੀ.ਏ. ਦੀ ਜਿੱਤ ਦੀ ਭਵਿੱਖਬਾਣੀ ਕਰ ਦਿੱਤੀ ਸੀ। ਜਦੋਂ ਨਤੀਜੇ ਆਏ



ਤਾਂ ਸ਼ੇਅਰ ਬਾਜ਼ਾਰ ਮੂਧੇ ਮੂੰਹ ਡਿੱਗ ਪਿਆ ਸੀ। ਕੁਝ ਘੰਟਿਆਂ ਦੇ ਅੰਦਰ ਹੀ ਨਵਾਂ ਮੁਹਾਜ਼ ਸਾਂਝਾ ਪ੍ਰਗਤੀਸ਼ੀਲ ਗੱਠਜੋੜ (ਯੂ.ਪੀ.ਏ.) ਬਣ ਗਿਆ ਅਤੇ ਖੱਬੇ ਮੋਰਚੇ ਦੀ ਬਾਹਰੋਂ ਹਮਾਇਤ ਨਾਲ ਮਨਮੋਹਨ ਸਿੰਘ ਦੀ ਅਗਵਾਈ ਹੇਠ ਨਵੀਂ ਸਰਕਾਰ ਹੋਂਦ ਵਿਚ ਆ ਗਈ। ਮੋਦੀ ਕੋਈ ਵਾਜਪਾਈ ਨਹੀਂ, ਵਾਜਪਾਈ ਤਾਂ ਪਿਛਾਂਹ ਹਟ ਗਏ ਸਨ। ਉਂਝ, ਚੋਣ ਮੁਹਿੰਮ ਵਿਚ ਮੋਦੀ ਦੀ ਗਾਰੰਟੀ ਦੀ ਹੀ ਡੌਂਡੀ ਪਿੱਟੀ ਗਈ ਸੀ। ਕੀ ਐੱਨ.ਡੀ.ਏ. ਸਰਕਾਰ ਮੋਦੀ ਦੀਆਂ ਗਾਰੰਟੀਆਂ ਨੂੰ ਪੂਰਾ ਕਰਨਾ ਚਾਹੇਗੀ?

ਮੁਲਕ ਦੇ ਲੋਕਾਂ ਨੇ ਹੁਣ ਨਾਇਡੂ ਅਤੇ ਨਿਤੀਸ਼ ਦੇ ਮੋਢਿਆਂ 'ਤੇ ਅਹਿਮ ਜ਼ਿੰਮੇਵਾਰੀ ਪਾ ਦਿੱਤੀ ਹੈ ਪਰ ਇਨ੍ਹਾਂ ਦੋਵਾਂ 'ਚੋਂ ਕੋਈ ਵੀ ਦਿਆਨਤਦਾਰ ਅਤੇ ਦੂਰਦ੍ਰਿਸ਼ਟੀਵਾਨ ਸ਼ਖ਼ਸ ਸਾਬਿਤ ਨਹੀਂ ਹੋਇਆ। ਦੋਵੇਂ ਸਵਾਰਥੀ ਅਤੇ ਸੱਤਾ ਦੇ ਭੁੱਖੇ ਹਨ। ਫਿਰ ਵੀ, ਕਦੇ ਕਦਾਈਂ ਇਤਿਹਾਸ ਅਜਬ ਢੰਗ ਨਾਲ ਸਾਧਾਰਨ ਬੰਦਿਆਂ ਤੋਂ ਨਾਇਕ ਵਾਲੇ ਕੰਮ ਦੀ ਤਵੱਕੋ ਕਰ ਬੈਠਦਾ ਹੈ। ਜ਼ਰਾ ਯਾਦ ਕਰੋ, ਕਿਵੇਂ ਪੀ.ਵੀ. ਨਰਸਿਮਹਾ ਰਾਓ ਨੂੰ ਹੋਣੀ ਅਤੇ ਸਿਆਸਤ ਨੇ ਉਹ ਕਿਰਦਾਰ ਸੌਂਪਿਆ ਸੀ। ਆਪਣੀ ਸਿਆਸੀ ਪਾਰੀ ਨਿਭਾਉਣ ਤੋਂ ਬਾਅਦ ਉਹ ਕਿਸੇ ਮੰਦਰ ਵਿਚ ਪੁਜਾਰੀ ਬਣ ਕੇ ਜਾਣ ਦੀ ਤਿਆਰੀ ਕਰੀ ਬੈਠੇ ਸਨ। ਰਾਓ ਨੂੰ ਨਾ ਕੇਵਲ ਪ੍ਰਧਾਨ ਮੰਤਰੀ ਬਣਾਇਆ ਗਿਆ ਸਗੋਂ ਅਜਿਹੇ ਫ਼ੈਸਲੇ ਕਰਨ ਦਾ ਜ਼ਿੰਮਾ ਵੀ ਸੌਂਪਿਆ ਗਿਆ ਜਿਨ੍ਹਾਂ ਨੇ ਦੇਸ਼ ਦੀ ਹੋਣੀ ਬਦਲ ਦਿੱਤੀ ਸੀ। ਕੀ ਨਿਤੀਸ਼ ਅਤੇ ਨਾਇਡੂ ਮੋਦੀ ਅਤੇ ਅਮਿਤ ਸ਼ਾਹ ਦੇ ਦਾਬੇ ਵਾਲੀ ਸਰਕਾਰ ਵਿਚ ਮਹਿਜ਼ ਜੂਨੀਅਰ ਭਿਆਲਾਂ ਦੀ ਭੂਮਿਕਾ ਨਿਭਾ ਸਕਦੇ ਹਨ? ਬਹੁਤ ਮੁਸ਼ਕਿਲ ਹੈ। ਪ੍ਰਧਾਨ ਮੰਤਰੀ ਦੇ ਇਸ਼ਾਰੇ 'ਤੇ ਚੱਲਦੀਆਂ ਸਾਰੀਆਂ ਸੰਸਥਾਵਾਂ ਹਰ ਰੋਜ਼ ਉਨ੍ਹਾਂ ਨੂੰ ਕਾਬੂ ਹੇਠ ਰੱਖਣ ਵਿਚ ਜੁਟੀਆਂ ਰਹਿਣਗੀਆਂ।

ਉਨ੍ਹਾਂ ਦੇ ਨਿੱਜੀ ਅਤੇ ਸਿਆਸੀ ਕਰੀਅਰ ਲਈ ਅਜਿਹੇ ਖ਼ਤਰੇ ਤੋਂ ਬਚਣ ਅਤੇ ਇਸ ਤੋਂ ਵੀ ਵੱਧ, ਮੁਲਕ ਅਤੇ ਇਸ ਦੇ ਫੈਡਰਲ ਢਾਂਚੇ ਦੇ ਵਡੇਰੇ ਹਿੱਤਾਂ ਖ਼ਾਤਿਰ ਘੱਟੋ-ਘੱਟ ਨਾਇਡੂ ਅਤੇ ਨਿਤੀਸ਼ ਕੁਮਾਰ ਨੂੰ ਅਹਿਮ ਮੰਤਰਾਲਿਆਂ ਲਈ ਮੰਗ ਕਰਨੀ ਚਾਹੀਦੀ ਸੀ। ਮੋਦੀ ਤਾਉਮਰ ਬਹੁਤ ਸਖ਼ਤ ਸਿਆਸੀ ਸੌਦੇਬਾਜ਼ ਰਹੇ ਹਨ। ਚੇਤੇ ਕਰੋ, ਕਿਵੇਂ ਉਨ੍ਹਾਂ ਲਾਲ ਕ੍ਰਿਸ਼ਨ ਅਡਵਾਨੀ ਨੂੰ ਪਟਕਣੀ ਦੇ ਕੇ ਭਾਜਪਾ ਦੀ ਅਗਵਾਈ ਸੰਭਾਲੀ ਸੀ ਅਤੇ ਫਿਰ ਕਿਵੇਂ ਸੁਸ਼ਮਾ ਸਵਰਾਜ ਨੂੰ ਖੂੰਜੇ ਲਾਇਆ, ਕਿਵੇਂ ਅਰੁਣ ਜੇਤਲੀ ਨੂੰ ਗੰਢਿਆ ਸੀ। ਵੱਡਾ ਸਵਾਲ ਇਹ ਹੈ ਕਿ ਕੀ ਨਾਇਡੂ ਅਤੇ ਨਿਤੀਸ਼ ਓਨੀ ਕਰੜਾਈ ਨਾਲ ਸੌਦੇਬਾਜ਼ੀ ਕਰ ਸਕਦੇ ਹਨ?

ਸਮੀਖਿਆ ਜਗਤ ਅੰਦਰ ਇਹ ਆਮ ਸਹਿਮਤੀ ਬਣੀ ਹੋਈ ਹੈ ਕਿ ਇਕ ਪਾਰਟੀ ਦੀ ਬਹੁਮਤ ਵਾਲੀ ਸਰਕਾਰ ਮਿਲੀ ਜੁਲੀ ਸਰਕਾਰ ਨਾਲੋਂ ਬਿਹਤਰ ਹੁੰਦੀ ਹੈ; ਉਂਝ, ਤੱਥ ਇਸ ਦੇ ਉਲਟ ਹਨ। ਆਜ਼ਾਦੀ ਦੇ ਪਹਿਲੇ ਦਹਾਕੇ ਤੋਂ ਬਾਅਦ ਆਰਥਿਕ ਤਰੱਕੀ, ਗ਼ਰੀਬੀ ਨਿਵਾਰਨ, ਰੁਜ਼ਗਾਰ ਵਾਧੇ, ਆਲਮੀ ਪ੍ਰਭਾਵ ਅਤੇ ਘਰੋਗੀ ਸਮਾਜਿਕ ਸਥਿਰਤਾ ਦੇ ਲਿਹਾਜ਼ ਤੋਂ ਦੇਸ਼ ਲਈ ਸਭ ਤੋਂ ਵਧੀਆ ਕਾਲ 1991 ਤੋਂ ਲੈ ਕੇ 2014 ਤੱਕ ਦਾ ਰਿਹਾ ਹੈ। ਇਸ ਅਰਸੇ ਦੌਰਾਨ ਤਿੰਨ ਜ਼ਹੀਨ, ਦੁਨੀਆਂ ਨੂੰ ਨਾਲ ਲੈ ਕੇ ਚੱਲਣ ਵਾਲੇ ਅਤੇ ਸੂਝਵਾਨ ਸੱਜਣ- ਨਰਸਿਮਹਾ ਰਾਓ, ਵਾਜਪਾਈ ਤੇ ਮਨਮੋਹਨ ਸਿੰਘ ਭਾਰਤ ਦੇ ਪ੍ਰਧਾਨ ਮੰਤਰੀ ਬਣੇ ਅਤੇ ਉਨ੍ਹਾਂ ਨੇ ਕੁਲੀਸ਼ਨ ਸਰਕਾਰਾਂ ਦੀ ਅਗਵਾਈ ਕੀਤੀ। ਰਾਓ ਵੇਲੇ ਤਾਂ ਕਾਂਗਰਸ ਖ਼ੁਦ ਕੁਲੀਸ਼ਨ ਵਾਂਗ ਵਿਹਾਰ ਕਰ ਰਹੀ ਸੀ। ਵਾਜਪਾਈ ਅਤੇ ਮਨਮੋਹਨ ਸਿੰਘ ਨੇ ਜ਼ਾਹਿਰਾ ਤੌਰ 'ਤੇ ਨਜ਼ਰ ਆਉਂਦੀਆਂ ਕੁਲੀਸ਼ਨ ਸਰਕਾਰਾਂ ਦੀ ਅਗਵਾਈ ਕੀਤੀ ਸੀ। ਉਨ੍ਹਾਂ ਦੇ ਕਾਰਜਕਾਲਾਂ ਦੌਰਾਨ ਭਾਰਤ ਅਤੇ ਭਾਰਤੀਆਂ ਨੇ ਵਾਹਵਾ ਚੰਗੀ ਕਾਰਕਰਦਗੀ ਦਿਖਾਈ ਸੀ।

ਜਿਹੋ ਜਿਹੀ ਮੋਦੀ ਦੀ ਸ਼ਖ਼ਸੀਅਤ, ਵਿਚਾਰਧਾਰਾ ਅਤੇ ਹਿਰਸ ਹੈ, ਉਨ੍ਹਾਂ ਦੇ ਮੱਦੇਨਜ਼ਰ ਉਹ ਤੀਜੀ ਵਾਰ ਪ੍ਰਧਾਨ ਮੰਤਰੀ ਬਣ ਕੇ ਆਪਣੀ ਚਲਾਉਣ ਲਈ ਕੋਈ ਕਸਰ ਨਹੀਂ ਛੱਡਣਗੇ। ਉਂਝ, ਕੁਲੀਸ਼ਨ ਸਰਕਾਰ ਦੀ ਅਗਵਾਈ ਕਰਦਿਆਂ ਉਹ ਕਿਹੋ ਜਿਹੇ ਪ੍ਰਧਾਨ ਮੰਤਰੀ ਸਾਬਿਤ ਹੋਣਗੇ, ਇਹ ਦੇਖਣਾ ਅਜੇ ਬਾਕੀ ਹੈ। ਉਹ ਕਿਹੋ ਜਿਹਾ ਵਿਹਾਰ ਕਰਨਗੇ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ ਕਿਹੋ ਜਿਹੀ ਰਹਿੰਦੀ ਹੈ, ਇਸ ਦਾ ਬਹੁਤਾ ਦਾਰੋਮਦਾਰ ਉਨ੍ਹਾਂ ਦੇ ਸਹਿਯੋਗੀਆਂ, ਸੀਨੀਅਰ ਸਾਥੀਆਂ ਅਤੇ ਨੌਕਰਸ਼ਾਹੀ ਦੀ ਲਿਆਕਤ ਤੇ ਹੌਸਲੇ 'ਤੇ ਨਿਰਭਰ ਕਰੇਗਾ ਪਰ ਇਹ ਉਹੀ ਨੌਕਰਸ਼ਾਹੀ ਹੈ ਜਿਸ ਨੂੰ ਜਦੋਂ ਝੁਕਣ ਲਈ ਆਖਿਆ ਜਾਂਦਾ ਹੈ ਤਾਂ ਇਹ ਲਿਟ ਜਾਂਦੀ ਹੈ। ਮੋਦੀ-ਸ਼ਾਹ ਸ਼ਾਸਨ ਨੇ ਭਾਰਤੀ ਲੋਕਤੰਤਰ ਦੀ ਹਰ ਸੰਸਥਾ ਨੂੰ ਖੋਰਾ ਲਾ ਕੇ ਕਮਜ਼ੋਰ ਕਰ ਦਿੱਤਾ ਹੈ। ਕੀ ਨਾਇਡੂ ਅਤੇ ਨਿਤੀਸ਼ ਉਨ੍ਹਾਂ ਨੂੰ ਨੱਥ ਪਾ ਸਕਦੇ ਹਨ?

ਕੰਨਿਆਕੁਮਾਰੀ ਤੋਂ ਉਡਾਣ ਰਾਹੀਂ ਨਵੀਂ ਦਿੱਲੀ ਪਰਤਦਿਆਂ ਮੋਦੀ ਨੇ ਲੇਖ ਲਿਖ ਕੇ ਤਿੰਨ ਪ੍ਰਮੁੱਖ ਨੁਕਤੇ ਪੇਸ਼ ਕੀਤੇ। ਪਹਿਲਾ ਇਹ ਸੀ ਕਿ ਅੱਜ ਤੋਂ ਬਾਅਦ 'ਇੰਡੀਆ' ਸਿਰਫ਼ ਭਾਰਤ ਹੋਵੇਗਾ। ਜੇ ਸਰਕਾਰੀ ਤੌਰ 'ਤੇ ਅਜਿਹਾ ਕਰਨਾ ਹੋਵੇ ਤਾਂ ਇਸ ਲਈ ਸੰਵਿਧਾਨਕ ਸੋਧ ਕਰਨ ਦੀ ਲੋੜ ਪਵੇਗੀ ਜੋ ਹੁਣ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ ਰਹੀ। ਦੂਜਾ, ਮੋਦੀ ਨੇ 'ਸੁਧਾਰ' ਸ਼ਬਦ ਦੀ ਨਵੀਂ ਪਰਿਭਾਸ਼ਾ ਘੜਦਿਆਂ ਆਖਿਆ ਕਿ ਦੇਸ਼ ਨੂੰ 'ਜੀਵਨ ਦੇ ਹਰ ਖੇਤਰ' ਵਿਚ ਸੁਧਾਰਾਂ ਦੀ ਲੋੜ ਹੈ।

ਕੀ ਹੁਣ ਕੁਲੀਸ਼ਨ ਦੀ ਮਜਬੂਰੀ ਕਰ ਕੇ ਮੋਦੀ ਇਸ ਕਿਸਮ ਦੇ ਸੁਧਾਰ ਦੀ ਅਗਵਾਈ ਦੇਣ ਲਈ ਦੇਸ਼ ਨੂੰ ਫ਼ਰਮਾਨ ਦੇ ਸਕੇਗਾ? ਤੀਜਾ, ਮੋਦੀ ਨੇ ਚੀਨ ਦੇ ਆਗੂ ਸ਼ੀ ਜਿਨਪਿੰਗ ਦੀ ਨਕਲ ਕਰਦਿਆਂ ਦੇਸ਼ ਨੂੰ ਨਵਾਂ ਸੁਫ਼ਨਾ ਲੈਣ ਦੀ ਲੋੜ ਦਾ ਹਵਾਲਾ ਦਿੱਤਾ ਹੈ। ਦਹਾਕਾ ਪਹਿਲਾਂ ਜਿਨਪਿੰਗ ਨੇ 'ਅਮਰੀਕਨ ਸੁਫ਼ਨੇ' ਦੀ ਤਰਜ਼ 'ਤੇ ਆਪਣੇ 'ਚੀਨੀ ਸੁਫ਼ਨੇ' ਦਾ ਸੰਕਲਪ ਲਿਆ ਸੀ। 'ਅਮਰੀਕਨ ਸੁਫ਼ਨੇ' ਅਤੇ 'ਚੀਨੀ ਸੁਫ਼ਨੇ' ਦਾ ਤਾਅਲੁਕ ਲੋਕਾਂ ਦੀ ਬਿਹਤਰ ਜ਼ਿੰਦਗੀ ਨਾਲ ਜੁੜਿਆ ਹੋਇਆ ਹੈ। ਮੋਦੀ ਦਾ ਕਹਿਣਾ ਹੈ ਕਿ ਭਾਰਤ ਨੂੰ ਵਿਕਸਤ ਭਾਰਤ ਦਾ ਸੁਫ਼ਨਾ ਲੈਣਾ ਚਾਹੀਦਾ ਹੈ।

ਨਵੀਂ ਸਰਕਾਰ ਦੀ ਅਗਵਾਈ ਭਾਵੇਂ ਕੋਈ ਵੀ ਕਰੇ ਪਰ ਭਾਰਤ ਵਿਕਸਤ ਹੁੰਦਾ ਹੀ ਰਹੇਗਾ। ਇਸ ਕਰ ਕੇ ਭਾਵੇਂ ਲੋਕ ਸਭਾ ਵਿਚ 400 ਤੋਂ ਵੱਧ ਸੀਟਾਂ ਹਾਸਲ ਕਰਨ ਦਾ ਮੋਦੀ ਦਾ ਸੁਫ਼ਨਾ ਪੂਰਾ ਨਹੀਂ ਹੋ ਸਕਿਆ ਪਰ ਸਮਾਂ ਪਾ ਕੇ ਵਿਕਸਤ ਮੁਲਕ ਬਣਨ ਦਾ ਮੁਲਕ ਦਾ ਸੁਫ਼ਨਾ ਪੂਰਾ ਹੋ ਜਾਵੇਗਾ। ਜਿੱਥੋਂ ਤਕ ਮੋਦੀ ਅਤੇ ਭਾਜਪਾ ਦੇ ਸੁਫਨਿਆਂ ਦਾ ਤਾਅਲੁਕ ਹੈ, ਇਹ ਚੋਣਾਂ ਦੇ ਫ਼ਤਵੇ ਜ਼ਰੀਏ ਕੌੜੇ ਸਾਬਿਤ ਹੋ ਗਏ ਹਨ।

# ਮੋਦੀ ਦੀ ਤੀਜੀ ਵਾਰੀ ਅਤੇ ਦੂਰਦ੍ਰਿਸ਼ਟੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਬਣ ਗਏ ਹਨ ਅਤੇ ਇੰਝ ਉਨ੍ਹਾਂ ਜਵਾਹਰਲਾਲ ਨਹਿਰੂ ਦੇ ਰਿਕਾਰਡ ਦੀ ਬਰਾਬਰੀ ਕਰ ਲਈ ਹੈ; ਚੰਦਰਬਾਬੂ ਨਾਇਡੂ, ਨਿਤੀਸ਼ ਕੁਮਾਰ, ਏਕਨਾਥ ਸ਼ਿੰਦੇ ਅਤੇ ਚਿਰਾਗ ਪਾਸਵਾਨ ਵਰਗੇ ਸਹਿਯੋਗੀਆਂ ਨੇ ਨਵੇਂ ਸਿਰਿਓਂ ਖੜ੍ਹੀ ਕੀਤੀ ਐੱਨ.ਡੀ.ਏ. ਕੁਲੀਸ਼ਨ ਦੀ ਤਰਫ਼ੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਹੈ; ਤੇ ਪੰਜਾਬ ਵਿਚ ਸਰਬਜੀਤ ਸਿੰਘ ਖਾਲਸਾ ਤੇ ਅੰਮ੍ਰਿਤਪਾਲ ਸਿੰਘ

ਜਯੋਤੀ ਮਲਹੋਤਰਾ

ਅਤੇ ਜੰਮੂ ਕਸ਼ਮੀਰ ਵਿਚ ਇੰਜਨੀਅਰ ਰਾਸ਼ਿਦ (ਮਗਰਲੇ ਦੋ ਉਮੀਦਵਾਰ ਕ੍ਰਮਵਾਰ ਐੱਨ.ਐੱਸ.ਏ. ਤੇ ਯੂ.ਏ.ਪੀ.ਏ. ਤਹਿਤ ਨਜ਼ਰਬੰਦ ਹਨ) ਲੋਕ ਸਭਾ ਦੀਆਂ ਚੋਣਾਂ ਵਿਚ ਆਪੋ-ਆਪਣੀਆਂ ਸੀਟਾਂ ਜਿੱਤਣ ਵਿਚ ਕਾਮਯਾਬ ਰਹੇ ਹਨ।

ਇਸ ਭਾਂਤ ਸੁਭਾਂਤੇ ਚੁਣਾਵੀ ਮੰਜ਼ਰਨਾਮੇ ਦੇ ਇਨ੍ਹਾਂ ਤਿੰਨ ਵੱਖੋ-ਵੱਖਰੇ ਸੰਦੇਸ਼ਾਂ ਨੂੰ ਉਘਾੜਨ ਲਈ ਚੌਥੇ ਸੰਦੇਸ਼ ਦੀ ਲੋੜ ਪਈ ਜੋ ਚੋਣਾਂ ਤੋਂ ਬਾਅਦ ਆਈ ਇਹ ਅਫ਼ਵਾਹ ਸੀ ਕਿ ਸੋਨੀਆ ਗਾਂਧੀ ਨੇ ਸੰਭਾਵੀ ਹਮਾਇਤ ਲੈਣ ਲਈ ਸ਼ਾਇਦ ਨਾਇਡੂ ਅਤੇ ਨਿਤੀਸ਼ ਦੋਵਾਂ ਨਾਲ ਗੱਲਬਾਤ ਕੀਤੀ ਹੈ; ਨਵੀਂ ਦਿੱਲੀ ਵਿਚ ਇਹ ਗੱਲ ਘੁਮਾਈ ਗਈ ਕਿ ਜੇ ਇਹ ਆਗੂ ਪਾਲਾ ਬਦਲਣ ਲਈ ਤਿਆਰ ਹੋ ਜਾਂਦੇ ਹਨ ਤਾਂ 'ਇੰਡੀਆ' ਵੱਲੋਂ ਇਨ੍ਹਾਂ 'ਚੋਂ ਕਿਸੇ ਨੂੰ ਵੀ ਸਿਰਮੌਰ ਅਹੁਦਾ ਦੇਣ ਦੀ ਪੇਸ਼ਕਸ਼ ਵੀ ਕੀਤੀ ਜਾ ਸਕਦੀ ਹੈ। ਇਸ ਦੇ ਬਿਲਕੁਲ ਵੀ ਆਸਾਰ ਨਹੀਂ ਸਨ ਕਿਉਂਕਿ 'ਇੰਡੀਆ' ਕੋਲ ਲੋੜੀਂਦੀ ਗਿਣਤੀ ਨਹੀਂ ਹੈ। ਯਕੀਨਨ, ਮੋਦੀ ਨੇ ਹੀ ਮੁੜ ਪ੍ਰਧਾਨ ਮੰਤਰੀ ਬਣਨਾ ਸੀ ਪਰ ਜੇ ਪ੍ਰੈੱਸ ਨੂੰ ਇਹ ਪਤਾ ਲੱਗ ਹੀ ਗਿਆ ਸੀ ਕਿ ਸੋਨੀਆ ਗਾਂਧੀ ਨੇ ਉਨ੍ਹਾਂ ਬੰਦਿਆਂ ਨਾਲ ਰਾਬਤਾ ਕੀਤਾ ਹੈ ਜਿਨ੍ਹਾਂ ਨੇ ਕੁਝ ਘੰਟਿਆਂ ਬਾਅਦ ਹੀ ਮੋਦੀ ਨੂੰ ਮਹਿੰਗੇ ਮੁੱਲ ਦੀ ਰੇਸ਼ਮੀ ਕਾਂਜੀਵਰਮ ਸ਼ਾਲ ਭੇਟ ਕੀਤੀ ਹੈ ਤਾਂ ਖ਼ੁਫ਼ੀਆ ਏਜੰਸੀਆਂ ਅਤੇ ਇਵੇਂ ਹੀ ਮੋਦੀ ਤੇ ਅਮਿਤ ਸ਼ਾਹ ਨੂੰ ਵੀ ਪਤਾ ਲੱਗ ਗਿਆ ਹੋਵੇਗਾ। ਇਸ ਵਾਕਫ਼ੀ ਨਾਲ ਉਹ ਚੁਕੰਨੇ ਰਹਿਣਗੇ। ਆਪਣੇ ਦੋਸਤਾਂ ਨੂੰ ਯਕੀਨਨ ਨੇੜੇ ਰੱਖੋ ਪਰ ਆਪਣੇ ਦੁਸ਼ਮਣਾਂ ਨੂੰ ਉਨ੍ਹਾਂ ਤੋਂ ਵੀ ਨੇੜੇ ਰੱਖੋ। ਤੀਜੀ ਵਾਰ ਪ੍ਰਧਾਨ ਮੰਤਰੀ ਬਣੇ ਨਰਿੰਦਰ ਮੋਦੀ ਨੂੰ ਆਉਣ ਵਾਲੇ ਮਹੀਨਿਆਂ 'ਚ ਸੱਤਾ ਵਿਚ ਰਹਿੰਦਿਆਂ ਚਾਣਕਯ ਅਤੇ ਮੈਕਿਆਵਲੀ, ਦੋਵਾਂ ਦੀ ਬਹੁਤ ਜ਼ਿਆਦਾ ਲੋੜ ਪਵੇਗੀ।

ਖ਼ਾਸ ਤੌਰ 'ਤੇ ਨਾਇਡੂ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਮੋਦੀ ਦੇ ਧਰੁਵੀਕਰਨ ਦੇ ਚਸਕੇ ਨੂੰ ਸਾਵਾਂ ਕਰਨਗੇ ਪਰ ਸਵਾਲ ਇਹ ਹੈ ਕਿ ਕੀ ਉਹ (ਨਾਇਡੂ) ਅਤੇ ਉਨ੍ਹਾਂ ਦਾ ਸਟੈਨਫੋਰਡ ਤੋਂ ਪੜ੍ਹ ਕੇ ਆਇਆ ਪੁੱਤਰ ਨਾਰਾ ਲੋਕੇਸ਼ (ਜਿਸ ਦਾ ਇਹ ਬਿਆਨ "ਸਰਕਾਰ ਵਿਚ ਹੰਕਾਰ ਲਈ ਕੋਈ ਥਾਂ ਨਹੀਂ ਹੁੰਦੀ" ਬਹੁਤ ਸਾਰੇ ਖੇਤਰਾਂ ਵਿਚ ਮੌਨਸੂਨ ਦੀ ਠੰਢੀ ਫੁਹਾਰ ਵਾਂਗ ਲਿਆ ਗਿਆ ਹੈ) ਮੋਦੀ ਅਤੇ ਸ਼ਾਹ ਦੀ ਅਥਾਹ ਸ਼ਕਤੀ ਸਾਹਵੇਂ ਟਿਕ ਸਕਣਗੇ। ਨਾਇਡੂਆਂ ਅਤੇ ਹੋਰਨਾਂ ਨੂੰ ਛੇਤੀ ਹੀ ਪਤਾ ਲੱਗ ਜਾਵੇਗਾ ਕਿ ਸੱਤਾ ਦਾ ਇਸਤੇਮਾਲ ਦੋਤਰਫ਼ਾ ਹੁੰਦਾ ਹੈ: ਉਨ੍ਹਾਂ ਨੂੰ ਪਹਿਲਾਂ ਹੀ ਦੱਸ ਦਿੱਤਾ ਗਿਆ ਹੈ ਕਿ ਉਨ੍ਹਾਂ ਨੂੰ ਰੱਖਿਆ, ਵਿਦੇਸ਼ ਮਾਮਲੇ, ਵਿੱਤ ਅਤੇ ਗ੍ਰਹਿ ਮੰਤਰਾਲਿਆਂ ਜਾਂ ਇੱਥੋਂ ਤੱਕ ਕਿ ਪਾਰਲੀਮੈਂਟ ਦੇ ਸਪੀਕਰ ਜਿਹੇ ਸਿਰਮੌਰ ਅਹੁਦਿਆਂ 'ਚੋਂ ਕੋਈ ਵੀ ਅਹੁਦਾ ਨਹੀਂ ਦਿੱਤਾ ਜਾ ਸਕਦਾ। ਹਾਂ, ਜੇ ਉਹ ਚਾਹੁਣ ਤਾਂ ਉਨ੍ਹਾਂ ਦੇ ਪਿਆਰੇ ਆਂਧਰਾ ਪ੍ਰਦੇਸ਼ ਜਾਂ ਫਿਰ ਜਿਵੇਂ ਨਿਤੀਸ਼ ਦੇ ਬਿਹਾਰ ਲਈ ਕੇਂਦਰ ਕੋਈ ਫਰਾਖ਼ਦਿਲੀ ਵਾਲਾ ਵਿੱਤੀ ਪੈਕੇਜ ਜਾਰੀ ਕਰ ਸਕਦਾ ਹੈ ਜਿਸ ਨੂੰ ਪ੍ਰਵਾਨ ਕਰਨ ਤੋਂ ਬਿਨਾਂ ਉਨ੍ਹਾਂ ਕੋਲ ਹੋਰ ਕੋਈ ਚਾਰਾ ਨਹੀਂ ਹੋਵੇਗਾ।

ਨਾ ਹੀ ਪ੍ਰਧਾਨ ਮੰਤਰੀ ਅਤੇ ਨਾ ਉਨ੍ਹਾਂ ਦੇ ਬੰਦੇ ਮੀਡੀਆ 'ਤੇ ਆਪਣਾ ਕੰਟਰੋਲ ਛੱਡਣਾ ਚਾਹੁਣਗੇ, ਭਾਵੇਂ ਹੁਣ 'ਆਜ ਤੱਕ' ਦੇ ਸੁਧੀਰ ਚੌਧਰੀ ਨੂੰ ਇਹ ਪਤਾ ਲੱਗ ਗਿਆ ਹੈ ਕਿ ਭਾਰਤ ਦੀ ਬਹੁਤੀ ਆਬਾਦੀ ਲਈ ਹਿੰਦੂਤਵ ਕੋਈ ਵੱਡਾ ਮੁੱਦਾ ਨਹੀਂ ਹੈ ਜਿਸ ਕਰ ਕੇ ਇਨ੍ਹਾਂ ਚੋਣਾਂ ਵਿਚ ਭਾਜਪਾ ਕਈ ਸੀਟਾਂ ਗੁਆ ਬੈਠੀ ਹੈ।

ਸਵਾਲ ਇਹ ਹੈ: ਕੀ ਮੋਦੀ ਅਤੇ ਨਾਇਡੂ ਬਿਨਾਂ ਕਿਸੇ ਰੌਲੇ ਗੌਲੇ ਦੇ ਆਪੋ-ਆਪਣੇ ਦਾਇਰਿਆਂ ਦੀ ਨਿਸ਼ਾਨਦੇਹੀ ਕਰ ਸਕਣਗੇ (ਨਾਇਡੂ ਲਈ ਆਂਧਰਾ ਪ੍ਰਦੇਸ਼ ਅਤੇ ਬਾਕੀ ਗ਼ੈਰ-ਭਾਜਪਾ ਸ਼ਾਸਿਤ ਸੂਬੇ ਮੋਦੀ ਲਈ) ਜਾਂ ਫਿਰ ਨਾਇਡੂ ਸੰਵਿਧਾਨ ਦੇ ਸਨਮੁੱਖ ਧਾਰਮਿਕ ਸਮਾਨਤਾ ਜਿਵੇਂ ਪੂਜਾ ਸਥਲ ਐਕਟ-1991 ਵਿਚ ਦਰਸਾਇਆ ਗਿਆ ਹੈ, ਵਰਗੇ ਸੰਵੇਦਨਸ਼ੀਲ ਮਾਮਲਿਆਂ 'ਤੇ ਆਪਣੇ ਵਿਚਾਰਾਂ ਤੋਂ ਪ੍ਰਧਾਨ ਮੰਤਰੀ ਨੂੰ ਜਾਣੂ ਕਰਾਉਣਗੇ? ਹਾਲੀਆ ਮਹੀਨਿਆਂ ਵਿਚ ਅਸੀਂ ਦੇਖਿਆ ਹੈ ਕਿ ਕਿਵੇਂ ਉੱਤਰ ਪ੍ਰਦੇਸ਼ ਪ੍ਰਸ਼ਾਸਨ ਨੇ ਗਿਆਨਵਾਪੀ ਮਸਜਿਦ ਵਿਚ ਮੂਰਤੀਆਂ ਰਖਵਾਉਣ ਲਈ ਫੁਰਤੀ ਦਿਖਾਈ ਹੈ ਅਤੇ ਕਿਵੇਂ ਤਟਫਟ ਹਾਈਕੋਰਟ ਵੀ ਉਸ ਦੀ ਬੋਲੀ ਬੋਲਣ ਲੱਗ ਪਈ। ਕੀ ਜਦੋਂ ਇਹ ਮਾਮਲਾ ਉੱਠੇਗਾ ਅਤੇ ਪ੍ਰਧਾਨ ਮੰਤਰੀ ਦੇ ਹਲਕੇ ਵਿਚ ਮੁੜ ਤਣਾਅ ਦਾ ਮਾਹੌਲ ਪੈਦਾ ਹੋਵੇਗਾ, ਤਦ ਕੀ ਨਾਇਡੂ ਆਪਣੀਆਂ ਅੱਖਾਂ ਮੀਟ ਲੈਣਗੇ?


ਜਾਪਦਾ ਹੈ ਕਿ ਛੇਤੀ ਹੀ ਸਾਨੂੰ ਇਸ ਬਾਰੇ ਪਤਾ ਲੱਗ ਜਾਵੇਗਾ। ਜੇ ਨਾਇਡੂ ਦੀ ਤਰਜੀਹ ਆਪਣੇ ਸੂਬੇ ਦੀ ਵਾਗਡੋਰ ਆਪਣੇ ਪੁੱਤਰ ਦੇ ਹੱਥਾਂ ਵਿਚ ਸੌਂਪਣ ਦੀ ਹੈ ਤਾਂ ਉਨ੍ਹਾਂ ਕੋਲ ਕੌਮੀ ਮੁੱਦਿਆਂ 'ਤੇ ਆਪਣੀ ਜ਼ਮੀਰ 'ਤੇ ਬੋਝ ਪਾਉਣ ਦਾ ਬਹੁਤਾ ਵਕਤ ਨਹੀਂ ਹੋਵੇਗਾ। ਦਰਅਸਲ, ਪ੍ਰਧਾਨ ਮੰਤਰੀ ਇਸ ਗੱਲੋਂ ਖ਼ੁਸ਼ ਹੋ ਸਕਦੇ ਹਨ ਕਿ ਟੀ.ਡੀ.ਪੀ. ਆਗੂ ਖ਼ੁਦਸਾਖ਼ਤਾ ਆਂਧਰਾ ਪ੍ਰਦੇਸ਼ ਗਣਰਾਜ ਵਿਚ ਉਲਝੇ ਰਹਿਣ ਅਤੇ ਬਾਕੀ ਦੇਸ਼ ਬਾਰੇ ਮਾਮਲਿਆਂ ਵੱਲ ਬਹੁਤੀ ਤਵੱਜੋ ਨਾ ਹੀ ਦੇਣ ਜਿਨ੍ਹਾਂ ਬਾਰੇ ਭਾਜਪਾ ਨੇ ਆਪਣੇ ਚੋਣ ਮਨੋਰਥ ਪੱਤਰ ਵਿਚ ਪੂਰ ਚਾੜ੍ਹਨ ਦਾ ਵਾਅਦਾ ਕੀਤਾ ਹੈ; ਮਿਸਾਲ ਦੇ ਤੌਰ 'ਤੇ ਦੇਸ਼ ਭਰ ਵਿਚ ਇਕਸਾਰ ਸਿਵਲ ਕੋਡ ਲਾਗੂ ਕਰਨਾ।

ਐੱਨ.ਡੀ.ਏ. ਦੇ ਧੁਰ ਅੰਦਰ ਸੱਤਾ ਦੀ ਕਸ਼ਮਕਸ਼ ਦੀ ਇਹ ਸੰਭਾਵੀ ਸਥਿਤੀ ਪੈਦਾ ਹੋਣ ਦੀ ਸੰਭਾਵਨਾ ਹੈ ਜੋ ਆਉਣ ਵਾਲੇ ਮਹੀਨਿਆਂ ਅਤੇ ਸਾਲਾਂ ਵਿਚ ਸ਼ਕਲ ਅਖ਼ਤਿਆਰ ਕਰ ਸਕਦੀ ਹੈ। ਵਿਰੋਧੀ ਧਿਰ ਦਾ ਹੌਸਲਾ ਵਧਿਆ ਹੋਇਆ ਹੈ ਅਤੇ ਸੁਭਾਵਿਕ ਹੈ ਕਿ ਉਹ ਇਸ ਕਸ਼ਮਕਸ਼ ਨੂੰ ਹੋਰ ਤਿੱਖੀ ਕਰਨ ਦੀ ਕੋਸ਼ਿਸ਼ ਕਰੇਗੀ ਜਦੋਂਕਿ ਸਰਕਾਰ ਇਸ ਗੱਲੋਂ ਤਿਆਰ ਹੋ ਸਕਦੀ ਹੈ ਕਿ ਪਾਰਲੀਮੈਂਟ ਦੇ ਸੈਸ਼ਨਾਂ ਨੂੰ ਵਿਰੋਧ ਦੀ ਭੇਟ ਚੜ੍ਹ ਜਾਣ ਦਿੱਤਾ ਜਾਵੇ ਅਤੇ ਇੰਝ ਵਿਰੋਧੀ ਧਿਰ ਬਹਿਸ-ਮੁਬਾਹਿਸੇ, ਵਿਚਾਰ-ਵਟਾਂਦਰੇ ਅਤੇ ਬਿਆਨਬਾਜ਼ੀਆਂ ਦੇ ਵਹਿਣ ਵਿਚ ਖਪੀ ਰਹੇ ਅਤੇ ਆਪ ਉਹ ਬਾਹਰ ਆਪਣਾ ਸਿੱਕਾ ਚਲਾਉਂਦੀ ਰਹੇ।

ਜੇ ਪ੍ਰਧਾਨ ਮੰਤਰੀ ਜਾਣ ਬੁੱਝ ਕੇ ਜਾਂ ਅਣਜਾਣੇ ਵਿਚ ਲੋਕ ਫ਼ਤਵੇ ਦੇ ਗ਼ਲਤ ਅਰਥ ਕੱਢਦੇ ਹਨ ਜਿਵੇਂ ਸ਼ੁੱਕਰਵਾਰ ਨੂੰ ਪਾਰਲੀਮੈਂਟ ਵਿਚ ਐੱਨ.ਡੀ.ਏ. ਦੇ ਪਾਰਲੀਮਾਨੀ ਗਰੁੱਪ ਦੀ ਮੀਟਿੰਗ ਵਿਚ ਉਨ੍ਹਾਂ ਦੇ ਭਾਸ਼ਣ ਤੋਂ ਸੰਕੇਤ ਮਿਲੇ ਹਨ ਜਿੱਥੇ ਉਨ੍ਹਾਂ ਵਿਰੋਧੀ ਧਿਰ ਦਾ ਮਖ਼ੌਲ ਉਡਾਇਆ ਸੀ, ਤਾਂ ਉਹ ਸ਼ਾਇਦ ਵਿਰੋਧੀ ਖੇਮੇ ਤੱਕ ਪਹੁੰਚ ਕਰਨ ਦੀ ਅਟਲ ਬਿਹਾਰੀ ਵਾਜਪਾਈ ਦੇ ਸੁਲ੍ਹਾ ਵਾਲੀ ਸੁਰ ਅਪਣਾਉਣ ਦੀ ਬਜਾਇ ਭਾਜਪਾ ਦੇ ਰਥ ਨੂੰ ਅਗਾਂਹ ਵਧਾਉਣ ਲਈ ਮੁੱਲਵਾਨ ਸਮਾਂ ਗੁਆ ਰਹੇ ਹੋਣਗੇ। ਉਨ੍ਹਾਂ ਦੀ ਸਖ਼ਤਗੀਰੀ ਅਜੇ ਵੀ ਇਸ ਤੱਥ ਤੋਂ ਝਲਕਦੀ ਹੈ ਕਿ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਦੱਖਣੀ ਏਸ਼ੀਆ ਦਾ ਇਕਮਾਤਰ ਆਗੂ ਹੈ ਜਿਸ ਨੂੰ ਮੋਦੀ ਦੇ ਸਹੁੰ ਚੁੱਕ ਸਮਾਗਮ ਲਈ ਨਹੀਂ ਬੁਲਾਇਆ ਗਿਆ। ਕੁਝ ਲੋਕ ਤਾਂ ਇਸ ਨੂੰ ਬੇਅਦਬ ਵੀ ਕਹਿ ਸਕਦੇ ਹਨ।

ਸੱਤਾ ਦੀ ਆਪਣੀ ਨਵੀਂ ਪਾਰੀ ਦੇ ਮੁੱਢ ਤੋਂ ਹੀ ਇਹੋ ਜਿਹੇ ਸਖ਼ਤ ਰੁਖ਼ ਅਪਣਾਉਣ ਦਾ ਮਤਲਬ ਇਹ ਹੁੰਦਾ ਹੈ ਕਿ ਤੁਸੀਂ ਨਾ ਕੇਵਲ ਆਪਣੇ ਦੁਸ਼ਮਣ ਲਈ ਹਰ ਤਰ੍ਹਾਂ ਦੇ ਦਰਵਾਜ਼ੇ ਬੰਦ ਕਰ ਰਹੇ ਹੋ ਸਗੋਂ ਆਪਣੇ ਰਾਹ ਵੀ ਸੀਮਤ ਕਰ ਰਹੇ ਹੋ। ਯਕੀਨਨ, ਕਿਸੇ ਸੰਭਾਵੀ ਖੇਤਰੀ ਸ਼ਕਤੀ ਲਈ ਇਹ ਦੂਰਦ੍ਰਿਸ਼ਟੀ ਦੀ ਕਮੀ ਹੀ ਆਖੀ ਜਾ ਸਕਦੀ ਹੈ। ਇਸ ਦੌਰਾਨ ਜਾਪਦਾ ਹੈ ਕਿ ਅੰਮ੍ਰਿਤਪਾਲ ਸਿੰਘ ਅਤੇ ਇੰਜਨੀਅਰ ਰਾਸ਼ਿਦ ਦੇ ਮਾਮਲੇ ਵਿਚ ਮੁਆਫ਼ੀ ਦੇ ਅਮਲ ਨੂੰ ਕੁਝ ਧਿਰਾਂ ਲਈ ਹਜ਼ਮ ਕਰਨਾ ਕਾਫ਼ੀ ਔਖਾ ਹੋਵੇਗਾ।

# ਪਾਕਿਸਤਾਨੀ ਮੀਡੀਆ ਤੇ ਮੋਦੀ ਵਿਰੋਧੀ ਜਸ਼ਨ ਦੀਆਂ ਸੁਰਾਂ



ਸੁਰਿੰਦਰ ਸਿੰਘ ਤੇਜ
ਫੋਨ: +91-98555-01488

ਆਮ ਪਾਕਿਸਤਾਨੀਆਂ ਵਾਂਗ ਉਸ ਮੁਲਕ ਦਾ ਮੀਡੀਆ ਵੀ ਨਰਿੰਦਰ ਮੋਦੀ ਨੂੰ ਅੰਤਾਂ ਦੀ ਨਫ਼ਰਤ ਕਰਦਾ ਹੈ, ਖ਼ਾਸ ਤੌਰ 'ਤੇ ਭਾਰਤੀ ਸੰਵਿਧਾਨ ਦੀ ਧਾਰਾ 370 ਅਧੀਨ ਜੰਮੂ ਕਸ਼ਮੀਰ ਦਾ ਵਿਸ਼ੇਸ਼ ਰਾਜ ਵਾਲਾ ਦਰਜਾ ਖ਼ਤਮ ਕੀਤੇ ਜਾਣ ਤੋਂ ਬਾਅਦ। ਜਦੋਂ ਤੱਕ ਵਿਸ਼ੇਸ਼ ਦਰਜਾ ਬਰਕਰਾਰ ਸੀ, ਪਾਕਿਸਤਾਨੀ ਅਵਾਮ ਜਾਂ ਮੀਡੀਆ ਇਸ ਨੂੰ ਇਸ ਪਾਕਿਸਤਾਨੀ ਦਾਅਵੇ ਦਾ ਭਾਰਤੀ ਕਬੂਲਨਾਮਾ ਮੰਨਦਾ ਸੀ ਕਿ ਜੰਮੂ ਕਸ਼ਮੀਰ ਝਗੜੇ ਵਾਲਾ ਰਾਜ ਹੈ। ਮੋਦੀ ਨੇ ਇਹ ਦਰਜਾ ਖ਼ਤਮ ਕਰ ਕੇ ਦੁਨੀਆ ਨੂੰ ਇਹ ਜਤਾ ਦਿੱਤਾ ਕਿ ਭਾਰਤ ਨਾ ਤਾਂ ਕਸ਼ਮੀਰ ਉਤੇ ਪਾਕਿਸਤਾਨੀ ਦਾਅਵੇ ਨੂੰ ਕਬੂਲ ਕਰਦਾ ਹੈ ਅਤੇ ਨਾ ਹੀ ਕਸ਼ਮੀਰੀਆਂ ਦੇ ਆਤਮ-ਨਿਰਣੇ ਦੇ ਹੱਕ ਨੂੰ ਮਾਨਤਾ ਦਿੰਦਾ ਹੈ। ਪਾਕਿਸਤਾਨੀ ਸੋਚ ਮੁਤਾਬਿਕ ਮੋਦੀ ਦਾ ਇਹ ਕਦਮ 1948 ਵਿਚ ਭਾਰਤ ਵੱਲੋਂ ਸੰਯੁਕਤ ਰਾਸ਼ਟਰ ਸੰਘ (ਯੂ.ਐੱਨ.ਓ.) ਵਿਚ ਕੀਤੇ ਗਏ ਕੌਲ-ਕਰਾਰ ਤੋੜੇ ਜਾਣਾ ਸੀ। ਇਸੇ ਕਾਰਨ ਪਾਕਿਸਤਾਨੀ ਮੀਡੀਆ ਤੇ ਅਵਾਮ ਨੇ ਹਾਲੀਆ ਲੋਕ ਸਭਾ ਚੋਣਾਂ ਦੇ ਫਤਵੇ ਨੂੰ ਮੋਦੀ ਦੀ 'ਸ਼ਰਮਨਾਕ ਹਾਰ' ਅਤੇ ਪਾਕਿਸਤਾਨ ਲਈ 'ਖੁਸ਼ਨੁਮਾ ਵਰਤਾਰੇ' ਵਜੋਂ ਮਨਾਇਆ। ਜੋ ਅਦਾਰੀਏ ਪ੍ਰਮੁੱਖ ਅਖ਼ਬਾਰਾਂ ਵਿਚ ਛਪੇ ਜਾਂ ਜੋ ਤਬਸਰੇ ਰਾਜਸੀ ਵਿਸ਼ਲੇਸ਼ਣਕਾਰਾਂ ਨੇ ਕੀਤੇ, ਉਨ੍ਹਾਂ ਦੀ ਸੁਰ ਜਸ਼ਨ ਵਾਲੀ ਸੀ। 'ਡਾਅਨ' ਤੇ 'ਡੇਅਲੀ ਟਾਈਮਜ਼' ਵਰਗੇ ਸੂਹਜ ਵਾਲੇ ਅਖ਼ਬਾਰ ਵੀ ਇਸ ਰੁਝਾਨ ਤੋਂ ਖ਼ੁਦ ਨੂੰ ਅਲਹਿਦਾ ਨਾ ਕਰ ਸਕੇ। ਅਜਿਹੇ ਆਲਮ ਵਿਚ 'ਐਕਸਪ੍ਰੈਸ ਟ੍ਰਿਬਿਊਨ' ਤੇ 'ਰੋਜ਼ਨਾਮਾ ਦੁਨੀਆ' ਨੇ ਜਿੱਥੇ ਹਕੀਕੀ ਪਹੁੰਚ ਅਪਣਾਉਣ ਦਾ ਯਤਨ ਕੀਤਾ, ਉੱਥੇ 'ਫਰੰਟੀਅਰ ਪੋਸਟ' ਦੀ ਸੰਪਾਦਕੀ ਤਹਿਰੀਰ ਬੇਹੱਦ ਸੰਜੀਦਾ ਅਤੇ ਸੰਜਮੀ ਰਹੀ।

'ਐਕਸਪ੍ਰੈਸ ਟ੍ਰਿਬਿਊਨ' ਦੇ 8 ਜੂਨ ਦੇ ਸੰਪਾਦਕੀ ਪੰਨੇ 'ਤੇ ਪ੍ਰਕਾਸ਼ਿਤ ਮਜ਼ਮੂਨ ਵਿਚ ਟੀ.ਵੀ. ਪੱਤਰਕਾਰ ਫਾਰੁਖ ਖ਼ਾਨ ਪਿਤਾਫ਼ੀ ਨੇ ਭਾਰਤੀ ਚੋਣ ਨਤੀਜਿਆਂ ਦੇ ਵਿਸ਼ਲੇਸ਼ਣ ਤੋਂ ਬਾਅਦ ਲਿਖਿਆ- "ਇਸ ਹਕੀਕਤ ਨੂੰ ਮੰਨਦਿਆਂ ਕਿ ਉਸ (ਮੋਦੀ) ਵਾਸਤੇ ਕੁਲੀਸ਼ਨ ਸਿਆਸਤ ਨਵਾਂ ਅਨੁਭਵ ਹੈ ਅਤੇ ਭਾਜਪਾ ਦੇ ਸੰਗੀ, ਸ਼ਾਤਿਰ ਸਿਆਸੀ ਸੌਦੇਬਾਜ਼ ਹਨ, ਇਹ ਸਵਾਲ ਮਨ ਵਿਚ ਉੱਠਣਾ ਸੁਭਾਵਿਕ ਹੀ ਹੈ ਕਿ ਨਵੀਂ ਮੋਦੀ ਸਰਕਾਰ ਕੀ ਸੱਚਮੁੱਚ ਕਾਮਯਾਬ ਹੋਵੇਗੀ? ਕੀ ਸਰਕਾਰ ਅੰਦਰਲੇ ਉਸ ਦੇ ਕੰਮ-ਢੰਗ ਵਿਚ ਕੋਈ ਤਬਦੀਲੀ ਦੇਖਣ ਨੂੰ ਮਿਲੇਗੀ? ਕੀ ਉਸ ਦੀ ਪਾਰਟੀ ਆਪਣੀਆਂ ਸਾਥੀ ਧਿਰਾਂ ਨਾਲ ਉਹ ਖੇਡ ਨਹੀਂ ਖੇਡੇਗੀ ਜੋ ਉਹ ਹੁਣ ਤੱਕ ਖੇਡਦੀ ਆਈ ਹੈ; ਇਨ੍ਹਾਂ ਧਿਰਾਂ ਨੂੰ ਮਿਲੇ ਫਤਵੇ ਨੂੰ ਜੋੜ-ਤੋੜ ਰਾਹੀਂ ਚੁਰਾ ਲੈਣਾ ਜਾਂ ਇਕ-ਅੱਧ ਸਿਰਕੱਢ ਆਗੂ ਨੂੰ ਛੱਡ ਕੇ ਬਾਕੀ ਪੂਰੀ ਪਾਰਟੀ ਨੂੰ ਦੌਲਤ ਦੀ ਚਕਾਚੌਂਧ ਰਾਹੀਂ ਆਪਣੇ ਅੰਦਰ ਜਜ਼ਬ ਕਰ ਲੈਣਾ?... ਸਿਆਸੀ ਪੰਡਿਤ ਅਗਲੀ ਸਰਕਾਰ ਨੂੰ ਮੋਦੀ 3.0 ਦੱਸ ਰਹੇ ਹਨ, ਮੈਂ ਇਸ ਨੂੰ ਐਨ.ਡੀ.ਏ. 3.0 ਜਾਂ ਮੋਦੀ 2.75 ਮੰਨਦਾ ਹਾਂ। ਇਸ ਦੀ ਵਜ੍ਹਾ ਸਾਫ਼ ਹੈ: ਇਹ ਪੂਰੀ ਤਰ੍ਹਾਂ ਮੋਦੀ ਸਰਕਾਰ ਨਹੀਂ। ਪਿਛਲੀਆਂ ਦੋ ਸਰਕਾਰਾਂ ਪੂਰੀ ਤਰ੍ਹਾਂ ਮੋਦੀ ਸਰਕਾਰਾਂ ਸਨ। ਹੁਣ ਉਹ ਸਭ ਬਦਲ ਗਿਆ ਹੈ। ਐੱਨ.ਡੀ.ਏ. ਵਿਚ ਭਾਈਵਾਲ ਧਿਰਾਂ ਹਰ ਮੁੱਦੇ 'ਤੇ ਸੌਦੇਬਾਜ਼ੀ ਕਰਨਗੀਆਂ ਪਰ ਸਰਕਾਰ ਨਹੀਂ ਟੁੱਟਣ ਦੇਣਗੀਆਂ। ਨਾਇਡੂ ਜਾਂ ਨਿਤੀਸ਼ ਇਹ ਜਾਣਦੇ ਹਨ ਕਿ ਉਹ (ਮੋਦੀ) ਅਜੇ ਵੀ ਅੰਤਾਂ ਦਾ ਮਕਬੂਲ ਨੇਤਾ ਹੈ।... ਮੋਦੀ ਨੂੰ ਆਹਤ ਕਰ ਕੇ ਮੱਧ-ਕਾਲੀ ਚੋਣਾਂ ਵਰਗੀ ਦ੍ਰਿਸ਼ਾਵਲੀ ਉਭਾਰਨ ਦਾ ਜੋਖਿਮ ਕੋਈ ਵੀ ਨਹੀਂ ਉਠਾਉਣਾ ਚਾਹੇਗਾ।"



'ਫਰੰਟੀਅਰ ਪੋਸਟ' ਦੇ 7 ਮਈ ਦੇ ਅਦਾਰੀਏ ਦੇ ਅਹਿਮ ਅੰਸ਼ ਇਸ ਤਰ੍ਹਾਂ ਹਨ: "ਚੋਣ ਨਤੀਜੇ ਚੋਣ ਲੜਨ ਵਾਲੀਆਂ ਧਿਰਾਂ ਵਿਚੋਂ ਕਿਸੇ ਇਕ ਦੀ ਜਿੱਤ ਨਹੀਂ ਹਨ, ਇਹ ਦਰਅਸਲ ਵੋਟਰਾਂ ਦੀ ਜਿੱਤ ਹਨ। ਉਨ੍ਹਾਂ ਨੇ ਜਿਹੜਾ ਨਤੀਜਾ ਸੰਭਵ ਬਣਾਇਆ ਹੈ, ਉਸ ਰਾਹੀਂ ਹੁਕਮਰਾਨ ਧਿਰ ਦੀ ਤਾਕਤ ਘਟੀ ਹੈ ਅਤੇ ਵਿਰੋਧੀ ਧਿਰ ਨੂੰ ਬੱਸ ਓਨੀ ਕੁ ਹੀ ਤਾਕਤ ਮਿਲੀ ਹੈ ਕਿ ਉਹ ਚੰਗੀ ਵਿਰੋਧੀ ਧਿਰ ਦੀ ਭੂਮਿਕਾ ਨਿਭਾ ਸਕੇ। 2014 ਅਤੇ 2019 ਦੀਆਂ ਚੋਣਾਂ ਵਿਚ ਵਿਰੋਧੀ ਧਿਰ ਮਲੀਆਮੇਟ ਹੋ ਗਈ ਸੀ ਅਤੇ ਸਰਕਾਰ ਨੂੰ ਅਥਾਹ ਤਾਕਤ ਹਾਸਲ ਹੋ ਗਈ ਸੀ।... ਹੁਣ ਸਰਕਾਰ ਅਤੇ ਵਿਰੋਧੀ ਧਿਰ ਦਰਮਿਆਨ ਸਿਹਤਮੰਦ ਤਵਾਜ਼ਨ ਵਜੂਦ ਵਿਚ ਆਇਆ ਹੈ। ਵਿਰੋਧੀ ਧਿਰ ਇਹ ਦਾਅਵਾ ਨਹੀਂ ਕਰ ਸਕਦੀ ਕਿ ਉਹ ਜੇਤੂ ਰਹੀ ਹੈ। ਵੋਟਰਾਂ ਦਾ ਫਤਵਾ ਇਹ ਨਹੀਂ। ਜੋ ਫਤਵਾ ਆਇਆ ਹੈ, ਉਹ ਦਰਸਾਉਂਦਾ ਹੈ ਕਿ ਭਾਰਤ ਮਜ਼ਬੂਤ ਜਮਹੂਰੀਅਤ ਹੈ ਜਿੱਥੇ ਲੋਕ, ਰਾਜਸੀ ਧਿਰਾਂ ਤੇ ਨੇਤਾਵਾਂ ਦੀ ਸਿਆਸੀ ਤਕਦੀਰ ਦਾ ਫ਼ੈਸਲਾ ਕਰਦੇ ਹਨ; ਬਿਨਾਂ ਕਿਸੇ ਦਬਾਅ ਦੇ, ਆਪਣੀ ਮਰਜ਼ੀ ਮੁਤਾਬਿਕ। ਕਿਸੇ ਵੀ ਪੁਖ਼ਤਾ ਜਮਹੂਰੀਅਤ ਵਿਚ ਹੋਣਾ ਵੀ ਅਜਿਹਾ ਹੀ ਚਾਹੀਦਾ ਹੈ।"

**ਅਹਿਮਦੀ ਭਾਈਚਾਰੇ 'ਚ ਸਖ਼ਤ ਰੋਸ**

ਸੂਬਾ ਪੰਜਾਬ ਦੇ ਮੰਡੀ ਬਹਾਉਦੀਨ ਜ਼ਿਲ੍ਹੇ ਦੇ ਸਾਦੁੱਲਪੁਰ ਕਸਬੇ ਵਿਚ ਦੋ ਅਹਿਮਦੀਆਂ ਦੀਆਂ ਹੱਤਿਆਵਾਂ ਨੂੰ ਲੈ ਕੇ ਅਹਿਮਦੀ ਭਾਈਚਾਰੇ ਵਿਚ ਸਖ਼ਤ ਰੋਸ ਹੈ। ਇਹ ਘਟਨਾ ਸ਼ਨਿੱਚਰਵਾਰ ਨੂੰ ਵਾਪਰੀ। ਪੁਲਿਸ ਨੇ ਭਾਵੇਂ ਇਸ ਹੱਤਿਆ ਕਾਂਡ ਦੇ ਮੁੱਖ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲੈਣ ਅਤੇ ਦੋਵਾਂ ਹੱਤਿਆਵਾਂ ਲਈ ਵਰਤਿਆ ਪਿਸਤੌਲ ਵੀ ਬਰਾਮਦ ਕਰ ਲੈਣ ਦਾ ਦਾਅਵਾ ਕੀਤਾ ਹੈ, ਫਿਰ ਵੀ ਅਹਿਮਦੀ ਭਾਈਚਾਰੇ ਨੇ ਇਲਜ਼ਾਮ ਲਾਏ ਹਨ ਕਿ ਅਸਲ ਮੁਲਜ਼ਮਾਂ ਨੂੰ ਬਚ ਨਿਕਲਣ ਦਾ ਮੌਕਾ ਦੇ ਦਿੱਤਾ ਗਿਆ। ਅਹਿਮਦੀ ਭਾਈਚਾਰੇ ਦੇ ਤਰਜਮਾਨ ਆਮਿਰ ਮਹਿਮੂਦ ਨੇ ਮੀਡੀਆ ਨੂੰ ਦੱਸਿਆ ਕਿ ਪਹਿਲਾਂ 64 ਵਰ੍ਹਿਆਂ ਦੇ ਅਹਿਮਦੀ ਨੂੰ ਗੋਲੀ ਮਾਰੀ ਗਈ ਅਤੇ 20 ਮਿੰਟ ਬਾਅਦ 30 ਵਰ੍ਹਿਆਂ ਦੇ ਨੌਜਵਾਨ ਦੀ ਜਾਨ ਲੈ ਲਈ। ਉਸ ਨੇ ਇਹ ਵੀ ਦੱਸਿਆ ਕਿ ਪੁਲਿਸ ਨੇ ਜਿਸ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ, ਉਹ 19 ਵਰ੍ਹਿਆਂ ਦਾ ਹੈ। ਉਹ ਸਾਦੁੱਲਪੁਰ ਦੇ ਹੀ ਇਕ ਮਦਰੱਸੇ ਦਾ ਵਿਦਿਆਰਥੀ ਹੈ ਅਤੇ ਉਸ ਮਦਰੱਸੇ ਵਿਚ ਤਿੰਨ ਵਰ੍ਹਿਆਂ ਤੋਂ ਰਹਿ ਰਿਹਾ ਹੈ। ਇਸੇ ਮਦਰੱਸੇ ਵਿਚ ਕੰਮ ਕਰਦੇ ਦੋ ਉਸਤਾਦ ਵਰ੍ਹਿਆਂ ਤੋਂ ਅਹਿਮਦੀ ਭਾਈਚਾਰੇ ਖਿਲਾਫ਼ ਮਾਈਕ 'ਤੇ ਕੂੜ-ਪ੍ਰਚਾਰ ਕਰ ਰਹੇ ਸਨ। ਹੁਣ ਉਹ ਗਾਇਬ ਹਨ।

ਅਖ਼ਬਾਰ 'ਦਿ ਨਿਊਜ਼' ਦੀ ਰਿਪੋਰਟ ਮੁਤਾਬਿਕ ਮ੍ਰਿਤਕਾਂ ਦੇ ਨਾਮ ਗੁਲਾਮ ਸਰਵਰ ਅਤੇ ਰਾਹਤ ਅਹਿਮਦ ਬਾਜਵਾ ਸਨ। 64 ਵਰ੍ਹਿਆਂ ਦਾ ਸਰਵਰ ਅਹਿਮਦੀ ਇਬਾਦਤਗਾਹ ਵਿਚ ਨਮਾਜ਼ ਅਦਾ ਕਰ ਕੇ ਘਰ ਪਰਤ ਰਿਹਾ ਸੀ ਜਦੋਂ ਉਸ ਨੂੰ ਗੋਲੀ ਮਾਰੀ ਗਈ; ਰਾਹਤ ਬਾਜਵਾ ਆਪਣੇ ਪਰਿਵਾਰ ਲਈ ਰਾਸ਼ਨ ਖਰੀਦਣ ਵਾਸਤੇ ਮੋਟਰ ਸਾਈਕਲ 'ਤੇ ਜਾ ਰਿਹਾ ਸੀ ਜਦੋਂ ਉਸ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ ਗਿਆ। ਜ਼ਿਕਰਯੋਗ ਹੈ ਕਿ ਪਾਕਿਸਤਾਨ ਵਿਚ ਅਹਿਮਦੀਆ ਜਮਾਤ ਨੂੰ ਗ਼ੈਰ-ਮੁਸਲਿਮ ਮੰਨਿਆ ਜਾਂਦਾ ਹੈ ਅਤੇ ਅਹਿਮਦੀ ਆਪਣੀ ਇਬਾਦਤਗਾਹ ਨੂੰ ਮਸੀਤ ਨਹੀਂ ਕਹਿ ਸਕਦੇ। ਮੰਡੀ ਬਹਾਉਦੀਨ ਜ਼ਿਲ੍ਹੇ ਦੇ ਪੁਲਿਸ ਮੁਖੀ (ਡੀ.ਪੀ.ਓ.) ਅਹਿਮਦ ਮੋਹੀਓਦੀਨ ਨੇ ਮੀਡੀਆ ਨੂੰ ਦੱਸਿਆ ਕਿ ਮੁਲਜ਼ਮ ਅਲੀ ਰਜ਼ਾ ਨੇ ਆਪਣਾ ਅਪਰਾਧ ਕਬੂਲ ਕਰ ਲਿਆ ਹੈ, ਇਸ ਵਾਸਤੇ ਅਹਿਮਦੀ ਭਾਈਚਾਰੇ ਨੂੰ ਚੱਕਾ ਜਾਮ ਕਰਨ ਵਰਗੀਆਂ ਕਾਰਵਾਈਆਂ ਨਹੀਂ ਕਰਨੀਆਂ ਚਾਹੀਦੀਆਂ। ਮੁਲਜ਼ਮ ਖਿਲਾਫ਼ ਦਹਿਸ਼ਤ ਵਿਰੋਧੀ ਕਾਨੂੰਨ ਦੇ ਤਹਿਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਮਦਰੱਸੇ ਦੇ ਦੋ ਉਸਤਾਦਾਂ ਖਿਲਾਫ਼ ਲੱਗੇ ਇਲਜ਼ਾਮਾਂ ਦੀ ਪੜਤਾਲ ਵਾਸਤੇ ਸਾਂਝੀ ਜਾਂਚ ਟੀਮ ਬਣਾਈ ਗਈ ਹੈ ਜਿਸ ਦੀ ਅਗਵਾਈ ਫਾਲੀਆ ਤਹਿਸੀਲ ਦੇ ਡੀ.ਐੱਸ.ਪੀ. ਨੂੰ ਸੌਂਪੀ ਗਈ ਹੈ।

ਇਸੇ ਦੌਰਾਨ ਅਮਨੈਸਟੀ ਇੰਟਰਨੈਸ਼ਨਲ, ਪਾਕਿਸਤਾਨ ਦੇ ਘੱਟ ਗਿਣਤੀਆਂ ਬਾਰੇ ਕਮਿਸ਼ਨ ਤੇ ਮਨੁੱਖੀ ਹੱਕਾਂ ਦੀ ਹਿਫ਼ਾਜ਼ਤ ਲਈ ਸਰਗਰਮ ਕਈ ਜਥੇਬੰਦੀਆਂ ਨੇ ਅਹਿਮਦੀਆਂ ਦੀਆਂ ਹੱਤਿਆਵਾਂ ਦੀ ਨਿੰਦਾ ਕੀਤੀ ਹੈ। ਅਮਨੈਸਟੀ ਨੇ ਇਕ ਬਿਆਨ ਵਿਚ ਕਿਹਾ ਹੈ ਕਿ 2024 ਦੌਰਾਨ ਹੁਣ ਤੱਕ ਅਹਿਮਦੀਆਂ ਉੱਪਰ ਹਮਲਿਆਂ ਦੀਆਂ ਸੱਤ ਘਟਨਾਵਾਂ ਪਾਕਿਸਤਾਨ ਦੇ ਵੱਖ-ਵੱਖ ਹਿੱਸਿਆਂ ਵਿਚ ਵਾਪਰ ਚੁੱਕੀਆਂ ਹਨ। ਇਨ੍ਹਾਂ ਵਿਚ 9 ਅਹਿਮਦੀ ਮਾਰੇ ਗਏ ਤੇ ਪੰਜ ਜ਼ਖ਼ਮੀ ਹੋਏ। ਮੰਡੀ ਬਹਾਉਦੀਨ ਕਾਂਡ ਤੋਂ ਪਹਿਲਾਂ ਮਈ ਮਹੀਨੇ ਬਹਾਵਲਪੁਰ ਜ਼ਿਲ੍ਹੇ ਦੇ ਕਸਬਾ ਹਾਸਿਲਪੁਰ ਵਿਚ ਦੋ ਅਗਿਆਤ ਹਮਲਾਵਰਾਂ ਨੇ ਅਹਿਮਦੀ ਸ਼ਾਖ਼ਾ ਦੇ ਪ੍ਰਧਾਨ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਇਸ ਹਮਲੇ ਦੇ ਦੋਸ਼ੀ ਅਜੇ ਤਕ ਨਹੀਂ ਫੜੇ ਜਾ ਸਕੇ।

**ਸੁਪਰੀਮ ਕੋਰਟ ਦੇ ਨਵੇਂ ਜੱਜ**

ਪਾਕਿਸਤਾਨ ਨਿਆਂਪਾਲਿਕਾ ਵਿਚ ਜੱਜਾਂ ਦੀਆਂ ਨਿਯੁਕਤੀਆਂ ਕਦੇ ਵੀ ਵਿਵਾਦਾਂ ਤੋਂ ਮੁਕਤ ਨਹੀਂ ਰਹੀਆਂ। ਹੁਣ ਵੀ ਸੁਪਰੀਮ ਕੋਰਟ ਵਿਚ ਖਾਲੀ ਤਿੰਨ ਅਸਾਮੀਆਂ ਵਾਸਤੇ ਚੁਣੇ ਗਏ ਨਾਵਾਂ ਨੂੰ ਲੈ ਕੇ ਵਿਵਾਦ ਉੱਠ ਖੜ੍ਹਾ ਹੋਇਆ ਹੈ। ਸੁਪਰੀਮ ਕੋਰਟ ਤੇ ਹਾਈ ਕੋਰਟਾਂ ਦੇ ਜੱਜਾਂ ਦੀ ਚੋਣ 'ਜੁਡੀਸ਼ਲ ਕਮਿਸ਼ਨ ਆਫ ਪਾਕਿਸਤਾਨ' (ਜੇ.ਸੀ.ਪੀ.) ਕਰਦਾ ਹੈ। ਉਸ ਵੱਲੋਂ ਸਿਫ਼ਾਰਿਸ਼ਸ਼ੁਦਾ ਨਾਵਾਂ ਉੱਪਰ ਸਹੀ ਜੱਜਾਂ ਦੀਆਂ ਨਿਯੁਕਤੀਆਂ ਬਾਰੇ ਪਾਰਲੀਮਾਨੀ ਕਮੇਟੀ ਪਾਉਂਦੀ ਹੈ। ਜੇ.ਸੀ.ਪੀ. ਨੇ ਸ਼ੁੱਕਰਵਾਰ ਦੀ ਆਪਣੀ ਮੀਟਿੰਗ ਦੌਰਾਨ ਲਾਹੌਰ ਹਾਈ ਕੋਰਟ ਦੇ ਕੋਟੇ ਵਿਚੋਂ ਦੋ ਅਤੇ ਸਿੰਧ ਹਾਈ ਕੋਰਟ ਦੇ ਕੋਟੇ ਵਿਚੋਂ ਇਕ ਜੱਜ ਨੂੰ ਤਰੱਕੀ ਦੇ ਕੇ ਸੁਪਰੀਮ ਕੋਰਟ ਵਿਚ ਲਿਆਂਦੇ ਜਾਣ ਦੀ ਸਿਫ਼ਾਰਿਸ਼ ਕੀਤੀ। ਲਾਹੌਰ ਹਾਈ ਕੋਰਟ ਤੋਂ ਚੀਫ ਜਸਟਿਸ ਮਲਿਕ ਸ਼ਹਿਜ਼ਾਦ ਖ਼ਾਨ ਤੇ ਜਸਟਿਸ ਸ਼ਾਹਿਦ ਬਿਲਾਲ ਹਸਨ ਦੇ ਨਾਵਾਂ 'ਤੇ ਜੇ.ਸੀ.ਪੀ. ਨੇ ਮੋਹਰ ਲਾਈ ਅਤੇ ਇਹੋ ਐਜਾਜ਼ ਸਿੰਧ ਹਾਈ ਕੋਰਟ ਦੇ ਚੀਫ ਜਸਟਿਸ ਅਕੀਲ ਅਹਿਮਦ ਅੱਬਾਸੀ ਦੇ ਹਿੱਸੇ ਆਇਆ। ਅੱਬਾਸੀ ਦੇ ਨਾਮ ਬਾਰੇ ਜੇ.ਸੀ.ਪੀ. ਦੇ ਮੈਂਬਰਾਂ ਵਿਚ ਮੁਕੰਮਲ ਸਰਬ-ਸਹਿਮਤੀ ਰਹੀ ਅਤੇ ਜਸਟਿਸ ਸ਼ਾਹਿਦ ਬਿਲਾਲ ਹਸਨ ਦੇ ਨਾਮ ਨੂੰਵੀ ਫੌਰੀ ਮਨਜ਼ੂਰੀ ਮਿਲ ਗਈ ਪਰ ਜਸਟਿਸ ਮਲਿਕ ਸ਼ਹਿਜ਼ਾਦ ਦੇ ਨਾਮ ਦਾ ਜੇ.ਸੀ.ਪੀ. ਦੇ ਚਾਰ ਮੈਂਬਰਾਂ ਨੇ ਵਿਰੋਧ ਕੀਤਾ। ਇਨ੍ਹਾਂ ਵਿਚੋਂ ਤਿੰਨ ਸੁਪਰੀਮ ਕੋਰਟ ਨੇ ਸੀਨੀਅਰ ਜੱਜ ਸੱਯਦ ਮਨਸੂਰ ਅਲੀ ਸ਼ਾਹ, ਜਸਟਿਸ ਮੁਨੀਬ ਅਖ਼ਤਰ ਤੇ ਜਸਟਿਸ ਯਾਹੀਆ ਅਫ਼ਰੀਦੀ ਹਨ। ਚੌਥੇ ਮੈਂਬਰ ਦਾ ਨਾਮ ਸਾਬਕਾ ਜੱਜ ਮਨਜ਼ੂਰ ਮਲਿਕ ਪਾਕਿਸਤਾਨੀ ਮੀਡੀਆ ਵਿਚ ਆਇਆ ਹੈ। ਇਨ੍ਹਾਂ ਚੌਹਾਂ ਨੇ ਮਲਿਕ ਸ਼ਹਿਜ਼ਾਦ ਦੀ ਥਾਂ ਲਾਹੌਰ ਹਾਈ ਕੋਰਟ ਦੀ ਜਸਟਿਸ ਆਲੀਆ ਨੀਲਮ ਨੂੰ ਸੁਪਰੀਮ ਕੋਰਟ ਵਿਚ ਲਿਆਂਦੇ ਜਾਣ ਦੀ ਵਕਾਲਤ ਕੀਤੀ। ਇਹ ਮੰਗ ਚਾਰ ਦੇ ਮੁਕਾਬਲੇ ਛੇ ਵੋਟਾਂ ਨਾਲ ਰੱਦ ਹੋ ਗਈ।

ਜੇ.ਸੀ.ਪੀ. ਦੇ ਮੁਖੀ ਤੇ ਪਾਕਿਸਤਾਨ ਦੇ ਚੀਫ ਜਸਟਿਸ ਕਾਜ਼ੀ ਫ਼ੈਜ਼ ਈਸਾ ਦੀ ਇਸ ਦਲੀਲ ਨਾਲ ਬਹੁਗਿਣਤੀ ਮੈਂਬਰ ਮੁਤਫ਼ਕਿ ਸਨ ਕਿ ਹਾਈ ਕੋਰਟਾਂ ਦੇ ਚੀਫ ਜਸਟਿਸਾਂ ਦੀ ਥਾਂ ਉਨ੍ਹਾਂ ਤੋਂ ਜੂਨੀਅਰ ਜੱਜਾਂ ਨੂੰ ਤਰੱਕੀ ਦੇਣਾ ਸਿਹਤਮੰਦ ਪ੍ਰਥਾ ਨਹੀਂ। ਉਨ੍ਹਾਂ ਇਸ ਮਾਮਲੇ ਵਿਚ ਜਸਟਿਸ ਅਕੀਲ ਅਹਿਮਦ ਅੱਬਾਸੀ ਦੇ ਮਾਮਲੇ ਦਾ ਜ਼ਿਕਰ ਕੀਤਾ। ਅੱਬਾਸੀ ਨੂੰ ਸੁਪਰੀਮ ਕੋਰਟ ਵਿਚ ਦਾਖ਼ਲਾ ਹੁਣ ਮਿਲ ਰਿਹਾ ਹੈ ਜਦੋਂਕਿ ਸਿੰਧ ਹਾਈ ਕੋਰਟ ਵਿਚ ਉਨ੍ਹਾਂ ਤੋਂ ਜੂਨੀਅਰ ਦੋ ਜੱਜ- ਮੁਹੰਮਦ ਅਲੀ ਮਜ਼ਹਰ ਅਤੇ ਸੱਯਦ ਹਸਨ ਅਜ਼ਹਰ ਰਿਜ਼ਵੀ ਸੁਪਰੀਮ ਕੋਰਟ ਦੇ ਬੈਂਚ ਦਾ ਹਿੱਸਾ ਪਿਛਲੇ ਚੀਫ ਜਸਟਿਸ ਅਹਿਮਦ ਅਤਾ ਬੰਦਿਆਲ ਵੇਲੇ ਬਣਾ ਦਿੱਤੇ ਗਏ ਸਨ। ਉਸ 'ਵਧੀਕੀ' ਕਰ ਕੇ ਜਸਟਿਸ ਅੱਬਾਸੀ, ਜਸਟਿਸ ਮਜ਼ਹਰ ਤੇ ਜਸਟਿਸ ਰਿਜ਼ਵੀ ਤੋਂ ਹੁਣ ਜੂਨੀਅਰ ਮੰਨੇ ਜਾਣਗੇ। 'ਦਿ ਨਿਊਜ਼' ਦੀ ਰਿਪੋਰਟ ਮੁਤਾਬਿਕ ਅਜਿਹਾ ਵਿਰੋਧਾਭਾਸ ਸੁਪਰੀਮ ਕੋਰਟ ਦੇ ਬੈਂਚਾਂ ਵਿਚ ਕਈ ਤਰ੍ਹਾਂ ਦੇ ਮੱਤਭੇਦ ਪੈਦਾ ਕਰਦਾ ਆਇਆ ਹੈ ਅਤੇ ਹੁਣ ਵੀ ਅਜਿਹੀ ਸੰਭਾਵਨਾ ਰੱਦ ਨਹੀਂ ਕੀਤੀ ਜਾ ਸਕਦੀ।

# ਵਜਕਾ ਤੱਕੜੀ ਦਾ...

ਸ਼ਵਿੰਦਰ ਕੌਰ
ਫੋਨ: +91-76260-63596

ਗੱਲ ਉਸ ਸਮੇਂ ਦੀ ਹੈ ਜਦੋਂ ਮੈਂ ਪਹਿਲੀ ਵਾਰ ਸਰਕਾਰੀ ਨੌਕਰੀ ਵਿਚ ਆਈ ਸੀ। ਸਕੂਲ ਪਿੰਡ ਤੋਂ ਦੂਰ ਹੋਣ ਕਰ ਕੇ ਨਿੱਤ ਆਉਣਾ ਜਾਣਾ ਮੁਸ਼ਕਿਲ ਸੀ। ਉਸੇ ਪਿੰਡ ਹੀ ਰਹਿਣਾ ਪੈਣਾ ਸੀ। ਸਕੂਲ ਦੇ ਸਿਆਣੇ ਅਧਿਆਪਕਾਂ ਨੇ ਰਹਿਣ ਦਾ ਪ੍ਰਬੰਧ ਵੀ ਮੇਰਾ ਅਤੇ ਮੇਰੇ ਨਾਲ ਹੀ ਨਵੀਂ ਆਈ ਇੱਕ ਹੋਰ ਅਧਿਆਪਕਾ ਦਾ ਸਕੂਲ ਦੇ ਨੇੜੇ ਹੀ ਇੱਕ ਘਰ ਵਿਚ ਕਰ ਦਿੱਤਾ ਸੀ।

ਪਹਿਲਾਂ ਵੀ ਇੱਕ ਅਧਿਆਪਕਾਂ ਆਪਣੇ ਪਰਿਵਾਰ ਸਮੇਤ ਪਿੰਡ ਵਿਚ ਹੀ ਰਹਿੰਦੀ ਸੀ। ਉਸ ਨੇ ਦੱਸਿਆ ਸੀ ਕਿ ਉਹ ਇਸ ਪਿੰਡ ਵਿਚ ਦੋ ਸਾਲ ਤੋਂ ਰਹਿ ਰਹੀ ਹੈ, ਪਿੰਡ ਦਾ ਸਰਪੰਚ ਬਹੁਤ ਨੇਕ ਇਨਸਾਨ ਹੈ, ਉਹ ਉਸ ਦੇ ਭਰਾ ਦੇ ਘਰ ਵਿਚ ਰਹਿੰਦੀ ਹੈ। ਸਰਪੰਚ ਦੇ ਭਰਾ ਅਤੇ ਭਰਜਾਈ ਆਪਣੀ ਜ਼ਿੰਦਗੀ ਦਾ ਸਫ਼ਰ ਕਾਹਲੀ ਨਾਲ ਨਿਬੇੜ ਕੇ ਤੁਰ ਗਏ ਸਨ। ਉਨ੍ਹਾਂ ਦੇ ਦੋ ਕੁੜੀਆਂ ਸਨ ਜਿਹੜੀਆਂ ਉਹ ਪਹਿਲਾਂ ਵਿਆਹ ਗਏ ਸਨ।

ਇਹ ਤਾਂ ਤਹਾਨੂੰ ਵੀ ਪਤਾ ਹੈ ਕਿ ਹਰ ਰਿਸ਼ਤੇ ਦਾ ਆਪਣਾ ਪਿਆਰ, ਮਿਠਾਸ ਅਤੇ ਨਿੱਘ ਹੁੰਦਾ ਹੈ ਪਰ ਆਪਾਂ ਕੁੜੀਆਂ ਨੂੰ ਮਾਪਿਆਂ ਦੇ ਖੇੜੇ ਅਤੇ ਬਾਬਲ ਦੇ ਵਿਹੜੇ ਨਾਲ ਜ਼ਿਆਦਾ ਹੀ ਲਗਾਓ ਹੁੰਦਾ ਹੈ। ਪੇਕੇ ਜਾਣ ਨੂੰ ਦਿਲ ਕਰਦਾ ਰਹਿੰਦਾ ਹੈ। ਕੁੜੀਆਂ ਨੇ ਇਹ ਸੋਚ ਕੇ ਕਿ ਜੇ ਚਾਚੇ ਦੇ ਘਰ ਆਉਣਾ-ਜਾਣਾ ਬਣਿਆ ਰਹੇ ਤਾਂ ਸਾਡੇ ਪੇਕੇ ਬਣੇ ਰਹਿਣਗੇ। ਘਰ ਅਤੇ ਜ਼ਮੀਨ ਜਾਇਦਾਦ ਸਭ ਚਾਚੇ ਨੂੰ ਦੇ ਗਈਆਂ। ਸਰਪੰਚ ਵੀ ਉਨ੍ਹਾਂ ਨਾਲ ਆਪਣੀਆਂ ਧੀਆਂ ਤੋਂ ਵੱਧ ਵਰਤਦਾ ਹੈ। ਇਉਂ ਉਨ੍ਹਾਂ ਦਾ ਖਾਲੀ ਘਰ ਸਾਨੂੰ ਰਹਿਣ ਲਈ ਦੇ ਦਿੱਤਾ ਗਿਆ।

ਕੁਝ ਮਹੀਨਿਆਂ ਬਾਅਦ ਹੀ ਵਿਧਾਨ ਸਭਾ ਚੋਣਾਂ ਆ ਗਈਆਂ। ਸਰਪੰਚ ਅਕਾਲੀ ਦਲ ਦਾ ਪੱਕਾ ਸਮਰਥਕ ਸੀ। ਕੁਦਰਤੀ ਸੀ ਕਿ ਸਰਪੰਚ ਨੇ ਅਕਾਲੀ ਦਲ ਦੇ ਪੱਖ ਵਿਚ ਆਪਣਾ ਜ਼ੋਰ ਲਗਾਉਣਾ ਸੀ। ਉਹ ਆਪਣਾ ਸਾਰਾ ਅਸਰ ਰਸੂਖ ਵਰਤ ਕੇ ਵੋਟਰਾਂ ਨੂੰ ਅਕਾਲੀ ਦਲ ਦੇ ਹੱਕ ਵਿਚ ਭੁਗਤਣ ਲਈ ਕਹਿ ਰਿਹਾ ਸੀ।

ਉਸ ਸਮੇਂ ਖੇਤੀ ਵਾਲੇ ਹਰ ਘਰ ਵਿਚ ਮੱਝਾਂ, ਗਾਈਆਂ, ਬਲਦ, ਊਠ ਆਦਿ ਰੱਖੇ ਹੁੰਦੇ ਸਨ। ਖਾਂਦੇ ਪੀਂਦੇ ਘਰਾਂ ਵਿਚ ਗੋਹਾ ਕੂੜਾ ਸੁੱਟਣ ਲਈ ਕੰਮੀਆਂ ਦੀਆਂ ਔਰਤਾਂ ਹੀ ਆਉਂਦੀਆਂ ਸਨ। ਸਰਪੰਚਾਂ ਦੇ ਘਰ ਇਹ ਕੰਮ ਕਰਨ ਕਾਕੋ ਆਉਂਦੀ ਸੀ। ਜਵਾਨੀ ਦੇ ਦਿਨਾਂ ਵਿਚ ਸ਼ੁਰੂ ਕੀਤਾ ਕੰਮ ਬੁਢਾਪੇ ਵੱਲ ਪੈਰ ਪੁੱਟ ਲੈਣ ਤੱਕ ਜਾਰੀ ਸੀ। ਉਹ ਸਿੱਧੀ-ਸਾਦੀ ਅਤੇ ਸਾਫ਼ ਦਿਲ ਦੀ ਔਰਤ ਸੀ। ਲਗਾਤਾਰ ਇੰਨੇ ਸਾਲਾਂ ਤੋਂ ਕੰਮ ਕਰਦੀ ਹੋਣ ਕਰ ਕੇ 'ਸਰਪੰਚਣੀ' ਵੀ ਉਸ ਨਾਲ ਚੰਗਾ ਵਰਤਾਉ ਕਰਦੀ ਸੀ। ਉਸ ਨੂੰ ਘਰ ਦੇ ਹਰ ਜੀਅ ਨੇ ਚੰਗੀ ਤਰ੍ਹਾਂ ਪਕਾ ਦਿੱਤਾ ਕਿ ਵੋਟਾਂ ਵਾਲੇ ਦਿਨ ਮੋਹਰ ਤੱਕੜੀ ਦੇ ਨਿਸ਼ਾਨ 'ਤੇ ਲਗਾ ਕੇ ਆਉਣੀ ਹੈ। ਕਾਕੋ ਨੇ ਵੋਟ ਪਾਉਣ ਦਾ ਵਾਅਦਾ ਕਰ ਲਿਆ; ਨਾਲੇ ਉਸ ਸਮੇਂ ਕਾਕੋ ਵਰਗੀਆਂ ਵਿਚਾਰੀਆਂ ਵਿਚ ਮਾਲਕ ਦੀ ਹੁਕਮ ਅਦੂਲੀ ਕਰਨ ਦੀ ਹਿੰਮਤ ਕਿੱਥੇ ਹੁੰਦੀ ਸੀ!

ਕਾਕੋ ਨੇ ਜਦੋਂ ਘਰ ਜਾ ਕੇ ਦੱਸਿਆ ਕਿ ਉਹ ਵੋਟ ਤੱਕੜੀ ਨੂੰ ਪਾਵੇਗੀ ਤਾਂ ਉਸ ਦੇ ਪੁੱਤ ਨੇ ਕਾਕੋ ਦੀ ਗੱਲ ਨੂੰ ਸਿਰੇ ਤੋਂ ਨਕਾਰ ਦਿੱਤਾ, ਉਹ ਕਾਂਗਰਸ ਵਾਲਿਆਂ ਨਾਲ ਖੜ੍ਹਾ ਸੀ। ਉਹਨੇ ਕਾਕੋ ਨੂੰ ਸਮਝਾਉਣਾ ਸ਼ੁਰੂ ਕਰ ਦਿੱਤਾ ਕਿ ਵੋਟਾਂ ਤਾਂ ਆਪਾਂ ਸਾਰੇ ਪਰਿਵਾਰ ਨੇ ਕਾਂਗਰਸ ਪਾਰਟੀ ਨੂੰ ਹੀ ਪਾਉਣੀਆਂ ਹਨ, ਤੈਨੂੰ ਵੀ ਵੋਟ ਸਾਡੇ ਮਗਰ ਹੀ ਪਾਉਣੀ ਪਵੇਗੀ, ਚੋਣ ਨਿਸ਼ਾਨ ਗਊ ਵੱਛਾ ਹੈ, ਮੋਹਰ ਗਊ ਵੱਛੇ ਉੱਤੇ ਹੀ ਲਾਉਣੀ ਹੈ। ਕਾਕੋ ਨੇ ਬਥੇਰੀ ਦੁਹਾਈ ਦਿੱਤੀ ਕਿ ਮਾਲਕਾਂ ਨੇ ਮੈਨੂੰ ਤੱਕੜੀ 'ਤੇ ਮੋਹਰ ਲਾਉਣ ਲਈ ਕਿਹਾ ਹੈ ਪਰ ਜਵਾਨੀ ਦੇ ਜੋਸ਼ ਵਿਚ ਮੁੰਡਾ ਕਿਥੋਂ ਸੁਨਣ ਵਾਲਾ ਸੀ। ਅਖੀਰ ਕਾਕੋ ਨੂੰ ਹੀ ਝੁਕਣਾ ਪਿਆ। ਮੁੰਡੇ ਨੇ ਮਾਂ ਨੂੰ ਮੰਤਰ ਦੱਸਿਆ ਕਿ ਉੱਥੇ ਕਿਹੜਾ ਕਿਸੇ ਨੇ ਦੇਖਣਾ ਹੈ, ਤੂੰ ਮੋਹਰ ਅੰਦਰ ਗਊ ਵੱਛੇ 'ਤੇ ਲਗਾ ਦੇਵੀਂ ਅਤੇ ਬਾਹਰ ਆ ਕੇ ਵਜਕਾ ਤੱਕੜੀ ਦਾ ਵਜਾ ਦੇਵੀਂ। ਕਾਕੋ ਨੂੰ ਵੀ ਗੱਲ ਜਚ ਗਈ। ਉਹ ਮੋਹਰ ਗਊ ਵੱਛੇ 'ਤੇ ਲਗਾ ਆਈ।

ਅਗਲੇ ਦਿਨ ਜਦੋਂ ਕਾਕੋ ਗੋਹਾ ਕੂੜਾ ਸੁੱਟਣ ਆਈ ਤਾਂ 'ਸਰਪੰਚਣੀ' ਨੇ ਸਹਿਜ ਸੁਭਾਅ ਹੀ ਪੁੱਛ ਲਿਆ, "ਮੋਹਰ ਤੱਕੜੀ ਦੇ ਨਿਸ਼ਾਨ 'ਤੇ ਹੀ ਲਾਈ ਸੀ ਨਾ।"

ਕਾਕੋ ਨੇ ਜੁਆਬ ਦਿੱਤਾ, "ਹਾਂ ਬੀਬੀ, ਮੋਹਰ ਗਊ ਵੱਛੇ ਤੇ ਵਜਕਾ ਤੱਕੜੀ ਦਾ।"

'ਸਰਪੰਚਣੀ' ਨੂੰ ਪਤਾ ਸੀ ਕਿ ਇਹਦਾ ਮੁੰਡਾ ਕਾਂਗਰਸ ਦਾ ਪੱਕਾ ਸਮਰਥਕ ਹੈ। ਉਹ ਸਮਝ ਗਈ ਕਿ ਉਹਨੇ ਹੀ ਇਸ ਨੂੰ ਇਹ ਗੱਲ ਕਹੀ ਹੋਵੇਗੀ ਪਰ ਕਾਕੋ ਦਾ ਉਹੀ ਜੁਆਬ ਉਸ ਨੂੰ ਦੇਣ 'ਤੇ ਉਹ ਹੱਸਣੋਂ ਨਾ ਰਹਿ ਸਕੇ। ਗੁੱਸਾ ਕਰਨ ਦੀ ਥਾਂ ਜਿਹੜਾ ਵੀ ਘਰ ਆਵੇ, ਉਸ ਨੂੰ ਕਾਕੋ ਦੀ ਗੱਲ ਸੁਣਾ ਦੇਵੇ। ਇਉਂ ਕਈ ਦਿਨ ਹਾਸੜ ਪੈਂਦੀ ਰਹੀ।

ਹੁਣ ਜ਼ਮਾਨਾ ਬਦਲ ਗਿਆ ਹੈ। ਨਾ ਉਹ ਮੋਹ-ਮੁਹੱਬਤਾਂ ਰਹੀਆਂ, ਨਾ ਉਹ ਦਿਲ ਰਹੇ ਤੇ ਨਾ ਹੀ ਉਹ ਜੇਰੇ, ਨਾ ਰਿਸ਼ਤਿਆਂ ਦਾ ਉਹ ਨਿੱਘ ਜਿਨ੍ਹਾਂ ਨੂੰ ਪਾਲਣ ਲਈ ਜਾਇਦਾਦ ਨੂੰ ਠੋਕਰ ਮਾਰ ਦਿੱਤੀ ਜਾਂਦੀ ਸੀ।

ਕਾਸ਼! ਉਹ ਕਦਰਾਂ-ਕੀਮਤਾਂ ਮੁੜ ਸਾਡੇ ਹਿਰਦਿਆਂ ਵਿਚ ਆਣ ਵੱਸਣ ਤੇ ਸਾਡਾ ਸਮਾਜ ਮੁੜ ਸਿਹਤਮੰਦ ਰਾਹਾਂ ਵੱਲ ਕਦਮ ਵਧਾ ਸਕੇ।

ਕਲਾ ਪਰਿਕਰਮਾ


# ਖੇਤੀ ਦੇ ਬਹਾਨੇ ਪੰਜਾਬ ਦੀਆਂ ਗੱਲਾਂ



ਡਾ. ਮੇਘਾ ਸਿੰਘ
ਫੋਨ: +91-97800-36137

ਦਿੱਲੀ ਦੀਆਂ ਹੱਦਾਂ 'ਤੇ ਚੱਲੇ ਕਿਸਾਨ ਅੰਦੋਲਨ 2020 ਨੇ ਨਾ ਸਿਰਫ਼ ਪੰਜਾਬ, ਸਗੋਂ ਸਮੁੱਚੇ ਭਾਰਤ ਵਿਚ ਖੇਤੀ ਅਤੇ ਕਿਸਾਨੀ ਸੰਕਟ ਨੂੰ ਬੁੱਧੀਜੀਵੀਆਂ, ਖੇਤੀ ਤੇ ਅਰਥ ਵਿਗਿਆਨੀਆਂ, ਸਿਆਸੀ ਆਗੂਆਂ ਅਤੇ ਹਾਕਮਾਂ ਧਿਰਾਂ ਸਾਹਮਣੇ ਪੂਰੀ ਤਰ੍ਹਾਂ ਬੇਪਰਦ ਕਰਕੇ ਇਨ੍ਹਾਂ ਨੂੰ ਇਸ ਮੁੱਦੇ ਉੱਤੇ ਗੰਭੀਰਤਾ ਨਾਲ ਵਿਚਾਰ ਕਰਨ ਲਈ ਮਜਬੂਰ ਕਰ ਦਿੱਤਾ ਹੈ। ਖੇਤੀ ਅਤੇ ਕਿਸਾਨ ਸਮੱਸਿਆਵਾਂ ਦੇ ਹੱਲ ਸਬੰਧੀ ਕਈ ਪੁਸਤਕਾਂ ਅਤੇ ਅਨੇਕਾਂ ਸੁਝਾਵਾਂ ਵਿਚ ਸਹਿਕਾਰੀ ਖੇਤੀ ਦਾ ਮਾਡਲ ਵੀ ਸਾਹਮਣੇ ਆਇਆ ਹੈ। ਇਸੇ ਪ੍ਰਸੰਗ ਵਿਚ ਪੰਜਾਬ ਦੀ ਖੇਤੀ ਅਤੇ ਸਹਿਕਾਰਤਾ ਲਹਿਰ ਸਬੰਧੀ ਨੀਤੀ ਨਿਰਧਾਰਕ ਕਾਰਜਾਂ ਨਾਲ ਲੰਮਾ ਸਮਾਂ ਜੁੜੇ ਰਹੇ ਉੱਚ ਅਧਿਕਾਰੀ ਡਾ. ਮਨੋਹਰ ਸਿੰਘ ਗਿੱਲ ਦੀ ਪੁਸਤਕ 'ਭਾਰਤ 'ਚ ਸਫ਼ਲਤਾ ਦੀ ਗਾਥਾ- ਖੇਤੀਬਾੜੀ ਤੇ ਸਹਿਕਾਰੀ ਸੰਸਥਾਵਾਂ' ਵਿਸ਼ੇਸ਼ ਮਹੱਤਵ ਵਾਲੀ ਹੈ। ਇਹ ਪੁਸਤਕ ਲੇਖਕ ਵੱਲੋਂ ਇਸ ਵਿਸ਼ੇ 'ਤੇ ਕੈਂਬਰਿਜ ਯੂਨੀਵਰਸਿਟੀ ਵਿਚ ਕੀਤੇ ਗਏ ਡੂੰਘੇ ਅਧਿਐਨ ਦੇ ਅੰਗਰੇਜ਼ੀ ਵਿਚ ਪ੍ਰਕਾਸ਼ਿਤ ਹੋਏ ਖੋਜ ਕਾਰਜ ਦਾ ਪੰਜਾਬੀ ਅਨੁਵਾਦ ਹੈ, ਜੋ ਕਿ ਪਵਨ ਗੁਲਾਟੀ ਨੇ ਬਹੁਤ ਮਿਹਨਤ ਅਤੇ ਸ਼ਿੱਦਤ ਨਾਲ ਕੀਤਾ ਹੈ।

476 ਪੰਨਿਆਂ ਦੀ ਇਸ ਵੱਡ-ਆਕਾਰੀ ਪੁਸਤਕ ਵਿਚ ਲੇਖਕ ਨੇ ਆਪਣੇ ਖੋਜ ਕਾਰਜ ਨੂੰ 11 ਅਧਿਆਇਆਂ ਰਾਹੀਂ ਪੇਸ਼ ਕੀਤਾ ਹੈ। ਪੁਸਤਕ ਦੇ ਅੰਤ ਵਿਚ ਸਿੱਟਾ, ਉੱਤਰ ਕਥਨ ਅਤੇ ਇੰਡੈਕਸ ਦਰਜ ਹੈ। ਪੁਸਤਕ ਦੇ ਆਰੰਭ ਵਿਚ ਮੁੱਖਬੰਦ ਲੇਖਕ ਨੇ ਖ਼ੁਦ ਲਿਖਿਆ ਹੈ ਜਦੋਂਕਿ ਭੂਮਿਕਾ ਕੈਂਬਰਿਜ ਯੂਨੀਵਰਸਿਟੀ ਦੇ ਸੇਂਟ ਜੌਹਨ ਕਾਲਜ ਦੇ ਖੇਤੀਬਾੜੀ ਦੇ ਪ੍ਰੋ. ਜੋਸਫ਼ ਹਚਿਨਸਨ ਨੇ ਲਿਖੀ ਹੈ। ਇੱਕ ਸਿਵਿਲ ਅਧਿਕਾਰੀ ਕੁਲਵੰਤ ਸਿੰਘ ਨੇ ਵੀ ਪੁਸਤਕ ਬਾਰੇ ਦੋ ਸ਼ਬਦ ਲਿਖੇ ਹਨ ਜਦੋਂਕਿ ਅਨੁਵਾਦਕ ਨੇ ਵੀ ਪੁਸਤਕ ਦੀ ਮਹੱਤਤਾ ਬਾਰੇ ਸੰਖੇਪ ਵਿਚ ਚਾਨਣਾ ਪਾਇਆ ਹੈ। ਖੋਜ ਕਾਰਜ ਦੇ ਪਹਿਲੇ ਅਧਿਆਇ ਵਿਚ ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ਾਂ ਦੇ ਸਮੇਂ ਦੇ ਪੰਜਾਬ ਸਬੰਧੀ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਦੂਸਰੇ ਅਧਿਆਇ ਵਿਚ ਅੰਗਰੇਜ਼ੀ ਰਾਜ ਸਮੇਂ ਕਿਸਾਨਾਂ ਉੱਤੇ ਸ਼ਾਹੂਕਾਰੀ ਕਰਜ਼ੇ ਦੀ ਜਕੜ ਨੂੰ ਬਿਆਨ ਕਰਨ ਦੇ ਨਾਲ-ਨਾਲ ਅੰਗਰੇਜ਼ ਹਾਕਮਾਂ ਵੱਲੋਂ ਇਹ ਜਕੜ ਤੋੜਨ ਲਈ ਕੀਤੇ ਗਏ ਯਤਨਾਂ ਨੂੰ ਵੀ ਦਰਜ ਕੀਤਾ ਗਿਆ ਹੈ। ਤੀਜੇ ਅਤੇ ਚੌਥੇ ਅਧਿਆਇ ਵਿਚ ਅੰਗਰੇਜ਼ੀ ਰਾਜ ਸਮੇਂ ਅਣਵੰਡੇ ਪੰਜਾਬ ਵਿਚ ਸਹਿਕਾਰਤਾ ਲਹਿਰ ਦੀ ਸ਼ੁਰੂਆਤ ਅਤੇ ਵਿਕਾਸ ਬਾਰੇ ਚਰਚਾ ਕੀਤੀ ਗਈ ਹੈ। ਪੰਜਵੇਂ ਅਧਿਆਇ ਵਿਚ ਪੰਜਾਬ ਦੇ ਬਟਵਾਰੇ ਸਮੇਂ ਦੀ ਦਰਦਨਾਕ ਹਾਲਤ ਬਿਆਨਣ ਦੇ ਨਾਲ-ਨਾਲ ਇਸ ਬਟਵਾਰੇ ਨਾਲ ਪੰਜਾਬ ਦੀ ਸਹਿਕਾਰਤਾ ਲਹਿਰ ਨੂੰ ਲੱਗੇ ਜ਼ੋਰਦਾਰ ਧੱਕੇ ਦਾ ਵਰਣਨ ਕੀਤਾ ਗਿਆ ਹੈ। ਛੇਵੇਂ ਅਧਿਆਇ ਵਿਚ ਆਜ਼ਾਦੀ ਤੋਂ ਬਾਅਦ ਦੀ ਸਹਿਕਾਰੀ ਕਰਜ਼ ਨੀਤੀ ਉੱਤੇ ਚਾਨਣਾ ਪਾਇਆ ਗਿਆ ਹੈ।




ਕਿਤਾਬ ਦਾ ਮੁਖੜਾ।



ਡਾ. ਮਨੋਹਰ ਸਿੰਘ ਗਿੱਲ

ਪੁਸਤਕ ਦਾ ਸੱਤਵਾਂ ਅਧਿਆਇ ਬਹੁਤ ਹੀ ਮਹੱਤਵਪੂਰਨ ਹੈ। ਇਸ ਅਧਿਆਇ ਵਿਚ ਸਹਿਕਾਰੀ ਕਰਜ਼ ਢਾਂਚੇ ਉੱਪਰ ਵਿਸਥਾਰਤ ਰੌਸ਼ਨੀ ਪਾਈ ਗਈ ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਸਹਿਕਾਰੀ ਬੈਂਕ ਕਿਸਾਨੀ ਲੋੜਾਂ ਲਈ ਵੱਧ ਤੋਂ ਵੱਧ ਕਰਜ਼ ਮੁਹੱਈਆ ਕਰਾਉਂਦੇ ਹਨ। ਸਹਿਕਾਰੀ ਬੈਂਕਾਂ ਨੇ ਕੇਂਦਰ ਦੇ ਤਕਾਵੀ ਕਰਜ਼ਿਆਂ ਅਤੇ ਕਾਫ਼ੀ ਹੱਦ ਤੱਕ ਸ਼ਾਹੂਕਾਰਾਂ ਦੇ ਕਰਜ਼ਿਆਂ ਤੋਂ ਪੰਜਾਬ ਦੇ ਕਿਸਾਨਾਂ ਨੂੰ ਰਾਹਤ ਦਿਵਾਈ ਹੈ। ਦੂਜੇ ਪਾਸੇ ਲੇਖਕ ਨੇ ਇਸ ਕਰਜ਼ ਢਾਂਚੇ ਦੀਆਂ ਕੁਝ ਕਮਜ਼ੋਰੀਆਂ ਤੇ ਘਾਟਾਂ ਵੱਲ ਧਿਆਨ ਦਿਵਾਉਂਦਿਆਂ ਇਸ ਨੂੰ ਹੋਰ ਮਜ਼ਬੂਤ ਕਰਨ ਲਈ ਸੁਝਾਅ ਵੀ ਪੇਸ਼ ਕੀਤੇ ਹਨ। ਸਹਿਕਾਰੀ ਬੈਂਕਾਂ ਦੀ ਮਜ਼ਬੂਤੀ ਲਈ ਕਿਸਾਨਾਂ ਅਤੇ ਸਮੁੱਚੇ ਪੰਜਾਬੀਆਂ ਨੂੰ ਆਪਣਾ ਧਨ ਸਹਿਕਾਰੀ ਬੈਂਕਾਂ ਵਿਚ ਜਮ੍ਹਾਂ ਕਰਵਾਉਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਦੱਸਿਆ ਹੈ ਕਿ ਸਹਿਕਾਰੀ ਬੈਂਕਾਂ ਦੇ ਡਿਪਾਜ਼ਟ ਦਾ ਸਮੁੱਚਾ ਲਾਭ ਪੰਜਾਬ ਵਿਚ ਖ਼ਰਚਿਆ ਜਾਂਦਾ ਹੈ, ਜਦੋਂਕਿ ਵਪਾਰਕ ਬੈਂਕ ਉਨ੍ਹਾਂ ਵਿਚ ਜਮ੍ਹਾਂ ਰਾਸ਼ੀ ਦੇ ਲਾਭ ਦਾ ਸਿਰਫ਼ ਨਿਗੂਣਾ ਹਿੱਸਾ ਹੀ ਪੰਜਾਬ ਲਈ ਕਰਜ਼ੇ ਦੇ ਰੂਪ ਵਿਚ ਦਿੰਦੇ ਹਨ। ਇਹ ਇੱਕ ਮਹੱਤਵਪੂਰਨ ਪਹਿਲੂ ਹੈ ਜਿਸ ਨੂੰ ਨਾ ਸਿਰਫ਼ ਆਮ ਪੰਜਾਬੀਆਂ ਵੱਲੋਂ ਸਗੋਂ ਸਰਕਾਰ ਵੱਲੋਂ ਵੀ ਵਿਸਾਰਿਆ ਗਿਆ ਹੈ, ਜਿਸ ਕਰਕੇ ਸਹਿਕਾਰੀ ਬੈਂਕ ਓਨੇ ਮਜ਼ਬੂਤ ਨਹੀਂ, ਜਿੰਨੇ ਹੋਣੇ ਚਾਹੀਦੇ ਹਨ। ਦੱਸਣਯੋਗ ਹੈ ਕਿ ਮੌਜੂਦਾ ਸਮੇਂ ਵਿਚ ਕੁਝ ਭ੍ਰਿਸ਼ਟ ਨੌਕਰਸ਼ਾਹਾਂ ਨੇ ਆਪਣੇ ਨਿੱਜੀ ਵਿੱਤੀ ਲਾਭਾਂ ਲਈ ਸਰਕਾਰੀ ਪੈਸਾ ਸਹਿਕਾਰੀ ਤਾਂ ਕੀ ਸਰਕਾਰੀ ਬੈਂਕਾਂ ਦੀ ਬਜਾਏ ਨਿੱਜੀ ਅਤੇ ਪ੍ਰਾਈਵੇਟ ਸੈਕਟਰ ਦੀਆਂ ਬੈਂਕਾਂ ਵਿਚ ਜਮ੍ਹਾਂ ਕਰਵਾਉਣਾ ਸ਼ੁਰੂ ਕਰ ਦਿੱਤਾ ਹੈ, ਜੋ ਕਿ ਪੰਜਾਬ ਦੇ ਹਿਤਾਂ ਨਾਲ ਘੋਰ ਗ਼ੱਦਾਰੀ ਹੈ।

ਪੁਸਤਕ ਦੇ ਅੱਠਵੇਂ, ਨੌਵੇਂ ਅਤੇ ਦਸਵੇਂ ਅਧਿਆਇ ਵਿਚ ਲੈਂਡ ਮਾਰਟਗੇਜ ਬੈਂਕ, ਸਹਿਕਾਰੀ ਮੰਡੀਕਰਨ ਢਾਂਚਾ ਅਤੇ ਸਹਿਕਾਰੀ ਖੰਡ ਮਿੱਲਾਂ ਦੇ ਵਿਕਾਸ ਅਤੇ ਘਾਟਾਂ ਬਾਰੇ ਵੇਰਵੇ ਹਨ। ਪੁਸਤਕ ਦਾ ਆਖ਼ਰੀ ਗਿਆਰਵਾਂ ਅਧਿਆਇ ਪੰਜਾਬ ਦੇ ਹਰੇ ਇਨਕਲਾਬ ਨੂੰ ਸਮਰਪਿਤ ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਹਰੇ ਇਨਕਲਾਬ ਦਾ ਸਿਹਰਾ ਜਿੱਥੇ ਪੰਜਾਬ ਦੇ ਕਿਸਾਨਾਂ ਦੀ ਮਿਹਨਤ ਅਤੇ ਸਿਰੜ ਸਿਰ ਬੱਝਦਾ ਹੈ, ਉੱਥੇ ਸਹਿਕਾਰਤਾ ਲਹਿਰ ਤਹਿਤ ਕਿਸਾਨਾਂ ਨੂੰ ਰੇਹ, ਬੀਜ, ਜ਼ਮੀਨ ਸੁਧਾਰਕ ਅਤੇ ਅਜਿਹੇ ਹੋਰ ਖੇਤੀ ਆਧਾਰਿਤ ਕਾਰਜਾਂ ਲਈ ਦਿੱਤੇ ਗਏ ਕਰਜ਼ੇ ਦੇ ਨਾਲ-ਨਾਲ ਖੇਤੀ ਵਿਭਾਗ ਵੱਲੋਂ ਨਵੇਂ ਸੁਧਰੇ ਬੀਜ, ਤਕਨਾਲੋਜੀ ਅਤੇ ਸਿੱਖਿਆ ਸੁਵਿਧਾਵਾਂ ਦੀ ਵੀ ਅਹਿਮ ਭੂਮਿਕਾ ਰਹੀ ਹੈ। ਅੱਜ ਜਦੋਂ ਹਰੇ ਇਨਕਲਾਬ ਨੂੰ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਅਤੇ ਉਨ੍ਹਾਂ ਦੀ ਆਰਥਿਕ ਮੰਦਹਾਲੀ ਲਈ ਜ਼ਿੰਮੇਵਾਰ ਗਰਦਾਨਿਆ ਜਾ ਰਿਹਾ ਹੈ, ਤਾਂ ਨਿਸ਼ਚੇ ਹੀ ਸਹਿਕਾਰਤਾ ਅਤੇ ਖੇਤੀ ਵਿਭਾਗ ਵਿਚ ਆਈਆਂ ਕਮਜ਼ੋਰੀਆਂ ਅਤੇ ਘਾਟਾਂ ਉੱਤੇ ਉਂਗਲ ਰੱਖੀ ਜਾਣੀ ਸੁਭਾਵਿਕ ਹੈ। ਇਨ੍ਹਾਂ ਵਿਭਾਗਾਂ ਦੀ ਅਫਸਰਸ਼ਾਹੀ ਅਤੇ ਸਿਆਸੀ ਆਗੂ ਇਸ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੇ। ਪੁਸਤਕ ਦੇ ਸਿੱਟਿਆਂ ਵਾਲੇ ਅਧਿਆਇ ਵਿਚ ਲੇਖਕ ਨੇ ਇਨ੍ਹਾਂ ਘਾਟਾਂ ਉੱਤੇ ਉਂਗਲ ਰੱਖੀ ਹੈ। ਲੇਖਕ ਅਨੁਸਾਰ ਸਹਿਕਾਰੀ ਅਦਾਰਿਆਂ ਨੂੰ ਸਿਆਸਤਦਾਨਾਂ ਨੇ ਤਬਾਹੀ ਦੇ ਕੰਢੇ 'ਤੇ ਲਿਆ ਖੜ੍ਹੇ ਕਰ ਦਿੱਤਾ ਹੈ ਅਤੇ ਖੇਤੀ ਵਿਭਾਗ ਨੂੰ ਭ੍ਰਿਸ਼ਟ ਅਫਸਰਸ਼ਾਹੀ ਤੇ ਸਿਆਸੀ ਚੌਧਰੀਆਂ ਦੇ ਗਠਜੋੜ ਨੇ। ਸਿੱਟੇ ਵਜੋਂ ਇਹ ਦੋਵੇਂ ਸਹਿਕਾਰੀ ਅਦਾਰੇ ਅਤੇ ਖੇਤੀ ਵਿਭਾਗ ਕਿਸਾਨਾਂ ਲਈ ਸਹਾਈ ਹੋਣ ਦੀ ਬਜਾਏ ਉਨ੍ਹਾਂ ਲਈ ਸਿਉਂਕ ਤੇ ਜੋਕਾਂ ਬਣ ਗਏ ਹਨ। ਇਹੀ ਕਾਰਨ ਹੈ ਕਿ ਮੌਜੂਦਾ ਸਮੇਂ ਇਹ ਅਦਾਰੇ, ਖੇਤੀ ਅਤੇ ਕਿਸਾਨੀ ਆਰਥਕਤਾ ਬੁਰੀ ਤਰ੍ਹਾਂ ਲੜਖੜਾ ਰਹੇ ਹਨ।

## ਸਹਿਕਾਰਤਾ ਦਾ ਯੋਗਦਾਨ ਅੰਕੜਿਆਂ ਤੇ ਤੱਥਾਂ ਦੀ ਜ਼ਬਾਨੀ

*ਡਾ. ਮਨੋਹਰ ਸਿੰਘ ਗਿੱਲ ਦਾ ਮੁੱਢਲਾ ਖੋਜ ਕਾਰਜ ਭਾਵੇਂ 1970 ਤੱਕ ਦੇ ਅੰਕੜਿਆਂ ਅਤੇ ਸਥਿਤੀਆਂ ਅਨੁਸਾਰ ਸੀ ਪਰ ਉਨ੍ਹਾਂ ਇਸ ਦੇ ਪੰਜਾਬੀ ਰੂਪ ਵਿਚ ਪ੍ਰਕਾਸ਼ਿਤ ਹੋਣ ਵੇਲੇ ਇਸ ਨੂੰ 80ਵਿਆਂ ਦੇ ਅੰਤ ਤੱਕ ਦੇ ਹਾਲਾਤ ਦੇ ਪ੍ਰਸੰਗ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਅਧਿਐਨ ਵਿਚ ਡਾ. ਗਿੱਲ ਨੇ ਪੰਜਾਬ ਦੇ ਖੇਤੀ ਵਿਕਾਸ ਵਿਚ ਸਹਿਕਾਰਤਾ ਦੇ ਯੋਗਦਾਨ ਨੂੰ ਅੰਕੜਿਆਂ ਅਤੇ ਤੱਥਾਂ ਦੀ ਜ਼ਬਾਨੀ ਬਹੁਤ ਹੀ ਵਿਸਥਾਰ ਅਤੇ ਦਿਲਚਸਪ ਢੰਗ ਨਾਲ ਪੇਸ਼ ਕੀਤਾ ਹੈ ਜੋ ਅੱਜ ਵੀ ਪ੍ਰਸੰਗਿਕ ਹੈ। ਇਹ ਪੁਸਤਕ ਪੰਜਾਬ ਦੇ ਬੁੱਧੀਜੀਵੀਆਂ, ਨੀਤੀਘਾੜਿਆਂ, ਖੇਤੀ ਵਿਗਿਆਨੀਆਂ ਅਤੇ ਸਹਿਕਾਰਤਾ ਲਹਿਰ ਨਾਲ ਜੁੜੇ ਨੌਕਰਸ਼ਾਹਾਂ, ਸਿਆਸੀ ਆਗੂਆਂ ਅਤੇ ਖੋਜ ਵਿਦਿਆਰਥੀਆਂ ਲਈ ਦਸਤਾਵੇਜ਼ੀ ਹਵਾਲਾ ਪੁਸਤਕ ਵਜੋਂ ਰਾਹ ਦਸੇਰਾ ਹੈ। ਅੱਜ ਜਦੋਂ ਪੰਜਾਬ ਦੀ ਮੰਦੀ ਖੇਤੀ ਆਰਥਿਕਤਾ, ਡੁੱਬ ਰਹੀ ਕਿਰਸਾਨੀ ਅਤੇ ਨਿੱਘਰ ਰਹੀ ਸਹਿਕਾਰਤਾ ਲਹਿਰ ਮੂੰਹ ਅੱਡੀ ਖੜ੍ਹੀ ਹੈ, ਇਸ ਪੁਸਤਕ ਦਾ ਆਲੋਚਨਾਤਮਕ ਅਧਿਐਨ ਇਸ ਸਭ ਕੁਝ ਨੂੰ ਮੁੜ ਪੈਰਾਂ ਸਿਰ ਕਰਨ ਲਈ ਕਾਫ਼ੀ ਮਦਦਗਾਰ ਸਾਬਤ ਹੋ ਸਕਦਾ ਹੈ। ਕਾਸ਼! ਡਾ. ਮਨੋਹਰ ਸਿੰਘ ਗਿੱਲ ਵਰਗੇ ਪੰਜਾਬ ਨਾਲ ਲਗਾਉ ਰੱਖਣ ਵਾਲੇ ਅਧਿਕਾਰੀ, ਕਰਮਚਾਰੀ ਅਤੇ ਨੀਤੀਘਾੜੇ ਅੱਗੇ ਆਉਣ ਅਤੇ ਲੋਕ ਪੱਖੀ ਨਵੀਆਂ ਨੀਤੀਆਂ ਅਤੇ ਯੋਜਨਾਵਾਂ ਘੜ ਕੇ ਪੰਜਾਬ ਨੂੰ ਖ਼ੁਸ਼ਹਾਲ ਬਣਾਉਣ ਲਈ ਸੁਹਿਰਦ ਯਤਨ ਕਰਨ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 22 ਜੂਨ 2024 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-643



*ਦੇਖੋ ਤੋਤੇ ਟੁੱਟ ਕੇ ਪੈ ਗਏ, ਲੁੱਟਣ ਸਰਕਾਰੀ ਮਾਲ,
ਜਾਪਦਾ ਨੇਤਾ ਨੇ ਚਿੰਬੜੇ, ਕੀਤਾ ਹੈ ਦੇਸ਼ ਨਿਢਾਲ।
ਮਾਲ ਪਰਾਇਆ ਜਾਣ ਕੇ, ਵੰਡ ਦੇ ਲਾਠੀਆਂ ਨਾਲ,
ਅੰਨ੍ਹਾ ਵੰਡਦਾ ਰਿਉੜੀਆਂ, ਰਲ ਕੇ ਚੌਕੀਦਾਰ ਨਾਲ।*

## ਕੈਪਸ਼ਨ ਮੁਕਾਬਲਾ-641



ਬੰਦੇ ਬੜੇ ਹੀ ਜ਼ਾਲਮ ਬਣ ਗਏ
ਬ੍ਰਿਖਾਂ ਨਾਲ ਵੀ ਵੈਰ ਕਮਾਵਣ।
ਪਰ ਕੁਦਰਤ ਦੇ ਨਿਯਮ ਅਵੱਲੇ
ਕੱਟੇ, ਵੱਢੇ ਫਿਰ ਉੱਗ ਆਵਣ।
ਗਰਮੀ ਦਾ ਜਦ ਕਹਿਰ ਵਰਤਦਾ
ਭੋਲੇ ਪੰਛੀ ਓਟ ਤਕਾਵਣ।
**-ਜਗਮੀਤ ਸਿੰਘ ਪੰਧੇਰ**

---

ਨਿੰਮ, ਬਰੋਟਾ, ਪਿੱਪਲ
ਹਰ ਪਿੰਡ ਦੀ ਤ੍ਰਿਵੈਣੀ ਦਾ ਸ਼ਿੰਗਾਰ
ਆਧੁਨਿਕਤਾ ਦੀ ਦੌੜ ਵਿਚੋਂ
ਤਿੰਨੇ ਹੋ ਗਏ ਬਹਾਰ।
ਨਿੰਮ ਹੁੰਦਾ ਸੀ ਸਭ ਤੋਂ ਵੱਡਾ ਵੈਦ
ਬਰੋਟਾ ਮਿਨੀ ਰਬੜ ਪਲਾਂਟ ਹੋ ਗਿਆ।
ਪਿੱਪਲ ਵਿਚਾਰਾ ਸ਼ਰੀਫਾਂ ਦੀ ਲਾਈਨ 'ਚ
ਖੜ੍ਹਾ ਖਰਾਂਟ ਹੋ ਗਿਆ।
ਮਿਨੀ ਪਲਾਂਟ ਦੀ ਜੜ੍ਹ 'ਚ ਬੈਠੇ ਜਾਨਵਰ
ਲਗਦੇ ਜਿਵੇਂ ਚੱਕਰ ਲਾਉਂਦੇ
ਬੰਦਾ ਕੁਦਰਤ ਨੂੰ ਅਲਵਿਦਾ ਕਹਿ ਗਿਆ
ਉਸ ਦੀ ਗੋਦ ਦਾ ਨਿੱਘ ਦਿਖਾਉਂਦੇ।
**-ਅਮਰਜੀਤ ਸਿੰਘ ਤੂਰ**
**ਫੋਨ: 98784-69639**

---

ਰੁੱਖ ਵੱਢੇ ਪਾਣੀ ਡੂੰਘੇ ਹੋਏ,
ਕਿੱਥੇ ਪਰਿੰਦੇ ਜਾਣ ਵਿਚਾਰੇ,
ਛੱਤ 'ਚੋਂ ਸ਼ਤੀਰੀ-ਬਾਲੇ ਮੁੱਕੇ,
ਕਿੱਥੇ ਆਲ੍ਹਣੇ ਪਾਣ ਦੁਬਾਰੇ।
ਉੱਤੋਂ ਧੁੱਪ ਕਹਿਰ ਵਰਤਾਏ,
ਬਿਨ ਛਾਂ ਹੋ ਗਏ ਬੇ-ਸਹਾਰੇ,
ਦੇਸੀ ਅੱਕ ਥੱਲੇ 'ਕੱਠੇ ਹੋਏ,
ਦੇਖੋ ਪੰਛੀ ਵਕਤਾਂ ਦੇ ਮਾਰੇ।
**-ਸੇਵਾ ਸਿੰਘ "ਨੂਰਪੁਰੀ"**

---

ਐਵੀਂ ਨਹੀਂ ਕਹਿੰਦੇ
ਜੇਠ ਹਾੜ੍ਹ ਦੀਆਂ ਧੁੱਪਾਂ
ਜੱਟ ਸਾਧ ਹੋ ਗਏ।
ਵਗਦੀ ਜਦ ਤੱਤੀ 'ਵਾ
ਸੜਕਾਂ ਪਿਘਲ ਜਾਂਦੀਆਂ
ਜੰਗਲ ਵੀ ਕੱਟ ਦਿੱਤੇ ਮੁਨਾਫ਼ਾਖੋਰੀਆਂ
ਪੰਛੀ ਵੀ ਜੋ ਰਹਿ ਜਾਵੇ
ਜਾਣ ਤੋਂ ਠੰਢੇ ਮੁਲਕ
ਆ ਮਾਰ ਝੁਰਮਟ ਬੈਠ ਹੋ ਤਣੇ ਨੇੜੇ
ਠੰਢੀ ਤਾਸੀਰ ਹੈ ਜਿਸ ਦੀ
ਪੱਤੇ ਹਨ ਜਿਸ ਦੇ ਚਪਟੇ
ਡੂੰਨੇ ਬਣਾ ਖੰਭ ਕੰਡਾ
ਦੁਕਾਨਦਾਰ ਵਰਤਦੇ
ਇਕੱਠੇ ਬੈਠ ਨੇੜੇ
ਕੁਝ ਤਾਂ ਢਾਰਸ ਮਿਲ ਜਾਂਦੀ।
**-ਦਰਸ਼ਨ ਪਾਲ ਦੋਸਾਂਝ**

# ਆਉ ਚੰਗੇ ਪਰਦੇਸੀ ਬਣੀਏ

ਐਵੇਂ ਪੰਗੇ ਨਾ ਤੂੰ ਪਾ ਪੁੱਤਰਾ
ਭੇਜਿਆ ਪੜ੍ਹਾਈਆਂ ਵਾਸਤੇ
ਸਾਨੂੰ ਪੜ੍ਹਨੇ ਨਾ ਪਾ ਪੁੱਤਰਾ।
ਹੋਵੇ ਸਿਰ ਉੱਤੇ ਪੱਗ ਸੋਹਣਿਆ
ਉਦੋਂ ਫਿਰ ਬੰਦਿਆਂ ਦੀ
ਹੁੰਦੀ ਜ਼ਿੰਮੇਵਾਰੀ ਵੱਧ ਸੋਹਣਿਆ।
ਗੇੜਾ ਮਾਰਿਆ ਨੀ ਖੇਤਾਂ 'ਤੇ
ਜੱਟ ਤੂੰ ਲਿਖਾਈ ਫਿਰਦੈਂ
ਪਿੱਛੇ ਨੰਬਰ ਪਲੇਟਾਂ 'ਤੇ।
ਨਹੀਓਂ BOOFER ਵਜਾਈਦੇ
ਧੌਣਾਂ ਕੱਢ SUNROOF 'ਚੋਂ
ਖੌਰੂ ਭੰਗੜੇ ਨੀ ਪਾਈਦੇ।
ਥੋੜ੍ਹਾ ਬਹੁਤਾ ਸੋਚ ਮੁੰਡਿਆ
ਕੀ ਬਣੂੰ ਮਾਪਿਆਂ ਦਾ
ਜੇ ਕਰਤਾ ਡਿਪੋਰਟ ਮੁੰਡਿਆ।
ਹੱਥ ਅਕਲਾਂ ਨੂੰ ਪਾ ਸੋਹਣਿਆ
ਪੈਸੇ ਭੇਜੇ ਕਿੱਲਾ ਵੇਚ ਕੇ
ਭੰਗ ਭਾੜੇ ਨਾ ਉਡਾ ਸੋਹਣਿਆ।
ਤੇਜ਼ ਗੱਡੀਆਂ ਭਜਾਵੋ ਨਾ
ਸੋਹਣਾ ਏ ਕਨੇਡਾ ਕੰਟਰੀ
ਤੁਸੀਂ ਗੰਦ ਇੱਥੇ ਪਾਵੋ ਨਾ।
ਟਾਈਮ ਲੱਗੇ ਨਾ ਮਿਟਾਉਣੇ ਨੂੰ
ਉਮਰਾਂ ਹੀ ਲੰਘ ਜਾਂਦੀਆਂ
ਚੰਗਾ image ਬਣਾਉਣੇ ਨੂੰ।
ਹੰਝੂ ਅੱਖੀਆਂ 'ਚੋਂ ਡੋਲ੍ਹੇਂਗਾ
ਹੱਥਾਂ ਨਾਲ ਗੰਢਾਂ ਦਿੱਤੀਆਂ
ਫੇਰ ਮੂੰਹ ਨਾਲ ਖੋਲ੍ਹੇਂਗਾ।
ਡੇਰਾ ਹੋਰ ਕਿੱਥੇ ਲਾਵਾਂਗੇ
ਸਾਹੋਤੇਆ ਕਨੇਡਾ ਛੱਡ ਕੇ
ਦੱਸ ਹੋਰ ਕਿੱਥੇ ਜਾਵਾਂਗੇ।
**-ਕੁਲਵੀਰ ਸਿੰਘ ਡਾਨਸੀਵਾਲ**
**ਫੋਨ: 778-863-2472**

# ਸਟ੍ਰੈੱਸ ਵਧਾ ਰਿਹਾ ਹੈ - ਮਾਈਗਰੇਨ (ਸਿਰ-ਪੀੜ) ਦਾ ਅੰਕੜਾ

***"ਜੂਨ 2024 ਮਾਈਗਰੇਨ ਤੇ ਸਿਰ-ਪੀੜ ਜਾਗਰੂਕਤਾ ਮਹੀਨੇ ਦਾ ਥੀਮ ਹੈ- ਵੱਧ ਤੋਂ ਵੱਧ ਆਪਣੇ ਆਪ ਨੂੰ ਸਰੀਰਕ-ਮਾਨਸਿਕ ਐਕਟੀਵਿਟੀ 'ਚ ਵਿਅਸਤ ਰੱਖੋ। ਲਗਾਤਾਰ ਕੁੱਝ ਦਿਨ ਅੱਧਾ ਤੇਜ਼ ਸਿਰ-ਦਰਦ ਰਹਿਣਾ, ਘਬਰਾਹਟ, ਚੱਕਰ ਆਉਣੇ, ਉਲਟੀਆਂ, ਫੋਟੋ ਫੋਬੀਆ, ਸਿਰ 'ਤੇ ਭਾਰ ਮਹਿਸੂਸ ਹੋਣਾ, ਬਲੱਡ-ਪ੍ਰੈਸ਼ਰ ਦਾ ਜ਼ਿਆਦਾ ਰਹਿਣ ਦਾ ਕਾਰਨ ਮਾਈਗਰੇਨ ਵੀ ਹੋ ਸਕਦੀ ਹੈ"-ਅਨਿਲ ਧੀਰ***



**ਅਨਿਲ ਧੀਰ**

ਜੂਨ 2024 ਨੂੰ ਮਾਈਗਰੇਨ ਜਾਗਰੂਕਤਾ ਮਹੀਨੇ ਵਜੋਂ ਮਨਾ ਕੇ ਹਰ ਉਮਰ ਦੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਅੱਜ ਵਿਸ਼ਵ ਪੱਧਰ 'ਤੇ ਮਾਈਗਰੇਨ ਯਾਨਿ ਸਿਰ-ਦਰਦ ਦਾ ਅਸਰ ਬੱਚੇ, ਨੌਜਵਾਨ, ਗਰਭਵਤੀ ਔਰਤਾਂ, ਸੀਨੀਅਰਜ਼ ਭਾਵ ਹਰ ਉਮਰ ਵਿਚ ਦੇਖਿਆ ਜਾ ਰਿਹਾ ਹੈ। FHO ਦੀ ਰਿਪੋਰਟ ਮੁਤਾਬਿਕ ਵਿਸ਼ਵ ਭਰ ਵਿਚ ਲਗਭਗ 66% ਲੋਕਾਂ ਨੂੰ 18-65 ਦੀ ਉਮਰ ਵਿਚ 1 ਸਾਲ ਅੰਦਰ ਸਿਰਦਰਦ ਤੋਂ ਪ੍ਰੇਸ਼ਾਨ ਦੇਖਿਆ ਗਿਆ ਹੈ। 36% ਤੋਂ ਵੱਧ ਆਬਾਦੀ ਨੇ ਮਾਈਗ੍ਰੇਨ ਕਾਰਨ ਸਿਰਦਰਦ ਮਹਿਸੂਸ ਕੀਤਾ ਹੈ। ਮਾਈਗ੍ਰੇਨ ਪੀੜਤਾਂ ਨੇ ਹਰ ਤੀਜੇ ਦਿਨ ਦਰਦ ਦੀ ਸ਼ਿਕਾਇਤ ਕੀਤੀ ਹੈ।

FHO ਨੇ 2004 ਵਿਚ ਗੈਰ-ਸਰਕਾਰੀ ਸੰਗਠਨ 'ਲਿਫਟਿੰਗ ਦਿ ਬਰਡਨ' ਦੇ ਨਾਲ ਸਿਰਦਰਦ ਦੇ ਵਿਰੁੱਧ ਗਲੋਬਲ ਮੁਹਿੰਮ ਸ਼ੁਰੂ ਕੀਤੀ ਸੀ। ਇਸ ਦਾ ਮਕਸਦ ਸਿਰਦਰਦ ਦੇ ਰੋਗਾਂ ਪ੍ਰਤੀ ਜਾਗਰੂਕਤਾ ਦੇ ਨਾਲ ਵਿਸ਼ਵ ਭਰ ਵਿਚ ਦੇਖਭਾਲ ਦੀ ਗੁਣਵੱਤਾ ਵਿਚ ਸੁਧਾਰ ਕਰਨਾ ਸੀ। ਸਾਲ 2011 ਵਿਚ FHO ਨੇ ਸਿਰਦਰਦ ਦੇ ਰੋਗਾਂ ਨੂੰ ਘਟਾਉਣ ਲਈ ਐਟਲਸ ਵੀ ਪ੍ਰਕਾਸ਼ਿਤ ਕੀਤੇ ਸਨ।

ਹਰ ਦਿਨ ਸਟ੍ਰੈਸ, ਘੱਟ ਆਮਦਨੀ ਜ਼ਿਆਦਾ ਖਰਚਾ, ਵਧ ਰਹੀ ਸਿਰਦਰਦ ਦਾ ਕਾਰਨ ਬਣਦਾ ਜਾ ਰਿਹਾ ਹੈ। ਸਰੀਰ ਤੇ ਮਨ ਦੇ ਆਮ ਰੋਗਾਂ ਤੋਂ ਲੈ ਕੇ ਦਿਮਾਗ ਦੀਆਂ ਗੰਭੀਰ ਬਿਮਾਰੀਆਂ ਨੂੰ ਸਿਰਦਰਦ ਦਾ ਕਾਰਨ ਮੰਨਿਆ ਗਿਆ ਹੈ। ਕਈ ਕਿਸਮ ਦੇ ਸਿਰਦਰਦ ਵਿਚ ਮਾਈਗ੍ਰੇਨ, ਤਣਾਅ ਘੱਟ ਕਰਨ ਵਾਲੀਆਂ ਦਵਾਈਆਂ ਦੀ ਜ਼ਿਆਦਾ ਵਰਤੋਂ ਨਾਲ ਵੀ ਸ਼ੁਰੂ ਹੋ ਜਾਂਦਾ ਹੈ। ਮਾਈਗ੍ਰੇਨ ਦੇ ਸ਼ਿਕਾਰ ਘੱਟ ਉਮਰ ਤੇ 35-40 ਸਾਲ ਦੇ ਲੋਕ ਹੋ ਰਹੇ ਹਨ। ਹਾਰਮੋਨਜ਼ ਦਾ ਵਿਗੜਿਆ ਬੈਲੇਂਸ ਸਿਰ ਅਤੇ ਖੂਨ ਦੀਆਂ ਨਾੜੀਆਂ ਦੁਆਲੇ ਦਰਦ ਸ਼ੁਰੂ ਕਰ ਦਿੰਦਾ ਹੈ। ਮਾਈਗ੍ਰੇਨ ਦਾ ਅਟੈਕ ਵਾਰ-ਵਾਰ ਹੁੰਦਾ ਹੈ। ਮਾਈਗ੍ਰੇਨ ਦੀ ਹਾਲਤ ਵਿਚ ਪੇਟ ਅੰਦਰ ਗੜਬੜ, ਉਲਟੀਆਂ ਦੇ ਨਾਲ ਚੱਕਰ ਆਉਣੇ ਸ਼ੁਰੂ ਹੋ ਜਾਂਦੇ ਹਨ।

ਤਣਾਅ ਯਾਨਿ ਟੀਟੀਐਚ ਪ੍ਰਾਇਮਰੀ ਕਿਸਮ ਦਾ ਸਿਰਦਰਦ ਹੈ। ਤਕਰੀਬਨ 70% ਵਿਅਕਤੀ ਐਪੀਸੋਡਿਕ ਟੀਟੀਐਚ ਦੀ ਹਾਲਤ ਵਿਚ 15 ਦਿਨ ਤੋਂ ਪਹਿਲਾਂ ਹੀ ਦਰਦ ਦੇ ਸ਼ਿਕਾਰ ਹੋ ਜਾਂਦੇ ਹਨ। ਇਸਦਾ ਅਸਰ ਨੌਜਵਾਨਾਂ ਵਿਚ ਜ਼ਿਆਦਾ ਦੇਖਿਆ ਜਾ ਰਿਹਾ ਹੈ। ਤਣਾਅ ਸੰਬੰਧੀ ਦਰਦ ਗਰਦਨ ਦੀਆਂ ਮਾਂਸਪੇਸ਼ੀਆਂ ਕਾਰਨ ਹੋ ਸਕਦਾ ਹੈ। ਇਸ ਹਾਲਤ ਵਿਚ ਸਿਰ ਦੇ ਦੁਆਲੇ ਇਕ ਬੈਂਡ ਵਾਂਗ ਕਈ ਵਾਰ ਗਰਦਨ ਵਿਚ ਦਰਦ ਮਹਿਸੂਸ ਹੁੰਦੀ ਹੈ। ਕਲਸਟਰ ਦੀ ਹਾਲਤ ਵਿਚ ਗੰਭੀਰ ਸਿਰਦਰਦ ਦੌਰਾਨ ਇੱਕ ਅੱਖ ਵਿਚ ਜਾਂ ਇਸਦੇ ਦੁਆਲੇ, ਅੱਖਾਂ ਵਿਚੋਂ ਅੱਥਰੂ, ਲਾਲੀ, ਨੱਕ ਚਲਣ ਦੇ ਨਾਲ ਪਲਕ ਬਲਾਕ ਹੋ ਸਕਦੀ ਹੈ। ਦਵਾਈ ਦੀ ਜ਼ਿਆਦਾ ਵਰਤੋਂ ਨਾਲ ਐਮਓਐਚ ਸੈਕੰਡਰੀ ਸਿਰਦਰਦ ਹੁੰਦਾ ਹੈ ਜਿਸ ਦੇ ਮਰਦਾਂ ਨਾਲੋਂ ਔਰਤਾਂ ਜ਼ਿਆਦਾ ਘੇਰੇ ਵਿਚ ਆਉਂਦੀਆਂ ਹਨ। ਸਮਾਜਿਕ, ਪਰਿਵਾਰਕ ਅਤੇ ਆਰਥਿਕ ਮਾਨਸਿਕ ਪ੍ਰੈਸ਼ਰ ਕਾਰਨ ਛੋਟੀ ਉਮਰ ਤੋਂ ਲੈ ਕੇ 50 ਸਾਲਾਂ ਦੀ ਉਮਰ ਤੱਕ ਜ਼ਿਆਦਾ ਸਿਰਦਰਦ ਦੀ ਸ਼ਿਕਾਇਤ ਦੇਖੀ ਜਾ ਰਹੀ ਹੈ।







ਸਿਰਦਰਦ ਦੇ ਰੋਗੀ ਆਪਣੇ ਲਾਈਫ ਸਟਾਈਲ ਵਿਚ ਬਦਲਾਅ ਕਰ ਕੇ ਅਤੇ ਅੱਗੇ ਲਿਖੇ ਤਰੀਕੇ ਦੁਆਰਾ ਬੇਹਤਰ ਜ਼ਿੰਦਗੀ ਜੀਅ ਸਕਦੇ ਹਨ :

- ਮਾਈਗ੍ਰੇਨ ਨੂੰ ਟਰਿੱਗਰ ਕਰਨ ਵਾਲੇ ਨਾਈਟ੍ਰੇਟਸ ਵਾਲੇ ਪਦਾਰਥ ਡੇਲੀ ਮੀਟ, ਬੇਕਨ, ਹਾਟ-ਡਾਗ 'ਚ ਇਸਤੇਮਾਲ ਹੋਣ ਵਾਲੇ ਸਾਸੇਜ, ਅਤੇ ਕੈਫੀਨ ਦੀ ਵਰਤੋਂ ਘੱਟ ਕਰੋ।

ਸਿਰਦਰਦ ਤੋਂ ਪਰੇਸ਼ਾਨ ਵਿਅਕਤੀ ਨੂੰ ਆਪਣੀ ਖੁਰਾਕ ਵਿਚ ਮੋਨੋਸੋਡੀਅਮ ਵਾਲੇ ਭੋਜਨ, ਤੇਲ-ਮਿਰਚ-ਮਸਾਲੇ ਵਾਲਾ ਅਚਾਰ, ਗਲੂਟਾਮੇਟ (ਐਮਐਸਜੀ), ਪ੍ਰੋਸੈਸਡ ਪਦਾਰਥ, ਫੈਟਾ, ਸੀਡਰ, ਪਰਮੇਸਨ ਤੇ ਸਵਿਸ (ਟਾਇਰਾਮਾਈਨ), ਮੱਖਣ, ਖੱਟੀ ਕ੍ਰੀਮ, ਦਹੀਂ, ਜੰਕਫੂਡ, ਆਈਸਕ੍ਰੀਮ, ਅਲਕੋਹਲ, ਵਗੈਰਾ ਤੋਂ ਪਰਹੇਜ਼ ਦੀ ਲੋੜ ਹੁੰਦੀ ਹੈ।

- ਸਿਰਦਰਦ ਵੇਲੇ ਕਾਟਨ ਬਾਲ (ਰੂਈ) ਲੈ ਕੇ ਲੈਵੈਂਡਰ ਇਸੈਂਸ਼ੀਅਲ ਤੇਲ ਦੀਆਂ 2-3 ਬੂੰਦਾਂ ਪਾ ਕੇ 10-15 ਮਿੰਟ ਇਨਹੇਲ ਯਾਨਿ ਸਾਹ ਲੈਣ ਨਾਲ ਰੋਗੀ ਨੂੰ ਆਰਾਮ ਮਿਲਦਾ ਹੈ।
- ਪਿਪਰਮੇਂਟ ਇਸੈਂਸ਼ੀਅਲ ਤੇਲ ਦੀਆਂ ਕੁੱਝ ਬੂੰਦਾਂ ਮੱਥੇ ਅਤੇ ਗਰਦਨ ਦੇ ਪਿੱਛੇ ਲਗਾ ਰਾਹਤ ਮਹਿਸੂਸ ਕਰੋ।
- ਜਿੰਜਰ-ਛੋਟੀ ਇਲਾਚੀ ਵਾਲੀ ਅਤੇ ਗ੍ਰੀਨ-ਟੀ, ਬਿਨਾ ਦੁੱਧ, ਚੀਨੀ ਤਾਜ਼ੇ ਨਿੰਬੂ ਰਸ ਵਾਲੀ ਚਾਹ ਰੋਜ਼ਾਨਾ 2-3 ਵਾਰ ਪੀ ਕੇ ਮਾਨਸਿਕ ਥਕਾਵਟ ਤੋਂ ਆਰਾਮ ਮਿਲਦਾ ਹੈ।
- ਸਰੀਰ ਅੰਦਰ ਮੈਗਨੀਸ਼ੀਅਮ ਦੀ ਕਮੀ 'ਤੇ ਔਰਤਾਂ ਨੂੰ ਮਾਹਵਾਰੀ ਦੌਰਾਨ ਹੋਣ ਵਾਲੇ ਸਿਰਦਰਦ ਅਤੇ ਮਾਈਗ੍ਰੇਨ ਦੇ ਅਟੈਕ ਵੇਲੇ ਓਟਮੀਲ, ਨਾਸ਼ਤੇ ਵਾਲਾ ਸੀਰੀਅਲ, ਸੈਸਮੇ ਸੀਡਜ਼, ਮੂੰਗਫਲੀ, ਬ੍ਰਾਜ਼ੀਲ ਨੱਟਸ, ਬਦਾਮ ਵਗੈਰਾ ਦਾ ਇਸਤੇਮਾਲ ਕਰਨਾ ਚਾਹੀਦਾ ਹੈ।
- ਹੀਟ-ਸਟ੍ਰੋਕ ਵਾਲੇ ਸਿਰਦਰਦ ਵਿਚ ਠੰਡਾ ਸ਼ਾਵਰ ਲੈਣ ਨਾਲ ਮੱਥੇ ਅਤੇ ਆਈਸ ਦੀ ਪੱਟੀ ਜਾਂ ਟਕੋਰ ਕਰਨ ਨਾਲ ਆਰਾਮ ਮਿਲਦਾ ਹੈ।
- ਹਾਜ਼ਮਾ ਠੀਕ ਰੱਖਣ ਲਈ ਗਰਮ ਪਾਣੀ ਜ਼ਿਆਦਾ ਪੀਓ ਅਤੇ ਕਬਜ਼ ਦੀ ਹਾਲਤ ਵਿਚ 1 ਕੱਪ ਗਰਮ ਦੁੱਧ ਵਿਚ ਅੱਧੇ ਤੋਂ 1 ਚਮਚ ਕੈਸਟਰ ਆਇਲ ਜਾਂ ਈਸਬਗੋਲ ਦੀ ਵਰਤੋਂ ਕਰਕੇ ਰਾਹਤ ਮਹਿਸੂਸ ਕਰੋ।
- ਡੀਹਾਈਡ੍ਰੇਸ਼ਨ ਵੀ ਸਿਰਦਰਦ ਦਾ ਕਾਰਨ ਬਣਦਾ ਹੈ। ਰੋਜ਼ਾਨਾ 10-12 ਗਿਲਾਸ ਪਾਣੀ ਪੀਓ।
- ਬਲੱਡ-ਪ੍ਰੈਸ਼ਰ ਦੀ ਪ੍ਰੈਸਕਰਾਈਬਡ ਦਵਾਈ ਵਿਚ ਨਾਗਾ (ਮਿਸ) ਪੈਣ ਨਾਲ ਵੀ ਸਿਰਦਰਦ ਸ਼ੁਰੂ ਹੋ ਜਾਂਦਾ ਹੈ। ਰੋਗੀ ਖਾਸ ਧਿਆਣ ਰੱਖਣ।
- ਵੀਕਐਂਡ 'ਤੇ ਸੈਸਮੇ (ਤਿਲ) ਆਇਲ ਨਾਲ ਸਿਰ ਦੀ ਚੰਗੀ ਤਰ੍ਹਾਂ ਮਾਲਿਸ਼ ਕਰਨ ਨਾਲ ਸਟ੍ਰੈਸ ਕਾਰਨ ਹੋਣ ਵਾਲੇ ਸਿਰਦਰਦ ਵਿਚ ਰਾਹਤ ਮਿਲਦੀ ਹੈ।
- ਕੰਪਿਊਟਰ 'ਤੇ ਕੰਮ ਕਰਨ ਵਾਲੇ ਬਾਡੀ ਪੋਸਚਰ ਦਾ ਪੂਰਾ ਖਿਆਲ ਰੱਖਣ। ਹਰ 2 ਘੰਟੇ ਬਾਅਦ ਅੱਖਾਂ ਤੇ ਗਰਦਨ ਨੂੰ 10 ਮਿੰਟ ਆਰਾਮ ਦੇਣ ਨਾਲ ਸਿਰਦਰਦ ਤੋਂ ਬਚਾਅ ਕੀਤਾ ਜਾ ਸਕਦਾ ਹੈ। ਕੰਪਿਊਟਰ ਦੀ ਸਕਰੀਨ ਅਤੇ ਅੱਖਾਂ ਦਰਮਿਆਨ ਪ੍ਰਾਪਰ ਫਾਸਲਾ ਰੱਖਿਆ ਜਾਵੇ।
- ਸਿਰਦਰਦ ਤੋਂ ਬਚਾਅ ਅਤੇ ਚੰਗੀ ਨੀਂਦ ਲੈਣ ਲਈ ਸਹੀ ਪਿੱਲੋ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਓਰਥੋ ਅਤੇ ਘੱਟ ਹਾਈਟ ਵਾਲਾ ਪਿੱਲੋ ਗਰਦਨ ਦੀਆਂ ਮਾਂਸਪੇਸ਼ੀਆਂ ਦੀ ਸਟਿਫਨੈਸ ਤੋਂ ਬਚਾਉਂਦਾ ਹੈ।
- ਸਿਰਦਰਦ ਤੋਂ ਬਚਣ ਲਈ ਘੱਟ ਨੀਂਦ ਲੈਣ ਵਾਲੇ ਸਟੂਡੈਂਟਸ, ਗਰਭਵਤੀ ਔਰਤਾਂ ਅਤੇ ਸੀਨੀਅਰਜ਼ ਨੂੰ 8-10 ਘੰਟੇ ਦੀ ਨੀਂਦ ਜ਼ਰੂਰ ਲੈਣੀ ਚਾਹੀਦੀ ਹੈ।
- ਗਰਮ ਸ਼ਾਵਰ ਲਓ। ਸ਼ਾਵਰ ਦੀ ਨਰਮ-ਗਰਮ ਹਵਾ ਯਾਨਿ ਭਾਫ ਸਾਈਨਸ-ਨੱਕ ਦੇ ਅੰਸ਼ਾਂ ਨੂੰ ਕਲੀਨ ਕਰ ਕੇ ਸਿਰਦਰਦ ਵਿਚ ਆਰਾਮ ਦਿੰਦੀ ਹੈ।
- ਹਰ ਉਮਰ ਦੇ ਵਿਅਕਤੀ ਨੂੰ ਸਮਰ 'ਚ ਗਾਰਡਨਿੰਗ, ਸੈਰ, ਰਨਿੰਗ, ਯੋਗਾ, ਡਾਗ-ਵਾਕ, ਆਊਟ ਡੋਰ ਵਰਕਆਊਟ, ਸਾਈਕਲਿੰਗ, ਬੈਡਮਿੰਟਨ, ਤੈਰਨਾ, ਸੌਕਰ, ਵਾਲੀਬਾਲ, ਡਾਂਸ, ਟੇਨਿਸ ਵਗੈਰਾ ਸਪੋਰਟਸ ਐਕਟੀਵਿਟੀ ਸ਼ੁਰੂ ਕਰ ਦੇਣੀ ਚਾਹੀਦੀ ਹੈ।

# ਆਰਟਿਸਟ ਜਸਪ੍ਰੀਤ ਸਿੰਘ ਨਾਲ ਕਲਾ ਯਾਤਰਾ

**ਗੁਰਤੇਜ ਸਿੰਘ ਕੱਟੂ**
**ਫੋਨ: 98155-94197**



ਪੰਜਾਬ ਦੇ ਛੋਟੇ ਜਿਹੇ ਪਿੰਡ ਅੱਕਾਂਵਾਲੀ 'ਚ ਜਸਪ੍ਰੀਤ ਸਿੰਘ ਦਾ ਕਲਾਤਮਕ ਸਫ਼ਰ ਸ਼ੁਰੂ ਹੋਇਆ। ਇੱਥੇ ਹੀ ਜਸਪ੍ਰੀਤ ਨੇ ਆਪਣੀ ਮਾਂ ਦੀ ਕਢਾਈ ਦੀ ਨਾਜ਼ੁਕ ਕਲਾਤਮਕਤਾ ਤੋਂ ਪ੍ਰੇਰਿਤ ਹੋ ਕੇ ਸ੍ਰਿਸ਼ਟੀ ਦੇ ਜਾਦੂ ਦੀ ਝਲਕ ਵੇਖੀ। ਛੋਟੀ ਉਮਰ ਤੋਂ ਹੀ ਉਹ ਸੰਸਾਰ ਦੇ ਵੱਖ-ਵੱਖ ਜੀਵੰਤ ਆਕਾਰਾਂ ਨੂੰ ਰੂਪਮਾਨ ਕਰਨ ਦਾ ਅਭਿਆਸ ਕਰਦਾ ਰਿਹਾ ਜਿਸ ਦੇ ਫ਼ਲਸਰੂਪ ਵਰਤਮਾਨ 'ਚ ਉਸਨੇ ਆਪਣੀ ਵੱਖਰੀ ਪਛਾਣ ਬਣਾ ਲਈ ਹੈ।

ਜਿਵੇਂ-ਜਿਵੇਂ ਉਹ ਵੱਡਾ ਹੁੰਦਾ ਗਿਆ ਕਲਾ ਪ੍ਰਤੀ ਉਸਦਾ ਜਨੂੰਨ ਵੀ ਵਧਦਾ ਗਿਆ। ਜਸਪ੍ਰੀਤ ਦੀ ਦੁਨੀਆ ਦਾ ਵਿਸਥਾਰ ਚੰਡੀਗੜ੍ਹ ਆਰਟ ਕਾਲਜ ਨਾਲ ਹੋਇਆ ਜੋ ਸਿਰਜਣਾਤਮਕਤਾ ਦਾ ਚਾਨਣ ਮੁਨਾਰਾ ਹੈ। ਆਰਟ ਕਾਲਜ ਨੇ ਉਸਨੂੰ ਆਪਣੀ ਕਲਾ ਦੀਆਂ ਅਸੀਮ ਸੰਭਾਵਨਾਵਾਂ ਦੀ ਪੜਚੋਲ ਕਰਨ ਲਈ ਹੋਰ ਵਧੇਰੇ ਪ੍ਰੇਰਿਤ ਕੀਤਾ। ਉਸ ਲਈ ਹਰ ਬ੍ਰਸ਼-ਸਟ੍ਰੋਕ ਜੀਵਨ ਭਰ ਦੇ ਨਿਰੀਖਣਾਂ ਦਾ ਪ੍ਰਤੀਬਿੰਬ ਹੈ ਅਤੇ ਹਰ ਰੰਗ ਮਨੁੱਖੀ ਭਾਵਨਾਵਾਂ ਦੀ ਅਮੀਰੀ ਦਾ ਸਬੂਤ।

ਜਸਪ੍ਰੀਤ ਦੀਆਂ ਰਚਨਾਵਾਂ ਦੇ ਕੇਂਦਰ ਵਿਚ ਜਾਗਰੂਕਤਾ ਦੀ ਡੂੰਘੀ ਭਾਵਨਾ ਹੈ ਜੋ ਸਾਲਾਂ ਦੇ ਚਿੰਤਨ ਅਤੇ ਆਤਮ-ਨਿਰੀਖਣ ਰਾਹੀਂ ਪੈਦਾ ਹੁੰਦੀ ਹੈ। ਇਹ ਚੇਤਨਾ ਹੀ ਹੈ ਜੋ ਉਸ ਦੀ ਕਲਾ ਵਿਚ ਜੀਵਨ ਦਾ ਸਾਹ ਲੈਂਦੀ ਹੈ ਇਸ ਨੂੰ ਡੂੰਘਾਈ ਨਾਲ ਭਰਦੀ ਹੈ ਜੋ ਸਿਰਫ ਰੂਪ ਅਤੇ ਕਾਰਜ ਤੋਂ ਪਰੇ ਹੈ। ਰੰਗ, ਰੂਪ ਅਤੇ ਆਕਾਰ ਦੇ ਅੰਤਰ-ਕਿਰਿਆ ਰਾਹੀਂ ਜਸਪ੍ਰੀਤ ਅਜਿਹੀ ਕਹਾਣੀ ਬੁਣਦਾ ਹੈ ਜੋ ਆਤਮਾ ਨਾਲ ਗੱਲ ਕਰਦੀ ਹੈ। ਉਸ ਦੇ ਕੈਨਵਸ ਸਿਰਫ ਸਥਿਰ ਚਿੱਤਰ ਨਹੀਂ ਹਨ ਬਲਕਿ ਜੀਵੰਤ ਆਕਾਰ ਹਨ ਜੋ ਦਰਸ਼ਕਾਂ ਨੂੰ ਸਵੈ-ਖੋਜ ਦੀ ਯਾਤਰਾ ਸ਼ੁਰੂ ਕਰਨ ਲਈ ਸੱਦਾ ਦਿੰਦੇ ਹਨ।

ਜਸਪ੍ਰੀਤ ਦੀ ਦੁਨੀਆ ਵਿਚ ਕਲਾ ਸਿਰਫ਼ ਪ੍ਰਗਟਾਵੇ ਦੇ ਮਾਧਿਅਮ ਤੋਂ ਵਧ ਕੇ ਹੈ, ਇਹ ਇਕ ਸ਼ੀਸ਼ਾ ਹੈ ਜੋ ਮਨੁੱਖਤਾ ਦੇ ਸਾਰ ਨੂੰ ਦਰਸਾਉਂਦਾ ਹੈ। ਆਪਣੇ ਬੁਰਸ਼ ਦੇ ਹਰ ਇਕ ਕਾਰਜ ਨਾਲ ਉਹ ਸੁੰਦਰਤਾ ਦੇ ਪਲਾਂ ਨੂੰ ਕੈਪਚਰ ਕਰਨ ਦੀ ਕੋਸ਼ਿਸ਼ ਕਰਦਾ ਹੈ ਜੋ ਮਨੁੱਖੀ ਅਨੁਭਵ ਨੂੰ ਪਰਿਭਾਸ਼ਿਤ ਕਰਦੇ ਹਨ।

ਜਸਪ੍ਰੀਤ ਆਪਣੀ ਕਲਾ ਬਾਰੇ ਕਹਿੰਦਾ ਹੈ, "ਮੈਂ ਆਪਣਾ ਆਪਾ ਆਪਣੀ ਆਰਟ ਦੇ ਰਾਹੀਂ ਲੱਭਦਾ ਹਾਂ। ਮੇਰੇ ਕੰਮ ਦਾ ਵਿਸ਼ਾ ਮੁੱਖ ਤੌਰ 'ਤੇ ਦੋਹਰੀ ਸੋਚ ਨੂੰ ਦਰਸਾਉਂਦਾ ਹੈ। ਸਮਾਜਿਕ ਅਤੇ ਅਧਿਆਤਮਿਕ ਦੋਵੇਂ ਪਹਿਲੂ ਮੇਰੇ ਕੰਮ ਦੇ ਕੇਂਦਰੀ ਨੁਕਤੇ ਹਨ। ਗੁਰਬਾਣੀ, ਸੂਫ਼ੀਵਾਦ ਅਤੇ ਸਾਹਿਤ ਮੇਰੀ ਕਲਾ ਦੀ ਪ੍ਰੇਰਨਾ ਹਨ।"

ਜਸਪ੍ਰੀਤ ਦੋ ਦਰਜਨ ਤੋਂ ਜ਼ਿਆਦਾ ਵਰਕਸ਼ਾਪਾਂ 'ਚ ਸ਼ਮੂਲੀਅਤ ਕਰ ਚੁੱਕਾ ਹੈ ਅਤੇ ਦਰਜਨ ਤੋਂ ਵਧੇਰੇ ਵਾਰ ਵੱਖ ਵੱਖ ਪ੍ਰਮੁੱਖ ਸੰਸਥਾਵਾਂ ਤੋਂ ਸਨਮਾਨ ਪ੍ਰਾਪਤ ਕਰ ਚੁੱਕਾ ਹੈ। ਜਿਨ੍ਹਾਂ 'ਚੋਂ ਅੰਮ੍ਰਿਤਾ ਸ਼ੇਰਗਿੱਲ ਤੇ ਸੋਭਾ ਸਿੰਘ ਅਵਾਰਡਜ਼ ਪ੍ਰਮੁੱਖ ਹਨ।





ਜਦੋਂ ਅਸੀਂ ਜਸਪ੍ਰੀਤ ਦੇ ਕੰਮ ਨੂੰ ਵੇਖਦੇ ਹਾਂ ਤਾਂ ਸਾਨੂੰ ਉਸ ਡੂੰਘੇ ਸੰਬੰਧ ਦੀ ਯਾਦ ਆਉਂਦੀ ਹੈ ਜੋ ਸਾਨੂੰ ਸਾਰਿਆਂ ਨੂੰ ਆਪਸ 'ਚ ਜੋੜ ਕੇ ਰੱਖਦਾ ਹੈ। ਆਪਣੀ ਕਲਾ ਰਾਹੀਂ ਉਹ ਠੋਸ ਅਤੇ ਅਸਪਸ਼ਟ ਵਿਚਲੇ ਪਾੜੇ ਨੂੰ ਦੂਰ ਕਰਦਾ ਹੈ ਅਤੇ ਸਾਨੂੰ ਆਪਣੀਆਂ ਆਤਮਾਵਾਂ ਦੀਆਂ ਡੂੰਘਾਈਆਂ ਦੀ ਪੜਚੋਲ ਕਰਨ ਲਈ ਸੱਦਾ ਦਿੰਦਾ ਹੈ। ਅਕਸਰ ਅਰਾਜਕਤਾ ਅਤੇ ਅਨਿਸ਼ਚਿਤਤਾ ਨਾਲ ਘਿਰੇ ਸੰਸਾਰ ਵਿਚ ਜਸਪ੍ਰੀਤ ਦੀ ਕਲਾ ਉਮੀਦ ਦੀ ਕਿਰਨ ਵਜੋਂ ਕੰਮ ਕਰਦੀ ਹੈ ਅਤੇ ਯਾਦ ਦਿਵਾਉਂਦੀ ਹੈ ਕਿ ਸੁੰਦਰਤਾ ਹਨੇਰੇ ਸਮੇਂ ਵਿਚ ਵੀ ਲੱਭੀ ਜਾ ਸਕਦੀ ਹੈ।

ਜਸਪ੍ਰੀਤ ਦਾ ਸਫ਼ਰ ਸਿਰਫ ਕਲਾਤਮਕ ਹੁਨਰ ਦੀ ਕਹਾਣੀ ਨਹੀਂ ਹੈ ਬਲਕਿ ਲਗਨ ਅਤੇ ਜਨੂੰਨ ਦੀ ਸ਼ਕਤੀ ਦਾ ਸਬੂਤ ਹੈ। ਆਪਣੀ ਕਲਾ ਪ੍ਰਤੀ ਆਪਣੇ ਅਟੁੱਟ ਸਮਰਪਣ ਦੁਆਰਾ ਉਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਕਲਾ ਦਾ ਅਸਲ ਤੱਤ ਤਿਆਰ ਉਤਪਾਦ ਵਿਚ ਨਹੀਂ ਬਲਕਿ ਸਿਰਜਣਾ ਦੀ ਯਾਤਰਾ ਵਿਚ ਹੈ।



# ਮੋਦੀ-3. ਜੰਬੋ-ਸਾਈਜ਼ ਵਜ਼ਾਰਤ

## "ਹੋਤਾ ਹੈ ਸ਼ਬ-ਓ-ਰੋਜ਼ ਤਮਾਸ਼ਾ ਮੇਰੇ ਆਗੇ"

ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: +91 98766-55055



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਿਆਸੀ ਮੇਲੇ ਲਾਉਣ ਦਾ ਮਾਹਿਰ ਹੈ। ਇਸ ਮਾਮਲੇ 'ਚ ਉਹ ਬਾਲੀਵੁਡ ਦੇ ਸ਼ੋਅ-ਮੈਨ ਰਾਜ ਕਪੂਰ ਨੂੰ ਵੀ ਮਾਤ ਪਾਉਂਦੇ।

ਮੋਦੀ ਤਾਂ ਧਰਮ ਦਾ ਸਿਆਸੀਕਰਨ ਕਰਕੇ ਅਯੋਧਿਆ ਮੰਦਰ ਵਰਗੇ ਨਿਰੋਲ ਧਾਰਮਿਕ ਮਾਮਲੇ ਨੂੰ ਵੀ ਸਿਆਸੀ ਲਾਹਾ ਲੈਣ ਲਈ ਖੁਲ੍ਹ ਕੇ ਵਰਤ ਸਕਦਾ ਹੈ, ਤੇ ਮੰਦਿਰ ਦੀ ਪ੍ਰਾਣ-ਪ੍ਰਤਿਸ਼ਠਤਾ ਤੋਂ ਪਹਿਲਾਂ, ਇਸ ਦੌਰਾਨ ਅਤੇ ਬਾਅਦ ਵਿਚ ਚੋਣ ਪ੍ਰਚਾਰ ਸਮੇਂ ਇਸ ਨੂੰ ਇੱਕ ਮਹਿਮਾਮਈ ਸਵੈ-ਮੁਖੀ ਮਾਹਰਕਾ ਮਾਰੇ ਜਾਣ ਦਾ ਚੁਣਾਵੀ ਲਾਭ ਲਏ ਜਾਣ ਵਾਲਾ ਮੁੱਦਾ ਬਣਾ ਕੇ ਪੇਸ਼ ਕੀਤਾ।

ਪਰ ਭਾਜਪਾ ਨੂੰ ਸੈਫਾਬਾਦ ਦੀ ਅਯੁਧਿਆ ਸੀਟ ਵਿਚ ਨਮੋਸ਼ੀਜਨਕ ਹਾਰ ਦਾ ਮੂੰਹ ਦੇਖਣਾ ਪਿਆ ਅਤੇ ਉਤਰ ਪ੍ਰਦੇਸ਼, ਜਿਥੇ ਰਾਮ ਮੰਦਿਰ ਸੁਸ਼ੋਭਿਤ ਹੈ, ਅਤੇ ਜਿਹੜਾ ਪ੍ਰਾਂਤ ਭਾਜਪਾ ਦਾ ਗੜ੍ਹ ਸਮਝਿਆ ਜਾਂਦਾ ਹੈ, ਵਿਚ ਵੀ ਸਮਾਜਵਾਦੀ ਪਾਰਟੀ ਅਤੇ ਕਾਂਗਰਸ ਦਾ ਗਠਬੰਧਨ ਭਾਜਪਾ/ਐਨ.ਡੀ.ਏ. ਨਾਲੋਂ ਵਧੇਰੇ ਸੀਟਾਂ ਜਿੱਤ ਗਿਆ। ਅਖਿਲੇਸ਼ ਯਾਦਵ ਦੀ ਸਮਾਜਵਾਦੀ ਪਾਰਟੀ 37, ਕਾਂਗਰਸ 6, ਭਾਵ ਇੰਡੀਆ ਬਲੌਕ ਕੁੱਲ 43 ਸੀਟਾਂ ਜਿੱਤ ਕੇ ਸਭ ਨੂੰ ਚਕਰਾ ਗਿਆ ਅਤੇ ਭਾਜਪਾ ਸਿਰਫ 33 ਸੀਟਾਂ ਹੀ ਜਿਤ ਸਕੀ, ਜਾਣੀ 2019 ਦੀਆਂ 63 ਸੀਟਾਂ ਨਾਲੋਂ 30 ਸੀਟਾਂ ਘਟ! ਰਾਮ!ਰਾਮ!ਹੇ ਰਾਮ!

9 ਜੂਨ ਵਾਲਾ ਮੋਦੀ-3. ਦਾ ਸਹੁੰ-ਚੁਕ ਸਮਾਗਮ ਹੀ ਲੈ ਲਉ। ਇਹ ਮੇਲਾ ਨਹੀਂ ਸੀ ਤਾਂ ਹੋਰ ਕੀ ਸੀ? 8000 ਤੋਂ ਵੀ ਵਧੇਰੇ ਲੋਕ। ਮੋਦੀ-ਸ਼ਾਹ ਦੇ ਲੰਗੋਟੀਏ ਅੰਬਾਨੀ-ਅਡਾਨੀ ਤਾਂ ਆਉਣੇ ਹੀ ਸਨ, ਹੋਰ ਵੀ ਮੰਨੀਆਂ-ਪ੍ਰਮੰਨੀਆਂ ਹਸਤੀਆਂ ਹਾਜ਼ਰ ਸਨ, ਸਮੇਤ ਰਜਨੀ ਕਾਂਤ ਅਤੇ ਸ਼ਾਹ ਰੁਖ ਖਾਨ ਦੇ। 7 ਗੁਆਂਢੀ ਮੁਲਕਾਂ ਦੇ ਸਤਿਕਾਰਤ ਮੁਖੀ ਵੀ ਸੁਸ਼ੋਭਤ ਸਨ।

72-ਮੈਂਬਰੀ ਜੰਬੋ-ਸਾਈਜ਼ ਵਜ਼ਾਰਤ ਦਾ ਸਹੁੰ ਚੁਕ ਸਮਾਗਮ ਢਾਈ ਘੰਟੇ ਤੋਂ ਵੀ ਵਧੇਰੇ ਸਮੇਂ ਲਈ ਚਲਿਆ। ਬਸ ਓਹੀ ਸਹੁੰ ਦੀ ਭਾਸ਼ਾ ਤੇ ਨਵੇਂ ਚੇਹਰੇ। ਜਿਵੇਂ ਵਿਸ਼ਵ-ਵਿਦਿਆਲਿਆਂ ਵਿਚ ਸੈਂਕੜੇ ਡਿਗਰੀ ਹੋਲਡਰਾਂ ਨੂੰ ਕਨਵੋਕੇਸ਼ਨ ਮੌਕੇ ਇਕ ਪ੍ਰਮਾਣਿਕ ਟੈਕਸਟ ਪੜ੍ਹ-ਪੜ੍ਹ ਵਖ-ਵਖ ਚਿਹਰਿਆਂ ਨੂੰ ਡਿਗਰੀਆਂ ਦਿਤੀਆਂ ਜਾਂਦੀਆਂ ਹਨ। ਅਜਿਹੇ ਸਮਾਗਮ 'ਸੋਬਰ' ਤਾਂ ਹੁੰਦੇ ਹਨ ਪਰ ਰੋਚਕ ਬਿਲਕੁਲ ਨਹੀਂ।

ਸ਼ੁਰੂ ਸ਼ੁਰੂ ਵਿਚ ਤਾਂ ਵਾਹਵਾ 'ਮੋਦੀ ਮੋਦੀ...' ਦੀ ਮੁਹਾਰਨੀ ਉਚਾਰੀ ਜਾਂਦੀ ਰਹੀ ਤੇ ਉਹ ਵੀ ਖੂਬ ਗਲਾ ਫਾੜ-ਫਾੜ ਕੇ। ਫਿਰ ਥਕਾਵਟ ਜਿਹੀ ਹੋ ਗਈ ਲਗੀ। ਫਿਰ ਅਕੇਵਾਂ ਜਿਹਾ। ਫਿਰ ਗਰਮੀ ਜਿਹੀ ਅਤੇ ਕਈ ਵਡੇ ਲੋਕ ਪੱਖੀਆਂ ਝਲਦੇ ਨਜ਼ਰ ਆਏ। ਕੁਝ ਤਾਂ ਅਖੀਰ ਜਿਹੇ ਵਿਚ ਉਠਣ ਵੀ ਲਗ ਪਏ ਸਨ।

ਬਈ ਆਪਣਾ ਨਹੀਂ ਤਾਂ 7 ਮੁਲਕਾਂ ਦੇ ਮੁਖੀਆਂ 'ਤੇ ਹੀ ਤਰਸ ਖਾਉ! ਸੁੱਕਣੇ ਪਾਈ ਰਖਿਆ ਵਿਚਾਰਿਆਂ ਨੂੰ। ਉਹ ਤਾਂ ਆ ਵੀ ਪਹਿਲਾਂ ਹੀ ਗਏ ਸਨ। ਬਾਕੀ ਜਣੇ ਉਨ੍ਹਾਂ ਤੋਂ ਵੀ ਪਹਿਲਾਂ ਕੁਰਸੀਆਂ ਉਪਰ ਬੈਠ ਗਏ ਸਨ। ਇੱਕ ਹਾਈ-ਫਾਈ ਸਮਾਗਮ ਦੇ ਸਕਿਉਰਿਟੀ ਪਰੋਟੋਕੋਲ ਕਰਕੇ।

ਅਸੀਂ ਤਾਂ ਆਪ ਟੀਵੀ ਅਗੇ ਬੈਠੇ ਬੈਠੇ ਥੱਕ ਗਏ। ਹੁਣ ਮੁਕ, ਹੁਣ ਮੁਕ ਸੋਚ-ਸੋਚ ਅੱਕ ਗਏ। ਪਰ 72 ਜਣਿਆਂ ਨੇ ਦੋ-ਦੋ ਸਹੁੰਆਂ ਖਾਣੀਆਂ ਸਨ, ਇੱਕ ਅਹੁਦੇ ਦੀ ਅਤੇ ਦੂਜੀ 'ਸੀਕਰੇਸੀ' ਦੀ। ਟਾਈਮ ਤਾਂ ਲਗਣਾ ਹੀ ਸੀ। ਪ੍ਰਧਾਨ ਮੰਤਰੀ ਤੋਂ ਇਲਾਵਾ 30 ਕੈਬਨਟ ਮੰਤਰੀ, 5 ਰਾਜ ਮੰਤਰੀ (ਪੂਰਾ ਵਿਭਾਗੀ ਇਖਤਿਆਰ) ਅਤੇ 36 ਰਾਜ ਮੰਤਰੀ।

ਭਲਾ ਇਹ ਜੰਬੋ ਸਾਈਜ਼ ਵਜ਼ਾਰਤ ਪੈਦੀ ਸਟੇ ਕਿਉਂ ਬਣਾਈ ਗਈ। 'ਟੂ ਕੀਪ ਦਿ ਫਲੌਕ ਟੂਗੈਦਰ' (ਸਮੂਹ ਨੂੰ ਇਕੱਠਾ ਰਖਣ ਲਈ)। ਇਹ ਮੁਹਾਵਰਾ ਹੈ, ਅਸੀਂ ਸੰਸਦ ਮੈਂਬਰਾਂ ਲਈ ਕੋਈ ਮੈਟਾਫਰ ਨਹੀਂ ਵਰਤ ਰਹੇ, ਵਰਤ ਸਕਦੇ ਈ ਨਹੀਂ!

24 ਪ੍ਰਾਂਤਾਂ ਨੂੰ ਨੁਮਾਇੰਦਗੀ ਦਿਤੀ ਗਈ ਹੈ, ਦਿੱਲੀ ਅਤੇ ਗੋਆ ਵਰਗਿਆਂ ਨੂੰ ਵੀ ਇੱਕ ਇੱਕ ਮੰਤਰੀ ਪਦ ਦੇ ਕੇ। ਸਭ ਸਹਿਯੋਗੀਆਂ ਨੂੰ ਕੁਝ ਨਾ ਕੁਝ ਦਿਤਾ ਗਿਆ ਹੈ। ਜਾਣੀ ਜੋ ਆਵੇ ਸੋ ਰਾਜ਼ੀ ਜਾਵੇ! ਲੈ ਆਪਣਾ ਬਿੱਟੂ ਰਵਨੀਤ ਸਿੰਘ, ਲੁਧਿਆਣੇ ਤੋਂ ਚੋਣ ਹਾਰ ਕੇ ਵੀ ਰਾਜ ਮੰਤਰੀ ਬਣ ਗਿਆ! ਦਾਦਾ ਜੀ ਬੇਅੰਤ ਸਿੰਘ ਦੀ ਕੁਰਬਾਨੀ ਰਾਸ ਆ ਗਈ। ਜਾਂ ਫਿਰ ਦਾਦਾ ਜੀ ਵਲੋਂ ਅੱਤਵਾਦ ਵਿਰੁਧ ਵਿਢੀ ਲੜਾਈ ਲਾਹਾ ਦੇ ਗਈ। ਵਿਚਾਰਾ ਤਰਨਜੀਤ ਸਿੰਘ ਸੰਧੂ, ਜੋ ਅਮਰੀਕਾ ਵਰਗੇ ਮੁਲਕ ਦਾ ਰਾਜਦੂਤ ਰਿਹੈ, ਜਿਸ ਦੇ ਪਿਤਾ ਜੀ ਬਿਸ਼ਨ ਸਿੰਘ ਸਮੁੰਦਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪਹਿਲੇ ਉਪ-ਕੁਲਪਤੀ ਸਨ (ਸਾਨੂੰ ਉਨ੍ਹਾਂ ਤੋਂ ਵਿਦਿਆਰਥੀ ਵਜੋਂ ਇਨਾਮ ਲੈਣ ਦਾ ਮਾਣ ਹਾਸਲ ਹੈ), ਅਤੇ ਜਿਸ ਦੇ ਦਾਦਾ ਜੀ ਤੇਜਾ ਸਿੰਘ ਸਮੁੰਦਰੀ, ਜਿਨ੍ਹਾਂ ਨੇ ਗੁਰਦਵਾਰਾ ਸੁਧਾਰ ਲਹਿਰ ਵਿਚ ਪ੍ਰਮੁੱਖ ਰੋਲ ਨਿਭਾਇਆ ਸੀ ਅਤੇ ਸਿਰਫ 44 ਸਾਲ ਦੀ ਉਮਰ ਵਿਚ ਲਾਹੌਰ ਦੀ ਜੇਲ੍ਹ ਵਿਚ ਸੁਰਗ ਸਿਧਾਰ ਗਏ ਸਨ, ਹੱਥ ਹੀ ਮਲਦਾ ਰਹਿ ਗਿਆ। ਭਾਜਪਾ ਨੂੰ ਇਕ ਜੱਟ ਸਿੱਖ ਚਿਹਰਾ ਚਾਹੀਦਾ ਸੀ। ਹੈ ਤਾਂ ਦੋਵੇਂ ਜੱਟ ਸਿੱਖ, ਪਰ ਇੱਕ ਸੰਜੀਦਾ ਸਾਬਕਾ ਡਿਪਲੋਮੈਟ ਹੈ ਅਤੇ ਦੂਸਰਾ (ਚਲੋ ਛਡੋ! ਤੁਸੀਂ ਸਾਰੇ ਜਾਣਦੇ ਹੀ ਹੋ)।

ਨਾਲੇ ਭਾਜਪਾ ਨੇ ਗੁਰਦਵਾਰਾ ਸੁਧਾਰ ਲਹਿਰ ਤੋਂ ਕੀ ਲੈਣਾ? ਉਹ ਤਾਂ ਅੱਤਵਾਦ ਦੀ ਲੜਾਈ ਵਿਚ ਬੰਬ ਨਾਲ ਉਡਾਏ ਗਏ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤੇ ਨੂੰ ਹੀ ਪਹਿਲ ਦੇਣਗੇ। ਇਸ ਨਾਲ ਇੱਕ ਤੀਰ ਦੋ ਨਿਸ਼ਾਨੇ ਹੋ ਜਾਂਦੇ ਹਨ। ਪਹਿਲਾ, ਬਿੱਟੂ ਮਸਲਿਆਂ ਉਪਰ ਲੜਾਈ ਲਈ ਜਾਣਿਆ ਜਾਂਦੈ, ਦੂਸਰਾ ਇਸ ਨਾਲ ਹਿੰਦੂ ਪੱਖ ਵੀ ਸੰਤੁਸ਼ਟ ਹੁੰਦੈ ਕਿਉਂਕਿ ਅੱਤਵਾਦ ਵਿਰੁਧ ਲੜਾਈ ਸਾਰੇ ਹੀ ਚਾਹੁੰਦੇ ਹਨ।

ਹੋ ਸਕਦੈ ਕਿ ਤਰਨਜੀਤ ਸਿੰਘ ਸੰਧੂ ਨੂੰ ਵਜ਼ਾਰਤ ਵਿਚ ਕਿਸੇ ਵਕਤ ਵਾਧਾ ਕਰਨ ਵੇਲੇ ਜਾਂ ਹੋਰ ਕਿਧਰੇ ਐਡਜਸਟ ਕੀਤਾ ਜਾਵੇ।

ਜਾਤ-ਸਮੀਕਰਨ ਦਾ ਬੜਾ ਖਿਆਲ ਰਖਿਆ ਗਿਐ। ਝਟਕਾ ਲਗਾ ਹੈ ਨਾ। 303 ਤੋਂ 240 ਤੇ ਆ ਗਈ ਭਾਜਪਾ! ਜਾਣੀ ਜਾਦੂਈ ਅੰਕੜਾ 272 ਤਕ ਅਪੜਨ ਲਈ ਗਠਬੰਧਨ ਦੇ ਸਹਿਯੋਗੀਆਂ ਉਪਰ ਆਸਰਤ ਹੋ ਗਈ। ਇਸ ਲਈ 27 ਓ.ਬੀ.ਸੀ, 10 ਅਨੁਸੂਚਿਤ ਜਾਤੀਆਂ ਅਤੇ 5 ਅਨੁਸੂਚਿਤ ਜਨਜਾਤੀਆਂ ਦੇ ਸੰਸਦ ਮੈਂਬਰਾਂ ਨੂੰ ਵਜ਼ਾਰਤ ਵਿਚ ਸ਼ਾਮਿਲ ਕੀਤਾ ਗਿਆ।

ਬੇਸ਼ਕ ਭਾਜਪਾ ਨੇ ਆਪਣੇ ਪਿਛਲੇ ਵਡੇ ਮਹਿਕਮਿਆਂ ਵਾਲੇ ਸੀਨੀਅਰ ਵਜ਼ੀਰ ਇਸ ਵਾਰ ਵੀ ਕੈਬਨਿਟ ਵਿਚ ਸ਼ਾਮਿਲ ਕੀਤੇ ਹਨ ਅਤੇ ਪੂਰੀ ਸੰਭਾਵਨਾ ਹੈ ਕਿ ਉਨ੍ਹਾਂ ਨੂੰ ਪਹਿਲੇ ਵਾਲੇ ਮੰਤਰਾਲੇ ਹੀ ਸੌਂਪੇ ਜਾਣਗੇ, ਗਠਬੰਧਨ ਵਿਚਲੀਆਂ ਪਾਰਟੀਆਂ ਚੋਂ ਨਿਤੀਸ਼ ਕੁਮਾਰ ਦੀ ਜਨਤਾ ਦਲ (ਯੁਨਾਈਟਿਡ) 6 ਮੰਤਰੀਪਦ ਲੈ ਗਿਆ, ਚੰਦਰ ਬਾਬੂ ਨਾਇਡੂ ਦੀ ਤੇਲਗੂ ਦੇਸਮ ਪਾਰਟੀ 3।

ਬਾਕੀ ਚਿਰਾਗ ਪਾਸਵਾਂ ਸਣੇ ਹਰ ਜਣੇ ਨੂੰ ਮੰਤਰੀ ਦੀ ਪਦਵੀ ਮਿਲੀ। ਸਹਿਯੋਗੀ ਦਲਾਂ ਨੂੰ ਕੁੱਲ 11 ਮੰਤਰੀਪਦ ਮਿਲੇ ਜਦ ਕਿ ਮਹਿਲਾ ਮੰਤਰੀਆਂ ਦੀ ਗਿਣਤੀ ਇਸ ਵਾਰ 10 ਤੋਂ 7 ਰਹਿ ਗਈ।

ਭਾਜਪਾ ਨੇ ਆਪਣੇ ਪੁਰਾਣੇ ਅਤੇ ਨਵੇਂ ਚਿਹਰਿਆਂ ਦਾ ਰਲੇਵਾਂ ਕੀਤਾ, ਤਜਰਬੇ ਅਤੇ ਜੋਸ਼ ਦਾ। ਵੈਸੇ ਵੀ ਪੁਰਾਣਿਆਂ 'ਚੋਂ ਜੇ ਕਿਸੇ ਨੂੰ ਵਜ਼ਾਰਤ 'ਚੋਂ ਬਾਹਰ ਰਖੋ ਤਾਂ ਬੇਲੋੜੀ ਕੁੜੱਤਣ ਹੀ ਪੈਦਾ ਹੁੰਦੀ ਹੈ। ਸੱਤ ਸਾਬਕਾ ਮੁੱਖ ਮੰਤਰੀ ਵੀ ਕੇਂਦਰੀ ਮੰਤਰੀ ਬਣ ਗਏ। ਪਾਰਟੀ ਪ੍ਰਧਾਨ ਨਢਾ ਜੀ ਵੀ ਵਜ਼ਾਰਤ ਵਿਚ ਆ ਗਏ, ਕਿਉਂਕਿ ਬਤੌਰ ਪ੍ਰਧਾਨ ਉਨ੍ਹਾਂ ਦਾ ਕਾਰਜਕਾਲ ਸਮਾਪਤ ਹੋਣ ਵਾਲਾ ਹੈ।

ਹਮੀਰਪੁਰ ਤੋਂ ਚੌਥੀ ਵਾਰ ਸੰਸਦ ਮੈਂਬਰ ਬਣੇ ਅਨੁਰਾਗ ਠਾਕੁਰ, ਜੋ ਐਨ.ਡੀ.ਏ.-2. ਵਿਚ ਵਜ਼ੀਰ ਸਨ, ਨੂੰ ਐਨ.ਡੀ.ਏ.3. 'ਚੋਂ ਬਾਹਰ ਰਖੇ ਜਾਣਾ ਜ਼ਰੂਰ ਰੜਕਦਾ ਹੈ। ਹੋ ਸਕਦੈ ਠਾਕੁਰ ਨੂੰ ਹਿਮਾਚਲ ਪ੍ਰਦੇਸ਼ ਵਿਚ ਵਧੇਰੇ ਜ਼ਿੰਵੇਵਾਰੀ ਸੌਂਪੀ ਜਾਵੇ। ਸਿਮ੍ਰਤੀ ਇਰਾਨੀ, ਜੋ ਇਸ ਵਾਰ ਹਾਰ ਗਈ, ਵਜ਼ੀਰ ਬਣਨ ਦੇ ਲਾਇਕ ਸੀ। ਸੋ, ਪੁਰਾਣੇ ਮੰਤਰੀਆਂ 'ਚੋਂ ਕੁੱਲ 7 ਡਰਾਪ ਕੀਤੇ ਗਏ ਹਨ। 11 ਨਵੇਂ ਚਿਹਰੇ ਲਏ ਗਏ ਹਨ।

ਖੈਰ, 3-4 ਪ੍ਰਾਂਤਾਂ ਵਿਚ ਆਉਣ ਵਾਲੀਆਂ ਆਮ ਵਿਧਾਨ ਸਭਾ ਚੋਣਾਂ ਨੂੰ ਮੱਦੇ ਨਜ਼ਰ ਰਖ ਕੇ ਵੀ ਨੁਮਾਇੰਦਗੀ ਦਿਤੀ ਗਈ ਹੈ।

7 ਪ੍ਰਾਤਾਂ ਵਿਚ ਹੋਣ ਵਾਲੀਆਂ 13 ਵਿਧਾਨ ਸਭਾ ਸੀਟਾਂ ਉਪਰ ਹੋਣ ਵਾਲੀਆਂ ਚੋਣਾਂ ਤਾਂ ਤੱਤੇ ਘਾਹ ਹੀ ਐਲਾਨ ਕਰ ਦਿਤੀਆਂ ਗਈਆਂ ਹਨ- 10 ਜੁਲਾਈ ਨੂੰ ਚੋਣ ਅਤੇ ਨਤੀਜੇ 13 ਜੁਲਾਈ ਨੂੰ। ਇਨ੍ਹਾਂ ਵਿਚ ਜਲੰਧਰ ਵੈਸਟ ਦੀ ਸੀਟ ਵੀ ਸ਼ਾਮਿਲ ਹੈ। ਚੋਣ ਅਮਲ ਜੂਨ ਵਿਚ ਹੀ ਸ਼ੁਰੂ ਹੋ ਜਾਣੈ। ਜਾਣੀ 'ਨਿਮਾਜ਼ ਬਖਸ਼ਾਉਂਦੇ 2 ਰੋਜ਼ੇ ਗਲ ਪੁਆ ਬੈਠੇ' ਵਾਲੀ ਗੱਲ ਹੈ! ਅਜੇ ਤਾਂ ਲੋਕ ਸਭਾ ਚੋਣਾਂ ਦੇ ਢਾਈ ਮਹੀਨਿਆਂ ਦੀਆਂ ਚੋਣ ਗਤੀਵਿਧੀਆਂ ਦੀ ਥਕਾਵਟ ਵੀ ਨਹੀਂ ਸੀ ਲੱਥੀ ਕਿ ਚੋਣ ਕਮਿਸ਼ਨ ਨੇ ਗਿਲ ਦਬਦਿਆਂ 13 ਵਿਧਾਨ ਸਭਾ ਸੀਟਾਂ ਦੀ ਚੋਣਾਂ ਦਾ ਐਲਾਨ ਕਰ ਮਾਰਿਆ।

ਖੈਰ, ਦੇਖਦੇ ਹਾਂ ਕਿ ਐਡੀ ਵਡੀ ਵਜ਼ਾਰਤ ਵਿਚ ਕਿਹੜਾ ਮੰਤਰਾਲਾ ਕਿਸ ਨੂੰ ਮਿਲਦੈ? ਫੈਸਲਾ ਹੋਣ ਹੀ ਵਾਲਾ ਹੋਣੈ। ਇਹ ਲੇਖ ਛਪਣ ਤੋਂ ਪਹਿਲਾਂ ਹੋ ਜਾਵੇਗਾ। ਲੇਖ ਸਮੇਟਣ ਸਮੇਂ (10 ਜੂਨ ਸ਼ਾਮ ਨੂੰ) ਮੋਦੀ ਕੈਬਨਿਟ ਦੀ ਪਲੇਠੀ ਮੀਟਿੰਗ ਹੋ ਰਹੀ ਸੀ।

ਅੰਗਰੇਜ਼ੀ ਟ੍ਰਿਬਿਊਨ ਤੋਂ 'ਮੋਦੀ ਦਾ ਕੁਲੀਸ਼ਨ ਕਨਸਰਟ ਆਨ' ਦਾ ਸਿਰਲੇਖ ਉਧਾਰਾ ਲੈਂਦਿਆਂ, ਅਸੀਂ ਮਿਰਜ਼ਾ ਗਾਲਿਬ ਦੇ ਸ਼ੇਅਰ ਨਾਲ ਆਪਣੀ ਗੱਲ ਮੁਕਾਉਂਦੇ ਹਾਂ-

"ਬਾਜ਼ੀਚਾ-ਏ-ਅਫਤਾਲ* ਹੈ ਦੁਨੀਆਂ ਮੇਰੇ ਆਗੇ,
ਹੋਤਾ ਹੈ ਸ਼ਬ-ਓ-ਰੋਜ਼** ਤਮਾਸ਼ਾ ਮੇਰੇ ਆਗੇ"!

(*ਬੱਚਿਆਂ ਦੀਆਂ ਛੋਟੀਆਂ-ਮੋਟੀਆਂ ਖੇਡਾਂ, **ਰਾਤ-ਦਿਨ, ਭਾਵ ਹਰ ਦਿਨ)

# ਲੋਕ ਸਭਾ ਚੋਣਾਂ ਦੇ ਨਤੀਜੇ ਤੇ ਮੋਦੀ ਸਾਹਿਬ ਦਾ ਚਿਹਰਾ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਜੇ ਕਿਸੇ ਨੇ 2024 ਦੀਆਂ ਲੋਕ ਸਭਾ ਚੋਣਾਂ ਦਾ ਕੱਚ-ਸੱਚ ਨਿਤਾਰਨਾ ਹੋਵੇ ਤਾਂ ਪੰਡਤ ਨਹਿਰੂ ਤੇ ਇੰਦਰਾ ਗਾਂਧੀ ਵਰਗਿਆਂ ਦੀ 70 ਸਾਲ ਦੀ ਪ੍ਰਾਪਤੀ ਨੂੰ ਆਪਣੇ ਸੱਤ ਸਾਲਾਂ ਨਾਲ ਤੋਲਣ ਵਾਲੇ ਤੇ ਰਾਹੁਲ ਗਾਂਧੀ ਨੂੰ ਵਿਅੰਗ ਨਾਲ ਸ਼ਹਿਜ਼ਾਦਾ ਕਹਿਣ ਵਾਲੇ ਨਰਿੰਦਰ ਮੋਦੀ ਦੀ ਮੱਤਦਾਨ ਤੋਂ ਪਿੱਛੋਂ ਤੀਜੀ ਵਾਰ ਪ੍ਰਧਾਨ ਮੰਤਰੀ ਬਣਨ ਵਾਲੇ ਚਿਹਰੇ ਦੀ ਸ਼ਰਮ ਵੇਖਣੀ ਕਾਫੀ ਹੈ। ਜਦੋਂ ਮੋਦੀ ਸਾਹਬ ਆਪਣੇ ਕਾਰਜ ਕਾਲ ਵਿਚ ਪੁਲਾੜ ਵਿਗਿਆਨੀਆਂ ਦੀ ਚੰਦਰਮਾ ਤੱਕ ਪਹੁੰਚ ਦਾ ਜ਼ਿਕਰ ਵੀ ਕਰਦੇ ਹਨ ਤਾਂ ਉਨ੍ਹਾਂ ਦਾ ਮਨ ਇੰਟਰਨੈਸ਼ਨਲ ਸਪੇਸ ਰਿਸਰਚ ਆਰਗੇਨਾਈਜ਼ੇਸ਼ਨ ਸਥਾਪਤ ਕਰਨ ਵਾਲੇ ਨਹਿਰੂ ਵੱਲ ਚਲਿਆ ਜਾਂਦਾ ਹੈ। ਹੁਣ ਤਾਂ ਉਨ੍ਹਾਂ ਨੂੰ ਕੌਮੀ ਜਮਹੂਰੀ ਗੱਠਜੋੜ ਵਲੋਂ 400 ਸੀਟਾਂ ਤੇ ਇਨ੍ਹਾਂ ਵਿਚ ਭਾਜਪਾ ਦੀਆਂ 370 ਸੀਟਾਂ ਜੋੜ ਕੇ ਮੱਲਾਂ ਮਾਰਨ ਵਾਲੀ ਗੱਲ ਵੀ ਅੰਦਰੋ ਅੰਦਰੀ ਕੋਸ ਰਹੀ ਹੈ। ਖਾਸ ਕਰਕੇ ਕਾਂਗਰਸ ਪਾਰਟੀ ਵੱਲੋਂ 2019 ਵਿਚ ਕੇਵਲ 15 ਸੀਟਾਂ ਜਿੱਤਣ ਦੇ ਟਾਕਰੇ 2024 ਵਿਚ 60 ਸੀਟਾਂ ਜਿੱਤਣ ਦੇ ਸੰਦਰਭ ਵਿਚ। ਐਨ ਡੀ ਏ ਤੇ ਭਾਜਪਾ ਦੇ ਗਰਾਫ ਦਾ ਥੱਲੇ ਗਿਰਨਾ ਉਨ੍ਹਾਂ ਵਾਸਤੇ ਹੋਰ ਵੀ ਪ੍ਰੇਸ਼ਾਨੀ ਵਾਲੀ ਗੱਲ ਹੈ। ਹੁਣ ਤਾਂ ਜੇ ਕਿਸੇ ਪਾਸਿਓਂ ਥੋੜ੍ਹੀ ਬਹੁਤ ਆਕਸੀਜਨ ਮਿਲਣ ਉਤੇ ਪਹਿਲਾਂ ਵਾਂਗ ਹਿੱਕ ਥਾਪੜ ਕੇ ਗਲ ਕਰਨਗੇ ਤਾਂ ਰੱਸੀ ਦੇ ਸੜਨ ਉਪਰੰਤ ਵਲ ਨਾ ਜਾਣ ਵਾਲੀ ਗੱਲ ਹੋਵੇਗੀ।

**ਦਾਦਰਾ ਨਗਰ ਹਵੇਲੀ ਤੋਂ ਆਈ ਪ੍ਰਾਹੁਣੀ**

ਮਈ ਮਹੀਨੇ ਦੇ ਅੰਤਲੇ ਦਿਨਾਂ ਵਿਚ ਅਣਜਾਣੇ ਨੰਬਰ ਤੋਂ ਫੋਨ ਆਇਆ ਤਾਂ ਕੋਈ ਰਣਜੀਤ ਕੌਰ ਬੋਲ ਰਹੀ ਸੀ। ਉਹ ਆਪਣੇ ਬੇਟੇ ਸਮੇਤ ਕਿਸੇ ਵੱਡੇ ਟੋਲੇ ਨਾਲ ਦਾਦਰਾ ਦੀ ਰਾਜਧਾਨੀ ਸਿਲਵਾਸਾ ਤੋਂ ਮਨਾਲੀ ਜਾ ਰਹੀ ਸੀ। ਪੁੱਛਣ 'ਤੇ ਪਤਾ ਲੱਗਿਆ ਉਹ ਮੇਰੀ ਨਾਨੀ ਵਲੋਂ ਪਾਲੇ ਗਏ ਉਸ ਮੁਸਲਮਾਨ ਬੱਚੇ ਦੀ ਧੀ ਸੀ ਜਿਸਨੂੰ ਅਗਸਤ 1947 ਵਿਚ ਮੇਰਾ ਨਾਨਾ ਫਤਿਹਗੜ੍ਹ ਸਾਹਿਬ ਨੇੜਲੇ ਪਿੰਡ ਅਬਦੁਲਪੁਰ ਤੋਂ ਆਪਣੇ ਕਤਲ ਹੋਏ ਮਾਪਿਆਂ ਕੋਲ ਰੋ ਰਹੇ ਨੂੰ ਚੁੱਕ ਲਿਆਇਆ ਸੀ। ਮੇਰੀ ਨਾਨੀ ਨੇ ਉਸ ਬੱਚੇ ਨੂੰ ਵੀ ਆਪਣੇ ਬੱਚਿਆਂ ਵਾਂਗ ਪਾਲਿਆ। ਬਾਹਰੋਂ ਆਏ ਬੱਚੇ ਦਾ ਨਾਂ ਰਾਮ ਸਿੰਘ ਰੱਖ ਕੇ ਨਾਨੀ ਉਸਨੂੰ ਸਾਡੇ ਸਾਰਿਆਂ ਨਾਲੋਂ ਵੱਧ ਪਿਆਰ ਕਰਦੀ; ਸ਼ਾਇਦ ਮਾਪਿਆਂ ਬਾਹਰ ਹੋਣ ਕਾਰਨ।

ਜਦ ਮੈਂ ਕਾਲਜ ਦੀ ਪੜ੍ਹਾਈ ਖ਼ਤਮ ਕਰ ਕੇ ਦਿੱਲੀ ਚਲਾ ਗਿਆ ਤਾਂ ਮੈਂ ਰਾਮ ਸਿੰਘ ਨੂੰ ਉਥੇ ਸੱਦ ਕੇ ਨਾਨੀ ਦੇ ਭਰਾਵਾਂ ਕੋਲ ਛਡਾ ਦਿੱਤਾ ਜਿਹੜੇ ਟੈਕਸੀਆਂ ਦੇ ਮਾਲਕ ਸਨ। ਰਾਮ ਸਿੰਘ ਉਰਫ ਰਾਮੂ ਉਨ੍ਹਾਂ ਦੀਆਂ ਟੈਕਸੀਆਂ ਦੀ ਸਾਫ-ਸਫਾਈ ਕਰਦਾ ਡਰਾਈਵਰੀ ਵੀ ਸਿੱਖ ਗਿਆ। ਸਮਾਂ ਪਾ ਕੇ ਅਸੀਂ ਸਾਰਿਆਂ ਨੇ ਉਸਦਾ ਮੁੰਬਈ ਤੋਂ ਉੱਜੜ ਕੇ ਆਈ ਇੱਕ ਯੁਵਤੀ ਨਾਲ ਵਿਆਹ ਕਰਾ ਦਿੱਤਾ ਤੇ ਉਸਦਾ ਨਾਂ ਮਨਜੀਤ ਕੌਰ ਰੱਖ ਲਿਆ ਗਿਆ।

ਮੇਰੀ ਨਾਨੀ ਨੂੰ ਸਿੱਖੀ ਮਰਯਾਦਾ ਉੱਤੇ ਅੰਤਾਂ ਦਾ ਮਾਣ ਸੀ। ਸ਼ਾਇਦ ਇਸ ਲਈ ਕਿ ਉਹ ਨਾਮਧਾਰੀਆਂ ਦੀ ਧੀ ਸੀ। ਮੈਨੂੰ ਕੱਲ੍ਹ ਵਾਂਗ ਚੇਤੇ ਹੈ ਕਿ ਜੇ ਕਦੀ ਮੇਰਾ ਨਾਨਾ ਉਸਨੂੰ ਉੱਚੀ ਨੀਵੀਂ ਗੱਲ ਕਹਿ ਦਿੰਦਾ ਤਾਂ ਨਾਨੀ ਉਸਨੂੰ ਆਪਣਾ ਕੁੱਕਿਆਂ ਵਾਲਾ ਪਿਛੋਕੜ ਦੱਸ ਕੇ ਚੁਪ ਕਰਾ ਦਿੰਦੀ। ਰਾਮ ਸਿੰਘ ਦੇ ਮਨ ਵਿਚ ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੇ ਬੰਦਾ ਬਹਾਦਰ ਦੀ ਸੂਰਮਗਤੀ ਦਾ ਜਲਵਾ ਭਰਨ ਵਾਲੀ ਵੀ ਉਹੀਓ ਸੀ। ਇਹ ਗੱਲ ਨਾਨੀ ਦੇ ਦਿੱਲੀ ਵਾਲੇ ਭਰਾਵਾਂ ਤੇ ਮੇਰੇ ਬਿਨਾ ਕਿਸੇ ਨੂੰ ਨਹੀਂ ਪਤਾ ਕਿ ਜਦੋਂ ਉਸਦੀ ਸੱਜ ਵਿਆਹੀ ਵਹੁਟੀ ਨੂੰ ਪਤਾ ਲੱਗਿਆ ਕਿ ਰਾਮ ਸਿੰਘ ਮੁਸਲਮਾਨਾਂ ਦੀ ਔਲਾਦ



ਜਸਬੀਰ ਕੌਰ, ਰਣਜੀਤ ਕੌਰ ਅਤੇ ਲੇਖਕ ਦੀ ਪਤਨੀ

ਹੈ ਤਾਂ ਮਨਜੀਤ ਉਸਨੂੰ ਪਤਿਤ ਹੋਣ ਦੀ ਸਲਾਹ ਦੇ ਬੈਠੀ ਸੀ। ਇਸ ਗੱਲ ਨੇ ਰਾਮ ਸਿੰਘ ਨੂੰ ਏਨਾ ਖ਼ਫਾ ਕੀਤਾ ਕਿ ਜੇ ਨਾਨੀ ਦਾ ਦਿੱਲੀ ਵਾਲਾ ਪਰਿਵਾਰ ਦਖ਼ਲ ਨਾ ਦਿੰਦਾ ਤਾਂ ਤੋੜ ਵਿਛੋੜਾ ਹੋ ਸਕਦਾ ਸੀ।

ਸਮਾਂ ਪਾ ਕੇ ਮਨਜੀਤ ਕੌਰ ਨੇ ਵੀ ਰਾਮ ਸਿੰਘ ਵਾਲੀ ਭਾਵਨਾ ਅਪਣਾ ਲਈ। ਉਨ੍ਹਾਂ ਦੇ ਘਰ ਚਾਰ ਧੀਆਂ ਅਤੇ ਤਿੰਨ ਪੁੱਤਰਾਂ ਨੇ ਜਨਮ ਲਿਆ ਤਾਂ ਉਨ੍ਹਾਂ ਨੇ ਸਾਰੇ ਬੱਚਿਆਂ ਦੇ ਨਾਂ ਨਾਲ ਕੌਰ ਤੇ ਸਿੰਘ ਲਾਇਆ। ਮੈਨੂੰ ਵੀਰ ਜੀ ਕਹਿ ਕੇ ਆਪਣਾ ਨਾਂ ਰਣਜੀਤ ਕੌਰ ਦੱਸਣ ਵਾਲੀ ਵੀ ਉਨ੍ਹਾਂ ਵਿਚੋਂ ਹੀ ਸੀ। ਰਾਮ ਸਿੰਘ ਤੇ ਮਨਜੀਤ ਕੌਰ ਦੇ ਵਿਆਹ ਤੋਂ 4-5 ਸਾਲ ਪਿੱਛੋਂ ਮਨਜੀਤ ਨੇ ਆਪਣੇ ਮੁੰਬਈ ਵਾਲੇ ਮਾਪੇ ਵੀ ਲੱਭ ਲਏ ਤੇ ਉਨ੍ਹਾਂ ਨਾਲ ਮੇਲ ਜੋਲ ਬਣਾ ਲਿਆ। ਏਥੋਂ ਤੱਕ ਕਿ ਰਾਮ ਸਿੰਘ ਦੇ ਬੱਚੇ ਵੀ ਆਪਣੇ ਨਾਨਕੇ ਘਰ ਜਾਣ ਲੱਗ ਪਏ। ਦੋ ਬੱਚੇ ਤਾਂ ਪੱਕੇ ਤੌਰ 'ਤੇ ਮੁੰਬਈ ਚਲੇ ਗਏ। ਰਣਜੀਤ ਨੂੰ ਦਾਦਰਾ ਨਗਰ ਹਵੇਲੀ ਦੇ ਨੌਜਵਾਨ ਨਾਲ ਵਿਆਹ ਕੇ ਸਿਲਵਾਸਾ ਭੇਜਣ ਵਾਲੇ ਵੀ ਉਹੀਓ ਸਨ।

ਰਾਮ ਸਿੰਘ ਦੇ ਸੁਭਾਅ ਕਾਰਨ ਉਸਨੂੰ ਪਸੰਦ ਕਰਨ ਵਾਲੇ ਵੀ ਬਹੁਤ ਸਨ। ਉਹ ਬਿਰਲਿਆਂ ਦਾ ਡਰਾਈਵਰ ਬਣ ਕੇ ਸਤਨਾ ਵੀ ਰਿਹਾ ਤੇ ਰਾਂਚੀ ਵੀ। ਉਸਦੇ ਦੋ ਬੱਚੇ ਉੱਤਰ ਪ੍ਰਦੇਸ਼ ਤੇ ਬਿਹਾਰ ਦੇ ਜੰਮਪਲ ਹਨ। ਦੋ ਧੀਆਂ ਅਮਲੋਹ ਤੇ ਨੂਰਮਹਿਲ ਵਿਆਹੀਆਂ ਹੋਈਆਂ ਹਨ। ਸਤਿੰਦਰ ਕੌਰ ਤੇ ਸਤਿਬੀਰ ਕੌਰ। ਉਨ੍ਹਾਂ ਵਿਚੋਂ ਸਤਿਬੀਰ ਤਾਂ ਪੰਜ ਕਕਾਰ ਦੀ ਪੱਕੀ ਹੈ ਤੇ ਸਦਾ ਕਿਰਪਾਨ ਪਹਿਨ ਕੇ ਰੱਖਦੀ ਹੈ। ਮੈਂ ਉਨ੍ਹਾਂ ਦੇ ਬੱਚਿਆਂ ਨੂੰ ਵੀ ਜਾਣਦਾ ਹਾਂ। ਜਦੋਂ ਮਈ ਮਹੀਨੇ ਰਣਜੀਤ ਚੰਡੀਗੜ੍ਹ ਵਿਚੋਂ ਲੰਘਦਿਆਂ ਸਾਰਿਆਂ ਨੂੰ ਮਿਲੀ ਤਾਂ ਮੇਰੀ ਵੀ ਮੁਲਾਕਾਤ ਹੋ ਗਈ। ਮੈਂ ਰਣਜੀਤ ਨੂੰ ਪਹਿਲੀ ਵਾਰ ਮਿਲਿਆ। ਉਸ ਦਿਨ ਪਟਿਆਲਾ ਤੋਂ ਜਸਬੀਰ ਕੌਰ ਵੀ ਮੈਨੂੰ ਮਿਲਣ ਆਈ ਹੋਈ ਸੀ। ਉਹ ਵੀ ਰਣਜੀਤ ਨੂੰ ਮਿਲ ਕੇ ਬੜੀ ਖੁਸ਼ ਹੋਈ। ਮੁੰਬਈ ਰਹਿ ਰਹੀ ਧਰਮਿੰਦਰ ਕੌਰ ਮੈਂ ਅੱਜ ਤੱਕ ਨਹੀਂ ਵੇਖੀ।

1947 ਵਿਚ ਤੁਰ ਗਏ ਮਾਪਿਆਂ ਦੀ ਤਾਂ ਰਾਮ ਸਿੰਘ ਨੂੰ ਵੀ ਯਾਦ ਨਹੀਂ। ਉਸਦੀ ਮਾਂ ਮੇਰੀ ਨਾਨੀ ਹੀ ਸਮਝੋ। ਏਸ ਤਰ੍ਹਾਂ ਪਲੇ ਬੱਚੇ ਦਾ ਬਾਲ ਪਰਿਵਾਰ ਏਨਾ ਵੱਡਾ ਹੋ ਜਾਵੇਗਾ ਕਦੀ ਸੋਚਿਆ ਨਹੀਂ ਸੀ। ਜਾਂਦੇ ਜਾਂਦੇ ਇਹ ਵੀ ਦੱਸ ਦਿਆਂ ਕਿ ਦਿੱਲੀ ਰਹਿੰਦਿਆਂ ਉਹਦੇ ਕੋਲੋਂ ਮੇਰੇ ਬਾਰੇ ਪੁੱਛਿਆ ਜਾਂਦਾ ਤਾਂ ਉਹ ਮੈਨੂੰ ਆਪਣਾ ਭਾਣਜਾ ਸਾਹਿਬ ਦੱਸਦਾ। ਉਹ ਜੋ 2005 ਵਿਚ ਰੱਬ ਨੂੰ ਪਿਆਰਾ ਹੋ ਗਿਆ ਹੈ।

**ਅੰਤਿਕਾ**

ਹਰਬੰਸ ਕੌਰ ਗਿੱਲ॥
ਇਸ ਦੁਨੀਆਂ ਵਿਚ ਸਭ ਤੋਂ ਵੱਡੀ ਹੈ ਏਹੋ ਚੰਗਿਆਈ।
ਮੰਜ਼ਿਲ ਬਿਨ ਬੰਦੇ ਨੂੰ ਕੁੱਝ ਨਾ, ਦੇਵੇ ਹੋਰ ਦਿਖਾਈ।

# ਫੌਹੜੀਆਂ ਵਾਲੀ ਸਰਕਾਰ ਬਨਾਮ ਲੋਕਤੰਤਰ

ਕਿਹਾ ਜਾ ਰਿਹਾ ਹੈ ਕਿ ਦੇਸ਼ ਵਿਚ ਲੋਕਤੰਤਰ ਦੀ ਵੱਡੀ ਜਿੱਤ ਹੋਈ ਹੈ। ਇਹ ਵੀ ਕਿਹਾ ਜਾ ਰਿਹੈ ਕਿ ਆਪਣੇ-ਆਪ ਨੂੰ ਭਾਰਤ ਨੂੰ ਬਚਾਉਣ ਲਈ ਭੇਜੇ ਗਏ "ਰਾਜੇ ਨਰੇਂਦਰ ਮੋਦੀ" ਨੂੰ ਹੁਣ ਪਾਰਲੀਮੈਂਟ ਵਿਚ ਵਿਰੋਧੀ ਧਿਰ ਦੀ ਆਵਾਜ਼ ਵੀ ਸੁਣਨੀ ਪਏਗੀ। ਹੁਣ ਪਾਰਲੀਮੈਂਟ ਵਿਚ ਕਾਨੂੰਨ ਪੂਰੀ ਬਹਿਸ ਅਤੇ ਵਿਚਾਰ ਵਟਾਂਦਰੇ ਤੋਂ ਬਾਅਦ ਬਣਨਗੇ, ਉਵੇਂ ਨਹੀਂ ਜਿਵੇਂ ਪਿਛਲੇ ਦਹਾਕੇ 'ਚ ਮੋਦੀ ਸਰਕਾਰ ਨੇ ਬਣਾਏ ਹਨ। ਇਵੇਂ ਵੀ ਨਹੀਂ ਕਿ ਰਾਤ ਨੂੰ ਸੁਫ਼ਨਾ ਆਇਆ



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਅਤੇ ਨੋਟਬੰਦੀ ਕਰ ਦਿੱਤੀ ਜਾਂ ਬਿਨਾਂ ਕਿਸੇ ਨਾਲ ਸਲਾਹ ਕੀਤਿਆਂ ਨਾਗਰਿਕਤਾ ਕਾਨੂੰਨ (ਸੀਏਏ) ਪਾਸ ਕਰ ਦਿੱਤਾ, ਆਦਿ ਆਦਿ।

ਹੁਣ ਸਵਾਲ ਇਹ ਹੈ ਕਿ ਕੀ ਗੱਠਜੋੜ ਐਨਡੀਏ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਚਮੁੱਚ ਲੋਕਤੰਤਰੀ ਢੰਗ ਅਪਣਾਉਣਗੇ ਜਾਂ ਫਿਰ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਅਤੇ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰ ਬਾਬੂ ਨਾਇਡੂ ਦੀਆਂ ਇਲਾਕਾਈ ਪਾਰਟੀਆਂ ਅਤੇ ਇੰਡੀਆ ਗੱਠਜੋੜ ਦੇ ਸਿਆਸੀ ਦਲਾਂ 'ਚ ਟੁੱਟ-ਭੱਜ ਕਰਕੇ ਆਪਣੇ ਬਲਬੂਤੇ ਆਪਣੀ ਪਾਰਟੀ ਦਾ 272 ਦਾ ਅੰਕੜਾ ਪੂਰਾ ਕਰ ਕੇ ਮੁੜ ਉਹੀ ਕੰਮ ਕਰਨਗੇ, ਜਿਨ੍ਹਾਂ ਦੀ ਆਦਤ ਉਨ੍ਹਾਂ ਨੂੰ ਗੁਜਰਾਤ ਦਾ ਮੁੱਖ ਮੰਤਰੀ ਹੁੰਦਿਆਂ ਜਾਂ ਦੇਸ਼ ਦਾ ਇੱਕ ਦਹਾਕੇ ਦਾ ਪ੍ਰਧਾਨ ਮੰਤਰੀ ਬਣਿਆਂ, ਪੈ ਚੁੱਕੀ ਹੈ।

ਨਰਿੰਦਰ ਮੋਦੀ ਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਤੀਜੀ ਪਾਰੀ ਖੇਡਣਗੇ। ਉਨ੍ਹਾਂ ਦੀ ਸਿਆਸੀ ਧਿਰ ਭਾਰਤੀ ਜਨਤਾ ਪਾਰਟੀ ਨੇ 2024 ਦੀਆਂ ਲੋਕ ਸਭਾ ਚੋਣਾਂ 'ਚ 240 ਸੀਟਾਂ ਪ੍ਰਾਪਤ ਕੀਤੀਆਂ, ਬਿਹਾਰ ਵਾਲੇ ਨਿਤੀਸ਼ ਕੁਮਾਰ ਦੀਆਂ 12 ਅਤੇ ਆਂਧਰਾ ਪ੍ਰਦੇਸ਼ ਦੇ ਚੰਦਰ ਬਾਬੂ ਨਾਇਡੂ ਦੀਆਂ 16, ਬਿਹਾਰ ਦੇ ਪਾਸਵਾਨ ਦੀਆਂ 5 ਸੀਟਾਂ ਅਤੇ ਕੁਝ ਹੋਰ ਛੋਟੇ ਦਲਾਂ ਦੀਆਂ ਸੀਟਾਂ ਲੈ ਕੇ ਉਨ੍ਹਾਂ ਨੇ ਕੇਂਦਰੀ ਵਜ਼ਾਰਤ ਬਣਾਉਣ ਲਈ 272 ਦਾ ਜਾਦੂਈ ਅੰਕੜਾ ਪਾਰ ਕਰ ਕੇ ਫੌਹੜੀਆਂ ਵਾਲੀ ਵਜ਼ਾਰਤ ਦੀ ਅਗਵਾਈ ਕਰਨੀ ਹੈ।

ਚਾਰ ਸੌ ਦਾ ਅੰਕੜਾ ਲੋਕ ਸਭਾ 'ਚ ਪ੍ਰਾਪਤ ਕਰਨ ਦੀਆਂ ਟਾਹਰਾਂ ਮਾਰਨ ਵਾਲੀ ਭਾਜਪਾ ਢਾਈ ਸੌ ਦਾ ਅੰਕੜਾ ਵੀ ਪਾਰ ਨਹੀਂ ਕਰ ਸਕੀ ਅਤੇ ਦੇਸ਼ ਦੀਆਂ 100 ਕਰੋੜ ਵੋਟਾਂ ਵਿਚੋਂ ਪਾਈਆਂ ਗਈਆਂ 62 ਕਰੋੜ ਵੋਟਾਂ ਵਿਚੋਂ ਉਨ੍ਹਾਂ ਦੀ ਪਾਰਟੀ ਇੱਕ ਤਿਹਾਈ ਵੋਟਾਂ ਹੀ ਪ੍ਰਾਪਤ ਕਰ ਸਕੀ ਅਤੇ ਹੁਣ ਦੇਸ਼ ਦੀ ਸਾਸ਼ਕ ਬਣ ਬੈਠੀ ਹੈ। ਪਰ ਹੁਣ ਮੋਦੀ ਦੀ ਮਜਬੂਰੀ ਬਣਦੀ ਜਾ ਰਹੀ ਹੈ ਕਿ ਮੌਜੂਦਾ ਐਨਡੀਏ ਸਰਕਾਰ ਵਿਚ ਭਾਜਪਾ ਨੂੰ ਲੋਕਤੰਤਰੀ ਪ੍ਰਕਿਰਿਆ ਅਪਣਾਉਣੀ ਪਵੇਗੀ।

ਜਾਪਦਾ ਹੈ ਹੁਣ ਸੰਸਦ ਦੀ ਅਹਿਮੀਅਤ ਵਾਪਸ ਆ ਜਾਏਗੀ। ਸੰਸਦ ਦੇ ਅੰਦਰ ਵਿਰੋਧੀ ਧਿਰ ਦੀ ਅਣਦੇਖੀ ਨਹੀਂ ਹੋਏਗੀ, ਕਿਉਂਕਿ ਹੁਣ ਵਰ੍ਹਿਆਂ ਬਾਅਦ ਸੰਸਦ ਵਿਚ ਵਿਰੋਧੀ ਧਿਰ ਦਾ ਨੇਤਾ ਹੋਏਗਾ। ਪਿਛਲੇ ਦਸ ਵਰ੍ਹਿਆਂ 'ਚ ਜਾਪਣ ਲੱਗ ਪਿਆ ਸੀ ਕਿ ਦੇਸ਼ ਵਿਚੋਂ ਲੋਕਤੰਤਰ ਗਾਇਬ ਹੋ ਗਿਆ ਹੈ। ਇਕੋ ਪਾਰਟੀ ਭਾਜਪਾ ਦਾ ਰਾਜ-ਭਾਗ ਵੇਖਣ ਨੂੰ ਮਿਲ ਰਿਹਾ ਸੀ। ਉਸਦੇ ਨੇਤਾ ਭਾਰਤੀ ਸੰਵਿਧਾਨ ਬਦਲਣ ਜਾਂ ਨਵਾਂ ਲਿਖਣ ਦੀਆਂ ਗੱਲਾਂ ਕਰਨ ਲੱਗ ਪਏ ਸਨ। ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੀਆਂ ਤਰਕੀਬਾਂ ਸੋਚੀਆਂ ਜਾਣ ਲੱਗ ਪਈਆਂ ਸਨ।

ਮੋਦੀ ਦੇ ਦੂਜੇ ਦੌਰ 'ਚ ਇਹ ਜਾਪਦਾ ਸੀ ਕਿ ਇਕ ਹੀ ਵਿਅਕਤੀ ਹੱਥ ਦੇਸ਼ ਦੀ ਵਾਗਡੋਰ ਸੀ ਅਤੇ ਉਹ ਹੀ ਅਹਿਮ ਫ਼ੈਸਲੇ ਲੈ ਰਿਹਾ ਹੈ। ਦੇਸ਼ ਵਿਚ ਤਾਨਾਸ਼ਾਹੀ ਵਧ ਰਹੀ ਸੀ। ਪਰ ਦੇਸ਼ ਦੀ ਜਨਤਾ ਨੇ ਇਨ੍ਹਾਂ ਵਿਚਾਰਾਂ ਅਤੇ ਆਪਹੁਦਰੀਆਂ ਕਾਰਵਾਈਆਂ ਨੂੰ ਠੱਲ੍ਹ ਪਾ ਦਿੱਤੀ ਹੈ ਅਤੇ ਦੇਸ਼ ਦੇ ਮੌਜੂਦਾ ਹਾਕਮਾਂ ਨੂੰ ਅਸਲ ਸੱਚਾਈ ਦੇ ਸਨਮੁੱਖ ਕਰ ਦਿੱਤਾ ਹੈ। ਉਹ ਇਹ ਕਿ ਲੋਕਾਂ ਨੂੰ ਫੋਕੇ ਨਾਹਰਿਆਂ ਨਾਲ ਭਰਮਾਇਆ ਨਹੀਂ ਜਾ ਸਕਦਾ। ਦੇਸ਼ ਸਾਹਵੇਂ ਜੋ ਵੱਡੀਆਂ ਸਮੱਸਿਆਵਾਂ ਹਨ, ਉਨ੍ਹਾਂ ਤੋਂ ਦੇਸ਼ ਦੀ ਜਨਤਾ ਮੁਕਤੀ ਚਾਹੁੰਦੀ ਹੈ। ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਗਰੀਬੀ ਮੁਕਤ ਭਾਰਤ ਦੇਸ਼ ਵਾਸੀਆਂ ਦਾ ਸੁਪਨਾ ਹੈ। ਧੱਕ ਧੌਂਸ, ਬੇਇਨਸਾਫ਼ੀ ਵਾਲੀ ਸਿਆਸਤ ਉਨ੍ਹਾਂ ਨੂੰ ਪ੍ਰਵਾਨ ਨਹੀਂ ਹੈ।

ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਇਸ ਵੇਰ ਦੀ ਹਕੂਮਤ ਇਕ ਨਵਾਂ ਤਜਰਬਾ ਹੋਏਗਾ। ਉਨ੍ਹਾਂ ਨੂੰ ਗੱਠਜੋੜ ਸਰਕਾਰ ਦੀ ਅਗਵਾਈ ਕਰਨੀ ਹੋਵੇਗੀ। ਬਿਨਾਂ ਸ਼ੱਕ ਮੋਦੀ ਦਾ ਪ੍ਰਚਾਰਕ, ਭਾਜਪਾ ਦੇ ਜਨਰਲ ਸਕੱਤਰ, ਗੁਜਰਾਤ ਦੇ ਮੁੱਖ ਮੰਤਰੀ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਦੇ ਰੂਪ ਵਿਚ ਆਪਣੇ ਲਗਭਗ 55 ਵਰ੍ਹਿਆਂ ਦੇ ਸਰਵਜਨਕ ਜੀਵਨ ਦਾ ਤਜਰਬਾ ਹੈ, ਪਰ ਇਸ ਵੇਲੇ ਉਹ ਪੂਰੀ ਤਰ੍ਹਾਂ ਇੱਕ ਨਵੀਂ ਖੇਡ 'ਚ ਸ਼ਾਮਲ ਹੋ ਰਹੇ ਹਨ, ਜਿਸ ਤੋਂ ਉਹ ਪੂਰੀ ਤਰ੍ਹਾਂ ਅਣਜਾਣ ਹਨ। ਉਹ ਹੈ ਗੱਠਜੋੜ ਸਰਕਾਰ ਚਲਾਉਣਾ।

ਦੇਸ਼ 'ਚ ਚੋਣਾਂ ਬਾਅਦ ਕੁਝ ਹੱਦ ਤੱਕ ਅਤੇ ਅੰਸ਼ਕ ਰੂਪ 'ਚ ਲੋਕਤੰਤਰ ਦੀ ਬਹਾਲੀ ਹੋਈ ਹੈ। ਭਾਰਤ ਦੇ ਲੋਕਾਂ ਨੇ ਇਸ ਵੇਰ ਕੁਝ ਚੀਜ਼ਾਂ ਹਾਸਲ ਕੀਤੀਆਂ ਹਨ, ਜਿਨ੍ਹਾਂ ਨੂੰ ਕੁਝ ਹਫ਼ਤੇ ਪਹਿਲਾਂ ਅਸੰਭਵ ਗਿਣਿਆ ਜਾਂਦਾ ਸੀ। ਇਸ ਸੰਦਰਭ 'ਚ ਸੋਚਿਆ ਜਾਣ ਲੱਗਾ ਹੈ ਕਿ ਕੀ ਹੁਣ ਲੋਕ ਸਭਾ ਅਤੇ ਰਾਜ ਸਭਾ ਦਾ ਸੰਚਾਲਨ ਨਿਯਮਾਂ ਅਨੁਸਾਰ ਅਤੇ ਸਰਬਸੰਮਤੀ ਨਾਲ ਹੋਏਗਾ?

ਕੀ ਨਵੇਂ ਬਿੱਲ ਲੋਕ ਸਭਾ, ਰਾਜ ਸਭਾ 'ਚ ਬਹਿਸ ਲਈ ਲਿਆਉਣ ਬਾਅਦ ਪਾਸ ਹੋਣਗੇ? ਕੀ ਪਾਰਲੀਮਾਨੀ ਸਬ ਕਮੇਟੀਆਂ ਮੁੜ ਸੁਰਜੀਤ ਹੋਣਗੀਆਂ? ਇਨ੍ਹਾਂ ਗੱਲਾਂ ਦੀ ਸੰਭਾਵਨਾ ਹੁਣ ਵਧ ਗਈ ਹੈ, ਕਿਉਂਕਿ ਵਿਸਾਖੀਆਂ, ਫੌਹੜੀਆਂ ਵਾਲੀ ਸਰਕਾਰ ਹੁਣ ਮਨਮਰਜ਼ੀ ਨਹੀਂ ਕਰ ਸਕੇਗੀ।

ਹੁਣ ਭਾਰਤ ਦੇ ਸੰਵਿਧਾਨ 'ਚ ਉਦੋਂ ਤੱਕ ਸੋਧ ਨਹੀਂ ਕੀਤੀ ਜਾ ਸਕੇਗੀ, ਜਦੋਂ ਤੱਕ ਹਾਕਮ ਧਿਰ ਅਤੇ ਵਿਰੋਧੀ ਧਿਰ 'ਚ ਆਪਸੀ ਸਹਿਮਤੀ ਨਹੀਂ ਬਣੇਗੀ। ਹੁਣ ਤਾਂ ਇਹ ਵੀ ਜਾਪਣ ਲੱਗਾ ਹੈ



ਕਿ ਕੇਂਦਰੀ ਮੰਤਰੀ ਮੰਡਲ ਵਿਚ ਵੀ ਹਰ ਚੀਜ਼ ਬਿਨਾਂ ਵਿਚਾਰ ਪਾਸ ਨਹੀਂ ਹੋਏਗੀ, ਕਿਉਂਕਿ ਐਨਡੀਏ ਦੀ ਹਿੱਸੇਦਾਰ ਨਿਤੀਸ਼ ਕੁਮਾਰ ਅਤੇ ਚੰਦਰ ਬਾਬੂ ਨਾਇਡੂ ਦੇ ਮੰਤਰੀ, ਆਪਣਾ ਵੱਖਰਾ ਦ੍ਰਿਸ਼ਟੀਕੋਣ ਪੇਸ਼ ਕਰਨਗੇ, ਕਿਉਂਕਿ ਇਲਾਕਾਈ ਪਾਰਟੀਆਂ ਵਜੋਂ ਉਨ੍ਹਾਂ ਦੇ ਆਪਣੇ ਹਿੱਤ ਹੋਣਗੇ।

ਇਹ ਹੁਣ ਤੋਂ ਹੀ ਦਿਖਣ ਲੱਗ ਪਿਆ ਹੈ ਕਿਉਂਕਿ ਸਰਕਾਰ ਦੇ ਗਠਨ ਤੋਂ ਪਹਿਲਾਂ ਹੀ 'ਅਗਨੀਵੀਰ ਸਕੀਮ' ਅਧੀਨ ਫੌਜ ਵਿਚ ਭਰਤੀ ਸਬੰਧੀ ਨਿਤੀਸ਼ ਕੁਮਾਰ ਦੀ ਪਾਰਟੀ ਨੇ ਮੁੜ ਵਿਚਾਰ ਕਰਨ ਦੀ ਗੱਲ ਆਖ ਦਿੱਤੀ ਹੈ। ਨਾਇਡੂ ਨੇ 50 ਵਰ੍ਹਿਆਂ ਦੀ ਉਮਰ ਦੇ ਮੁਸਲਮਾਨਾਂ ਨੂੰ ਪੈਨਸ਼ਨਾਂ ਦੇਣ, ਅਤੇ ਮਸਜਿਦਾਂ ਲਈ ਸਰਕਾਰੀ ਸਹਾਇਤਾ ਦਾ ਐਲਾਨ ਕੀਤਾ ਹੋਇਆ ਹੈ। ਹੁਣ ਤਾਂ ਇਹ ਵੀ ਸਪੱਸ਼ਟ ਦਿਖਣ ਲੱਗਾ ਹੈ ਕਿ ਦੇਸ਼ ਦੀ ਸੰਘੀ ਪ੍ਰਣਾਲੀ ਵਧੇਰੇ ਸੁਰੱਖਿਅਤ ਨਜ਼ਰ ਆਏਗੀ ਤੇ ਰਾਜਾਂ ਦੇ ਅਧਿਕਾਰਾਂ ਉਤੇ ਉਸ ਢੰਗ ਨਾਲ ਹਮਲਾ ਨਹੀਂ ਹੋਏਗਾ, ਜਿਵੇਂ ਖੇਤੀ ਕਾਨੂੰਨ ਪਾਸ ਕਰਨ ਵੇਲੇ ਕੀਤਾ ਗਿਆ ਸੀ। ਰਾਜਾਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਗਠਬੰਧਨ 'ਚ ਬੈਠੀਆਂ ਇਲਾਕਾਈ ਪਾਰਟੀਆਂ ਆਪਣਾ ਰੋਲ ਅਦਾ ਕਰਨਗੀਆਂ।

ਲੋਕ ਸਭਾ 2024 ਦੀਆਂ ਚੋਣਾਂ ਨੇ ਬਹੁਤ ਵੱਡੇ ਫ਼ੈਸਲੇ ਦਿੱਤੇ ਹਨ। ਲੋਕਾਂ ਨੇ ਆਪਣੇ ਮਨ ਦੀ ਗੱਲ ਕਹਿ ਦਿੱਤੀ ਹੈ, ਉਹ ਇਹ ਕਿ ਆਮ ਲੋਕ, ਆਜ਼ਾਦੀ, ਆਪਣੇ ਬੋਲਣ ਦੇ ਹੱਕ, ਨਿੱਜੀ ਆਜ਼ਾਦੀ ਆਦਿ ਨੂੰ ਧਰਮ ਨਾਲੋਂ ਵੱਧ ਮਹੱਤਵ ਦਿੰਦੇ ਹਨ। ਸਰਕਾਰ ਨੇ ਦੇਸ਼ ਧ੍ਰੋਹ ਅਤੇ ਮਾਣਹਾਨੀ ਦੇ ਨਾਂਅ 'ਤੇ ਜੋ ਫਰਜ਼ੀ ਮੁਕੱਦਮੇ ਦਾਇਰ ਕੀਤੇ ਹਨ, ਮੁਠਭੇੜ ਅਤੇ ਬੁਲਡੋਜ਼ਰ ਇਨਸਾਫ ਦੀ ਨੀਤੀ ਲਾਗੂ ਕੀਤੀ ਹੈ, ਉਸਨੂੰ ਉਨ੍ਹਾਂ ਨਕਾਰ ਦਿੱਤਾ ਹੈ। ਇਹ ਵੀ ਕਿ ਰਾਮ ਮੰਦਰ, ਸਿਆਸਤ ਤੋਂ ਪਰੇ ਹੈ, ਦੂਰ ਹੈ, ਇਸਦਾ ਇਸਤੇਮਾਲ ਵੋਟ ਪ੍ਰਾਪਤੀ ਲਈ ਕਰਨ 'ਤੋਂ ਲੋਕਾਂ ਨੇ ਨਕਾਰ ਦਿੱਤਾ ਹੈ। ਉਨ੍ਹਾਂ ਸੁਤੰਤਰ ਮੀਡੀਏ ਨੂੰ ਪਹਿਲ ਦਿੱਤੀ ਹੈ, ਸੋਸ਼ਲ ਮੀਡੀਆ ਰਾਹੀਂ ਲੋਕਾਂ ਆਪਣੀ ਗੱਲ ਕਹੀ ਹੈ ਅਤੇ ਇਥੋਂ ਤੱਕ ਕਿ ਗੋਦੀ ਮੀਡੀਆ ਦੇ ਐਗਜ਼ਿਟ ਪੋਲ ਨੂੰ ਵੀ ਲੋਕਾਂ ਨੇ ਪੱਲੇ ਨਹੀਂ ਬੰਨ੍ਹਿਆ।

ਲੋਕ ਇਹ ਨਿਰਣਾ ਕਰਨ 'ਚ ਸਫ਼ਲ ਰਹੇ ਹਨ ਕਿ ਖੇਤਰੀ ਦਲ, ਉਨ੍ਹਾਂ ਦੀਆਂ ਇਲਾਕਾਈ ਮੰਗਾਂ, ਵੀ ਰਾਸ਼ਟਰੀ ਨੇਤਾਵਾਂ ਨੂੰ ਸੁਣਨੀਆਂ ਪੈਣਗੀਆਂ। ਭਾਵੇਂ ਕਿ ਲੋਕਾਂ ਨੇ ਇਹ ਵੀ ਦਰਸਾ ਦਿੱਤਾ ਹੈ ਕਿ ਖੇਤਰੀ ਦਲ ਸੂਬਿਆਂ ਵਿਚ ਵੱਖਰਾ ਅਤੇ ਰਾਸ਼ਟਰੀ ਪੱਧਰ 'ਤੇ ਵੱਖਰਾ ਚਿਹਰਾ ਨਾ ਵਿਖਾਉਣ। ਨਹੀਂ ਤਾਂ ਕੇਂਦਰੀ ਹਾਕਮ ਭਾਜਪਾ ਉਵੇਂ ਹੀ ਇਨ੍ਹਾਂ ਸਿਆਸੀ ਧਿਰਾਂ 'ਤੇ "ਲੋਟਸ ਅਪਰੇਸ਼ਨ" ਰਾਹੀਂ ਭੰਨ ਤੋੜ ਕਰੇਗੀ ਜਿਵੇਂ ਉਨ੍ਹਾਂ ਪਿਛਲੇ ਦਸ ਸਾਲ ਵਿਰੋਧੀ ਧਿਰਾਂ ਦੀਆਂ ਸਰਕਾਰਾਂ ਭੰਗ ਕਰ ਕੇ ਕੀਤਾ ਹੈ।

ਦੇਸ਼ ਦੇ ਲੋਕਤੰਤਰੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਬਣਾਈ ਰੱਖਣ ਲਈ ਆਮ ਲੋਕਾਂ ਦੀ ਵਿਸ਼ੇਸ਼ ਭੂਮਿਕਾ ਹੁੰਦੀ ਹੈ। ਇਸ ਤੱਥ ਨੂੰ ਸਵੀਕਾਰਦਿਆਂ ਦੇਸ਼ ਦੀਆਂ ਵਿਰੋਧੀ ਧਿਰਾਂ ਸਮੇਤ ਕਾਂਗਰਸ ਨੇ ਲੋਕਾਂ ਤੱਕ ਇਹ ਆਵਾਜ਼ ਪਹੁੰਚਾਉਣ ਦਾ ਯਤਨ ਕੀਤਾ ਕਿ ਉਹ ਦੇਸ਼ 'ਚੋਂ ਬੇਰੁਜ਼ਗਾਰੀ ਦੂਰ ਕਰਨਗੇ, ਔਰਤਾਂ ਦਾ ਰਾਖਵਾਂਕਰਨ ਕਾਨੂੰਨ (ਸੰਵਿਧਾਨ ਦੀ 106 ਵੀਂ ਸੋਧ) ਤਤਕਾਲ ਲਾਗੂ ਕਰਨਗੇ, ਮਨਰੇਗਾ ਨੂੰ ਮਜ਼ਬੂਤ ਕਰਨ ਲਈ ਮਜ਼ਦੂਰਾਂ ਦੀ 400 ਰੁਪਏ ਪ੍ਰਤੀ ਦਿਨ ਦਿਹਾੜੀ ਨੀਅਤ ਕਰਨਗੇ, ਸਰਕਾਰੀ ਅਤੇ ਅਰਧ ਸਰਕਾਰੀ ਖੇਤਰਾਂ 'ਚ ਖਾਲੀ 30 ਲੱਖ ਅਸਾਮੀਆਂ ਭਰਨਗੇ, ਅਗਨੀਵੀਰ ਯੋਜਨਾ ਨੂੰ ਖ਼ਤਮ ਕਰਨਗੇ, ਖੇਤੀ ਖੇਤਰ 'ਚ ਕਿਸਾਨਾਂ ਦੇ ਕਰਜ਼ੇ ਮੁਆਫ਼ ਹੋਣਗੇ, ਨਾਗਰਿਕਤਾ ਸੋਧ ਬਿੱਲ ਉਦੋਂ ਤੱਕ ਲਾਗੂ ਨਹੀਂ ਹੋਏਗਾ, ਜਦੋਂ ਤੱਕ ਇਸਦੀ ਸੰਵਿਧਾਨਿਕ ਵੈਧਤਾ ਸੁਪਰੀਮ ਕੋਰਟ ਤੈਅ ਨਹੀਂ ਕਰੇਗਾ ਅਤੇ ਜਾਂਚ ਏਜੰਸੀਆਂ (ਸੀਬੀਆਈ, ਈਡੀ ਆਦਿ) ਨੂੰ ਇੱਕ ਸੰਯੁਕਤ ਸੰਸਦੀ ਕਮੇਟੀ ਦੀ ਨਿਗਰਾਨੀ 'ਚ ਨਹੀਂ ਕੀਤਾ ਜਾਏਗਾ ਆਦਿ, ਆਦਿ।

ਸ਼ਰਤਾਂ ਦੀਆਂ ਬੇੜੀਆਂ 'ਚ ਬੱਝੀ ਮੌਜੂਦਾ ਗੱਠਜੋੜ ਸਰਕਾਰ ਨੂੰ ਲੋਕਾਂ ਦੀਆਂ ਉਪਰੋਕਤ ਮੰਗਾਂ ਵੱਲ ਧਿਆਨ ਤਾਂ ਦੇਣਾ ਹੀ ਹੋਏਗਾ ਅਤੇ ਨਾਲ ਦੀ ਨਾਲ ਭਾਰਤ ਦੇਸ਼ ਦੇ ਲੋਕਾਂ ਦੀਆਂ ਅਹਿਮ ਲੋੜਾਂ ਨੂੰ ਧਿਆਨ 'ਚ ਰੱਖਣਾ ਹੋਏਗਾ। ਸਵੱਛ ਭਾਰਤ, ਵਿਕਸਤ ਭਾਰਤ, ਜਿਹੇ ਫੋਕੇ ਨਾਹਰੇ ਲੋਕਾਂ ਦੇ ਮਨਾਂ ਨੂੰ ਭਰਮਾ ਨਹੀਂ ਸਕੇ। ਨਾ ਹੀ ਉਨ੍ਹਾਂ ਨੂੰ 5 ਕਿਲੋ ਮੁਫ਼ਤ ਅਨਾਜ ਭਾਇਆ ਹੈ, ਕਿਉਂਕਿ ਇਸ ਨਾਲ ਉਨ੍ਹਾਂ ਦਾ ਪੇਟ ਨਹੀਂ ਭਰਦਾ। ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਨਹੀਂ ਹੁੰਦੀਆਂ।

ਇਸ ਵੇਰ ਚੋਣਾਂ 'ਚ ਨਰਿੰਦਰ ਮੋਦੀ ਦੇ ਲਈ ਦਲਿਤਾਂ, ਪਛੜਿਆਂ ਅਤੇ ਆਦਿਵਾਸੀਆਂ ਦਾ ਵੋਟ ਨਹੀਂ ਪਿਆ, ਕਿਉਂਕਿ ਪਿਛਲੇ ਇੱਕ ਦਹਾਕੇ ਦੇ ਮੋਦੀ ਰਾਜ ਵੇਲੇ ਉਨ੍ਹਾਂ ਦੇ ਜੀਵਨ 'ਚ ਕੋਈ ਤਬਦੀਲੀ ਨਹੀਂ ਆਈ। ਉਹ ਅੱਛੇ ਦਿਨਾਂ ਦਾ ਸੁਪਨਾ ਵੀ ਭੁੱਲ ਚੁੱਕੇ ਹਨ, ਭਾਵੇਂ ਕਿ ਇਸ ਦਹਾਕੇ 'ਚ ਵੱਡੇ-ਵੱਡੇ ਰਨ-ਵੇ ਬਣੇ, ਪਿੰਡਾਂ ਦੀਆਂ ਸੜਕਾਂ ਦਾ ਨਿਰਮਾਣ ਵੀ ਹੋਇਆ, ਪਰ ਲੋਕਾਂ ਨੂੰ ਇਸਦਾ ਲਾਭ ਨਹੀਂ ਹੋਇਆ।

ਪਰ ਵੇਖਣ ਵਾਲੀ ਗੱਲ ਇਹ ਹੋਏਗੀ ਕਿ ਅਗਲੇ 100 ਦਿਨਾਂ 'ਚ ਮੋਦੀ ਕੀ ਲੋਕਾਂ ਲਈ ਕੋਈ ਨਿਵੇਕਲਾ, ਅਸਲੀ ਰੋਡ ਮੈਪ ਦੇਣਗੇ, ਆਪਣਾ ਤਾਨਾਸ਼ਾਹੀ ਚਿਹਰਾ ਸੁਧਾਰਨ ਦਾ ਯਤਨ ਕਰਨਗੇ? ਗੱਠਜੋੜ ਭਾਈਵਾਲਾਂ ਦੀ ਗੱਲ ਸੁਣਨਗੇ?

ਅਸਲ 'ਚ ਜਿਨ੍ਹਾਂ ਰਾਹਾਂ 'ਤੇ ਨਰਿੰਦਰ ਮੋਦੀ ਸਰਕਾਰ ਪਿਛਲੇ ਦਹਾਕੇ ਤੁਰੀ, ਉਹਨੂੰ ਲੋਕਤੰਤਰੀ ਨਹੀਂ ਤਾਨਾਸ਼ਾਹੀ ਕਹਿੰਦੇ ਹਨ। ਇਹੋ ਜਿਹੀ ਤਾਨਾਸ਼ਾਹੀ ਨੂੰ ਨੱਥ ਪਾਉਣ ਦੀ ਲੋੜ ਸੀ, ਜੋ ਲੋਕਾਂ ਨੇ ਲੋਕ ਸਭਾ ਚੋਣਾਂ 'ਚ ਪਾ ਦਿੱਤੀ ਹੈ ਅਤੇ ਹਾਕਮ ਅਤੇ ਇਥੋਂ ਤੱਕ ਕਿ ਵਿਰੋਧੀ ਧਿਰਾਂ ਦੇ ਵੀ ਕਈ ਭਰਮ ਭੁਲੇਖੇ ਦੂਰ ਕਰ ਦਿੱਤੇ ਹਨ ਭਾਵੇਂ ਕਿ ਨਰਿੰਦਰ ਮੋਦੀ ਹਾਰਨ ਬਾਅਦ ਵੀ ਇਹ ਕਹਿੰਦੇ ਹਨ, "ਨਾ ਹਮ ਹਾਰੇ ਥੇ ਨਾ ਹਾਰੇ ਹੈਂ।

# ਕੁੱਝ ਰੌਚਕ ਥੱਪੜ-ਕਿੱਸੇ !

ਸਵਰਗੀ ਢਾਡੀ ਗਿਆਨੀ ਦਇਆ ਸਿੰਘ ਦਿਲਬਰ ਪੰਜਵੇਂ ਪਾਤਸ਼ਾਹ ਜੀ ਦੇ ਸ਼ਹੀਦੀ ਪ੍ਰਸੰਗ ਵਿਚ ਜਦ ਚੰਦੂ ਦੀ ਦੁਰਦਸ਼ਾ ਨਾਲ ਹੋਈ ਮੌਤ ਦਾ ਇਤਿਹਾਸ ਸੁਣਾਉਂਦੇ ਤਾਂ ਆਪਣੇ ਲੈਕਚਰ ਨੂੰ ਹੋਰ ਰੌਚਕ ਬਣਾਉਂਦਿਆਂ ਦੱਸਦੇ ਕਿ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਲਾਹੌਰ ਦੇ ਸਥਾਨਕ ਸਿੱਖਾਂ ਨੂੰ ਹੁਕਮ ਕੀਤਾ ਕਿ ਹਰੇਕ ਸਿੱਖ ਚੰਦੂ ਦੇ ਚਾਰ ਛਿੱਤਰ/ਥੱਪੜ ਜ਼ਰੂਰ ਮਾਰੇ...!

ਏਨੀ ਗੱਲ ਕਹਿ ਕੇ ਦਿਲਬਰ ਸਾਹਿਬ ਨੇ ਮੋਹਰੇ



ਤਰਲੋਚਨ ਸਿੰਘ 'ਦੁਪਾਲ ਪੁਰ'
ਫੋਨ: +91-78146-92724

ਬੈਠੀ ਸੰਗਤ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਵਿਅੰਗ-ਸੁਰ 'ਚ ਕਹਿਣਾ- 'ਸੰਗਤ ਜੀ ਤੁਹਾਨੂੰ ਪਤਾ ਈ ਐ ਕਿ 'ਏਹੋ ਜਿਹੇ ਕੰਮਾਂ' ਲਈ ਸਾਡਾ ਭਾਈ ਚਾਰਾ ਪੱਬਾਂ ਭਾਰ ਹੋਇਆ ਹੀ ਰਹਿੰਦਾ ਐ! ਜਿਹੜਾ ਕੋਈ ਲਾਹੌਰੀਆ ਸਿੱਖ ਚੰਦੂ ਦੇ ਸਵੇਰੇ ਚਾਰ ਲਫੇੜੇ ਜੜ ਜਾਵੇ ਉਹ ਘੁੰਮ ਘਿਰ ਕੇ ਦੁਪਹਿਰ ਵੇਲੇ ਫੇਰ ਆਣ ਹਾਜ਼ਰ ਹੋਵੇ-'ਸੱਚੇ ਪਾਤਸ਼ਾਹ ਮੈਂ ਤਾਂ ਹੁਣੇ ਹੁਣੇ ਈ ਆਪ ਦਾ ਹੁਕਮ ਸੁਣਿਆਂ ਐ!'

...ਇਕ ਇਹ ਸਾਖੀ ਵੀ ਸੁਣਾਈ ਜਾਂਦੀ ਹੈ ਕਿ ਦਸਮ ਗੁਰੂ ਜੀ ਨੇ ਬਾਣੀ ਦੀ ਇੱਕ ਤੁਕ ਦਾ ਗਲਤ ਉਚਾਰਣ ਕਰ ਰਹੇ ਕਿਸੇ ਸਿੱਖ ਦੇ ਇੱਕ ਚਪੇੜ ਮਾਰਨ ਲਈ ਕਿਸੇ ਦੂਜੇ ਸਿੱਖ ਨੂੰ ਕਿਹਾ ਤਾਂ ਉਸਨੇ ਜਾ ਕੇ ਵਿਚਾਰੇ ਦੇ ਦੋ-ਤਿੰਨ ਜੜ ਦਿੱਤੀਆਂ! ਮਹਾਰਾਜ ਕਹਿੰਦੇ ਭਾਈ ਤੈਨੂੰ ਇੱਕ ਮਾਰਨ ਲਈ ਕਿਹਾ ਸੀ ਪਰ ਤੂੰ ਤਾਂ...!

...

ਬਾਬੇ ਬਕਾਲ਼ੇ ਵਿਖੇ ਨੌਂਵੇਂ ਸਤਿਗੁਰੂ ਜੀ ਦੇ ਪ੍ਰਗਟ ਹੋਣ ਮੌਕੇ ਧੀਰ ਮੱਲ ਨੇ ਨੌਂਵੇਂ ਪਾਤਸ਼ਾਹ ਦੇ ਘਰ ਉੱਤੇ ਹਮਲਾ ਕਰ ਕੇ ਲੁੱਟ ਮਚਾਈ। ਸੀਂਹੇਂ ਮਸੰਦ ਨੇ ਗੁਰੂ ਸਾਹਿਬ 'ਤੇ ਗੋਲ਼ੀ ਵੀ ਚਲਾਈ। ਜਦ ਮੱਖਣ ਸ਼ਾਹ ਲੁਬਾਣਾ



ਤੇ ਉਹਦੇ ਸਾਥੀਆਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਜਾ ਕੇ ਧੀਰ ਮੱਲ ਨੂੰ ਚਾਹਟਾ ਛਕਾਇਆ ਤੇ ਨਾਲ਼ੇ ਗੁਰੂ ਘਰੋਂ ਲੁੱਟਿਆ ਹੋਇਆ ਸਾਰਾ ਮਾਲ-ਅਸਬਾਬ ਵਾਪਸ ਲੈ ਆਏ! ਕਹਿੰਦੇ ਨੌਂਵੇਂ ਸਤਿਗੁਰਾਂ ਨੇ 'ਭਲੋ ਧੀਰ ਭਲੋ' ਫੁਰਮਾਇਆ ਤੇ ਲਿਆਂਦਾ ਹੋਇਆ ਸਾਰਾ ਮਾਲ-ਮੱਤਾ ਧੀਰ ਮੱਲ ਦੇ ਡੇਰੇ ਪਹੁੰਚਾਇਆ! ਉਸ ਸਮਾਨ ਵਿਚੋਂ ਸਿਰਫ ਬਾਣੀ ਦੀ ਇੱਕ ਪੋਥੀ ਰੱਖੀ ਜੋ ਮਾਤਾ ਨਾਨਕੀ ਜੀ ਨੂੰ ਸੌਂਪ ਦਿੱਤੀ!

...

ਪੰਜਾਬ ਵਿਚ ਸੜਕ ਉੱਤੇ ਕੋਈ ਐਕਸੀਡੈਂਟ ਹੋਇਆ ਹੋਵੇ ਤਾਂ ਵੱਡੀ ਗੱਡੀ ਵਾਲ਼ਾ ਭਾਵੇਂ ਬੇਕਸੂਰ ਹੀ ਹੋਵੇ ਪਰ ਉਹ ਉੱਥੇ ਇਕੱਤਰ ਹੋਈ ਭੀੜ ਦੇ ਥੱਪੜਾਂ ਤੋਂ ਡਰਦਾ ਹੋਇਆ ਦੁਰਘਟਨਾ ਸਥਾਨ ਤੋਂ ਰਫੂ ਚੱਕਰ ਹੋ ਜਾਂਦਾ ਐ!

...

ਕੈਲੇਫੋਰਨੀਆ ਦੇ ਸੈਨਹੋਜ਼ੇ ਸ਼ਹਿਰ ਜਿੱਥੇ ਅਸੀਂ ਰਹਿੰਦੇ ਹਾਂ ਸਾਡਾ ਦੋਹਤਾ ਗੋਰਿਆਂ ਮੈਕਸੀਕਿਆਂ ਦੇ ਬੱਚਿਆਂ ਨਾ਼ਲ ਪਾਰਕ ਵਿਚ ਖੇਡਦਾ ਰਹਿੰਦਾ ਹੈ। ਇਕ ਦਿਨ ਉਹ ਖੇਡਣਾ ਛੱਡ ਕੇ 'ਡੁਸ ਡੁਸ' ਕਰਦਾ ਘਰੇ ਮੁੜ ਆਇਆ। ਮੈਂ ਲਾਡ ਲਡਾਉਂਦਿਆਂ ਪੁੱਛਿਆ ਕਿ ਪੁੱਤ ਕੀ ਹੋਇਆ? ਕਹਿੰਦਾ ਮਾਈਕਲ ਨੇ ਮੈਨੂੰ 'ਬੈਡ ਵਰਡ' ਬੋਲਿਆ।

ਮੈਂ ਦੋਹਤੇ ਨੂੰ ਵਰਾਉਂਦਿਆਂ ਕਿਹਾ ਕਿ ਜਿਹੜਾ ਕੋਈ ਮੇਰੇ ਅਮਿਤੋਜ ਪੁੱਤ ਨੂੰ 'ਹਰਾਸ' ਕਰੇ ਗਾ, ਮੈਂ ਤਾਂ ਕਰ ਦਊਂ 'ਥਪੜੱਈਆ' ਉਸਦਾ! ਉਹ ਕਹਿੰਦਾ ਨਾਨਾ ਜੀ ਥਪਰੱਈਆ ਕੀ ਹੁੰਦਾ? ਮੈਂ ਉਹਦੀਆਂ ਗੱਲ੍ਹਾਂ ਉੱਤੇ ਪੋਲੀਆਂ ਪੋਲੀਆਂ ਚਪੇੜਾਂ ਮਾਰਦਿਆਂ ਕਿਹਾ ਕਿ ਏਦਾਂ ਕੱਸ ਕੱਸ ਕੇ ਬੂਥਾ ਭੰਨੂ ਗਾ ਮੈਂ ਉਹਦਾ ਜਿਹੜਾ ਮੇਰੇ ਪੁੱਤ ਨੂੰ.......!

ਮੇਰੀ ਏਨੀ ਕੁ ਗੱਲ ਸੁਣ ਕੇ ਉਹ ਫਿਰ ਪਾਰਕ ਵੱਲ ਨੂੰ ਦੌੜ ਗਿਆ। ਦੱਬੇ ਪੈਰੀਂ ਮੈਂ ਵੀ ਉਹਦੇ ਮਗਰੇ ਹੀ ਚਲਾ ਗਿਆ! ਪਾਰਕ ਦੇ ਇੱਕ ਪਾਸੇ ਵਾੜ ਦੇ ਉਹਲੇ ਖੜ੍ਹ ਕੇ ਮੈਂ ਦੇਖਿਆ ਉਹ ਬੜੇ ਜੋਸ਼ 'ਚ ਆਪਣੇ ਸਾਥੀ ਨਿਆਣਿਆਂ ਨੂੰ ਕਹਿ ਰਿਹਾ ਸੀ- "ਹੇ ਗਾਏਜ਼ ਇਫ ਯੂ ਹਰਾਸ ਮੀ ਅਗੇਨ ਦੈੱਨ ਮਾਈ ਗ੍ਰੈਂਡ ਪਾ ਡੂਇੰਗ ਯੂਅਰ ਥਪਰੱਈਆ!!"

# ਮੋਹ ਮਾਇਆ



ਕਲਵੰਤ ਸਿੰਘ ਸਹੋਤਾ
ਫੋਨ: 604-589-5919

ਸੜਕ 'ਤੇ ਮੈਂ ਦੌੜ ਰਿਹਾ ਸਾਂ, ਸਤੰਬਰ ਦਾ ਮਹੀਨਾ ਸੀ; ਧੁੱਪ ਬੜੀ ਤਿੱਖੀ ਤੇ ਗਰਮੀ ਵੀ ਸੀ ਜਿਵੇਂ ਜੁਲਾਈ ਅਗਸਤ ਨੂੰ ਹੁੰਦੀ ਹੈ। ਬਹੁਤ ਸਾਰੇ ਹੋਰ ਦੌੜਾਕਾਂ ਵਾਂਗ ਮੈਂ ਵੀ ਸਭ ਦੇ ਹਰਮਨ ਪਿਆਰੇ 'ਟੈਰੀ ਫੌਕਸ ਰੰਨ' ਦੀ ਦੌੜ 'ਚ ਹਿੱਸਾ ਲੈ ਫਖ਼ਰ ਮਹਿਸੂਸਦਾ ਧੀਵੀਂ ਰਫਤਾਰ 'ਚ ਦੌੜਿਆ ਜਾ ਰਿਹਾ ਸਾਂ ਕਿ ਅਚਾਨਕ ਮੇਰੀ ਨਿਗ੍ਹਾ ਸੜਕ ਕਿਨਾਰੇ ਪਏ ਡੇਢ ਕੁ ਇੰਚ ਲੰਬੇ ਕਾਬਲੇ 'ਤੇ ਪਈ। ਮੈਂ ਉਸ ਨੂੰ ਚੁੱਕ ਕੇ ਕੱਛੇ (ਸ਼ਾਰਟ) ਦੀ ਜੇਬ 'ਚ ਪਾ ਲਿਆ, ਜਿਸ 'ਚ ਐਨਕ ਪੂੰਝਣ ਵਾਲੀ ਮਖਮਲੀ ਲੀਰ ਵੀ ਪਾਈ ਹੋਈ ਸੀ। ਮੈਂ ਉਂਜ ਵੀ ਦੌੜਦਿਆਂ ਸੜਕ 'ਤੇ ਜਾਂ ਉਸ ਦੇ ਕਿਨਾਰੇ ਪਈਆਂ ਮੇਖਾਂ, ਪੇਚ, ਤੇ ਕਾਬਲੇ ਆਦਿਕ ਚੁੱਕਦਾ ਰਹਿੰਨਾਂ ਕਿ ਕਿਤੇ ਕਿਸੇ ਦੀ ਗੱਡੀ ਦਾ ਟਾਇਰ ਪੰਚਰ ਨਾ ਕਰ ਦੇਣ। ਇਸ ਗੱਲ ਵੱਲ ਧਿਆਨ ਦੇਣ ਦੀ ਪ੍ਰੇਰਨਾ ਇਸ ਕਰਕੇ ਬਣੀ ਹੋਈ ਹੈ ਕਿ ਕਈ ਵਾਰ ਸਾਡੀਆਂ ਗੱਡੀਆਂ ਦੇ ਟਾਇਰਾਂ 'ਚ ਮੇਖਾਂ ਲੱਗ ਟਾਇਰ ਪੰਚਰ ਹੋਏ ਹਨ। ਦੌੜਿਆਂ ਜਾਂਦਿਆਂ ਮੈਨੂੰ ਪਸੀਨਾ ਆਇਆ ਤਾਂ ਜੇਬ 'ਚੋਂ ਲੀਰ ਕੱਢ ਐਨਕ ਸਾਫ ਕਰ ਲੀਰ ਮੁੜ ਜੇਬ 'ਚ ਪਾ ਲਈ। ਸਾਰੀ ਦੌੜ ਦੌਰਾਨ ਮੈਨੂੰ ਪਸੀਨੇ ਨਾਲ ਗੜੁੱਚ ਐਨਕ ਕਈ ਵਾਰ ਸਾਫ਼ ਕਰਨੀ ਪਈ। ਘੰਟੇ ਕੁ ਮਗਰੋਂ ਦੌੜ ਮੁੱਕੀ ਤਾਂ ਮੈਂ ਸੁੱਖ ਦਾ ਸਾਹ ਲਿਆ। ਜੇਬ 'ਚ ਹੱਥ ਪਾ ਲੀਰ ਕੱਢੀ ਐਨਕ ਸਾਫ਼ ਕੀਤੀ ਤੇ ਮੁੜ ਉਹ ਲੀਰ ਉਸੇ ਜੇਬ 'ਚ ਪਾ ਲਈ। ਯਾਦ ਆਇਆ ਕਿ ਇਸੇ ਜੇਬ 'ਚ ਲੱਭਾ ਕਾਬਲਾ ਪਾਇਆ ਸੀ। ਹੱਥ ਮੁੜ ਮਾਰਿਆ ਤਾਂ ਕਾਬਲਾ ਕਿਤੇ ਰੜਕਿਆ ਹੀ ਨਾ। ਦਰਅਸਲ ਗੱਲ ਇੰਜ ਹੋਈ ਕਿ ਜਦੋਂ ਮੈਂ ਲੀਰ ਕੱਢ ਐਨਕ ਸਾਫ ਕਰੀ ਹੋਊ, ਉਦੋਂ ਹੀ ਉਹ ਕਾਬਲਾ ਕਿਤੇ ਡਿੱਗ ਪਿਆ ਹੋਣਾ। ਮੁੜ ਸਾਰੀਆਂ ਜੇਬਾਂ 'ਚ ਏਧਰ ਓਧਰ ਹੱਥ ਬਥੇਰਾ ਮਾਰਿਆ ਪਰ ਉਹ ਕਾਬਲਾ ਕਿਤੇ ਨਾ ਰੜਕਿਆ। ਜਦੋਂ ਕਿਸੇ ਵੀ ਜੇਬ 'ਚੋਂ ਨਾ ਲੱਭਾ ਤਾਂ ਮਨ ਨੂੰ ਖੇਦ ਹੋਇਆ ਕਿ ਕਾਬਲਾ ਕਿੱਧਰ ਗਿਆ? ਹਾਲਾਂਕਿ ਇਸ ਕਾਬਲੇ ਨਾਲ ਮੋਹ ਦੌੜਦਿਆਂ ਹੀ ਹੋਇਆ ਸੀ। ਸਿਰਫ਼ ਲੱਭਾ ਹੀ ਸੀ! ਅਫਸੋਸ ਤੇ ਖੇਦ ਕਾਹਦਾ? ਪਰ ਮੇਰਾ ਮਨ ਸਮਝੇ ਨਾ। ਮੇਰ-ਤੇਰ ਨਾ ਛੱਡਦਾ ਖ਼ਫਾ ਹੋਈ ਜਾਵਾਂ ਕਿ ਇਹ ਕਾਬਲਾ ਕਿਉਂ ਤੇ ਕਿਵੇਂ ਗੁਆਚ ਗਿਆ? ਮਨੋਂ ਗੱਲ ਭੁੱਲੇ ਨਾ। ਸਾਰੀ ਦੌੜ ਦਾ ਸੁਆਦ ਇਸ ਲੱਭੇ ਅਤੇ ਗੁਅਚੇ ਕਾਬਲੇ ਨੇ ਕਿਰਕਿਰਾ ਕਰਤਾ।

ਹੁਣ ਜ਼ਿੰਦਗੀ ਦੀ ਦੌੜ ਵੱਲ ਧਿਆਨ ਜਾ ਪਹੁੰਚਿਆ, ਕਿ ਭੈਣਾਂ, ਭਰਾ, ਪੁੱਤ, ਧੀਆਂ ਤੇ ਬਾਕੀ ਸਾਰੇ ਸਬੰਧੀ ਵੀ ਤਾਂ ਜ਼ਿੰਦਗੀ ਦੀ ਦੌੜ ਦਾ ਹੀ ਹਿੱਸਾ ਹਨ! ਉਹ ਇਸ ਦੌੜ ਦੌਰਾਨ ਹੀ ਲੱਭਦੇ ਅਤੇ ਗੁਆਚਦੇ ਹਨ। ਜ਼ਿੰਦਗੀ ਇੱਕ ਰੇਲ ਗੱਡੀ ਹੈ, ਇਸ ਰੇਲ ਗੱਡੀ 'ਚ ਕੋਈ ਉਤਰਦਾ ਅਤੇ ਕੋਈ ਚੜ੍ਹਦਾ ਹੈ। ਸਾਰੇ ਆਪਣੇ ਜੀਵਨ ਦਾ ਸਫ਼ਰ/ਪੰਧ ਮੁਕਾ ਜਦੋਂ ਉਨ੍ਹਾਂ ਦਾ ਆਖਰੀ ਸਟੇਸ਼ਨ ਆਉਂਦਾ ਤਾਂ ਉੱਤਰ ਜਾਂਦੇ ਹਨ। ਜ਼ਿੰਦਗੀ ਇੱਕ ਦੌੜ ਹੀ ਤਾਂ ਹੈ, ਕਿਸੇ ਦੀ ਕਿਤੇ ਮੁੱਕਦੀ ਹੈ ਤੇ ਕਿਸੇ ਦੀ ਕਿਤੇ। ਆਪੋ ਆਪਣਾ ਦੁਨਿਆਵੀ ਸਫ਼ਰ ਪੂਰਾ ਕਰ ਹਰ ਇੱਕ ਨੇ ਤੁਰਦੇ ਬਣਨਾ ਹੈ। ਮੈਨੂੰ ਇਸ ਡੇਢ ਇੰਚ ਦੇ ਕਾਬਲੇ ਦੇ ਗੁਆਚਣ ਦਾ ਹੇਰਵਾ ਕਿਉਂ ਸਤਾਈ ਜਾ ਰਿਹਾ ਹੈ?

ਬਾਣੀ ਦਾ ਕਥਨ ਹੈ:- "ਇਹ ਮੋਹ ਮਾਇਆ ਤੇਰੇ ਸੰਗਿ ਨ ਚਾਲੈ ਝੂਠੀ ਪ੍ਰੀਤਿ ਲਗਾਈ॥" ਪੰਨਾ-78

"ਮਾਇਆ ਮੋਹ ਪਰੀਤ ਧ੍ਰਿਗੁ ਸੁਖੀ ਨ ਦੀਸੈ ਕੋਇ॥" ਪੰਨਾ-47

"ਮਾਇਆ ਮੋਹਿ ਸਗਲ ਜਗੁ ਛਾਇਆ॥" ਪੰਨਾ-1342

"ਜੋ ਦੀਸੈ ਮਾਇਆ ਮੋਹ ਕੁਟੰਬੁ ਸਭੁ ਮਤ ਤਿਸ ਕੀ ਆਸ ਲਗਿ ਜਨਮੁ ਗਵਾਈ॥" ਪੰਨਾ-859

ਇਨਸਾਨ ਸਾਰੀ ਉਮਰ ਮੋਹ ਮਾਇਆ ਦੇ ਜਾਲ਼ 'ਚ ਫਸਿਆ ਹੀ ਉਮਰ ਬਿਤਾ ਦਿੰਦਾ ਹੈ। ਦਰਅਸਲ ਪਰਿਵਾਰਕ ਜੀਵਨ ਦਾ ਆਧਾਰ ਹੀ ਮੋਹ ਮਾਇਆ ਹੈ। ਇਸ ਤੋਂ ਬਿਨਾਂ ਗੱਡੀ ਚੱਲਦੀ ਨਹੀਂ। ਇਹ ਕੁਦਰਤੀ ਹੈ। ਪਰ, ਜਦੋਂ ਅਸੀਂ ਇਸ ਵਿਚ ਬਹੁਤਾ ਖੁੱਭ ਜਾਂਦੇ ਹਾਂ, ਉਦੋਂ ਗੱਲ ਵਿਗੜਦੀ ਹੈ। ਦਾਇਰੇ 'ਚ ਰਹੀਏ ਤਾਂ ਇਸ ਦੇ ਮੱਕੜ ਜਾਲ਼ 'ਚੋਂ ਬਚਿਆ ਜਾ ਸਕਦਾ ਹੈ। ਮੁਮਕਿਨ ਸਮੱਸਿਆ ਇਹ ਹੈ ਕਿ ਦਾਇਰੇ ਦੇ ਬਸੀਮੇ (ਹੱਦ) ਦਾ ਝਉਲ਼ਾ ਜਿਹਾ ਜਦੋਂ ਪੈਂਦਾ ਤਦੋਂ ਤੱਕ ਪਹਿਲੋਂ ਹੀ ਹੱਦੋਂ ਪਾਰ ਹੋ, ਮਾਇਆ ਮੋਹ ਦੇ ਜਾਲ਼ ਦੀ ਜਿੱਲਣ 'ਚ ਧੁਸ ਚੁੱਕੇ ਹੋਈਦਾ ਹੈ।

ਮੈਂ ਤੇਰਾਂ ਸਾਲ ਦਾ ਸਾਂ ਜਦੋਂ ਮੇਰੇ ਵੱਡੇ ਭਰਾ ਦੀ ਤੀਹ ਕੁ ਸਾਲ ਦੀ ਉਮਰ 'ਚ ਅਚਾਨਕ ਮੌਤ ਹੋ ਗਈ। ਮੇਰੀ ਜ਼ਿੰਦਗੀ ਦੀ ਇਹ ਪਹਿਲੀ ਗਹਿਰੀ ਸੱਟ ਸੀ। ਉਸ ਦੇ ਵਿਛੋੜੇ ਦੇ ਜ਼ਖ਼ਮ ਦੇ ਦਰਦ ਨੇ ਹਾਲੇ ਤੱਕ ਮੇਰਾ ਖਹਿੜਾ ਨਹੀਂ ਛੱਡਿਆ। ਜੇ ਮੈਂ ਵੀ ਆਮ ਲੋਕ ਵਤੀਰੇ ਵਾਂਗ ਥੋੜ੍ਹੇ ਚਿਰ ਬਾਅਦ ਗੱਲ ਆਈ ਗਈ ਕਰ ਦਿੰਦਾ ਤਾਂ ਸ਼ਾਇਦ ਉਸ ਦੇ ਵਿਛੋੜੇ ਦੇ ਦਰਦ ਦੀ ਚੀਸ ਦੀ ਚੋਭ ਕੁੱਝ



ਘੱਟ ਹੁੰਦੀ। ਪਰ, ਅਮਲੀ ਤੌਰ 'ਤੇ ਅਜਿਹਾ ਨਹੀਂ ਹੋਇਆ। ਉਸ ਦੇ ਤਿੰਨ ਬੱਚੇ, ਤਿੰਨ ਤੋਂ ਅੱਠ ਸਾਲ ਦੇ ਯਤੀਮ ਹੋ ਗਏ, ਜਿਨ੍ਹਾਂ ਦਾ ਸਾਰਾ ਭਾਰ ਮੇਰੇ ਬੀਜੀ ਬਾਪੂ ਜੀ ਸਮੇਤ ਮੇਰੇ ਅਤੇ ਬਾਕੀ ਸਾਂਝੇ ਪਰਿਵਾਰ 'ਤੇ ਪੈ ਗਿਆ। ਮੇਰਾ ਸੁਭਾਅ ਸ਼ੁਰੂ ਤੋਂ ਹੀ ਕੁੱਝ ਜ਼ਿਆਦਾ ਸੂਖਮ ਅਤੇ ਭਾਵੁਕ ਹੋਣ ਕਰਕੇ, ਮੈਨੂੰ ਇਸ ਸਦਮੇ ਦੀ ਸੱਟ ਨੇ ਜ਼ਿਆਦਾ ਟੁੰਬਿਆ। ਇਸ ਦਰਦ ਨੂੰ ਘਟਾਉਣ ਅਤੇ ਸਾਰੇ ਸਾਂਝੇ ਪਰਿਵਾਰ ਦੇ ਗੱਡੇ ਨੂੰ ਰੋੜ੍ਹੀ ਰੱਖਣ ਲਈ, ਪੰਜਾਲੀ ਗਲ 'ਚ ਪਾ ਜਿੱਲਣ 'ਚ ਫਸੇ ਪਰਿਵਾਰਕ ਗੱਡੇ ਨੂੰ ਧੂਣ ਲਈ ਬੀਂਡੀ ਜੁੜ ਤੁਰਿਆ ਤੇ ਪਿੱਛਾ ਮੁੜ ਕੇ ਨਹੀਂ ਦੇਖਿਆ। ਬਾਪੂ ਜੀ ਨਾਲ ਖੇਤੀ ਦੇ ਕੰਮ ਨੂੰ ਕਾਮਯਾਬੀ ਨਾਲ ਸਿਰਫ ਚਲਦਾ ਹੀ ਨਹੀਂ ਰੱਖਿਆ, ਸਗੋਂ ਉਸ ਸਮੇਂ ਦੇ ਆਧੁਨਿਕ ਢੰਗ ਤਰੀਕੇ ਅਪਨਾ ਕੇ ਖੇਤੀ ਕਰਨ ਨਾਲ ਜ਼ਿਆਦਾ ਉਪਜ ਵੀ ਹੋਣ ਲੱਗੀ; ਜਿਸ ਨਾਲ ਘਰਦੀਆਂ ਤੰਗੀਆਂ ਤੁਰਸ਼ੀਆਂ ਵੀ ਦੂਰ ਹੋਣ ਲੱਗੀਆਂ। ਮੈਂ ਖੇਤੀਬਾੜੀ ਕਰਨ ਦੇ ਨਾਲ ਨਾਲ ਆਪਣੇ ਸਕੂਲ ਤੇ ਕਾਲਜ ਦੀ ਪੜ੍ਹਾਈ ਪੂਰੀ ਕਰ ਕਾਲਜ ਵਿਚ ਪੜ੍ਹਾਉਣ ਜੋਗੀ ਸਮਰੱਥਾ ਵੀ ਬਣਾ ਲਈ। ਉਦੋਂ ਕਾਲਜਾਂ ਵਾਲੇ ਮਸਾਂ ਤਿੰਨ ਕੁ ਸੌ ਰੁਪਿਆ ਮਾਸਕ ਤਨਖਾਹ ਦਿੰਦੇ ਸਨ। ਨੌਕਰੀ ਪੱਕੀ ਤੇ ਪੂਰੇ ਪੈਰੀਂ ਹੋਣ ਲਈ ਲੰਬੀ ਉਡੀਕ ਕਰਨੀ ਪੈਂਦੀ ਸੀ। ਭਰਾ ਦੇ ਯਤੀਮ ਬੱਚਿਆਂ ਅਤੇ ਬਿਰਧ ਹੋ ਰਹੇ ਮਾਂ ਬਾਪ ਨੂੰ ਆਰਥਿਕ ਪੱਖੋਂ ਮਜ਼ਬੂਤ ਕਰਨ, ਤੇ ਛੇਤੀ ਕਾਮਯਾਬ ਹੋਣ ਦੀ ਲਾਲਸਾ ਧੂਹ ਕੇ ਕੈਨੇਡਾ ਲੈ ਆਈ। ਇੱਥੇ ਆ ਕੇ ਮੇਰਾ ਵੀ ਉਨ੍ਹਾਂ ਪੁਲਾਂ ਹੇਠੋਂ ਪਾਣੀ ਲੰਘਿਆ ਜਿਹੜਾ ਹਰ ਇੱਕ ਦਾ ਲੰਘਦਾ ਹੈ। ਖੇਤੀਬਾੜੀ ਹੱਥੀਂ ਕੀਤੀ ਹੋਣ ਕਰਕੇ ਮਿੱਲਾਂ 'ਚ ਕੰਮ ਕਰਨਾ ਔਖਾ ਹੋਣ ਦੇ ਉਪਰੰਤ ਵੀ ਔਖਾ ਨਹੀਂ ਲੱਗਿਆ। ਦੋ ਹਫ਼ਤਿਆਂ ਮਗਰੋਂ ਜਦੋਂ ਪੇ-ਚੈਕ ਮਿਲਣਾ ਤਾਂ ਲੱਗਣਾ ਕਿ ਇੱਥੇ ਤਾਂ ਹਰ ਦੋ ਹਫਤੇ ਮਗਰੋਂ ਕਣਕ/ਝੋਨੇ ਦੀ ਟਰਾਲੀ ਵਿਕਣ ਜੋਗੇ ਪੈਸੇ ਬਣ ਜਾਂਦੇ ਹਨ। ਵਿਆਹ ਹੋਇਆ, ਦੋ ਬੱਚੇ ਹੋ ਗਏ। ਵਿਆਹ ਹੋਇਆਂ ਹਾਲੇ ਸੱਤ ਸਾਲ ਹੀ ਹੋਏ ਸਨ ਕਿ ਜੀਵਨ ਸਾਥੀ ਨੂੰ ਨਾਮੁਰਾਦ ਕੈਂਸਰ ਦੀ ਬਿਮਾਰੀ ਨੇ ਆ ਘੇਰਿਆ। ਪੰਜ ਸਾਲ ਬਿਮਾਰੀ ਨਾਲ ਜੂਝਣ ਤੋਂ ਬਾਅਦ ਉਹ ਇਸ ਦੁਨੀਆਂ ਨੂੰ ਅਲਵਿਦਾ ਆਖ ਗਈ। ਇਸ ਪ੍ਰਥਾਏ ਬਾਣੀ ਦੀਆਂ ਹੇਠ ਦਿੱਤੀਆਂ ਟੂਕਾਂ ਧਿਆਨ ਖਿੱਚਦੀਆਂ ਹਨ:-

"ਪੁਤ੍ਰ ਕਲਤ੍ਰ ਗ੍ਰਿਹ ਸਗਲ ਸਮਗ੍ਰੀ ਸਭ ਮਿਥਿਆ ਅਸਨਾਹਾ" ਪੰਨਾ-401

ਅੱਜ ਉਸ ਨੂੰ ਇਸ ਦੁਨੀਆ ਤੋਂ ਕੂਚ ਕੀਤਿਆਂ ਬੱਤੀ ਸਾਲ ਹੋ ਗਏ ਹਨ। ਮਗਰੋਂ ਬੱਚੇ ਜਿਹੋ ਜਿਹੇ ਔਖੇ ਸੁਖਾਲੇ ਹਾਲਾਤ ਬਣੇ, ਉਨ੍ਹਾਂ ਦਾ ਸਾਹਮਣਾ ਕਰਦੇ ਪਲੇ, ਪੜ੍ਹੇ, ਜੁਆਨ ਹੋਏ ਤੇ ਵਿਆਹੇ ਵਰੇ ਗਏ। ਅੱਜ ਆਪੋ ਆਪਣੀ ਵਿੱਦਿਅਕ ਯੋਗਤਾ ਅਨੁਸਾਰ ਆਪੋ ਆਪਣੇ ਕਿੱਤਿਆਂ 'ਚ ਸਫਲ ਤੇ ਖੁਸ਼ ਹਨ। ਇਹ ਇਕੱਲੀ ਮੇਰੀ ਹੀ ਕਹਾਣੀ/ ਵਿੱਥਿਆ ਨਹੀਂ, ਸਗੋਂ ਹਰ ਇੱਕ ਇਨਸਾਨ ਦੀ ਜ਼ਿੰਦਗੀ 'ਚ ਕਿਤੇ ਨਾ ਕਿਤੇ ਕੋਈ ਅਜਿਹੀ ਘਟਨਾ ਵਾਪਰਦੀ ਹੈ ਹੋ ਉਸ ਨੂੰ ਝੰਜੋੜਦੀ ਹੈ। ਉਸ ਨੂੰ ਮੁੜ ਸੋਚਣ ਲਈ ਪ੍ਰੇਰਦੀ ਹੋਈ, ਵੱਖਰਾ ਰਾਹ ਅਖ਼ਤਿਆਰ ਕਰਨ ਲਈ ਮਜਬੂਰ ਕਰਦੀ ਹੈ। ਉਹ ਰਾਹ ਚੰਗੇ ਪਾਸੇ ਵੱਲ ਨੂੰ ਜਾਣ ਵਾਲਾ ਵੀ ਹੋ ਸਕਦਾ ਹੈ ਤੇ ਮਾੜੇ ਪਾਸੇ ਵੱਲ ਨੂੰ ਵੀ। ਮੇਰੀ ਜ਼ਿੰਦਗੀ 'ਚ ਵਾਪਰੀਆਂ ਘਟਨਾਵਾਂ ਨੇ ਮੈਨੂੰ ਸਮੁੱਚੇ ਸਾਂਝੇ ਪਰਿਵਾਰ ਦੀ ਭਲਾਈ ਵੱਲ ਨੂੰ ਮੋੜਾ ਕੱਟਣ ਲਈ ਜ਼ਿਆਦਾ ਪ੍ਰੇਰਿਆ ਹੈ; ਜਾਂ ਇੰਜ ਕਹਿ ਲਈਏ ਕਿ ਪਰਿਵਾਰਕ ਮੋਹ ਮਾਇਆ ਦੇ ਜਾਲ਼ 'ਚ ਮੈਨੂੰ ਜ਼ਿਆਦਾ ਖੁਭੋ ਦਿੱਤਾ ਹੈ। ਜ਼ਿੰਦਗੀ ਦਾ ਇੱਕ ਸੁਭਾਅ ਬਣ ਗਿਆ ਹੈ ਕਿ ਆਪਣੇ ਮੁਫ਼ਾਦ ਨਾਲੋਂ ਹੋਰਾਂ ਦੇ ਮੁਫ਼ਾਦ ਨੂੰ ਤਰਜੀਹ ਦਿੱਤੀ ਜਾਏ। ਉਨ੍ਹਾਂ ਦੀਆਂ ਲੋੜਾਂ ਵੱਧ ਪੂਰੀਆਂ ਹੋਣ ਆਪਣੀਆਂ ਭਾਵੇਂ ਨਾ। ਅਗਾਂਹ ਹੁਣ ਆਪਣੇ ਬੱਚਿਆਂ ਦੇ ਬੱਚਿਆਂ ਦੇ ਮੋਹ 'ਚ ਹੋਰ ਵੀ ਖੁੱਭਾ ਪਿਆ ਹਾਂ। ਭਾਵੇਂ ਉਨ੍ਹਾਂ ਦੇ ਮਾਪੇ ਉਨ੍ਹਾਂ ਦੀ ਦੇਖ ਭਾਲ, ਪਾਲਣ ਪੋਸ਼ਣ, ਸਕੂਲੇ ਛੱਡਣਾ ਲਿਆਉਣਾ ਅਤੇ ਉਨ੍ਹਾਂ ਦੀਆਂ ਹੋਰ ਹਰ ਤਰ੍ਹਾਂ ਦੀਆਂ ਲੋੜਾਂ ਪੂਰੀਆਂ ਕਰਦੇ ਹਨ ਪਰ ਮੈਂ ਉਨ੍ਹਾਂ ਨਾਲੋਂ ਵੀ ਕਿਤੇ ਜ਼ਿਆਦਾ ਉਨ੍ਹਾਂ ਦੀ ਦੇਖ ਭਾਲ ਕਰਨ, ਵੱਧ ਤੋਂ ਵੱਧ ਸਮਾਂ ਉਨ੍ਹਾਂ ਨਾਲ ਬਿਤਾਉਣ ਆਦਿ ਦੇ ਮੋਹ ਖਿੱਚ 'ਚ ਖੁੱਭਿਆ ਪਿਆ ਹਾਂ। ਪੋਤੇ ਨਾਲ ਮੇਰਾ ਬਹੁਤ ਮੋਹ ਹੈ, ਉਹ ਛੇ ਸਾਲ ਦਾ। ਪੰਜਾਬੀ ਠੇਠ ਬੋਲਦਾ। ਅੰਦਰ ਵੜਦਿਆਂ ਹੀ ਹਾਕਾਂ ਮਰਨ ਲੱਗੂ, ਬਾਬਾ ਜੀ, ਬਾਬਾ ਜੀ ਕੀ ਕਰਦੇ ਆਂ। ਹੁਣ ਆਪ ਹੀ ਦੱਸੋ ਇਸ ਮੋਹ 'ਚੋਂ ਕਿਵੇਂ ਬਾਹਰ ਨਿਕਲਾਂ? ਇਹ ਰਿਸ਼ਤਾ ਮੇਰੇ ਰੋਜ਼ਾਨਾ ਜੀਵਨ ਦੇ ਰੂਹ ਦੀ ਖੁਰਾਕ ਹੈ। ਸਾਗ ਤੇ ਮੱਕੀ ਦੀ ਰੋਟੀ ਮੇਰਾ ਮਨ ਭਾਉਂਦਾ ਖਾਣਾ ਹੈ; ਮੈਂ ਜਿਹੜਾ ਕੁੱਝ ਵੀ ਖਾਂਦਾ ਹੋਵਾਂ ਉਹ ਉਹੀ ਮੈਥੋਂ ਖੋਹ ਕੇ ਮੇਰੇ ਨਾਲ ਬੈਠ, ਖਾਣ ਲੱਗ ਜਾਂਦਾ ਹੈ। ਮੈਂ ਨਾਸ਼ਤੇ ਵੇਲੇ ਰਾਤ ਦੀ ਬੇਹੀ ਪਈ ਮੱਕੀ ਦੀ ਰੋਟੀ ਤੱਤੀ ਕਰ ਮੱਖਣ ਲਾ ਲੂਣ ਤੇ ਮਸਾਲਾ ਭੁੱਕ ਚਾਹ ਨਾਲ ਖਾਣ ਲੱਗਾਂ ਤਾਂ ਉਹ ਮੇਰੇ ਨਾਲ ਬੈਠ ਅੱਧੀ ਰੋਟੀ ਦੰਦੀਆਂ ਵੱਢ ਵੱਢ ਖਾ ਜਾਊ। ਪੋਤੀ ਦੋ ਕੁ ਸਾਲ ਵੱਡੀ ਹੈ, ਪਿਆਰ ਉਹ ਵੀ ਬਹੁਤ ਕਰਦੀ ਐ, ਪਰ ਉਹ ਮੌਜੀ ਹੈ। ਸਿਆਣੀ ਬੜੀ ਹੈ ਆਪਣੀ ਉਮਰ ਨਾਲੋਂ। ਬੱਚੇ ਤਾਂ ਸਾਰੇ ਹੀ ਮੌਜੀ ਹੁੰਦੇ ਹਨ, ਉਹ ਮੌਜ 'ਚ ਹੀ ਵਿਚਰਦੇ ਹਨ।

ਚੀਜ਼ਾਂ (ਪਦਾਰਥਾਂ) ਅਤੇ ਰਿਸ਼ਤਿਆਂ ਪ੍ਰਤੀ ਖਿੱਚ ਹੀ, ਮੋਹ ਮਾਇਆ ਹੈ। ਜਿਵੇਂ ਮੈਂ ਉੱਪਰ ਜ਼ਿਕਰ ਕਰ ਚੁੱਕਿਆਂ ਪਰਿਵਾਰ ਤੇ ਸਮਾਜ ਦਾ ਆਧਾਰ ਹੀ ਮੋਹ ਮਾਇਆ ਹੈ। ਕਿਸ ਹੱਦ ਤੱਕ ਅਸੀਂ ਇਸ ਨਾਲ ਜੁੜਨਾ, ਖੁੱਭਣਾ ਤੇ ਮਹੱਤਤਾ ਦੇਣੀ ਹੈ ਇਹ ਮਹੱਤਵਪੂਰਨ ਹੈ। ਲੱਭੇ ਤੇ ਗੁਆਚੇ ਕਾਬਲੇ ਦਾ ਜੇ ਮਨ ਨੂੰ ਖੇਦ ਹੋ ਸਕਦਾ ਤਾਂ ਇਹ ਭੈਣਾਂ ਭਰਾ, ਤੇ ਹੋਰ ਸਾਕ ਸਬੰਧੀਆਂ ਦਾ ਮੋਹ ਵੀ ਉਸੇ ਤਰ੍ਹਾਂ ਹੀ ਹੈ। ਦਾਇਰੇ ਦੀ ਹੱਦ ਅੰਦਰ ਰਹਿ ਕੇ ਮੋਹ ਮਾਇਆ ਦੇ ਪ੍ਰਭਾਵ 'ਚ ਰਹਿਣਾ ਜੀਵਨ ਦੀ ਲੋੜ ਹੈ। ਪਰ ਨਾਲ ਹੀ ਇਹ ਵੀ ਚੇਤਾ ਨਹੀਂ ਭੁੱਲਣਾ ਚਾਹੀਦਾ ਕਿ ਜਿਵੇਂ ਇਹ ਜੀਵਨ ਥਿਰ ਨਹੀਂ ਮੋਹ ਮਾਇਆ ਵੀ ਇਵੇਂ ਹੀ ਹੈ।

# ਟੁੱਟਦੇ-ਭੱਜਦੇ ਰਿਸ਼ਤਿਆਂ ਦਾ ਕੱਚਾ-ਚਿੱਠਾ - 'ਮਰਿਆ ਨਹੀਂ ਜਿਉਂਦਾ ਹਾਂ'

ਡਾ. ਕਰਮਜੀਤ ਸਿੰਘ ਨਡਾਲਾ
ਫੋਨ: +91-98151 86532

ਲੇਖਕ: ਦਵਿੰਦਰ ਕੌਰ ਗੁਰਾਇਆ
ਪੰਨੇ : 80, ਕੀਮਤ : 250 ਰੁਪਏ
ਯੂਨੀਸਟਾਰ ਪਬਲੀਕੇਸ਼ਨ , ਚੰਡੀਗੜ੍ਹ

ਇੱਕ ਕਿਸਾਨ ਪਰਵਾਰ 'ਚ ਜਨਮੀ, ਪਿੰਡ ਦੀ ਮਿੱਟੀ 'ਚ ਖੇਡੀ, ਬਚਪਨ ਗੁਜ਼ਾਰਿਆ, ਜਵਾਨ ਹੋਈ, ਰੱਜ ਕੇ ਪੜ੍ਹੀ। ਆਪਣੀਆਂ ਰੀਝਾਂ ਪੂਰੀਆਂ ਕਰਦੀ ਗ੍ਰਿਹਿਸਥੀ 'ਚ ਜਾ ਪਈ। ਫਿਰ ਵਿਦੇਸ਼ੀ ਉਡਾਰੀ ਮਾਰ ਗਈ, ਪਰ ਉੱਥੇ ਜਾ ਕੇ ਢੇਰ ਸਾਰੇ ਰੁਝੇਵਿਆਂ 'ਚੋਂ ਸਮਾਂ ਕੱਢ ਕੇ ਆਪਣੇ ਵਲਵਲੇ ਕਾਗਜ਼ਾਂ 'ਤੇ ਉਤਾਰਦੀ ਰਹੀ। ਕਵਿਤਾਵਾਂ ਲਿਖ-ਲਿਖ ਕੇ ਆਪਣੇ ਹਾਵ-ਭਾਵਾਂ ਨੂੰ ਪ੍ਰਗਟ ਕਰਦੀ ਗਈ। ਫਿਰ ਉਸ ਦੀ ਉਡਾਰੀ ਕਹਾਣੀ ਵਿਧਾ ਵੱਲ ਹੋ ਤੁਰੀ। ਜਿੱਥੋਂ ਉਸ ਦੀ ਸਾਹਿਤਕ ਕੁੱਖ 'ਚੋਂ 7 ਕਹਾਣੀਆਂ ਦਾ ਪਰਾਗਾ 'ਮਰਿਆ ਨਹੀਂ ਜਿਉਂਦਾ ਹਾਂ' ਪ੍ਰਗਟ ਹੋਇਆ। ਉਸ ਦੀ ਕਲਮ ਦੀ ਸਾਧਨਾ, ਲਿਖਣ ਢੰਗ ਇਸ ਗੱਲ ਦਾ ਪ੍ਰਮਾਣ ਹੈ, ਉਸ ਇੱਥੇ ਵੀ ਭਰਵੀਂ ਹਾਜ਼ਰੀ ਲਵਾ ਲਈ ਹੈ।

ਇਹ ਸਭ ਕੁਝ ਇਕ ਦਿਨ 'ਚ ਪ੍ਰਗਟ ਨਹੀਂ ਹੁੰਦਾ। ਪਹਿਲਾਂ ਸ਼ੌਕ ਹੋਣਾ, ਸਮਝ ਸੋਝੀ ਹੋਣੀ, ਮੌਕੇ ਮਿਲਣੇ, ਮਾਪੇ, ਘਰੋਗੀ ਹਾਲਤ, ਪਤੀ ਦਾ ਸਹਿਯੋਗ, ਬੱਚੇ, ਜਜ਼ਬਾ, ਸਥਿਤੀਆਂ, ਪ੍ਰਸਥਿਤੀਆਂ ਤੇ ਹੋਰ ਬਹੁਤ ਕੁਝ ਰਲਗੱਡ ਹੋ ਕੇ ਇਕ ਪਹਾੜ ਅਤੇ ਪਹਾੜ ਵਰਗਾ ਜਿਗਰਾ ਬਣਦਾ। ਜਿਸ 'ਤੇ ਕੁਦਰਤ ਰੂਪੀ ਸ਼ਬਦ ਉੱਗਣ ਲੱਗਦੇ।

ਇਵੇਂ ਉਸ ਦੀਆਂ ਸੱਤਾਂ ਕਹਾਣੀਆਂ 'ਚ ਜੀਵਨ ਦਾ ਕੱਚ-ਸੱਚ ਦਿਸਦਾ ਤੇ ਨਿੱਖਰ ਕੇ ਸਾਹਮਣੇ ਆਉਂਦਾ ਹੈ, ਜਿਨ੍ਹਾਂ ਤੋਂ ਉਸ ਦੀ ਬੁਨਿਆਦ ਦੀ ਪਕਿਆਈ ਤੇ ਤਜਰਬਾ ਝਲਕਦਾ ਹੈ।

ਪਹਿਲੀ ਕਹਾਣੀ 'ਮਰਿਆ ਨਹੀਂ ਜਿਉਂਦਾ ਹਾਂ' 'ਚ ਸਖ਼ਤ ਤੇ ਅੱਖੜ ਸੁਭਾਅ ਦੀ ਔਰਤ, ਜੋ ਪੜ੍ਹੀ-ਲਿਖੀ ਤੇ ਪ੍ਰੋਫ਼ੈਸਰ ਹੈ। ਅਮੀਰ ਘਰ ਦੀ ਧੀ ਹੋਣ ਕਰਕੇ ਅਮੀਰੀ ਤੇ ਪਦਾਰਥਕ ਸੋਚ ਸਿਰ 'ਤੇ ਭਾਰੂ ਹੈ। ਉਹ ਕੋਮਲ ਚਿੱਤ ਮਨੁੱਖ, ਲਿਖਾਰੀ ਮਨ ਵਾਲੇ ਪਤੀ ਨੂੰ ਵੀ ਨਹੀ ਬਖ਼ਸ਼ਦੀ। ਹਰ ਵੇਲੇ ਬੇਇੱਜ਼ਤ ਕਰਦੀ ਤੇ ਘਰ 'ਚ ਫੂੰ-ਫੂੰ ਕਰਦੀ ਫਿਰਦੀ ਹੈ, ਪਰ ਪਤੀ ਨੂੰ ਤਾਂ ਸੂਖਮ ਮਾਹੌਲ ਚਾਹੀਦਾ ਹੈ। ਪਰਿਵਾਰਕ ਉਲਝਣਾਂ 'ਚ ਘੁੰਮਦੀ ਇਹ ਕਹਾਣੀ ਕੋਮਲ ਤੇ ਸਖ਼ਤ ਸੁਭਾਅ ਦੇ ਟਕਰਾਅ ਦੀ ਇੱਕ ਰੌਚਕ ਗਾਥਾ ਹੈ।

'ਬੇਰੀ' ਬੜੀ ਮਾਰਮਿਕ ਕਹਾਣੀ ਹੈ। ਔਰਤੇ ਤੇ ਔਰਤ ਹੋਣ ਦਾ ਦੁਖਾਂਤ। ਹੋਰ ਤਾਂ ਹੋਰ ਜੇ ਬਾਂਝਪਣ ਵੀ ਹੋਵੇ, ਇਹ ਔਰਤ ਦੇ ਮੱਥੇ 'ਤੇ ਕਲੰਕ ਵਾਂਗ ਹੈ। ਫਿਰ ਉਸ ਤੋਂ ਵੀ ਵੱਡਾ ਦੁਖਾਂਤ ਜਦੋਂ ਉਹ ਇੱਕ ਵਿਆਹ ਛੱਡ ਕੇ ਦੂਜਾ ਕਰਵਾਉਂਦੀ। ਆਪਣੇ ਤੋਂ ਵੱਡੇ ਮਰਦ ਨਾਲ, ਨਾਲੇ ਉਸ ਦੇ ਬੱਚੇ ਸਾਂਭਦੀ, ਪਰ ਔਰਤ ਆਪਣੇ ਅੰਦਰਲੇ ਖ਼ਲਾਅ ਦਾ ਕੀ ਕਰੇ, ਜਿਸ ਨੂੰ ਦੂਜਾ ਮਰਦ-ਸ਼ਰਾਬੀ ਕਬਾਬੀ ਨਹੀਂ ਭਰ ਸਕਦਾ। ਇਹ ਜੀਵਨ ਫਿਰ ਕੰਡਿਆਂ ਦੀ ਸੇਜ ਬਣ ਜਾਂਦਾ।

ਉਸ ਦੀਆਂ ਕਹਾਣੀਆਂ ਦੀ ਖਾਸੀਅਤ ਹੈ, ਉਨ੍ਹਾਂ 'ਚ ਪੁਰਾਣੀਆਂ ਯਾਦਾਂ, ਗੁੱਡੀਆਂ ਪਟੋਲੇ, ਵੱਡਿਆਂ-ਛੋਟਿਆਂ ਦੀਆਂ ਝਿੜਕਾਂ, ਪਿਆਰ, ਸੱਥਾਂ ਦੀ ਚੁੰਝ ਚਰਚਾ, ਪੁਰਾਣਾ ਵਿਰਸਾ, ਕਿੱਸੇ, ਕਿਤਾਬਾਂ ਨੂੰ ਯਾਦ ਕਰਦੀ-ਕਰਾਉਂਦੀ ਆਪਣੀਆਂ ਕਹਾਣੀਆਂ 'ਚ ਸ਼ਾਨਦਾਰ ਤਰੀਕੇ ਨਾਲ ਪਰੋਂਦੀ ਜਾਂਦੀ ਹੈ। ਇਵੇਂ ਥਾਂ-ਕੁਥਾਂਅ ਆਉਂਦੀਆਂ ਇਹ ਗੱਲਾਂ ਇਵੇਂ ਜਾਪਦੀਆਂ ਜਿਵੇਂ ਬਾਸਮਤੀ 'ਚੋਂ ਲੰਘਦਿਆਂ ਜਾਂਦਿਆ ਨੱਕ ਨੂੰ ਬਾਸਮਤੀ ਦੀ ਮਹਿਕ ਪਈ ਆਵੇ। ਦਿਮਾਗ਼ 'ਚ ਤਰੰਗਾਂ ਛਿੜ ਜਾਂਦੀਆਂ। ਦੂਜੇ ਪਾਸੇ ਅਮਰੀਕਾ 'ਚ ਵੱਸੀ ਉੱਥੇ ਦੇ ਵੀ ਖੁਸ਼ਕ ਮਾਹੌਲ ਨਾਲ ਤਾਰਾਂ ਜੋੜਦੀ ਜਾਂਦੀ




ਹੈ। ਕਿਵੇਂ ਲੋਕ ਫੋਨਾਂ, ਕੰਪਿਊਟਰਾਂ ਨਾਲ ਜੁੜੇ ਕੰਨਾਂ 'ਚ ਤਾਰਾਂ ਪਾਈ ਆਪਣੇ-ਆਪ 'ਚ ਮਦ-ਮਸਤ ਹਨ, ਤੇ ਫਿਰ ਇਹੀ ਲੋਕ ਕਹਿੰਦੇ ਫਿਰਦੇ ਹਨ, ਲੋਕਾਂ ਦਾ ਤਾਂ ਖ਼ੂਨ ਸਫ਼ੈਦ ਹੋ ਗਿਆ।

ਉਸ ਦੀਆਂ ਕਹਾਣੀਆਂ ਆਮ ਮਨੁੱਖਾਂ ਦੀਆਂ ਕਹਾਣੀਆਂ ਹਨ। ਪਤੀ-ਪਤਨੀਆਂ ਦੀਆਂ ਹਲਕੀਆਂ-ਫੁਲਕੀਆਂ ਨੋਕਾਂ-ਝੋਕਾਂ। ਫਿਰ ਥੋੜ੍ਹਾ ਚਿਰ ਖਿਝ-ਖਪ ਕੇ ਇਕ-ਦੂਜੇ ਦੇ ਮੋਢੇ 'ਤੇ ਹੱਥ ਰੱਖ ਕੇ ਮੰਨ ਜਾਵੇ ਤੇ ਹੱਸ ਪੈਣ ਵਾਲੀ ਪ੍ਰਵਿਰਤੀ ਵੀ ਹੋਵੇ।

ਔਰਤ ਦੀ ਤ੍ਰਾਸਦੀ ਦੀ ਇਕ ਹੋਰ ਕਹਾਣੀ 'ਚਾਚੀ ਵੀਰੋ' ਵੀ ਹੈ। ਕਿਵੇਂ ਪਤੀ ਤੋਂ ਦੁੱਖ ਸਹਿੰਦੀ, ਕੰਮ ਕਰਦੀ, ਬੱਚੇ ਪਾਲਦੀ, ਪਰ ਸੁੱਖ ਕੋਈ ਨਹੀਂ। ਫਿਰ ਵੀ ਗਿਆਨ ਵਰਗੇ ਨਿਕੰਮੇ ਪਤੀ ਤੋਂ ਕੁੱਟ ਖਾਂਦੀ ਦਿਨ ਕੱਢਦੀ। ਫਿਰ ਸਮੇਂ ਨੇ ਕਰਵਟ ਲਈ। ਉਹੋ ਗਿਆਨ ਮੰਗਤਾ ਬਣਿਆ। ਪਤਨੀ ਤੋਂ ਭੀਖ ਮੰਗਣ ਤੱਕ ਜਾਂਦਾ। ਇੱਥੇ ਕਹਾਣੀ ਪਾਠਕ ਮਨ ਨੂੰ ਝੰਜੋੜ ਹੀ ਸੁੱਟਦੀ ਹੈ।

1947 ਦੀ ਵੰਡ ਨਾਲ ਸੰਬੰਧਤ 'ਤੂੰ ਇਸ ਨੂੰ ਵੰਡ ਆਖਦੀ ਏ' ਉਸ ਵੇਲੇ ਦਾ ਮਾਰੂ ਦੁਖਾਂਤ। ਕਿਵੇਂ ਮੁਸਲਿਮ ਪਰਿਵਾਰ ਦੀ ਜੈਨੀਫਰ ਉੱਜੜੀ। ਕਦੇ ਕਿਤੇ ਕਦੇ ਕਿਤੇ ਵਿਕਦੀ। ਆਪੇ ਹੀ ਇੱਕ ਘਰ 'ਚ ਅੱਕੀ ਹੋਈ ਫਾਹ ਲੈ ਲੈਂਦੀ ਹੈ। ਮਨੁੱਖਤਾ ਦੇ ਘਾਣ ਦੀ ਇਸ ਤੋਂ ਘਟੀਆ ਕੀ ਦਾਸਤਾਨ ਹੋ ਸਕਦੀ ਹੈ।

ਇਸ ਸੰਗ੍ਰਹਿ ਦੀ ਆਖਰੀ ਕਹਾਣੀ 'ਰੀਝਾਂ ਦਾ ਮੁੱਲ' ਬੇਹੱਦ ਖ਼ੂਬਸੂਰਤ ਤੇ ਮੁੱਲਵਾਨ ਰਚਨਾ ਹੈ। ਕਿਵੇਂ ਇੱਕ ਅਮੀਰਜ਼ਾਦੇ ਦੇ ਰਿਸ਼ਤੇਦਾਰ ਤੇ ਠਾਣੇਦਾਰ ਦੋ ਕੁੜੀਆਂ ਦੀ ਗਰੀਬੀ ਤੇ ਭੋਲੇਪਣ ਦਾ ਮਜ਼ਾਕ ਉਡਾਉਂਦਿਆਂ ਉਨ੍ਹਾਂ ਦੀ ਜਵਾਨੀ ਦੇ ਪਤਛੇ ਲਾਹ ਦਿੰਦੇ ਹਨ। ਉਨ੍ਹਾਂ ਨੂੰ ਵਰਗ਼ਲਾ ਕੇ ਆਪਣੇ ਤੋਂ ਵੱਡੇ ਅਫ਼ਸਰਾਂ ਨੂੰ ਪਰੋਸਦਾ ਰਿਹਾ। ਨਾਜਾਇਜ਼ ਠਹਿਰੇ ਗਰਭਾਂ ਦੇ ਅਬੌਰਸ਼ਨ ਕਰਵਾਉਣਾ, ਉਨ੍ਹਾਂ ਦੇ ਸਰੀਰਾਂ ਦਾ ਸੱਤਿਆਨਾਸ਼ ਹੀ ਕਰ ਦਿੰਦਾ। ਕੁੜੀਆਂ ਮੌਤ ਦੇ ਮੂੰਹ ਜਾ ਪੈਂਦੀਆਂ ਹਨ।

ਕਹਾਣੀਕਾਰਾ ਦਵਿੰਦਰ ਕੌਰ ਗੁਰਾਇਆ ਕਹਾਣੀਆਂ ਰਚਦਿਆਂ ਕਈ ਸਾਰੇ ਸ਼ਬਦ ਤੇ ਵਾਕਾਂ ਨੂੰ ਇਵੇਂ ਜੋੜਦੀ ਜਾਂਦੀ ਹੈ ਜਿਵੇਂ ਧਾਗੇ 'ਚ ਮੋਤੀ। ਉਹ ਇਵੇਂ ਕਹਾਣੀਆਂ ਨੂੰ ਨਿਖਾਰ ਸੁੱਟਦੀ ਹੈ। ਬਦੋਬਦੀ ਪੜ੍ਹਨ ਲਈ ਚਾਅ ਉਮੜ ਪੈਂਦਾ ਹੈ। ਪਾਠਕ ਮਨ ਕਿਤੇ ਉੱਕਦਾ ਹੀ ਨਹੀਂ। ਨਮੂਨਾ ਦੇਖੋ:

'ਇਹ ਖਾਰੇ ਹੰਝੂ ਤਾਂ ਅੱਖੀਆਂ ਨੇ ਕਿਸੇ ਹੋਰ ਡੂੰਘੇ ਦਰਦ ਨੂੰ ਧੋਣ ਲਈ ਰੱਖੇ'

'ਮੇਰੀਆਂ ਅੱਖਾਂ 'ਚੋ ਇੱਕ ਵੀ ਹੰਝੂ ਨਾ ਕਿਰਿਆ, ਕਿੱਦਾਂ ਕਿਰਦਾ? ਸੁੱਕੇ ਖੂਹਾਂ ਵਾਂਗ ਸਨ ਮੇਰੀਆਂ ਅੱਖਾਂ'

'ਔਰਤ ਦੇ ਸੁੱਕੇ ਬੁੱਲ੍ਹਾਂ 'ਚੋਂ ਸਮੁੰਦਰ ਦੀ ਭਾਫ ਵਰਗਾ ਹੌਕਾ ਨਿਕਲਿਆ'

'ਮਾਰੂਥਲ ਦੀ ਪਿਆਸ ਵਰਗੇ ਇਸ ਸਵਾਲ ਨੇ ਰੇਤੇ ਦੀ ਢੇਰੀ 'ਤੇ ਉੱਗੇ ਰੁੱਖ ਵਾਂਗ ਬਜ਼ੁਰਗ ਨੂੰ ਸਾਹਸਤਹੀਣ ਕਰ ਦਿੱਤਾ।'

'ਘਰ ਦੀ ਗਰੀਬੀ ਨੇ ਮੂੰਹ ਅੱਡ ਕੇ ਜਿੰਦੀ ਦੀ ਮੌਤ ਹਜ਼ਮ ਕਰ ਲਈ ਹੋਵੇ।'

'ਪੰਛੀ ਚੋਗਾ ਚੁਗਣਾ ਭੁੱਲ ਕੇ ਵਿਰਲਾਪ ਕਰਨ ਲੱਗ ਪਏ।'

ਇਹ ਦਵਿੰਦਰ ਕੌਰ ਗੁਰਾਇਆ ਦੀ ਪਹਿਲੀ ਕਹਾਣੀ ਪੁਸਤਕ ਜ਼ਰੂਰ ਹੈ, ਪਰ ਲੱਗਦਾ ਨਹੀਂ। ਉਹ ਤਾਂ ਸ਼ਬਦਾਂ ਦੀ ਜਾਦੂਗਰ ਹੈ। ਉਹ ਆਉਣ ਵਾਲੇ ਸਮੇਂ 'ਚ ਹੋਰ ਵੀ ਕਮਾਲ ਦੀਆਂ ਕਹਾਣੀਆਂ ਪੰਜਾਬੀ ਸਾਹਿਤ ਜਗਤ ਨੂੰ ਦੇਵੇਗੀ। ਉਸ 'ਚ ਚੰਗੇ ਕਹਾਣੀਕਾਰਾਂ ਵਾਲੇ ਗੁਣ ਹਨ। ਇਹ ਪੁਸਤਕ ਪੜ੍ਹ ਕੇ ਪਾਠਕ ਤੇ ਹੋਰ ਲੇਖਕ ਆਪਣੇ ਗੁਣਾਂ ਨੂੰ ਹੋਰ ਵੱਧ ਨਿਖਾਰ ਕੇ ਸ਼ਿੰਗਾਰ ਸਕਦੇ ਹਨ।

# ਅਹਿਸਾਸ ਮਰਦੇ ਤਾਂ ਬੰਦਾ ਮਰਦਾ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਅਹਿਸਾਸ ਦਾ ਜ਼ਿਕਰ ਕੀਤਾ ਹੈ ਕਿ ਜੇ ਅਹਿਸਾਸ ਮਰ ਜਾਣ ਤਾਂ ਬੰਦਾ ਵੀ ਮਰ ਜਾਂਦਾ ਹੈ। ਅਹਿਸਾਸ ਨੂੰ ਜਿਊਂਦੇ ਰੱਖਣ ਲਈ ਜ਼ਰੂਰੀ ਹੈ ਕਿ ਬੰਦਾ ਜਿਊਂਦਾ ਰਹੇ। ਉਸ ਦਾ ਅੰਦਰਲਾ ਮਨੁੱਖ ਸੰਜੀਵ ਰਹੇ।***

ਅਸੀਂ ਅਹਿਸਾਸ ਵਿਹੂਣੇ ਲੋਕ। ਨਹੀਂ ਕਿਸੇ ਦੇ ਅਹਿਸਾਸ ਦੀ ਪ੍ਰਵਾਹ। ਕਿਸੇ ਨੂੰ ਚੋਭ ਲਾਉਣ ਲੱਗਿਆਂ ਪਲ ਵੀ ਨਹੀਂ ਲਾਉਂਦੇ। ਕਿਸੇ ਦੇ ਦਰਦ ਵਿਚ ਅਸੀਂ ਖ਼ੁਸ਼ੀ ਮਨਾਉਂਦੇ। ਕਿਸੇ ਦੇ ਨੁਕਸਾਨ ਵਿਚੋਂ ਨਿੱਜੀ ਲਾਭ ਦੀ ਤਵੱਕੋ। ਕਿਸੇ ਦੀਆਂ ਸਿੱਲ੍ਹੀਆਂ ਅੱਖਾਂ ਵਿਚੋਂ ਆਪਣੇ ਨੈਣਾਂ ਦੇ ਸੁਪਨਿਆਂ ਦੀ ਝਾਕ।

ਅਹਿਸਾਸ ਮਰ ਜਾਣ ਤਾਂ ਬੰਦਾ ਮਰਦਾ। ਉਸ ਦੀ ਇਨਸਾਨੀਅਤ ਕਬਰ ਭਾਲਦੀ। ਉਸ ਦੇ ਅੰਤਰੀਵ ਵਿਚਲਾ ਸੋਕਾ ਉਸ ਨੂੰ ਹੀ ਰੱਕੜ ਬਣਾਉਂਦਾ। ਉਹ ਆਪਣੀ ਰੂਹ ਦੇ ਵੈਣਾਂ ਵਿਚ ਆਪਣੇ ਆਪ ਨੂੰ ਰੁਆਉਂਦਾ ਤੇ ਸਾਹਾਂ ਦੀ ਅਮੁੱਲਤਾ ਨੂੰ ਹੱਥੀਂ ਗਵਾਉਂਦਾ।

ਅਸੀਂ ਰੋਬੋਟ ਬਣ ਗਏ। ਸਾਨੂੰ ਆਪਣੇ ਅਹਿਸਾਸਾਂ ਦੀ ਸੁੱਧ ਤਾਂ ਹੈ ਹੀ ਨਹੀਂ। ਭਲਾ ਅਸੀਂ ਕਿਸੇ ਦੇ ਅਹਿਸਾਸਾਂ ਨੂੰ ਕੀ ਤਵੱਜੋ ਦੇਵਾਂਗੇ? ਕਿਸੇ ਦੇ ਨੈਣਾਂ ਵਿਚਲੀ ਤਰਾਸਦੀ ਨੂੰ ਕਿਵੇਂ ਕਿਆਸਾਂਗੇ?

ਅਹਿਸਾਸ ਮਨ ਦੀਆਂ ਕੋਮਲ ਭਾਵਨਾਵਾਂ। ਕਿਸੇ ਦੇ ਦਰਦ ਵਿਚ ਪਸੀਜ ਜਾਣਾ। ਕਿਸੇ ਦੀ ਭਾਵੀ ਨੂੰ ਜਾਣ ਕੇ ਉਸ ਦੀ ਰੂਹ ਵਿਚ ਉੱਤਰਨਾ। ਚੌਗਿਰਦੇ ਵਿਚ ਕਿਸੇ ਚੀਖ਼ ਨੂੰ ਸੁਣ ਕੇ ਚੁੱਪ ਕਰਵਾਉਣ ਲਈ ਉਤਸ਼ਾਹ। ਕਿਸੇ ਦੀਆਂ ਲੋੜਾਂ ਥੋੜ੍ਹਾਂ ਨੂੰ ਪੂਰੀਆਂ ਕਰਕੇ ਉਸ ਦੇ ਮੁੱਖ ਤੇ ਹੁਲਾਸ ਪੈਦਾ ਕਰਨ ਦੀ ਤਮੰਨਾ। ਅੱਖਰ ਹੀਣ ਦੇ ਝੋਲੇ ਵਿਚ ਅੱਖਰਾਂ ਦੀ ਦਾਤ ਪਾਉਣ ਅਤੇ ਉਸ ਦੇ ਮਸਤਕ ਵਿਚ ਦੀਵਾ ਜਗਾਉਣ ਦੀ ਜੁਗਤੀ।

ਅਹਿਸਾਸ ਦਿਸਦੇ ਨਹੀਂ ਪਰ ਇਨ੍ਹਾਂ ਦਾ ਅਸਰ ਪ੍ਰਤੱਖ। ਇਹ ਉਸੇ ਨਹੀਂ ਜਾ ਸਕਦੇ । ਸਗੋਂ ਇਹ ਆਪੂੰ ਹੀ ਮਨ ਵਿਚ ਪਨਪਦੇ। ਇਹ ਸਾਨੂੰ ਆਪਣੇ ਪਰਿਵਾਰ, ਬਜ਼ੁਰਗਾਂ ਅਤੇ ਸਮਾਜ ਵਿਚੋਂ ਮਿਲਦੇ। ਚੰਗੀ ਸੰਗਤ ਵਿਚੋਂ ਇਨ੍ਹਾਂ ਦਾ ਜਾਗ ਲੱਗਦਾ। ਅਹਿਸਾਸ ਨੂੰ ਨਾ ਤਾਂ ਖ਼ਰੀਦਿਆ ਜਾ ਸਕਦਾ ਅਤੇ ਨਾ ਹੀ ਇਹ ਵਿਕਾਊ। ਇਹ ਤਾਂ ਰੂਹ ਵਿਚਲੀ ਤਰਲਤਾ ਅਤੇ ਮਾਸੂਮੀਅਤ ਵਿਚੋਂ ਖ਼ੁਦ-ਬਖ਼ੁਦ ਪੈਦਾ ਹੁੰਦੇ।

ਅਹਿਸਾਸ ਸਿਰਫ਼ ਅਹਿਸਾਸ ਹੁੰਦੇ। ਇਨ੍ਹਾਂ ਵਿਚੋਂ ਕਿਸੇ ਨਿੱਜੀ ਮੁਫ਼ਾਦ ਦੀ ਆਸ ਰੱਖਣਾ, ਅਹਿਸਾਸਾਂ ਦੀ ਤੌਹੀਨ। ਅਹਿਸਾਸ ਨੂੰ ਜਿਊਂਦੇ ਰੱਖਣ ਲਈ ਜ਼ਰੂਰੀ ਹੈ ਕਿ ਅਸੀਂ ਅਹਿਸਾਸਾਂ ਵਿਚੋਂ ਜ਼ਿੰਦਗੀ ਨੂੰ ਸਮਝਣ ਅਤੇ ਮਾਣਨ ਦਾ ਗੁਰ ਆਪਣੀ ਜੀਵਨ-ਜਾਚ ਦੇ ਨਾਮ ਕਰੀਏ।

ਅਹਿਸਾਸ ਮਰ ਜਾਂਦੇ ਤਾਂ ਰਿਸ਼ਤਿਆਂ ਨੂੰ ਸੱਪ ਸੁੰਘਦਾ, ਸੰਬੰਧਾਂ ਵਿਚ ਕੁੜੱਤਣ, ਪਰਿਵਾਰ ਟੁੱਟਦਾ ਅਤੇ ਸਮਾਜ ਵਿਚ ਵਿਸੰਗਤੀਆਂ ਦਾ ਪਹਿਰਾ ਲੱਗਦਾ। ਅਹਿਸਾਸ ਦੇ ਮਰਨ ਤੇ 'ਮੈਂ' ਅਤੇ 'ਤੂੰ' ਤੀਕ ਹੀ ਸੀਮਤ ਹੋ ਜਾਂਦੇ ਪਰ ਕਦੇ ਵੀ 'ਅਸੀਂ' ਵਾਲੇ ਰਾਹ ਨਹੀਂ ਤੁਰਦੇ।

ਅਹਿਸਾਸ ਮਰਦੇ ਤਾਂ ਅਸੀਂ ਬਜ਼ੁਰਗਾਂ ਦੇ ਅਦਬ ਤੋਂ ਕੋਰੇ ਹੋ ਜਾਂਦੇ। ਸਾਡੀ ਔਲਾਦ ਸਾਡੇ ਤੋਂ ਬੇਮੁਖ ਹੋ ਜਾਂਦੀ। ਅਸੀਂ ਧਾਰਮਿਕ ਬੇਅਦਬੀਆਂ ਦੇ ਰਾਹ ਤੁਰਦੇ ਅਤੇ ਕਿਸੇ ਦੀਆਂ ਧਾਰਮਿਕ ਭਾਵਨਾਵਾਂ 'ਤੇ ਸੱਟ ਮਾਰਦੇ। ਆਪਣੇ ਧਰਮ ਦੀ ਉੱਚਮਤਾ ਅਤੇ ਦੂਸਰੇ ਧਰਮ ਦੀ ਨੀਚਤਾ ਰਾਹੀਂ ਆਪਣੀ ਉੱਤਮਤਾ ਨੂੰ ਜ਼ਾਹਿਰ ਕਰਦੇ।

ਅਹਿਸਾਸ ਹੀ ਮਰ ਗਏ ਨੇ ਕਿ ਅਸੀਂ ਕਿਸੇ ਬੇਆਸਰੇ ਦੀਆਂ ਲੇਰਾਂ ਨੂੰ ਅਣਸੁਣਿਆ ਕਰਦੇ। ਕਿਸੇ ਦੇ ਚੀਖ਼-ਕੁਰਲਾਟ ਨੂੰ ਸੁਣਨ ਤੋਂ ਬਚਣ ਲਈ ਘਰ ਦੇ ਬੂਹੇ, ਬਾਰੀਆਂ ਤੇ ਰੌਸ਼ਨਦਾਨ ਢੋਅ ਲੈਂਦੇ। ਹਨੇਰੇ ਵਰਗੇ ਲੋਕ ਹੁੰਦੇ ਨੇ ਅਹਿਸਾਸ ਹੀਣ ਤਾਂ ਹੀ ਉਨ੍ਹਾਂ ਦੇ ਘਰਾਂ ਵਿਚ ਮੋਟੇ ਪਰਦਿਆਂ ਵਿਚੋਂ ਅਹਿਸਾਸ ਤਾਂ ਕੀ ਰੌਸ਼ਨੀ ਦੀ ਵੀ ਮਨਾਹੀ ਹੁੰਦੀ।

ਅਹਿਸਾਸ ਨੂੰ ਬੰਦੇ ਦੀ ਅਜੋਕੀ ਭੱਜ-ਦੌੜ ਨੇ ਹਜ਼ਮ ਲਿਆ। ਉਹ ਦੌੜਦਾ, ਮੰਜ਼ਲ ਦੇ ਸਰਨਾਵਿਆਂ ਤੋਂ ਕੋਰਾ ਸਿਰਨਾਵਾਂ ਖੋਪੇ ਪਾਈ ਬਲਦ ਵਾਂਗ ਦੌੜਨ ਵਿਚ ਮਸਰੂਫ਼ ਅਤੇ ਆਖ਼ਰ ਨੂੰ ਹਫਦਾ ਹੋਇਆ ਹੀ ਆਪਣੀ ਫਾਤਿਹਾ ਪੜ੍ਹ ਜਾਂਦਾ।

ਅਹਿਸਾਸ ਕਿਵੇਂ ਮਰ ਗਏ ਸਾਡੇ, ਇਹ ਦੇਖ ਅਤੇ ਮਹਿਸੂਸ ਕਰਕੇ ਮਨ ਬਹੁਤ ਦੁਖੀ। ਮਾਯੂਸ ਅਤੇ ਉਦਾਸ। ਇਸ ਉਦਾਸੀ ਕਾਰਨ ਹੀ ਮਨ ਤੇ ਚੁੱਪ ਹਾਵੀ ਹੋ ਜਾਂਦੀ। ਇਹੀ ਚੁੱਪ ਜਦ ਸੰਵੇਦਨਸ਼ੀਲ ਬੰਦੇ ਦੇ ਅੰਦਰ ਉੱਤਰਦੀ ਤਾਂ ਉਹ ਚੁੱਪ ਹੋ ਜਾਂਦਾ। ਅੱਜ ਕੱਲ੍ਹ ਸੰਵੇਦਨਸ਼ੀਲ ਲੋਕ ਚੁੱਪ ਹੋ ਗਏ ਨੇ ਅਤੇ ਅਹਿਸਾਸ ਹੀਣ ਲੋਕ ਸਮਾਜਿਕ ਦਾਇਰਿਆਂ ਵਿਚ ਹਾਵੀ ਹੋ ਗਏ।

ਅਹਿਸਾਸਾਂ ਨੂੰ ਕਿਸੇ ਦੇ ਦੀਦਿਆਂ ਵਿਚੋਂ ਵੀ ਪੜ੍ਹਿਆ ਜਾ ਸਕਦਾ। ਭਾਵੀ ਚੁੱਪ ਵੀ ਅਹਿਸਾਸਾਂ ਨੂੰ ਬਾਖ਼ੂਬੀ ਬਿਆਨਦੀ। ਕਿਸੇ ਦੇ ਫਰਕਦੇ ਹੋਠਾਂ ਵਿਚਲੇ ਅਹਿਸਾਸਾਂ ਨੂੰ ਅਨੁਭਵ ਕਰਨਾ। ਜਦ ਕੋਈ ਫੁੱਲ ਨਾਲੋਂ ਇੱਕ ਪੱਤੀ ਤੋੜੀ ਜਾਂਦੀ ਤਾਂ ਬਾਕੀ ਪੱਤੀਆਂ ਦੇ ਦੁੱਖ ਨੂੰ ਫੁੱਲ ਕਿਵੇਂ ਮਹਿਸੂਸ ਕਰਦਾ, ਕੁਝ ਕੁ ਵਿਰਲਿਆਂ ਨੂੰ ਹੀ ਪਤਾ ਲੱਗਦਾ।

ਕਿਸੇ ਕਿਤਾਬ ਦੇ ਕੁਝ ਖ਼ਾਲੀ ਵਰਕਿਆਂ 'ਤੇ ਉੱਕਰੇ ਅਹਿਸਾਸਾਂ ਨੂੰ ਪੜ੍ਹਨਾ, ਤੁਹਾਨੂੰ ਪਤਾ ਲੱਗੇਗਾ ਕਿ ਕੋਰੇ ਵਰਕਿਆਂ ਤੇ ਅਹਿਸਾਸ ਪੜ੍ਹਨ ਵਾਲੇ ਦਰਅਸਲ ਅਹਿਸਾਸ ਪਰੁੱਚੇ ਲੋਕ ਹੁੰਦੇ ਜੋ ਬਿਨ-ਅੱਖਰੇ ਅਹਿਸਾਸਾਂ ਨੂੰ ਰੂਹ ਤੀਕ ਸਮਾਉਣ ਦੇ ਸਮਰੱਥ। ਕਦੇ ਕਿਸੇ ਦਰਿਆ ਦੀ ਹਿੱਕ ਵਿਚ ਉੱਗੇ ਬਰੇਤੇ ਕਾਰਨ, ਦਰਿਆ ਦੀ ਅੱਖ ਵਿਚ ਖਾਰੇ ਹੰਝੂ ਦੀ ਇਬਾਦਤ ਪੜ੍ਹਨਾ, ਤੁਹਾਨੂੰ ਪਤਾ ਲੱਗੇਗਾ ਕਿ ਦਰਿਆ ਕਿੰਨਾ ਤਰਸਿਆ ਪਿਆ ਹੈ ਕਿ ਬਰੇਤਾ ਵੀ ਪਹਿਲਾਂ ਵਾਂਗ ਦਰਿਆ ਦਾ ਹਿੱਸਾ ਬਣ ਜਾਵੇ।

ਕਿਸੇ ਉੱਜੜੇ ਖੋਲ਼ੇ ਵਿਚ ਬਿਨ ਤੇਲ ਦੀਵੇ ਦੇ ਨੈਣਾਂ ਵਿਚ ਚਾਨਣ ਲਈ ਉੱਗੀ ਤ੍ਰੇਹ ਨੂੰ ਕਿਆਸਣਾ, ਤੁਹਾਨੂੰ ਅਹਿਸਾਸ ਹੋਵੇਗਾ ਕਿ ਚਾਨਣ ਵੰਡਣ ਵਾਲਾ ਦੀਵਾ ਕਿੰਨਾ ਓਦਰਿਆ ਪਿਆ ਹੈ ਚਾਨਣ ਵੰਡਣ ਦੀ ਬਿਰਤੀ ਤੋਂ ਮਹਿਰੂਮ ਹੋ ਕੇ। ਘਰ ਦੀਆਂ ਕੰਧਾਂ ਦਾ ਉੱਖੜਿਆ ਪਲੱਸਤਰ ਜਾਂ ਛੱਤ ਤੇ ਬੇਮਾਲੂਮ ਜਿਹੇ ਨਾਵਾਂ ਨੂੰ ਪਛਾਣਨ ਵਾਲੇ ਜਦ ਅਹਿਸਾਸ ਵਿਹੂਣੇ ਹੋ ਕੇ ਘਰਾਂ ਨੂੰ ਨਹੀਂ ਪਰਤਦੇ ਤਾਂ ਘਰ, ਘਰ ਨਹੀਂ ਰਹਿੰਦਾ, ਸਗੋਂ ਇਹ ਖੋਲ਼ਾ ਬਣ ਕੇ ਕਿਸੇ ਉੱਜੜੀ ਬਸਤੀ ਦਾ ਹਿੱਸਾ ਬਣ ਜਾਂਦਾ।

ਪਾਕਿਸਤਾਨ ਦਾ ਇਕ ਟੀਵੀ ਸੀਰੀਅਲ ਦੇਖ ਰਿਹਾ ਸਾਂ। ਇਕ ਨੌਜਵਾਨ ਪੁੱਤ ਆਪਣੇ ਬੁੱਢੇ ਬਾਪ ਨੂੰ ਕਾਰ ਵਿਚ ਲੈ ਕੇ ਬਜ਼ੁਰਗ ਸੰਭਾਲ ਕੇਂਦਰ ਵਿਚ ਛੱਡ ਕੇ ਜਾਂਦਾ ਹੈ। ਬੁੱਢਾ ਬਾਪ ਹੌਲੀ ਹੌਲੀ ਬਜ਼ੁਰਗ ਘਰ ਵਿਚ ਦਾਖਲ ਹੁੰਦਿਆਂ ਮਨ ਹੀ ਮਨ ਸੋਚਦਾ ਹੈ, "ਮੈਂ ਤੁਹਾਡੇ ਤੋਂ ਬਗੈਰ ਕਿਵੇਂ ਰਹਾਂਗਾ। ਮੈਨੂੰ ਘਰ ਦੇ ਕਿਸੇ ਖੂੰਜੇ ਵਿਚ ਹੀ ਥੋੜ੍ਹੀ ਜਿਹੀ ਥਾਂ ਦੇ ਦਿੰਦੇ ਤਾਂ ਮੈਂ ਸੌਖੀ




ਮੌਤੇ ਮਰ ਜਾਂਦਾ।" ਤੇ ਮੈਂ ਇਹ ਦੇਖ ਕੇ ਸੋਚਦਾ ਰਿਹਾ ਕਿ ਬਾਪ ਕੀ ਸੋਚਦਾ ਹੋਵੇਗਾ ਕਿ ਮੈਂ ਸਾਰੀ ਉਮਰ ਘਰ ਹੀ ਬਣਾਉਂਦਾ ਅਤੇ ਇਸ ਨੂੰ ਆਪਣਾ ਸਮਝਦਾ ਰਿਹਾ। ਕੀ ਮੇਰਾ ਕੋਈ ਵੀ ਘਰ ਨਹੀਂ? ਮੇਰੇ ਸਿਰ ਦੀ ਛੱਤ ਆਪਣਿਆਂ ਨੇ ਹੀ ਕਿਉਂ ਖੋਹੀ? ਕੀ ਮੇਰੇ ਬੱਚਿਆਂ ਦਾ ਮੇਰੇ ਪ੍ਰਤੀ ਇੰਨਾ ਹੀ ਅਦਬ ਸੀ ਕਿ ਮੈਨੂੰ ਬੇਘਰ ਕਰਕੇ, ਬਜ਼ੁਰਗ ਕੇਂਦਰ ਵਿਚ ਧੁਖਦਾ ਸਿਵਾ ਬਣਾ ਕੇ ਹੀ ਛੱਡ ਦਿੱਤਾ। ਦਰਅਸਲ ਇਹ ਅਹਿਸਾਸਹੀਣ ਔਲਾਦ ਹੈ ਜਿਹੜੀ ਆਪਣੇ ਬਜ਼ੁਰਗਾਂ ਦੀ ਤੌਹੀਨ ਤੇ ਤਰਾਸਦੀ ਵਿਚੋਂ ਹੀ ਆਪਣਾ ਸੁਖਨ ਭਾਲਦੀ। ਕੀ ਔਲਾਦ ਨੂੰ ਇੰਨਾ ਅਹਿਸਾਸ ਵੀ ਨਹੀਂ ਕਿ ਜਿਸ ਬਾਪ ਨੂੰ ਇੱਥੇ ਛੱਡ ਕੇ ਜਾ ਰਹੇ ਹਾਂ, ਕੀ ਇਸ ਨੇ ਕਦੇ ਸਾਡਾ ਵਸਾਹ ਕੀਤਾ ਸੀ? ਇਸ ਨੇ ਤਾਂ ਆਪਣੇ ਖ਼ਾਲੀ ਬੋਝੇ ਨਾਲ ਵੀ ਮੇਰੀਆਂ ਲੋੜਾਂ ਅਤੇ ਚਾਅ ਪੂਰੇ ਕਰਦਿਆਂ ਕੋਈ ਕਸਰ ਨਹੀਂ ਸੀ ਛੱਡੀ। ਮਰ ਗਏ ਅਹਿਸਾਸ ਵਾਲੇ ਲੋਕ ਜਦ ਘਰਾਂ ਦੇ ਮਾਲਕ ਬਣ ਜਾਣ ਤਾਂ ਘਰ ਨੂੰ ਕਬਰ ਬਣਦਿਆਂ ਦੇਰ ਨਹੀਂ ਲੱਗਦੀ। ਅਜੇਹੇ ਘਰਾਂ ਦੇ ਕਮਰਿਆਂ ਵਿਚ ਸਿਰਫ਼ ਹੌਕੇ, ਹਾਵੇ ਅਤੇ ਹਿਚਕੀਆਂ ਦਾ ਸ਼ੋਰ ਬੰਦੇ ਨੂੰ ਅੰਦਰੋਂ ਕੋਂਹਦਾ, ਉਸ ਦਾ ਜਿਊਣਾ ਹਰਾਮ ਕਰ ਦਿੰਦਾ।

ਅਮਰੀਕਾ ਵਿਚ ਇਕ ਔਰਤ ਆਪਣੇ 16 ਮਹੀਨਿਆਂ ਦੇ ਬੱਚੇ ਨੂੰ ਘਰ ਵਿਚ ਬੰਦ ਕਰਕੇ, ਆਪ ਛੁੱਟੀਆਂ ਮਨਾਉਣ ਚਲੇ ਗਈ। ਜਦ ਦਸ ਦਿਨਾਂ ਬਾਅਦ ਘਰ ਆਈ ਤਾਂ ਉਹ ਬੱਚਾ ਭੁੱਖਣ-ਭਾਣਾ, ਰੋ ਰੋ ਕੇ ਆਪਣੀ ਮਾਂ ਨੂੰ ਹਾਕਾਂ ਮਾਰਦਾ ਮਰ ਗਿਆ। ਹੁਣ ਮਾਂ ਨੂੰ ਉਮਰ ਕੈਦ ਹੋ ਗਈ। ਕੀ ਕੋਈ ਅਜਿਹੀ ਮਾਂ ਹੋ ਸਕਦੀ ਹੈ ਜਿਹੜੀ ਨਿੱਕੇ ਜਿਹੇ ਬੱਚੇ ਨੂੰ ਘਰ ਵਿਚ ਬੰਦ ਕਰਕੇ ਆਪ ਛੁੱਟੀਆਂ ਮਨਾਵੇ। ਮਾਵਾਂ ਤਾਂ ਆਪਣਾ ਬੱਚੇ ਨੂੰ ਪਲ ਵੀ ਅੱਖੋਂ ਓਝਲ ਨਹੀਂ ਕਰਦੀਆਂ। ਕੀ ਉਹ ਮਾਂ ਸੀ ਜਾਂ ਮਾਂ ਦੇ ਰੂਪ ਵਿਚ ਮੌਤ ਸੀ? ਜਦ ਕਿਸੇ ਮਾਂ ਦੀ ਮਮਤਾ ਮਰ ਜਾਵੇ ਤਾਂ ਉਸ ਦੇ ਮਨ ਵਿਚ ਅਹਿਸਾਸ ਕਿੰਝ ਪੈਦਾ ਹੋਣਗੇ? ਅਜਿਹੀਆਂ ਮਾਵਾਂ ਆਪਣੇ ਬੱਚਿਆਂ ਨੂੰ ਕਈ ਵਾਰ ਜੰਮਦਿਆਂ ਹੀ ਮਾਰ ਦਿੰਦੀਆਂ ਜਾਂ ਅਤੇ ਉਨ੍ਹਾਂ ਨੂੰ ਮਰਨ ਲਈ ਇੰਝ ਛੱਡ ਦਿੰਦੀਆਂ। ਕੀ ਅਜਿਹੀ ਔਰਤ ਨੂੰ ਮਾਂ ਬਣਨ ਦਾ ਹੱਕ ਹੈ? ਅਜਿਹੀਆਂ ਅਹਿਸਾਸ ਹੀਣ ਔਰਤਾਂ ਜਦ ਕਿਸੇ ਸਮਾਜ ਨੂੰ ਕਲੰਕਿਤ ਕਰਦੀਆਂ ਤਾਂ ਸਮੁੱਚਾ ਸਮਾਜ ਨਮੋਸ਼ੀ ਵਿਚ ਡੁੱਬ ਜਾਂਦਾ।

ਅਹਿਸਾਸ ਇੰਜ ਵੀ ਹੁੰਦੇ ਕਿ ਇਹ ਕਿਸੇ ਲਾਚਾਰ ਦੇ ਮੁੱਖ ਤੇ ਖੇੜਾ ਪੈਦਾ ਕਰਕੇ ਆਪਣੇ ਆਪ ਨੂੰ ਧੰਨਭਾਗ ਸਮਝਦੇ। ਜਦ ਕੋਈ ਇਕ ਸੰਵੇਦਨਸ਼ੀਲ ਅਤੇ ਧਾਰਮਿਕ ਬਿਰਤੀ ਵਾਲਾ ਵਿਅਕਤੀ ਕਾਪੀਆਂ ਤੇ ਪੈਨਸਿਲ ਵੇਚਣ ਵਾਲੇ ਬੱਚੇ ਕੋਲੋਂ ਸਭ ਕੁਝ ਖ਼ਰੀਦ ਕੇ ਕੀਮਤ ਨਾਲੋਂ ਵੱਧ ਪੈਸੇ ਦੇ ਦਿੰਦਾ ਹੈ ਤਾਂ ਬੱਚੇ ਦੇ ਮੁੱਖ 'ਤੇ ਉਪਜਿਆ ਹੁਲਾਸ ਅਤੇ ਖ਼ੁਸ਼ੀ, ਖ਼ਰੀਦਦਾਰ ਦੇ ਮਨ ਵਿਚ ਪੈਦਾ ਹੋਏ ਅਹਿਸਾਸਾਂ ਦੇ ਸਦਕੇ ਜਾਂਦਾ ਹੈ। ਜਦ ਉਸ ਦਾ ਸਾਥੀ ਪੁੱਛਦਾ ਹੈ ਕਿ ਤੂੰ ਇੰਨੀਆਂ ਕਾਪੀਆਂ ਅਤੇ ਪੈਨਸਿਲਾਂ ਦਾ ਕੀ ਕਰਨਾ ਹੈ ਤਾਂ ਉਹ ਕਹਿੰਦਾ ਹੈ ਕਿ ਲੋੜਵੰਦ ਬੱਚੇ ਦੇ ਮੁੱਖ ਤੇ ਪੈਦਾ ਹੋਏ ਚਾਅ ਨੂੰ ਦੇਖਣਾ ਮੇਰੇ ਲਈ ਸਭ ਤੋਂ ਅਮੁੱਲ ਅਤੇ ਕੀਮਤੀ ਪਲ ਹਨ। ਕਦੇ ਕਿਸੇ ਲੋੜਵੰਦ ਦੀ ਸਹਾਇਤਾ ਕਰਕੇ ਦੇਖਣਾ, ਤੁਹਾਨੂੰ ਦੁਨੀਆ ਦੀ ਅਜਿਹੀ ਖ਼ੁਸ਼ੀ ਹਾਸਲ ਹੋਵੇਗੀ ਜਿਸ ਲਈ ਸਮੁੱਚੀ ਦੁਨੀਆ ਹੀ ਤਰਸੀ ਪਈ ਹੈ।

ਅਹਿਸਾਸ, ਨਿੱਕੀਆਂ-ਨਿੱਕੀਆਂ ਗੱਲਾਂ, ਹੁੰਗਾਰਿਆਂ, ਇਸ਼ਾਰਿਆਂ ਅਤੇ ਭਾਵਾਂ ਰਾਹੀਂ ਪ੍ਰਗਟ ਹੁੰਦੇ। ਤਰੇਲੀ ਵੱਟ ਤੇ ਤੁਰਦਿਆਂ ਮਨ ਵਿਚ ਪੈਦਾ ਹੋਏ ਅਹਿਸਾਸ ਨੂੰ ਬਿਆਨਣ ਲਈ ਤੁਹਾਨੂੰ ਬੋਲ ਨਹੀ ਅਹੁੜਨਗੇ। ਕਦੇ ਨੰਗੇ ਪੈਰੀਂ ਕੱਚੇ ਰਾਹਾਂ ਦੀ ਧੁੱਧਲ ਉਡਾਉਣਾ, ਤੁਹਾਡੇ ਅਹਿਸਾਸ ਬਚਪਨ ਅੰਗੜਾਈਆਂ ਭਰਨਗੇ ਜਦ ਤੁਸੀਂ ਨਿੱਕੇ ਹੁੰਦਿਆਂ ਧੁੱਧਲ ਉਡਾ ਕੇ ਹੀ ਹੱਸਦੇ ਹੁੰਦੇ ਸੀ। ਕਦੇ ਬੱਚਿਆਂ ਨੂੰ ਖੜ੍ਹੇ ਪਾਣੀ ਵਿਚ ਪੈਰ ਮਾਰ ਕੇ ਖੇਡਦਿਆਂ ਅਤੇ ਖ਼ੁਸ਼ ਹੁੰਦਿਆਂ ਦੇਖਣਾ, ਤੁਹਾਨੂੰ ਆਪਣੇ ਬੀਤੇ ਦਿਨਾਂ ਦੀ ਯਾਦ ਆਵੇਗੀ।

ਜਦ ਕਿਸੇ ਘਰ ਵਿਚ ਬਨਾਵਟੀ ਫੁੱਲਾਂ ਦੀ ਸਜਾਵਟ ਹੁੰਦੀ। ਫੁੱਲ ਦੀਆਂ ਪੱਤੀਆਂ ਨੂੰ ਪੈਰਾਂ ਹੇਠ ਮਸਲਿਆ ਜਾਂਦਾ ਜਾਂ ਤੁਰੇ ਜਾਂਦਿਆਂ ਕਿਸੇ ਦੇ ਲਾਏ ਹੋਏ ਫੁੱਲਾਂ ਨੂੰ ਮਰੁੰਡ ਕੇ ਤੋੜਿਆ ਜਾਂਦਾ ਤਾਂ ਅਹਿਸਾਸਹੀਣਤਾ ਤੁਹਾਨੂੰ ਸਾਖਸ਼ਾਤ ਨਜ਼ਰ ਆਉਂਦੀ।

ਕਈ ਵਾਰ ਬੰਦੇ ਨੂੰ ਦੂਰੀਆਂ ਦਾ ਅਹਿਸਾਸ ਇੰਝ ਹੁੰਦਾ ਕਿ ਸੱਜਣ ਨੇ ਪਿਆਰੇ ਨੂੰ ਹਾਲ-ਚਾਲ ਪੁੱਛਿਆ। ਪਿਆਰੇ ਨੇ ਕਿਹਾ ਕਿ ਮੈਂ ਠੀਕ ਹਾਂ ਅਤੇ ਸੱਜਣ ਨੇ ਮੰਨ ਲਿਆ।

ਅਹਿਸਾਸ ਦਾ ਮਰ ਜਾਣਾ, ਮੌਤ ਦੀ ਪਹਿਲੀ ਦਸਤਕ। ਕੌਣ ਇਸ ਦਸਤਕ ਨੂੰ ਸੁਣਦਾ ਅਤੇ ਕੌਣ ਨਹੀਂ ਸੁਣਦਾ, ਇਸ ਨੇ ਹੀ ਕਿਸੇ ਦੀ ਉਮਰ ਨੂੰ ਇਸੇ 'ਚ ਮਿਣਨਾ ਜਾਂ ਸਾਲਾਂ ਵਿਚ ਗਿਣਨਾ।

ਕਈ ਵਾਰ ਇੰਜ ਵੀ ਹੁੰਦਾ ਕਿ ਕੁਝ ਮਾੜਾ ਹੋ ਰਿਹਾ ਤਾਂ ਬਹੁਤਿਆਂ ਨੂੰ ਬੁਰਾ ਲੱਗਦਾ। ਕੁਝ ਇਸ ਨੂੰ ਅਹਿਸਾਸਾਂ ਰਾਹੀਂ ਪ੍ਰਗਟ ਕਰਦੇ। ਪਰ ਕੁਝ ਕੁ ਅਜਿਹੇ ਵੀ ਹੁੰਦੇ ਕਿ ਇਸ ਨੂੰ ਅਹਿਸਾਸਾਂ ਵਿਚ ਪ੍ਰਗਟ ਹੀ ਨਾ ਹੋਣ ਦਿੰਦੇ। ਅਹਿਸਾਸਾਂ ਨੂੰ ਆਪਣੇ ਆਪ ਤੋਂ ਹੀ ਲੁਕਾ ਲੈਣਾ ਵੀ ਇਕ ਗੁਨਾਹ ਅਤੇ ਅੱਜ ਕੱਲ੍ਹ ਅਕਸਰ ਹੀ ਅਸੀਂ ਅਜਿਹੇ ਗੁਨਾਹਗਾਰ ਬਣ ਗਏ ਹਾਂ।

ਜਦ ਕੋਈ ਮਨੁੱਖ ਅਹਿਸਾਸ ਹੀਣ ਤੋਂ ਅਹਿਸਾਸਵੰਤ ਹੋਇਆ ਤਾਂ ਉਹ ਅੰਦਰੋਂ-ਅੰਦਰੀਂ ਬਹੁਤ ਰੋਇਆ ਜਦ ਉਸ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ। ਅਜਿਹਾ ਬੰਦਾ ਕੱਫਣ ਵਿਚ ਲਪੇਟੀ ਲਾਸ਼ ਕੋਲੋਂ ਖਿਮਾ ਜਾਚਨਾ ਕਿਵੇਂ ਕਰੇ, ਕਿਉਂਕਿ ਲਾਸ਼ ਕਦੇ ਬੋਲਦੀ ਜਾਂ ਹੁੰਗਾਰਾ ਨਹੀਂ ਭਰਦੀ।

ਅਹਿਸਾਸ ਵਿਹੂਣੇ ਬੰਦਿਆਂ ਪੱਲੇ, ਰਹਿੰਦਾ ਦੱਸੋ ਕੀ?
ਵਿਚ ਚੌਰਾਹੇ ਲਾਇਆਂ ਹੁੰਦਾ, ਬੋਲੀ ਆਪਣਾ ਜੀਅ।
ਅਹਿਸਾਸ ਵਿਗੁੱਤੇ ਲੋਕਾਂ ਭਲਾ, ਕਰਨੀ ਕੀ ਤਲਾਸ਼।
ਤਲੀ ਉੱਪਰ ਫਿਰਨ ਟਿਕਾਈ, ਆਪਣੇ ਮਨ ਦੀ ਲਾਸ਼।
ਅਹਿਸਾਸਹੀਣ ਮਨੁੱਖਾਂ ਕੋਲੋਂ, ਰੱਖਣੀ ਕਾਹਦੀ ਆਸ?
ਨਾ ਰੋਣ ਲਈ ਮੋਢਾ ਦੇਂਦੇ, ਤੇ ਨਾ ਦੇਵਣ ਧਰਵਾਸ।
ਅਹਿਸਾਸੋਂ ਵਿਰਵੀ ਜਾਤ ਦੇ ਮੱਥੇ, ਰਹੇ ਪਲੱਤਣੀ ਭਾਅ।
ਨਾ ਕਿਸੇ ਦੇ ਸੋਗ 'ਚ ਸੋਗੀ, ਤੇ ਨਾ ਮਨਾਉਂਦੇ ਚਾਅ।
ਅਹਿਸਾਸ ਮਰੇ ਤਾਂ ਬੰਦਾ ਮਰਦਾ, ਤੇ ਮਰਦੀ ਔਕਾਤ।
ਰੂਹ ਦੇ ਵਿਹੜੀਂ ਰਹੇ ਹਨੇਰਾ, ਨਾ ਉੱਗਦੀ ਪ੍ਰਭਾਤ।
ਅਹਿਸਾਸ ਵਾਲੇ ਜਿਊੜੇ ਹੁੰਦੇ, ਚਾਨਣ ਦਾ ਸਿਰਨਾਵਾਂ।
ਮਨ ਦੀ ਮੰਜ਼ਲ ਦੱਸਣ ਵਾਲੀਆਂ, ਰੰਗ ਰੱਤੀਆਂ ਰਾਹਵਾਂ।

ਯਾਦ ਰਹੇ ਕਿ ਰਿਸ਼ਤੇ ਸਿਰਫ਼ ਖ਼ੂਨ ਦੇ ਹੀ ਨਹੀਂ ਹੁੰਦੇ। ਰਿਸ਼ਤੇ ਤਾਂ ਵਿਸ਼ਵਾਸ ਦੇ, ਧਰਵਾਸ ਦੇ ਅਤੇ ਅਹਿਸਾਸ ਦੇ ਹੁੰਦੇ। ਅਹਿਸਾਸਹੀਣ ਕਦੋਂ ਕਿਸੇ ਰਿਸ਼ਤੇ ਨੂੰ ਕੋਈ ਅਹਿਮੀਅਤ ਦਿੰਦੇ।

ਸ਼ਬਦਾਂ ਵਿਚ ਅਹਿਸਾਸ ਤਾਂ ਹੀ ਪੈਦਾ ਹੁੰਦੇ ਜਦ ਕਲਮ ਵਿਚ ਜਜ਼ਬਾਤ, ਭਾਵਾਂ ਵਿਚ ਅਲਫ਼ਾਜ਼ ਤੇ ਅਰਥਾਂ ਵਿਚ ਅੰਦਾਜ਼ ਹੁੰਦੇ ਅਤੇ ਰੂਹ ਵਿਚ ਅੰਬਰੀ ਪਰਵਾਜ਼ ਹੁੰਦੀ।

ਸਮੇਂ ਨਾਲ ਲੋਕ ਤਾਂ ਭਾਵੇਂ ਉਹੀ ਹੁੰਦੇ ਪਰ ਉਨ੍ਹਾਂ ਦੇ ਅਹਿਸਾਸ ਬਦਲ ਜਾਂਦੇ। ਗੱਲਾਂ ਉਹੀ ਹੁੰਦੀਆਂ, ਅੰਦਾਜ਼ ਬਦਲ ਜਾਂਦੇ। ਕੋਲ ਕੋਲ ਹੁੰਦਿਆਂ ਵੀ ਦੂਰੀਆਂ ਦੇ ਅਹਿਸਾਸ ਹੁੰਦੇ ਅਤੇ ਸੰਬੰਧਾਂ ਲਈ ਸਿਰਫ਼ ਆਖ਼ਰੀ ਸਵਾਸ ਹੁੰਦੇ।

ਜਦ ਸਾਡੇ ਸ਼ਬਦਾਂ ਵਿਚੋਂ, ਬੋਲਾਂ ਵਿਚੋਂ, ਤੱਕਣੀ ਵਿਚੋਂ, ਸਰੀਰਕ ਕਿਰਿਆਵਾਂ ਵਿਚੋਂ, ਕੀਰਤੀ ਵਿਚੋਂ, ਧਰਮ ਵਿਚੋਂ ਅਤੇ ਸੁਭਾਅ ਵਿਚੋਂ ਅਹਿਸਾਸ ਗੁੰਮ ਜਾਂਦੇ ਤਾਂ ਅਸੀਂ ਸਿਰਫ਼ ਇੱਕ ਤਾਬੂਤ ਹੁੰਦੇ। ਅੱਜ ਕੱਲ੍ਹ ਅਸੀਂ ਤਾਬੂਤਾਂ ਦੀ ਸ਼ੈਣੀ ਪਰ ਖ਼ੁਦ ਨੂੰ ਬਹੁਤ ਕਿਸਮਤ ਵਾਲੇ ਸਮਝਣ ਲੱਗ ਪਏ ਹਾਂ।

ਅਹਿਸਾਸ ਹੀ ਮਰ ਗਏ ਕਿ ਅਸੀਂ ਹੁਣ ਬੰਦੇ ਨੂੰ ਵਰਤਦੇ ਹਾਂ। ਉਸ ਦੀ ਲਿਆਕਤ, ਮਨੋਂ ਕਾਮਨਾਵਾਂ, ਭਾਵਨਾਵਾਂ ਅਤੇ ਸੁਪਨਿਆਂ ਨੂੰ ਵਰਤੋਂ ਦੀ ਵਸਤ ਬਣਾ ਦਿੱਤਾ। ਜਦ ਕਿਸੇ ਨੂੰ ਵਰਤੋਂ ਦੀ ਵਸਤ ਬਣਾ ਵਪਾਰੀਕਰਨ ਕੀਤਾ ਜਾਂਦਾ ਤਾਂ ਅਹਿਸਾਸ ਕਬਰਾਂ ਵਿਚ ਦਫ਼ਨ ਹੋ ਜਾਂਦੇ।

ਮਨ ਦੇ ਬੂਹੇ ਟੰਗੀਏ ਸੁੰਨ ਹੋਏ ਅਹਿਸਾਸ।
ਤਾਂ ਕਿ ਜਿਉਂਦੇ ਹੋਣ ਦਾ ਲੋਕੀਂ ਕਰਨ ਆਭਾਸ।
ਰੂਹ ਨੂੰ ਕਦੇ ਬਣਾਈਏ ਅਹਿਸਾਸਾਂ ਦੀ ਜੂਹ।
ਤਾਂ ਕਿ ਸਾਡੜੇ ਚਾਅ ਵੀ ਲੈਂਦੇ ਰਹਿਣਗੇ ਸੂਹ।
ਸਾਡੇ ਸ਼ਬਦੀ ਜਗ ਪਵੇ ਜੇ ਅਹਿਸਾਸਾਂ ਦੀ ਜੋਤ।
ਤਾਂ ਹਰ ਪਲ ਸਾਨੂੰ ਯਾਦ ਰਹੇ ਆਪਣੀ ਭਾਵੀ ਮੌਤ।
ਸਾਡੇ ਬੋਲੀਂ ਅਹਿਸਾਸ ਜੇ ਭਰਨ ਕਦੇ ਪਰਵਾਜ਼।
ਤਾਂ ਸਾਡੀ ਜੀਵਨ-ਜਾਚ ਨੂੰ ਆਵੇ ਜਿਊਣ-ਅੰਦਾਜ਼
ਸਾਡੇ ਕਰਮੀਂ ਜੇ ਲੱਗ ਜੇ ਅਹਿਸਾਸਾਂ ਦਾ ਜਾਗ।
ਤਾਂ ਮਸਤਕੀਂ ਲਿਸ਼ਕਣੇ ਸੂਰਜ ਰੰਗੇ ਭਾਗ।
ਅੰਬਰੀ ਜੇ ਅਹਿਸਾਸ ਦੇ ਟਿਮਕਣ ਲੱਗਣ ਤਾਰੇ।
ਤਾਂ ਦੁਨੀਆ ਤੋਂ ਦੂਰ ਹੋਣ ਪਸਰੇ ਹੋਏ ਹਨੇਰੇ।

ਅਹਿਸਾਸ ਨੂੰ ਜਿਊਂਦੇ ਰੱਖਣ ਲਈ ਜ਼ਰੂਰੀ ਹੈ ਕਿ ਬੰਦਾ ਜਿਊਂਦਾ ਰਹੇ। ਉਸ ਦਾ ਅੰਦਰਲਾ ਮਨੁੱਖ ਸੰਜੀਵ ਰਹੇ। ਉਸ ਦੀਆਂ ਤਮੰਨਾਵਾਂ ਵਿਚ ਲੋਭ ਨਾ ਆਵੇ। ਉਹ ਦਿਮਾਗ਼ ਨਾਲੋਂ ਮਨ ਦੇ ਆਖੇ ਲੱਗ ਕੇ ਜੀਵਨ ਦੀਆਂ ਪਹਿਲਾਂ ਨਿਰਧਾਰਿਤ ਕਰੇ। ਅਹਿਸਾਸ ਦਿਲਾਂ ਦੇ ਹੁੰਦੇ, ਰੂਹਾਂ ਦੇ ਹੁੰਦੇ, ਮਨ ਦੇ ਹੁੰਦੇ, ਭਾਵਨਾਵਾਂ ਦੇ ਹੁੰਦੇ ਅਤੇ ਪਨਪੇ ਚਾਵਾਂ ਦੇ ਹੁੰਦੇ। ਸਾਡੀਆਂ ਅਦਾਵਾਂ ਦੇ ਵੀ, ਕਾਮਨਾਵਾਂ ਦੇ ਵੀ ਅਤੇ ਦੁਆਵਾਂ ਦੇ ਵੀ। ਅਸੀਂ ਕਿਹੜੇ ਅਹਿਸਾਸਾਂ ਵਿਚੋਂ ਖ਼ੁਦ ਨੂੰ ਆਪਣੀ ਤਕਦੀਰ ਦਾ ਸਿਰਜਣਹਾਰਾ ਬਣਾਉਣਾ, ਇਹ ਸਾਡੇ ਤੇ ਨਿਰਭਰ ਅਤੇ ਇਸ ਨੇ ਹੀ ਸਾਡੀ ਮਨੁੱਖੀ ਸ਼ਖ਼ਸੀਅਤ ਨੂੰ ਉਸਾਰਨਾ।

ਅਸੀਂ ਰੋਬੋਟ ਬਣਨਾ ਜਾਂ ਸੂਖਮ ਭਾਵੀ ਮਨੁੱਖ ਬਣਨਾ, ਇਹ ਸਾਡੀ ਸੋਚ ਤੇ ਤਰਜੀਹ 'ਤੇ ਨਿਰਭਰ ਜਿਸ ਨੂੰ ਤੁਸੀਂ ਹੀ ਨਿਰਧਾਰਿਤ ਕਰਨਾ।

ਕਦੇ ਮਨੁੱਖ ਬਣ ਕੇ ਇਨਸਾਨ ਬਣਨ ਵੰਨੀ ਪਹਿਲ-ਕਦਮੀ ਕਰਨਾ, ਬਾਕੀ ਕਦਮ ਖ਼ੁਦ ਬਖ਼ੁਦ ਉੱਠ ਜਾਣਗੇ।

---

## ਯਾਦ ਰੱਖਣ ਯੋਗ ਗੱਲਾਂ

* ਹਵਾਵਾਂ ਵੀ ਮਰਜ਼ੀ ਦੀਆਂ ਮਾਲਕ ਹੁੰਦੀਆਂ ਹਨ ਚਾਹੁਣ ਤਾਂ ਸਵਾਹ ਹੋ ਰਹੀ ਅੱਗ ਨਾਲ ਵੀ ਭਾਂਬੜ ਮਚਾ ਦੇਣ ਚਾਹੁਣ ਤਾਂ ਬਲਦੇ ਦੀਵੇ ਬੁਝਾ ਦੇਣ।

* ਬੀਤੇ ਸਮੇਂ ਨੂੰ ਕਦੇ ਨਾ ਭੁੱਲੋ ਵਰਤਮਾਨ ਸਮੇਂ ਵਿਚੋਂ ਲੰਘ ਹੀ ਰਹੇ ਹੋ ਅਤੇ ਭਵਿੱਖ ਵਾਸਤੇ ਉਸਾਰੂ (ਪੌਜ਼ੀਟਿਵ) ਸੋਚ ਰੱਖੋ।

* ਚੁੱਪ ਚਾਪ ਸੁਣਦੇ ਅਤੇ ਸਹਿੰਦੇ ਰਹੋ ਤਾਂ ਤੁਸੀਂ ਬਹੁਤ ਚੰਗੇ ਹੋ ਜਿਸ ਦਿਨ ਸਵਾਲ ਕਰਨੇ ਸ਼ੁਰੂ ਕੀਤੇ ਤੁਹਾਡੇ ਜਿਹਾ ਕੋਈ ਮਾੜਾ ਨਹੀਂ ਹੋਵੇਗਾ।

* ਕਿਸੇ ਦੇ ਹੱਥ ਵਿਚ ਪਾਣੀ ਦਾ ਕੱਪ ਹੋਵੇ ਜੇ ਉਸ ਨੂੰ ਕੋਈ ਧੱਕਾ ਮਾਰੇ ਪਾਣੀ ਡੁੱਲ੍ਹਣ ਉਪਰੰਤ ਪੁੱਛੇ ਕਿ ਪਾਣੀ ਕਿਉਂ ਡੋਲ੍ਹਿਆ? ਜਵਾਬ ਮਿਲਦਾ ਹੈ ਤੂੰ ਧੱਕਾ ਦਿੱਤਾ! ਅਸਲ ਵਿਚ ਧੱਕੇ ਨਾਲ ਪਾਣੀ ਨਹੀਂ ਡੁੱਲ੍ਹਿਆ ਜੋ ਵੀ ਕੱਪ ਵਿਚ ਹੁੰਦਾ ਉਹੋ ਡੁੱਲ੍ਹਣਾ ਸੀ, ਇਸ ਕਾਰਨ ਜ਼ਿੰਦਗੀ ਵਿਚ ਜਦ ਧੱਕਾ ਵੱਜੇ ਤਾਂ ਉਹੋ ਹੀ ਡੁੱਲ੍ਹੇਗਾ ਜੋ ਸਾਡੇ ਵਿਚ ਹੈ, ਉਹ ਗੁੱਸਾ/ਕਰੋਧ ਹੋਵੇ ਜਾਂ ਸਬਰ/ਸੰਤੋਖ, ਇਸ ਲਈ ਹਮੇਸ਼ਾਂ ਠੰਢੇ ਰਹੋ।

* ਲੱਕ ਬੰਨ੍ਹ ਕੇ ਲਗਨ ਨਾਲ ਕੀਤੀ ਮਿਹਨਤ ਸੁੱਕੀਆਂ ਵੇਲਾਂ ਨੂੰ ਵੀ ਫੁੱਲ ਲਾ ਦੇਵੇਗੀ ਜਦ ਕਿ ਕੀਤਾ ਗਿਆ ਆਲਸ ਹਰੇ ਭਰੇ ਬਾਗ ਵੀ ਉਜਾੜ ਦੇਵੇਗਾ।

* ਇਲੈਕਸ਼ਨ ਵੀ ਕਿੰਨੇ ਰੰਗ ਵਿਖਾਉਂਦੀ ਹੈ ਵੋਟਾਂ ਤੋਂ ਦੂਜੇ ਦਿਨ ਸ. ਫੱਗਾ ਸਿੰਘ ਫੱਗੂ ਅਮਲੀ ਬਣ ਜਾਂਦਾ ਹੈ।

* ਅਮਰੀਕਨ ਲੋਕਾਂ ਦਾ ਮੰਨਣਾ ਹੈ ਕਿ ਮੱਛੀ ਫੜਨ ਗਏ ਹੋਵੋ ਤਾਂ ਤੁਹਾਡਾ ਮਾੜਾ ਦਿਨ ਵੀ ਕੰਮ ਕਰਦੇ (ਡਿਊਟੀ ਵਾਲੇ) ਦਿਨ ਤੋਂ ਚੰਗਾ ਹੋਵੇਗਾ।

*-ਹਰਦੀਪ ਸਿੰਘ ਸੋਢੀ ਨਡਾਲਾ*
*ਫੋਨ: 480-794-0325*

*ਇਹ ਲੇਖ ਗਦਰੀਆਂ ਦੇ ਪਰਚੇ 'ਗਦਰ' ਦੇ ਪਹਿਲੀ ਜੂਨ 1917 ਵਾਲੇ ਅੰਕ ਵਿਚ ਛਪਿਆ ਸੀ। ਉਦੋਂ ਅਜੇ ਰੂਸ ਵਿਚ ਇਨਕਲਾਬ ਨਹੀਂ ਸੀ ਆਇਆ। ਇਸ ਤੋਂ ਪਹਿਲਾਂ, ਪਹਿਲੀ ਸੰਸਾਰ ਜੰਗ ਸ਼ੁਰੂ ਹੋਣ ਮੌਕੇ ਗਦਰੀਆਂ ਵੱਲੋਂ ਹਿੰਦੁਸਤਾਨ ਨੂੰ ਆਜ਼ਾਦ ਕਰਵਾਉਣ ਦਾ ਪਹਿਲਾ ਹੱਲਾ ਅਸਫਲ ਹੋ ਚੁੱਕਾ ਸੀ। ਇਸ ਦੇ ਬਾਵਜੂਦ ਗਦਰੀਆਂ ਨੇ ਇਕ ਵਾਰ ਫਿਰ ਇਕੱਠੇ ਹੋ ਕੇ ਅੰਗਰੇਜ਼ਾਂ ਖਿਲਾਫ ਬਗਾਵਤ ਕਰਨ ਬਾਰੇ ਸੋਚਿਆ। ਇਸ ਲੇਖ ਵਿਚ ਅਮਰੀਕਾ ਵਿਚਲੇ ਸੰਘਰਸ਼ਾਂ ਤੋਂ ਇਲਾਵਾ ਸੰਸਾਰ ਦੇ ਹੋਰ ਹਿੱਸਿਆਂ ਵਿਚ ਚੱਲ ਰਹੇ ਆਜ਼ਾਦੀ ਦੇ ਸੰਘਰਸ਼ਾਂ ਦੇ ਹਵਾਲੇ ਵੀ ਆਏ ਹਨ। ਇਸ ਤੋਂ ਸਾਫ ਪਤਾ ਲੱਗਦਾ ਹੈ ਕਿ ਗਦਰੀ ਕਿਸ ਮਿੱਟੀ ਦੇ ਬਣੇ ਹੋਏ ਸਨ, ਉਨ੍ਹਾਂ ਦੀ ਸੋਚ-ਉਡਾਰੀ ਕਿੰਨੀ ਉੱਚੀ ਸੀ ਅਤੇ ਉਹ ਅਸਲ ਵਿਚ ਚਾਹੁੰਦੇ ਕੀ ਸਨ। ਇਹ ਲੇਖ ਅਸੀਂ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ ਤਾਂ ਕਿ ਇਤਿਹਾਸ ਦੇ ਉਨ੍ਹਾਂ ਸੁਨਹਿਰੀ ਪਲਾਂ ਨੂੰ ਫਿਰ ਯਾਦ ਕੀਤਾ ਜਾ ਸਕੇ। ਲੇਖ ਦੇ ਸ਼ਬਦ-ਜੋੜ ਜਿਉਂ ਦੇ ਤਿਉਂ ਰੱਖੇ ਗਏ ਹਨ।*

# ਅਮਰੀਕਾ ਅਤੇ ਹਿੰਦੁਸਤਾਨ

## ਗਦਰ ਸਾਹਿਤ


ਕੋਈ ਹੋਰ ਦੋ ਮੁਲਕ ਇਕ ਦੂਜੇ ਤੇ ਇਤਨੀ ਦੂਰ ਨਹੀਂ ਹੋਣਗੇ, ਜਿਤਨੀ ਅਮਰੀਕਾ ਅਤੇ ਹਿੰਦੁਸਤਾਨ। ਜਦ ਇਥੇ ਸੂਰਜ ਨਿਕਲਦਾ ਹੈ ਤਾਂ ਉਥੇ ਛਿਪਦਾ ਹੈ। ਜਦ ਉਥੇ ਸਵੇਰ ਹੁੰਦੀ ਹੈ ਤਾਂ ਇੱਥੇ ਸ਼ਾਮ ਪਰ ਇਹ ਉਲਟਾ ਸਬੰਧ ਵੀ ਇਕ ਸਬੰਧ ਹੈ ਅਤੇ ਇਕ ਪ੍ਰਕਾਰ ਦਾ ਸਬੰਧ ਅਮਰੀਕਾ ਅਤੇ ਹਿੰਦੁਸਤਾਨ ਦੀਆਂ ਤਵਾਰੀਖ਼ਾਂ ਵਿਚ ਸ਼ੁਰੂ ਤੋਂ ਰਿਹਾ ਹੈ। ਏਸ਼ੀਆ ਅਤੇ ਯੂਰਪ ਦੀਆਂ ਕੌਮਾਂ ਨੂੰ ਸੋਲ੍ਹਵੀਂ ਸਦੀ ਤਾਈਂ ਅਰਥਾਤ ਚਾਰ ਸੌ ਸਾਲ ਹੋਏ ਅਮਰੀਕਾ ਦਾ ਪਤਾ ਨਹੀਂ ਸੀ। ਪੰਦਰਵੀਂ ਸਦੀ ਦੇ ਅਖ਼ੀਰ ਵਿਚ ਤੁਰਕਾਂ ਨੇ ਅਸਤਮਬੋਲ ਫਤਿਹ ਕੀਤਾ ਅਤੇ ਜੋ ਵਪਾਰ ਸਦੀਆਂ ਤੋਂ ਯੂਰਪ ਅਤੇ ਹਿੰਦੁਸਤਾਨ ਵਿਚ ਇਟਲੀ ਦੀ ਮਸ਼ਹੂਰ ਰਿਆਸਤ ਵੇਨਿਸ ਦੇ ਰਾਹੀਂ ਹੋਇਆ ਕਰਦਾ ਸੀ, ਉਹ ਬੰਦ ਹੋ ਗਿਆ। ਇਟਲੀ ਦੇ ਸ਼ਾਹੂਕਾਰਾਂ ਨੂੰ ਸਖ਼ਤ ਨੁਕਸਾਨ ਹੋਇਆ ਅਤੇ ਇਟਲੀ ਤਾਂ ਦੂਜੀਆਂ ਯੂਰਪੀਨ ਕੌਮਾਂ ਵਿਚ ਐਸਾ ਰਸਤਾ ਲੱਭਣ ਵਾਸਤੇ ਨਿਕਲੀਆਂ ਕਿ ਜਿਸ ਨਾਲ ਬਿਨਾਂ ਤੁਰਕਾਂ ਦੇ ਹੱਥ ਵਿਚ ਪਏ, ਹਿੰਦੁਸਤਾਨ ਨਾਲ ਵਪਾਰ ਕਾਇਮ ਰਹੇ ਅਤੇ ਇਸ ਵਾਸਤੇ ਇਟਾਲੀਅਨ ਸ਼ਾਹ ਕੋਲੰਬਸ ਹਿੰਦੁਸਤਾਨ ਦਾ ਰਸਤਾ ਢੂੰਡਣ ਦੇ ਵਾਸਤੇ ਸਮੁੰਦਰ ਇਟਲਾਨਟਿਕ ਨੂੰ ਪਾਰ ਕਰਨ ਦੇ ਵਾਸਤੇ ਚਲਿਆ। ਬਹੁਤ ਰੋਜ਼ ਤਾਈਂ ਪਾਣੀ ਦੇ ਸਫ਼ਰ ਕਰ ਕੇ ਜਦ ਜ਼ਮੀਨ ਨਜ਼ਰ ਪਈ ਤਾਂ ਕੋਲੰਬਸ ਸਮਝਿਆ ਕਿ ਹਿੰਦੁਸਤਾਨ ਹੈ ਪਰ ਇਹ ਅਮਰੀਕਾ ਦਾ ਨਵਾਂ ਮੁਲਕ ਸੀ। ਇਹੀ ਕਾਰਣ ਹੈ ਕਿ ਅੱਜ ਤਾਈਂ ਅਮਰੀਕਾ ਦੇ ਅਸਲੀ ਲੋਕਾਂ ਨੂੰ ਲਾਲ ਹਿੰਦੀ ਕਹਿੰਦੇ ਹਨ। ਅਮਰੀਕਾ ਦੇ ਮਲੂਮ ਹੋਣ ਤੇ ਦੁਨੀਆ ਦੀ ਤਵਾਰੀਖ਼ ਵਿਚ ਬੜੀ ਹੈਰਾਨੀ ਹੋਈ। ਉਸ ਜ਼ਮਾਨੇ ਵਿਚ ਅੰਗਰੇਜ਼ੀ ਬਾਦਸ਼ਾਹ ਆਪਣੀ ਪ੍ਰਜਾ ਤੋਂ ਬੜਾ ਸਖ਼ਤ ਜ਼ੁਲਮ ਕਰਦੇ ਹੁੰਦੇ ਸਨ ਅਤੇ ਜੋ ਗ਼ਦਰੀ ਪ੍ਰਜਾ ਭਗਤ ਬਾਦਸ਼ਾਹੀ ਅਤੇ ਮਜ਼ਹਬੀ ਅਰਥਾਤ ਪਾਦਰੀਆਂ ਦੇ ਜ਼ੁਲਮ ਤੋਂ ਤੰਗ ਆ ਕੇ ਗ਼ਦਰ ਕਰਨ ਵਾਸਤੇ ਤਿਆਰ ਹੋ ਜਾਂਦੇ ਸਨ, ਉਨ੍ਹਾਂ ਨੂੰ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਜਾਂਦਾ ਸੀ। ਇਸ ਵਾਸਤੇ ਅਮਰੀਕਾ ਦਾ ਪਤਾ ਲੱਗਣ ਤੇ ਯੂਰਪ ਦੇ ਗ਼ਦਰੀ ਬਹੁਤ ਦੁੱਖ ਸਹਿੰਦੇ ਹੋਏ ਅਮਰੀਕਾ ਵਿਚ ਆ ਵਸੇ। ਅੰਗਰੇਜ਼ਾਂ ਨੇ ਇੱਥੇ ਵੀ ਉਨ੍ਹਾਂ ਦਾ ਪਿੱਛਾ ਨਾ ਛੱਡਿਆ ਅਤੇ ਸਤਾਰਵੀਂ ਸਦੀ ਵਿਚ ਪੂਰਬੀ ਅਮਰੀਕਾ ਅੰਗਰੇਜ਼ਾਂ ਦੀ ਇਕ ਨਵੀਂ ਆਬਾਦੀ ਹੋ ਗਈ।

ਅੰਗਰੇਜ਼ੀ ਗੌਰਮਿੰਟ ਲੰਡਨ ਤੋਂ ਮੁਕਤ ਹੋ ਕੇ ਇੱਥੇ ਆਇਆ ਸੀ ਅਤੇ ਜ਼ੋਰਾਵਰੀ ਨਾਲ ਅਮਰੀਕਨ ਲੋਕ 'ਤੇ ਰਾਜ ਕਰਦਾ ਸੀ।

ਜਦ ਗੋਰੇ ਅਮਰੀਕਨਾਂ ਨੇ ਸੌਰਾਜ ਦੀ ਇੱਛਾ ਕੀਤਾ ਤਾਂ ਅੰਗਰੇਜ਼ੀ ਹਾਕਮ ਨੇ ਅਮਰੀਕਾ ਦੇ ਜੰਗਲੀ ਅਰਥਾਤ ਰੈਡ ਇੰਡੀਅਨਾਂ ਤੇ ਉਨ੍ਹਾਂ ਨੂੰ ਕਤਲ ਕਰਾ ਦਿੱਤਾ। ਅਮਰੀਕਾ ਦੇ ਵਪਾਰ ਅਤੇ ਕਾਰੀਗਰ ਨੂੰ ਹਰ ਤਰ੍ਹਾਂ ਨਾਲ ਬਰਬਾਦ ਕੀਤਾ ਕਿ ਲੰਡਨ ਤੋਂ ਬਣ ਕੇ ਲੋੜ ਦੀਆਂ ਚੀਜ਼ਾਂ ਅਮਰੀਕਾ ਵਿਚ ਆ ਕੇ ਵਿਕਣ ਅਤੇ ਅੰਗਰੇਜ਼ੀ ਕਾਰਖਾਨਿਆਂ ਵਾਲਿਆਂ ਨੂੰ ਫ਼ਾਇਦਾ ਹੋਵੇ। ਅਖ਼ੀਰ ਅਮਰੀਕਨ ਪ੍ਰਜਾ ਅੰਗਰੇਜ਼ੀ ਜ਼ੁਲਮ ਨਾ ਸਹਿ ਸਕੀ ਅਤੇ 1774 ਵਿਚ ਅੰਗਰੇਜ਼ਾਂ ਦੇ ਵਿਰੁੱਧ ਗ਼ਦਰ ਕਰ ਦਿੱਤਾ। ਦੂਜੇ ਪਾਸੇ ਜੋ ਜਾਲ ਅੰਗਰੇਜ਼ਾਂ ਨੇ ਹਿੰਦੁਸਤਾਨ ਤੇ ਵਿਛਾਇਆ ਸੀ, ਉਸ ਨਾਲ ਹਿੰਦੁਸਤਾਨ ਦੇ ਲੋਕ ਗ਼ੁਲਾਮੀ ਵਿਚ ਫਸਣ ਲੱਗੇ। ਅਮਰੀਕਾ ਦੀ ਆਜ਼ਾਦੀ ਦਾ ਹਿੰਦੁਸਤਾਨ ਤੇ ਉਲਟਾ ਅਸਰ ਪਿਆ ਕਿਉਂਕਿ ਜਦ ਅਮਰੀਕਾ ਹੱਥੋਂ ਚਲੀ ਗਈ ਤਾਂ ਭੁੱਖੇ ਅੰਗਰੇਜ਼ਾਂ ਦਾ ਹਿੰਦੁਸਤਾਨ ਤੇ ਕਬਜ਼ਾ ਕਰਨ ਦਾ ਲਾਲਚ ਹੋਰ ਵੀ ਵਧ ਗਿਆ ਅਤੇ ਜਿਨ੍ਹਾਂ ਅੰਗਰੇਜ਼ੀ ਹਾਕਮ ਅਤੇ ਜਰਨੈਲਾਂ ਨੇ ਅਮਰੀਕਨਾਂ ਨੂੰ ਗ਼ੁਲਾਮ ਰੱਖਣ ਦੀ ਕੋਸ਼ਿਸ਼ ਕੀਤੀ ਸੀ ਪਰ ਅਖ਼ੀਰ ਵਿਚ ਅਮਰੀਕਨਾ ਦੇ ਹੱਥੋਂ ਜੁੱਤੇ ਖਾ ਕੇ ਨਿਕਲੇ ਉਨ੍ਹਾਂ ਨੂੰ ਹਿੰਦੁਸਤਾਨ ਵਿਚ ਹਕੂਮਤ ਅਤੇ ਜ਼ੁਲਮ ਕਰਨ ਦੇ ਵਾਸਤੇ ਭੇਜਿਆ ਗਿਆ। ਜਿਵੇਂ ਲਾਰਡ ਕਾਰਨਵਾਲਸ ਜੋ ਬੰਗਾਲ ਦਾ ਗਰਵਰਨਰ ਬਣ ਕੇ 1794 ਵਿਚ ਹਿੰਦੁਸਤਾਨ ਆਇਆ। ਮਜ਼ਦੂਰ ਪ੍ਰਜਾ ਭਗਤ ਐਡਮੈਂਡ ਬਰਕ ਨੇ ਇਕ ਪਾਸੇ ਅੰਗਰੇਜ਼ੀ ਰਾਜ ਸਭ ਤੋਂ ਜ਼ੁਲਮ ਅੰਗਰੇਜ਼ਾਂ ਨੇ ਅਮਰੀਕੀ ਲੋਕਾਂ ਤੇ ਕੀਤਾ ਸੀ, ਲੈਕਚਰ ਦਿੱਤੇ; ਦੂਜੇ ਪਾਸੇ ਉਨ੍ਹਾਂ ਜ਼ੁਲਮਾਂ ਨੂੰ ਜ਼ਾਹਰ ਕੀਤਾ ਜੋ ਜ਼ੁਲਮ ਅੰਗਰੇਜ਼ੀ ਹਾਕਮਾਂ ਨੇ ਬੰਗਾਲ ਮਦਰਾਸ ਆਦਿ ਵਿਚ ਕਰ ਰਖਿਆ ਸੀ। ਗ਼ਦਰ ਸੰਨ 1857 ਦੇ ਪਿਛੋਂ ਹਿੰਦੁਸਤਾਨ ਜ਼ਿਆਦਾ ਤੋਂ ਜ਼ਿਆਦਾ ਗ਼ੁਲਾਮੀ ਵਿਚ ਡੁੱਬਦਾ ਗਿਆ ਅਤੇ ਅਮਰੀਕਾ ਆਜ਼ਾਦੀ ਅਤੇ ਉਨਤੀ ਦੀ ਤਰਫ਼ ਕਦਮ ਵਧਾਉਂਦਾ ਗਿਆ ਪਰ ਅਮਰੀਕਨ ਲੋਕਾਂ ਦਾ ਹਿੰਦੁਸਤਾਨ ਦੀ ਪੁਰਾਣੀ ਸਭਿਅਤਾ ਵਿਚ ਪ੍ਰੇਮ ਅਤੇ ਸ਼ੌਂਕ ਵਧਦਾ ਗਿਆ ਅਤੇ ਹਿੰਦੁਸਤਾਨ ਵਿਚ ਵਿਦਵਾਨ ਜੱਥਿਆਂ ਵਿਚ ਅਮਰੀਕਾ ਦੀ ਇੱਜ਼ਤ ਸਦਾ ਇਸ ਵਾਸਤੇ ਵਧਦੀ ਗਈ ਕਿ ਹਿੰਦੁਸਤਾਨੀ ਦੇਸ਼ ਭਗਤ ਇਹ ਖਿਆਲ ਕਰਦੇ ਸਨ ਕਿ ਜਿਸ ਤਰ੍ਹਾਂ ਅੰਗਰੇਜ਼ਾਂ ਨੂੰ ਅਮਰੀਕਨਾਂ ਨੇ ਮੁਲਕ ਵਿਚੋਂ ਕੱਢ ਦਿੱਤਾ ਹੈ, ਇਸੇ ਤਰ੍ਹਾਂ ਇਕ ਦਿਨ ਹਿੰਦੁਸਤਾਨੀ ਵੀ ਅੰਗਰੇਜ਼ਾਂ ਤੋਂ ਛੁਟਕਾਰਾ ਪਾਉਣਗੇ। ਕੋਈ ਵੀਹ ਸਾਲ ਦੇ ਕਰੀਬ ਗੁਜ਼ਰੇ ਚੰਦ ਹਿੰਦੁਸਤਾਨੀ ਮਜ਼ਹਬੀ ਲੀਡਰ ਜਿਨ੍ਹਾਂ ਵਿਚੋਂ ਸਭ ਤੋਂ ਮਸ਼ਹੂਰ ਸਵਾਮੀ ਵਿਵੇਕਾਨੰਦ ਸੀ, ਹਿੰਦੁਸਤਾਨ ਦੇ ਮਜ਼ਹਬੀ ਸਬੰਧ ਅਮਰੀਕਾ ਦੇ ਵਿਚ ਫ਼ੈਲਾਉਣ ਵਾਸਤੇ ਆਏ ਅਮਰੀਕਨ ਲੋਕਾਂ ਨੇ ਬੜੀ ਖੁੱਲ੍ਹਦਿਲੀ ਨਾਲ ਉਨ੍ਹਾਂ ਦੀ ਆਓ ਭਗਤ ਕੀਤੀ ਜਿਸ ਤੋਂ ਵਿਦਵਾਨ ਹਿੰਦੁਸਤਾਨੀਆਂ ਵਿਚ ਅਮਰੀਕਾ ਦੀ ਤਰਫ਼ ਖ਼ਾਸ ਤੌਰ 'ਤੇ ਹਮਦਰਦੀ ਅਤੇ ਦੋਸਤੀ ਹੋਈ। ਸਵਦੇਸ਼ ਤਹਿਰੀਕ ਦੇ ਕਾਰਣ ਬਹੁਤ ਸਾਰੇ ਹਿੰਦੁਸਤਾਨ ਦੇ ਵਿਦਿਆਰਥੀ ਵਪਾਰ ਅਤੇ ਕਾਰੀਗਰੀ ਸਿੱਖਣ ਦੀ ਗਰਜ਼ ਨਾਲ ਅਮਰੀਕਾ ਆ ਪਹੁੰਚੇ ਪਰ ਇਨ੍ਹਾਂ ਹੀ ਦਿਨਾਂ ਵਿਚ ਹਿੰਦੁਸਤਾਨ ਵਿਚ ਸਵਦੇਸ਼ੀ ਅਤੇ ਗ਼ਦਰੀ ਤਹਿਰਕ ਸ਼ੁਰੂ ਹੋ ਗਈ ਅਤੇ ਮਸ਼ਹੂਰ ਦੇਸ਼ ਭਗਤ ਦੇਸ਼ ਨਿਕਾਲਾ ਲੈ ਕੇ ਅਮਰੀਕਾ ਆ ਵਸੇ। ਗੱਲ ਕੀ, ਜੋ ਤਹਿਰੀਕ ਯੂਰਪ ਦੇ ਅੰਦਰ ਸੋਲ੍ਹਵੀਂ ਸਦੀ ਵਿਚ ਹੋਈ ਸੀ, ਅਰਥਾਤ ਯੂਰਪੀਨ ਬਾਦਸ਼ਾਹਾਂ ਦੇ ਜ਼ੁਲਮ ਤੋਂ ਤੰਗ ਆ ਕੇ ਆਜ਼ਾਦੀ ਪਸੰਦ ਅਤੇ ਹਿੰਮਤ ਵਾਲੇ ਯੂਰਪੀਨ ਅਮਰੀਕਾ ਆ ਵਸੇ ਸਨ, ਉਹ ਤਹਿਰੀਕ ਹੁਣ ਵੀਹਵੀਂ ਸਦੀ ਵਿਚ ਹਿੰਦੁਸਤਾਨ ਵਿਚ ਹੋਈ ਪਰ ਜ਼ਿੰਦਗੀ ਦੀ ਦੌੜ ਵਿਚ ਪਿੱਛੇ ਰਹਿ ਜਾਣ ਵਾਲੇ ਨੂੰ ਕੋਈ ਇਨਾਮ ਨਹੀਂ ਮਿਲਦਾ। ਜਿਸ ਬੇਦਰਦੀ ਦੇ ਨਾਲ ਅੰਗਰੇਜ਼ਾਂ ਨੇ ਕੈਨੇਡਾ ਦੇ ਹਿੰਦੁਸਤਾਨੀਆਂ ਨੂੰ ਕੱਢਿਆ ਅਤੇ ਅਮਰੀਕਨਾਂ ਨੂੰ ਇਸ ਗੱਲ ਤੇ ਮਨਾਇਆ ਕਿ ਉਹ ਹਿੰਦੁਸਤਾਨੀਆਂ ਨੂੰ ਆਪਣੇ ਮੁਲਕ ਵਿਚ ਨਾ ਆਉਣ ਦੇਣ, ਸਾਰਿਆਂ ਨੂੰ ਮਾਲੂਮ ਹੈ ਤਾਂ ਵੀ ਜੋ ਕੁਝ ਸਬੰਧ ਹਿੰਦੁਸਤਾਨੀਆਂ ਅਤੇ ਅਮਰੀਕਨਾਂ ਵਿਚ ਪੈਦਾ ਹੋ ਗਿਆ ਹੈ, ਉਹ ਹਿੰਦੁਸਤਾਨ ਦੇ ਉਨਤੀ ਅਤੇ ਆਜ਼ਾਦੀ ਦੇ ਵਾਸਤੇ ਬਹੁਤ ਜ਼ਰੂਰੀ ਹੈ ਅਤੇ ਨਿਸ਼ਾਨ ਐਸੇ ਹੀ ਹਨ ਕਿ ਹਿੰਦੁਸਤਾਨ ਵਿਚ ਬੜਾ ਜ਼ਬਰਦਸਤ ਗ਼ਦਰ ਹੋਣ ਵਾਲਾ ਹੈ, ਇਹ ਯਾਦ ਰਹੇ ਕਿ ਸਾਰੀ ਦੁਨੀਆ ਵਿਚ ਗ਼ਦਰ ਦੀ ਅੱਗ ਉਸ ਵਲੇ ਤੋਂ ਸੁਲਗੀ ਹੈ ਕਿ ਜਦ ਅਮਰੀਕਨਾਂ ਨੇ ਅੰਗਰੇਜ਼ਾਂ ਦੇ ਖਿਲਾਫ਼ ਗ਼ਦਰ ਕੀਤਾ ਸੀ, ਅਮਰੀਕਨ ਗ਼ਦਰ ਦੇ ਵੀਹ ਸਾਲ ਪਿੱਛੋਂ ਅਤੇ ਬਹੁਤ ਕੁਝ ਉਸ ਦੇ ਅਸਰ ਨਾਲ ਹੀ ਫ਼ਰਾਂਸ ਵਿਚ ਬੜਾ ਭਾਰੀ ਗ਼ਦਰ ਹੋਇਆ ਸੀ। ਉਸੇ ਤੋਂ ਰੂਸ, ਜਰਮਨੀ, ਇਟਲੀ ਆਦਿ ਸਾਰਿਆਂ ਮੁਲਕਾਂ ਵਿਚ ਗ਼ਦਰੀ ਖਿਆਲ ਫੈਲ ਗਏ। ਇੱਥੇ ਤਾਈਂ ਕਿ ਉਨਤੀ ਅਤੇ ਆਜ਼ਾਦੀ ਦੇ ਦੁਸ਼ਮਣ ਇੰਗਲੈਂਡ ਵਿਚ ਵੀ ਅਮਰੀਕਨ ਗ਼ਦਰ ਦਾ ਇਕ ਬੜਾ ਅਸੂਲ ਜੋ ਸਾਰੀ ਆਜ਼ਾਦ ਦੁਨੀਆਂ ਨੇ ਇਖਤਿਆਰ ਕਰ ਲਿਆ ਹੈ, ਬਿਨਾਂ ਪ੍ਰਜਾ ਤੋਂ ਕਿਸੇ ਕਿਸਮ ਦਾ ਟੈਕਸ ਲਗਾਉਣ ਦਾ ਹੱਕ ਨਾ ਹੋਵੇ। ਮਤਲਬ ਇਹ ਹੈ ਕਿ ਪ੍ਰਜਾ ਦਾ ਰੁਪਿਆ ਪ੍ਰਜਾ ਦੀ ਸਲਾਹ ਨਾਲ ਅਤੇ ਪ੍ਰਜਾ ਦੇ ਫ਼ਾਇਦੇ ਦੇ ਵਾਸਤੇ ਹੀ ਖ਼ਰਚ ਹੋਵੇ। ਹਿੰਦੁਸਤਾਨ ਦੇ ਦੇਸ਼ ਭਗਤਾਂ ਨੇ ਵੀ ਆਪਣੀ ਗ਼ਦਰੀ ਤਹਿਰੀਕ ਵਿਚ ਇਸ ਅਸੂਲ ਨੂੰ ਸਭ ਤੋਂ ਜ਼ਰੂਰੀ ਰੱਖਿਆ ਹੈ। ਅਮਰੀਕਨ ਗ਼ਦਰ ਦੀ ਤਹਿਰੀਕ ਨਾਲ ਹਿੰਦੁਸਤਾਨੀਆਂ ਨੇ ਹੋਰ ਵੀ ਬਹੁਤ ਸਾਰੇ ਸਬਕ ਸਿੱਖੇ ਹਨ ਅਤੇ ਹਰ ਤਰ੍ਹਾਂ ਨਾਲ ਇਹੀ ਮਾਲੂਮ ਹੁੰਦਾ ਸੀ ਕਿ ਅਮਰੀਕਾ ਦਾ ਅਸਰ ਹਿੰਦੁਸਤਾਨ ਤੇ ਅੱਛਾ ਹੀ ਹੋਵੇਗਾ।

ਪਰ ਅਪ੍ਰੈਲ ਸੰਨ 1917 ਵਿਚ ਜਦ ਅਮਰੀਕਾ ਅੰਗਰੇਜ਼ਾਂ ਦੇ ਨਾਲ ਮਿਲ ਕੇ ਇਸ ਭਿਆਨਕ ਲੜਾਈ ਵਿਚ ਸ਼ਾਮਿਲ ਹੋਇਆ ਤਾਂ ਸਾਰੀ ਦੁਨੀਆ ਦੀ ਰਾਜਨੀਤੀ ਵਿਚ ਬੜੀ ਭਾਰੀ ਹਿੱਲਜੁਲ ਮਚੀ। ਇਸ ਵਾਰਦਾਤ ਦੀ ਹਿੰਦੁਸਤਾਨ ਦੀ ਤਕਦੀਰ 'ਤੇ ਵੀ ਬੁਰਾ ਅਸਰ ਪਵੇਗਾ ਕਿਉਂਕਿ ਇਕ ਪਾਸੇ ਤਾਂ ਅਮਰੀਕਾ ਗੌਰਮਿੰਟ ਦੀ ਬਾਦਸ਼ਾਹੀ ਨੂੰ ਕਾਇਮ ਰੱਖਣ ਵਿਚ ਮਦਦਗਾਰ ਹੋਵੇਗੀ ਅਤੇ ਦੂਜੇ ਪਾਸੇ ਅੰਗਰੇਜ਼ਾਂ ਨੂੰ ਵੀ ਅਮਰੀਕਨ ਸਰਕਾਰ ਦਾ ਹੀ ਨਹੀਂ ਅਮਰੀਕਨ ਪ੍ਰਜਾ ਦਾ ਵੀ ਬਹੁਤ ਲਿਹਾਜ਼ ਰੱਖਣਾ ਪਵੇਗਾ। ਇਸੇ ਵਾਸਤੇ ਅੰਗਰੇਜ਼ੀ ਪ੍ਰਚਾਰਕ ਪਿਛਲੇ ਦੋ ਸਾਲ ਤੋਂ ਇਹ ਕੋਸ਼ਿਸ਼ ਕਰ ਰਹੇ ਹਨ ਕਿ ਹਿੰਦੁਸਤਾਨ ਵਿਚ ਜੋ ਅੰਗਰੇਜ਼ੀ ਰਾਜ ਹੈ, ਉਸ ਨੂੰ ਅਮਰੀਕਨਾਂ ਦੇ ਸਾਹਮਣੇ ਬੜਾ ਸੁੰਦਰ ਜ਼ਾਹਿਰ ਕਰਨ ਅਤੇ ਝੂਠੀਆਂ ਖ਼ਬਰਾਂ ਦੇ ਰਾਹੀਂ ਅਮਰੀਕਨਾਂ ਨੂੰ ਇਹ ਭਰੋਸਾ ਦਿਵਾਈ ਜਾਣ ਕਿ ਹਿੰਦੁਸਤਾਨ ਦੇ ਅੰਗਰੇਜ਼ੀ ਰਾਜ ਤੇ ਹਿੰਦੁਸਤਾਨੀ ਬੜੇ ਖੁਸ਼ ਹਨ ਅਤੇ ਜੋ ਹਿੰਦੁਸਤਾਨੀ ਦੇਸ਼ ਭਗਤ ਅੰਗਰੇਜ਼ੀ ਰਾਜ ਨੂੰ ਬਰਬਾਦ ਕਰਨਾ ਚਾਹੁੰਦੇ ਹਨ, ਉਹ ਠੀਕ ਉਨਤੀ ਦੇ ਦੁਸ਼ਮਣ ਹਨ।

ਹੁਣ ਹਿੰਦੁਸਤਾਨੀਆਂ ਨੇ ਅਰਥਾਤ ਹਿੰਦੁਸਤਾਨੀ ਦੇਸ਼ ਭਗਤਾਂ ਨੇ ਵੀ ਅਮਰੀਕਨ ਯੂਰਪੀਨ ਕੌਮਾਂ ਵਿਚ ਹਿੰਦੁਸਤਾਨ ਦੀ ਬਾਬਤ ਸਹੀ ਖਿਆਲ ਫੈਲਾਉਣ ਦੀ ਪਹਿਲੇ ਤੋਂ ਜ਼ਿਆਦਾ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿਉਂਕਿ ਅੰਗਰੇਜ਼ਾਂ ਦੇ ਵਿਰੁੱਧ ਹਿੰਦੁਸਤਾਨੀਆਂ ਵਿਚ ਹੀ ਪ੍ਰਚਾਰ ਦਾ ਕੰਮ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਦੇ ਵਾਸਤੇ ਕਾਫ਼ੀ ਨਹੀਂ ਹੈ। ਇਹ ਕੰਮ ਠੀਕ ਜ਼ਰੂਰੀ ਹੈ। ਗੱਲ ਕੀ, ਯੂਰਪ ਅਤੇ ਅਮਰੀਕਾ ਵਿਚ ਰਹਿਣ ਵਾਲੇ ਗ਼ਦਰੀਆਂ ਦੇ ਵਾਸਤੇ ਜ਼ਰੂਰੀ ਕੰਮ ਯੂਰਪ ਅਤੇ ਅਮਰੀਕਾ ਵਿਚ ਹਿੰਦੁਸਤਾਨ ਦੀ ਬਾਬਤ ਪ੍ਰਚਾਰ ਕਰਨਾ ਹੈ ਕਿਉਂਕਿ ਦੂਜੀਆਂ ਕੌਮਾਂ ਦੀ ਹਮਦਰਦੀ ਵੀ ਸਾਡੇ ਨਾਲ ਬਹੁਤ ਜ਼ਰੂਰੀ ਹੈ। ਇਸ ਲੜਾਈ ਦੇ ਕਾਰਨ ਹਿੰਦੁਸਤਾਨ ਦੇ ਦੁਸ਼ਮਣ ਹੁਣ ਕੇਵਲ ਅੰਗਰੇਜ਼ ਨਹੀਂ ਹਨ ਸਗੋਂ ਉਹ ਸਾਰੀਆਂ ਤਾਕਤਾਂ ਹਨ ਜੋ ਭਾਵੇਂ ਕਿਸੇ ਕਾਰਨ ਨਾਲ ਅੰਗਰੇਜ਼ਾਂ ਦੀ ਸਹਾਇਤਾ ਕਰਦੀਆਂ ਹਨ। ਫ਼ਰਾਂਸ ਜੰਗ ਤੋਂ ਪਹਿਲੇ ਹਿੰਦੁਸਤਾਨੀ ਗ਼ਦਰੀਆਂ ਦਾ ਸੱਚਾ ਦੋਸਤ ਸੀ। ਅੱਜ ਅੰਗਰੇਜ਼ ਅਤੇ ਫ਼ਰਾਂਸੀਸੀ ਖ਼ੂਨ ਦੇ ਗੂੰਦ ਨਾਲ ਜੁੜ ਗਏ ਹਨ। ਇਕੱਲਾ ਹਿੰਦੁਸਤਾਨ ਸਾਰੀ ਦੁਨੀਆਂ ਨਾਲ ਮੁਕਾਬਲਾ ਨਹੀਂ ਕਰ ਸਕਦਾ। ਇਸ ਜੰਗ ਦੇ ਕਾਰਨ ਦੁਨੀਆਂ ਨੂੰ ਪੁਲੀਟੀਕਲ ਬਣਾਉਣ ਵਿਚ ਬੁਨਿਆਦੀ ਫ਼ਰਕ ਪੈ ਗਿਆ ਹੈ। ਯੂਰਪ ਅਤੇ ਅਮਰੀਕਾ ਦੇ ਲੋਕਾਂ ਦੇ ਨਾਲ ਸਮਾਜਿਕ ਸਬੰਧ ਪੈਦਾ ਕਰਨ ਅਤੇ ਹਰ ਤਰ੍ਹਾਂ ਦੀ ਗਹਿਰੀ ਦੋਸਤੀ ਅਤੇ ਜਾਤੀ ਰਿਸ਼ਤੇਦਾਰੀ ਕਾਇਮ ਕਰਨ ਕਿਉਂਕਿ ਜਾਤੀ ਪ੍ਰੇਮ ਬਿਨਾਂ ਗੁਆਂਢੀਆਂ ਦੀ ਮਦਦ ਕੌਣ ਕਰਦਾ ਹੈ। ਜੇ ਅੱਜ ਰੂਸੀ ਅਤੇ ਆਇਰਸ਼ ਲੋਕ ਵੀ ਆਪਣੇ ਪੁਰਾਣੇ ਦਸਤੂਰਾਂ ਦੇ ਉਪਰ ਅੜੇ ਰਹਿੰਦੇ ਅੰਗਰੇਜ਼ੀ ਜ਼ੁਬਾਨ ਤਾਈਂ ਨਾ ਸਿੱਖਦੇ ਅਤੇ ਅਮਰੀਕਨਾਂ ਨਾਲ ਰਿਸ਼ਤੇਦਾਰੀਆਂ ਨਾ ਕਰਦੇ ਤਾਂ ਅਮਰੀਕਾ ਦੇ ਲੋਕ ਕਦੇ ਇਹ ਕੋਸ਼ਿਸ਼ ਆਇਰਲੈਂਡ ਨੂੰ ਅਤੇ ਰੂਸ ਨੂੰ ਆਜ਼ਾਦ ਕਰਾਉਣ ਲਈ ਨਾ ਕਰਦੇ। ਜੋ ਉਨ੍ਹਾਂ ਨੇ ਕੀਤੀ ਹੈ ਅਤੇ ਇਹਦਾ ਫ਼ਲ ਇਹ ਹੈ ਕਿ ਰੂਸ ਨੂੰ ਪੂਰੀ ਆਜ਼ਾਦੀ ਮਿਲ ਗਈ ਹੈ ਅਤੇ ਆਇਰਲੈਂਡ ਨੂੰ ਵੀ ਮਿਲਣ ਵਾਲੀ ਹੈ। ਵਕਤ ਆ ਗਿਆ ਹੈ ਕਿ ਹਿੰਦੁਸਤਾਨੀ ਲੋਕ ਪੰਦਰਵੀਂ ਅਤੇ ਸੋਲ੍ਹਵੀਂ ਸਦੀ ਦੇ ਅਰਥਾਤ ਚਾਰ ਸੋ ਸਾਲ ਦੇ ਪੁਰਾਣੇ ਜੰਗਲੀ ਪੁਣੇ ਨੂੰ ਛੱਡ ਕੇ ਅਕਲਮੰਦ ਜਾਪਾਨੀਆਂ ਰੂਸੀਆਂ ਅਤੇ ਆਇਰਸ਼ਾਂ ਦੀ ਤਰ੍ਹਾਂ ਸਭਿਆ ਕੌਮਾਂ ਦੀ ਬਰਾਬਰੀ ਵਿਚ ਸ਼ਾਮਿਲ ਹੋਣ ਅਸੀਂ ਪਹਿਲੇ ਹੀ ਬਹੁਤ ਪਿੱਛੇ ਹਾਂ ਹੁਣ ਇਕ ਇਕ ਮਿੰਟ ਸਾਡੀ ਤਕਦੀਰ ਦੇ ਵਾਸਤੇ ਬਹੁਤ ਜ਼ਰੂਰੀ ਹੈ ਅਤੇ ਇਸ ਵਾਸਤੇ ਹਿੰਮਤ ਅਤੇ ਦਲੇਰੀ ਦੇ ਨਾਲ ਹਿੰਦੁਸਤਾਨ ਦਾ ਪੁਰਾਣਾ ਅਤੇ ਗਧੇ ਜੰਗਲੀਪੁਣੇ ਦਾ ਜਾਮਾ ਉਤਾਰ ਕੇ ਸੁੱਟ ਦੇਵੋ ਅਤੇ ਨਵੇਂ ਜ਼ਮਾਨੇ ਦੀ ਅਰਥਾਤ ਅਮਰੀਕਨ ਅਤੇ ਯੂਰਪੀਨ ਤਰੀਕੇ ਦੀ ਨਵੀਂ ਤੋਂ ਨਵੀਂ ਪੁਸ਼ਾਕ ਪਹਿਨ ਕੇ ਆਜ਼ਾਦ ਅਤੇ ਸਭਿਆ ਲੋਕਾਂ ਵਿਚ ਸ਼ਾਮਿਲ ਹੋਣ ਅਤੇ ਉਨ੍ਹਾਂ ਦੇ ਉਹ ਤਰੀਕੇ ਸਿੱਖੋ ਕਿ ਜਿਨ੍ਹਾਂ ਤੇ ਅਮਲ ਕਰ ਕੇ ਉਨ੍ਹਾਂ ਨੇ ਆਪਣੇ ਆਪਣੇ ਦੇਸ਼ਾਂ ਨੂੰ ਆਜ਼ਾਦ ਕੀਤਾ। ਹਿੰਦੁਤਸਾਨ ਵਿਚ ਫਿਰ ਐਸਾ ਗ਼ਦਰ ਹੋਵੇਗਾ ਜਿਸ ਨਾਲ ਅੰਗਰੇਜ਼ੀ ਗੌਰਮਿੰਟ ਦੀ ਜੜ੍ਹ ਹਿੰਦੁਸਤਾਨ ਤੋਂ ਉਖੜ ਜਾਵੇਗੀ ਅਤੇ ਹਿੰਦੁਸਤਾਨੀਆਂ ਅਤੇ ਹਿੰਦੁਸਤਾਨ ਵਿਚ ਸੁੱਖ ਅਤੇ ਆਜ਼ਾਦੀ ਦਾ ਸੂਰਜ ਚਮਕੇਗਾ ਅਤੇ ਦੁਨੀਆ ਵਿਚ ਆਜ਼ਾਦੀ ਦਾ ਸੂਰਜ ਚਮਕੇਗਾ।



*ਉਹ ਪ੍ਰਿੰਟਿੰਗ ਮਸ਼ੀਨ ਜਿਸ ਉਤੇ 'ਗਦਰ' ਪਰਚਾ ਛਪਦਾ ਸੀ।*

> *ਉਸ ਜ਼ਮਾਨੇ ਵਿਚ ਅੰਗਰੇਜ਼ੀ ਬਾਦਸ਼ਾਹ ਆਪਣੀ ਪ੍ਰਜਾ ਤੋਂ ਬੜਾ ਸਖ਼ਤ ਜ਼ੁਲਮ ਕਰਦੇ ਹੁੰਦੇ ਸਨ ਅਤੇ ਜੋ .ਗਦਰੀ ਪ੍ਰਜਾ ਭਗਤ ਬਾਦਸ਼ਾਹੀ ਅਤੇ ਮਜ਼ਹਬੀ ਅਰਥਾਤ ਪਾਦਰੀਆਂ ਦੇ ਜ਼ੁਲਮ ਤੋਂ ਤੰਗ ਆ ਕੇ .ਗਦਰ ਕਰਨ ਵਾਸਤੇ ਤਿਆਰ ਹੋ ਜਾਂਦੇ ਸਨ, ਉਨ੍ਹਾਂ ਨੂੰ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਜਾਂਦਾ ਸੀ। ਇਸ ਵਾਸਤੇ ਅਮਰੀਕਾ ਦਾ ਪਤਾ ਲੱਗਣ ਤੇ ਯੂਰਪ ਦੇ .ਗਦਰੀ ਬਹੁਤ ਦੁੱਖ ਸਹਿੰਦੇ ਹੋਏ ਅਮਰੀਕਾ ਵਿਚ ਆ ਵਸੇ। ਅੰਗਰੇਜ਼ਾਂ ਨੇ ਇੱਥੇ ਵੀ ਉਨ੍ਹਾਂ ਦਾ ਪਿੱਛਾ ਨਾ ਛੱਡਿਆ ਅਤੇ ਸਤਾਰਵੀਂ ਸਦੀ ਵਿਚ ਪੂਰਬੀ ਅਮਰੀਕਾ ਅੰਗਰੇਜ਼ਾਂ ਦੀ ਇਕ ਨਵੀਂ ਆਬਾਦੀ ਹੋ ਗਈ।*

> *ਹੁਣ ਹਿੰਦੁਸਤਾਨੀਆਂ ਨੇ ਅਰਥਾਤ ਹਿੰਦੁਸਤਾਨੀ ਦੇਸ਼ ਭਗਤਾਂ ਨੇ ਵੀ ਅਮਰੀਕਨ ਯੂਰਪੀਨ ਕੌਮਾਂ ਵਿਚ ਹਿੰਦੁਸਤਾਨ ਦੀ ਬਾਬਤ ਸਹੀ ਖਿਆਲ ਫੈਲਾਉਣ ਦੀ ਪਹਿਲੇ ਤੋਂ ਜ਼ਿਆਦਾ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿਉਂਕਿ ਅੰਗਰੇਜ਼ਾਂ ਦੇ ਵਿਰੁੱਧ ਹਿੰਦੁਸਤਾਨੀਆਂ ਵਿਚ ਹੀ ਪ੍ਰਚਾਰ ਦਾ ਕੰਮ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਦੇ ਵਾਸਤੇ ਕਾਫ਼ੀ ਨਹੀਂ ਹੈ। ਇਹ ਕੰਮ ਠੀਕ ਜ਼ਰੂਰੀ ਹੈ। ਗੱਲ ਕੀ, ਯੂਰਪ ਅਤੇ ਅਮਰੀਕਾ ਵਿਚ ਰਹਿਣ ਵਾਲੇ .ਗਦਰੀਆਂ ਦੇ ਵਾਸਤੇ ਜ਼ਰੂਰੀ ਕੰਮ ਯੂਰਪ ਅਤੇ ਅਮਰੀਕਾ ਵਿਚ ਹਿੰਦੁਸਤਾਨ ਦੀ ਬਾਬਤ ਪ੍ਰਚਾਰ ਕਰਨਾ ਹੈ ਕਿਉਂਕਿ ਦੂਜੀਆਂ ਕੌਮਾਂ ਦੀ ਹਮਦਰਦੀ ਵੀ ਸਾਡੇ ਨਾਲ ਬਹੁਤ ਜ਼ਰੂਰੀ ਹੈ।*




*ਗਦਰ' ਪਰਚੇ ਦੇ ਇਕ ਅੰਕ ਦਾ ਮੁਖੜਾ।*

**ਇਜ਼ਰਾਈਲ ਵੱਲੋਂ ਯੋਜਨਾਬੱਧ ਢੰਗ ਨਾਲ ਗਾਜ਼ਾ ਦੇ ਵਿਦਿਅਕ ਅਤੇ ਵਿਰਾਸਤੀ ਢਾਂਚੇ ਨੂੰ ਬਰਬਾਦ ਕੀਤਾ ਜਾ ਰਿਹਾ ਹੈ। ਇਹ ਅਸਲ ਵਿਚ ਫਲਸਤੀਨੀ ਨਸਲ ਅਤੇ ਦੇਸ਼ ਨੂੰ ਨਕਸ਼ੇ ਤੋਂ ਮਿਟਾਉਣ ਦੇ ਪ੍ਰੋਜੈਕਟ ਦਾ ਹਿੱਸਾ ਹੈ। ਫਲਸਤੀਨੀਆਂ ਦੀ ਨਸਲਕੁਸ਼ੀ ਦਾ ਇਹ ਪ੍ਰੋਜੈਕਟ ਕੌਮਾਂਤਰੀ ਮਨੁੱਖੀ ਅਧਿਕਾਰਾਂ ਅਤੇ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਰਚਾਇਆ ਜਾ ਰਿਹਾ ਹੈ। ਸੰਸਾਰ ਅਮਨ-ਚੈਨ ਤੇ ਪ੍ਰਭੂਸੱਤਾ ਦਾ ਦਮ ਭਰਨ ਵਾਲੀਆਂ ਸੰਸਾਰ ਤਾਕਤਾਂ ਤੇ ਕੌਮਾਂਤਰੀ ਅਦਾਲਤਾਂ/ਕਾਨੂੰਨ ਮੂਕ ਦਰਸ਼ਕ ਬਣੇ ਹੋਏ ਹਨ। ਉਲਟਾ ਵਿਸ਼ਵ ਸ਼ਾਂਤੀ ਦਾ ਝੰਡਾਬਰਦਾਰ ਅਮਰੀਕਾ ਅਤੇ ਉਸ ਦੇ ਸਹਿਯੋਗੀ ਮੁਲਕ ਫਲਸਤੀਨ ਵਿਚ ਇਜ਼ਰਾਇਲ ਵੱਲੋਂ ਕੀਤੀ ਜਾ ਰਹੀ ਨਸਲਕੁਸ਼ੀ ਦੇ ਮੁਲਜ਼ਮ ਹਨ। ਇਹ ਪੱਛਮੀ ਤਾਕਤਾਂ ਫਲਸਤੀਨੀ ਬੱਚਿਆਂ, ਔਰਤਾਂ, ਬਜ਼ੁਰਗਾਂ, ਬਿਮਾਰਾਂ ਤੇ ਜ਼ਖ਼ਮੀਆਂ ਨੂੰ ਬਾਰੂਦ ਅਤੇ ਭੁੱਖ ਨਾਲ ਮਾਰਨ ਲਈ ਇਜ਼ਰਾਈਲ ਨੂੰ ਵਿੱਤੀ ਤੇ ਫੌਜੀ ਸਹਾਇਤਾ ਦੇ ਰਹੀਆਂ ਹਨ।**

# ਗਾਜ਼ਾ ਦੇ ਵਿਦਿਅਕ ਅਤੇ ਵਿਰਾਸਤੀ ਢਾਂਚੇ ਦੀ ਤਬਾਹੀ






ਅਮਰੀਕੀ ਸਾਮਰਾਜ ਅਤੇ ਇਸ ਦੀਆਂ ਭਾਈਵਾਲ ਪੱਛਮੀ ਤਾਕਤਾਂ ਦੇ ਸਹਿਯੋਗ ਨਾਲ ਇਜ਼ਰਾਈਲ ਵੱਲੋਂ ਫਲਸਤੀਨ ਵਿੱਚ ਕੀਤੀ ਜਾ ਰਹੀ ਨਸਲਕੁਸ਼ੀ ਵਿੱਚ ਜਿੱਥੇ ਮਨੁੱਖੀ ਜਾਨ-ਮਾਲ, ਧਾਰਮਿਕ ਇਮਾਰਤਾਂ, ਹਸਪਤਾਲ ਆਦਿ ਦੀ ਤਬਾਹੀ ਕੀਤੀ ਜਾ ਰਹੀ ਹੈ, ਉੱਥੇ ਫਲਸਤੀਨ ਦੇ ਅਤੀਤ ਤੇ ਵਰਤਮਾਨ ਇਤਿਹਾਸ ਦਾ ਅਹਿਮ ਪੰਨਾ ਸਾੜ ਕੇ ਸੁਆਹ ਕੀਤਾ ਜਾ ਰਿਹਾ ਹੈ।

**ਮਨਦੀਪ**
**ਫੋਨ: +1-438-924-2052**

ਫਲਸਤੀਨ ਦਾ ਮੌਜੂਦਾ ਸੱਭਿਆਚਾਰ, ਸਾਹਿਤ, ਕਲਾ, ਲਾਇਬਰੇਰੀਆਂ, ਇਤਿਹਾਸਕ ਵਿਰਾਸਤੀ ਇਮਾਰਤਾਂ, ਹਸਪਤਾਲ, ਸੁਰੱਖਿਆ ਕੈਂਪ, ਅਜਾਇਬ ਘਰ ਅਤੇ ਸਿੱਖਿਆ ਸੰਸਥਾਵਾਂ ਜੰਗੀ ਤਬਾਹੀ ਦੀ ਮਾਰ ਹੇਠ ਹਨ। ਸਾਹਿਤ, ਕਲਾ ਤੇ ਸੱਭਿਆਚਾਰਕ ਗਤੀਵਿਧੀਆਂ ਅਤੇ ਪ੍ਰਦਰਸ਼ਨੀਆਂ ਪੂਰੀ ਤਰ੍ਹਾਂ ਬੰਦ ਹਨ। ਫਲਸਤੀਨ ਦੀ ਗਾਜ਼ਾ ਪੱਟੀ ਦੇ ਵਿਦਿਆਰਥੀ, ਅਧਿਆਪਕ, ਲੇਖਕ ਤੇ ਸਾਹਿਤਕ ਕਾਮੇ ਜਿਨ੍ਹਾਂ ਨੇ ਵਰਤਮਾਨ ਤੇ ਭਵਿੱਖ ਦੇ ਬੌਧਿਕ ਸਮਾਜ ਦਾ ਨਿਰਮਾਣ ਕਰਨਾ ਹੈ, ਉਹ ਖੁਦ ਜੰਗੀ ਤਬਾਹੀ ਦਾ ਸ਼ਿਕਾਰ ਹਨ। ਇਸ ਜੰਗੀ ਵਿਨਾਸ਼ ਵਿੱਚ ਫਲਸਤੀਨ ਦਾ ਵਿੱਦਿਅਕ ਢਾਂਚਾ ਗੰਭੀਰ ਤਬਾਹੀ ਦਾ ਸਾਹਮਣਾ ਕਰ ਰਿਹਾ ਹੈ। ਗਾਜ਼ਾ ਵਿੱਚ ਹੋ ਰਿਹਾ ਇਹ ਬੌਧਿਕ ਨਾਸ ਜਾਂ ਵਿਦਿਆ ਘਾਤ ਫਲਸਤੀਨੀ ਨਸਲਕੁਸ਼ੀ ਦਾ ਹੀ ਹਿੱਸਾ ਹੈ।

ਹਾਸਲ ਰਿਪੋਰਟਾਂ ਮੁਤਾਬਕ, ਗਾਜ਼ਾ ਵਿੱਚ 80% ਤੋਂ ਵੱਧ ਸਕੂਲ ਯੂਨੀਵਰਸਿਟੀਆਂ ਨੁਕਸਾਨੀਆਂ ਜਾਂ ਨਸ਼ਟ ਕਰ ਦਿੱਤੀਆਂ ਗਈਆਂ ਹਨ। 400 ਤੋਂ ਵੱਧ ਸਕੂਲ ਸਿੱਧੀ ਇਜ਼ਰਾਇਲੀ ਬੰਬਾਰੀ ਦਾ ਸ਼ਿਕਾਰ ਹੋਏ ਹਨ ਤੇ 56 ਸਕੂਲ ਪੂਰੀ ਤਰ੍ਹਾਂ ਢਹਿ-ਢੇਰੀ ਕਰ ਦਿੱਤੇ ਗਏ ਹਨ। ਯੂਐੱਨ ਦੀ ਰਿਪੋਰਟ ਮੁਤਾਬਕ 195 ਇਤਿਹਾਸਕ ਵਿਰਾਸਤੀ ਇਮਾਰਤਾਂ, 229 ਮਸਜਿਦਾਂ, 3 ਚਰਚ, 13 ਲਾਈਬਰੇਰੀਆਂ, ਲੈਬਾਂ, ਮੁਰਦਾਘਾਟ ਤੇ ਕੁਝ ਕੇਂਦਰੀ ਪੁਰਾਲੇਖ ਇਮਾਰਤਾਂ ਨੂੰ ਨੁਕਸਾਨ ਪਹੁੰਚਾਇਆ ਗਿਆ ਜਾਂ ਮਲਬੇ ਦੇ ਢੇਰ ਵਿੱਚ ਬਦਲ ਦਿੱਤਾ ਗਿਆ ਹੈ। ਬੰਬਾਰੀ ਵਿੱਚ 5800 ਤੋਂ ਵੱਧ ਵਿਦਿਆਰਥੀਆਂ, 260 ਅਧਿਆਪਕਾਂ ਅਤੇ 10 ਸਾਇੰਸਦਾਨਾਂ ਤੇ ਬੁੱਧੀਜੀਵੀਆਂ ਦੀ ਯੋਜਨਾਬੱਧ ਹੱਤਿਆ, ਇਨਸਾਨੀਅਤ, ਸਿੱਖਿਆ ਪ੍ਰਣਾਲੀ ਤੇ ਬੌਧਿਕਤਾ ਦੇ ਕਤਲ ਸਮਾਨ ਹੈ। ਗਾਜ਼ਾ ਦੇ ਅਲ-ਮਗਾਜ਼ੀ, ਜਬਾਲੀਆ, ਅਲ-ਫਖੌਰਾ ਤੇ ਉਸਾਮਾ ਬਿਨ ਜ਼ੈਦ ਐਲੀਮੈਂਟਰੀ ਸਕੂਲਾਂ ਉੱਤੇ ਇਜ਼ਰਾਇਲੀ ਹਵਾਈ ਹਮਲਿਆਂ ਵਿੱਚ 35 ਤੋਂ ਜ਼ਿਆਦਾ ਲੋਕ ਮਾਰੇ ਗਏ ਜੋ ਇੱਥੇ ਸ਼ਰਨ ਲੈ ਕੇ ਰਹਿ ਰਹੇ ਸਨ। ਹਜ਼ਾਰਾਂ ਵਿਦਿਆਰਥੀ ਤੇ ਅਧਿਆਪਕ ਮਹਿਜ਼ ਕਲਾਸਰੂਮਾਂ ਤੇ ਸਕੂਲਾਂ ਯੂਨੀਵਰਸਿਟੀਆਂ ਤੋਂ ਹੀ ਨਹੀਂ ਬਲਕਿ ਆਪਣੇ ਘਰਾਂ ਤੋਂ ਵੀ ਉਜੜਨ ਲਈ ਮਜਬੂਰ ਕਰ ਦਿੱਤੇ ਗਏ। ਜੰਗ ਕਾਰਨ 6,25,000 ਤੋਂ ਵੱਧ ਗਾਜ਼ਾਨ ਵਿਦਿਆਰਥੀ ਸਿੱਖਿਆ ਦੇ ਬੁਨਿਆਦੀ ਹੱਕ ਤੋਂ ਸੱਖਣੇ ਹੋ ਚੁੱਕੇ ਹਨ ਤੇ ਬਾਕੀ ਬਚਦੇ ਸਿਲੇਬਸਾਂ ਦੀਆਂ ਕਿਤਾਬਾਂ, ਕੰਪਿਊਟਰ ਤੇ ਹੋਰ ਲੋੜੀਂਦੀ ਵਿਦਿਅਕ ਸਮੱਗਰੀ ਦੀ ਘਾਟ ਤੇ ਨਾਕਾਬੰਦੀ ਦਾ ਸੰਤਾਪ ਭੋਗ ਰਹੇ ਹਨ। ਗਾਜ਼ਾ ਦੇ ਵਿਦਿਆਰਥੀਆਂ ਲਈ ਇਸ ਸਮੇਂ ਜੰਗ ਦਾ ਮੈਦਾਨ ਹੀ ਸਕੂਲ ਯੂਨੀਵਰਸਿਟੀਆਂ ਬਣੇ ਹੋਏ ਹਨ ਜਿੱਥੇ ਉਹ ਜੰਗ ਦੇ ਭੂਗੋਲ, ਅਰਥ ਸ਼ਾਸਤਰ, ਸਮਾਜ ਸ਼ਾਸਤਰ ਤੇ ਸਿਆਸਤ ਬਾਰੇ ਸਿੱਧੇ ਤੇ ਇਤਿਹਾਸ ਦੇ ਸਭ ਤੋਂ ਕਰੂਰ ਸਬਕ ਗ੍ਰਹਿਣ ਕਰ ਰਹੇ ਹਨ। ਸਿੱਖਿਆ, ਸਿਹਤ, ਰਿਹਾਇਸ਼ ਤੇ ਰੁਜ਼ਗਾਰ ਬੁਨਿਆਦੀ ਮਨੁੱਖੀ ਅਧਿਕਾਰ ਹੁੰਦੇ ਹਨ ਪਰ ਇਸ ਸਮੇਂ ਇਹ ਗਾਜ਼ਾ ਦੇ ਬੱਚਿਆਂ ਲਈ ਨਹੀਂ ਹਨ। ਸਾਹਿਤ, ਸਿੱਖਿਆ ਤੇ ਸੱਭਿਆਚਾਰ ਉੱਤੇ ਹਮਲਾ ਕਿਸੇ ਵੀ ਨਸਲ ਦੇ ਭਵਿੱਖ ਦੀ ਤਬਾਹੀ ਲਈ ਵੱਡਾ ਹਮਲਾ ਹੁੰਦਾ ਹੈ ਜਿਸ ਦੇ ਜ਼ਖ਼ਮ ਜੰਗਬੰਦੀ ਤੋਂ ਬਾਅਦ ਵੀ ਸਦੀਆਂ ਤੱਕ ਨਹੀਂ ਭਰਦੇ।

ਸਭ ਤੋਂ ਪਹਿਲਾਂ ਦਸੰਬਰ 2008 ਵਿੱਚ ਇਜ਼ਰਾਇਲੀ ਫੌਜ ਨੇ 'ਅਪਰੇਸ਼ਨ ਕਾਸਟ ਲੀਡ' ਤਹਿਤ ਗਾਜ਼ਾ ਦੇ ਮੁੱਖ ਵਿਦਿਅਕ ਅਦਾਰੇ ਇਸਲਾਮਿਕ ਯੂਨੀਵਰਸਿਟੀ ਉੱਤੇ ਭਿਅੰਕਰ ਹਮਲਾ ਕਰ ਕੇ ਫਲਸਤੀਨੀ ਵਿਦਿਅਕ ਢਾਂਚੇ ਦੀ ਤਬਾਹੀ ਦਾ ਮੁੱਢ ਬੰਨ੍ਹਿਆ ਸੀ। ਉਸ ਸਮੇਂ ਇਜ਼ਰਾਈਲ ਦਾ ਤਰਕ ਸੀ ਕਿ ਯੂਨੀਵਰਸਿਟੀ ਨੂੰ ਹਮਾਸ ਆਪਣੇ ਫੌਜੀ ਮਕਸਦ ਲਈ ਹਥਿਆਰਾਂ ਦੀ ਖੋਜ, ਫੌਜੀ ਸਿਖਲਾਈ, ਹਥਿਆਰ ਨਿਰਮਾਣ ਅਤੇ ਸਟੋਰ ਕਰਨ ਲਈ ਵਰਤ ਰਹੀ ਹੈ। ਹਮਾਸ ਦੇ ਇਸਲਾਮਿਕ ਕੱਟੜਪੰਥੀ ਮਨਸੂਬਿਆਂ ਲਈ ਵਿਦਿਆਰਥੀਆਂ, ਅਧਿਆਪਕਾਂ ਤੇ ਵਿਦਿਅਕ ਸੰਸਥਾਵਾਂ ਨੂੰ ਨਿਸ਼ਾਨਾ ਬਣਾਉਣਾ ਗੈਰ-ਮਨੁੱਖੀ, ਅਨੈਤਿਕ, ਜੰਗੀ ਤੇ ਕੌਮਾਂਤਰੀ ਕਾਨੂੰਨਾਂ ਦੀ ਘੋਰ ਉਲੰਘਣਾ ਹੈ; ਤੇ ਇਜ਼ਰਾਈਲ ਇਹ ਉਲੰਘਣਾ ਲਗਾਤਾਰ ਤੇ ਬੇਖੌਫ ਹੋ ਕੇ ਕਰ ਰਿਹਾ ਹੈ।

ਮੌਜੂਦਾ ਜੰਗ 'ਚ ਗਾਜ਼ਾ ਦੀਆਂ 16 ਵਿੱਚੋਂ 12 ਯੂਨੀਵਰਸਿਟੀਆਂ ਅਤੇ ਉੱਚ ਵਿਦਿਅਕ ਕੈਂਪਸ ਹਮਲੇ ਦੀ ਮਾਰ ਹੇਠ ਆਏ ਹੋਏ ਹਨ ਜਿਹਨਾਂ 'ਚ ਪੜ੍ਹਦੇ 88000 ਵਿਦਿਆਰਥੀ ਜੰਗ ਸ਼ੁਰੂ ਹੋਣ ਤੋਂ ਬਾਅਦ ਕਲਾਸਾਂ ਵਿੱਚ ਨਹੀਂ ਗਏ। ਸਕਾਲਰਸ਼ਿਪ ਪ੍ਰਾਪਤ 500 ਤੋਂ ਵੱਧ ਕੌਮਾਂਤਰੀ ਵਿਦਿਆਰਥੀ ਆਪਣੀ ਪੜ੍ਹਾਈ ਅਤੇ ਗਾਜ਼ਾ ਛੱਡਣ ਲਈ ਮਜਬੂਰ ਹੋ ਗਏ। ਇਸਲਾਮੀ ਯੂਨੀਵਰਸਿਟੀ ਅਤੇ ਅਲ-ਅਜ਼ਹਰ ਯੂਨੀਵਰਸਿਟੀ ਵਰਗੀਆਂ ਮੁੱਖ ਵਿਦਿਅਕ ਸੰਸਥਾਵਾਂ ਸਮੇਤ ਗਾਜ਼ਾ ਦੀ ਹਰ ਯੂਨੀਵਰਸਿਟੀ ਜਾਂ ਤਾਂ ਨੁਕਸਾਨੀ ਗਈ ਜਾਂ ਫਿਰ ਪੂਰੀ ਤਰ੍ਹਾਂ ਤਬਾਹ ਕਰ ਦਿੱਤੀ ਗਈ ਹੈ। ਜਿੱਥੇ ਸਕੂਲਾਂ ਯੂਨੀਵਰਸਿਟੀਆਂ ਵਿੱਚ ਪੜ੍ਹਾਈ ਠੱਪ ਹੋ ਗਈ ਹੈ, ਉੱਥੇ ਇੰਟਰਨੈੱਟ ਅਤੇ ਬਿਜਲੀ ਸਪਲਾਈ ਦੀ ਸਮੱਸਿਆ ਕਰ ਕੇ ਈ-ਲਰਨਿੰਗ ਨੂੰ ਵੀ ਵੱਡੀਆਂ ਚੁਣੌਤੀਆਂ ਦਰਪੇਸ਼ ਹਨ। 17 ਜਨਵਰੀ ਨੂੰ ਜਿਊਨਵਾਦੀ ਇਜ਼ਰਾਇਲੀ ਧਾੜਵੀਆਂ ਨੇ ਇਤਿਹਾਸਕ ਕਲਾਕ੍ਰਿਤੀਆਂ ਸਾਂਭਣ ਵਾਲੀ ਅਲ-ਇਸਰਾ ਯੂਨੀਵਰਸਿਟੀ ਕਬਜ਼ੇ ਵਿੱਚ ਲੈ ਕੇ ਤੇ ਬਾਰੂਦੀ ਸੁਰੰਗਾਂ ਵਿਛਾ ਕੇ ਨਸ਼ਟ ਕਰ ਦਿੱਤੀ। ਰਸ਼ਾਦ ਸ਼ਾਵਾ ਸੱਭਿਆਚਾਰਕ ਕੇਂਦਰ, ਅਰਬ ਆਰਥੋਡੌਕਸ ਕਲਚਰ ਐਂਡ ਸੋਸ਼ਲ ਸੈਂਟਰ, ਅਲ-ਸੁਨੂਨ ਫਾਰ ਕਲਚਰ ਐਂਡ ਆਰਟਸ ਐਸ਼ੋਸੀਏਸ਼ਨ ਆਦਿ ਵਰਗੀਆਂ ਸੱਭਿਆਚਾਰਕ ਤੇ ਕਲਾਤਮਿਕ ਇਮਾਰਤਾਂ ਨੂੰ ਨੁਕਸਾਨ ਪਹੁੰਚਾਇਆ ਗਿਆ। ਇਹ ਗਾਜ਼ਾ ਦੀਆਂ ਇਤਿਹਾਸਕ ਵਿਰਾਸਤ ਤੇ ਸੱਭਿਆਚਾਰਕ ਜੀਵਨ ਦਾ ਅਮੁੱਲ ਖਜ਼ਾਨਾ ਸਨ। ਗਾਜ਼ਾ ਦੀਆਂ ਤਬਾਹ ਕੀਤੀਆਂ 13 ਲਾਈਬਰੇਰੀਆਂ ਵਿੱਚੋਂ ਮੁੱਖ ਗਾਜ਼ਾ ਯੂਨੀਵਰਸਿਟੀ ਲਾਈਬਰੇਰੀ, ਗਾਜ਼ਾ ਦੀ ਮੁੱਖ ਪਬਲਿਕ ਲਾਈਬਰੇਰੀ ਅਤੇ ਦੀਆਨਾ ਤਾਮਾਰੀ ਲਾਈਬਰੇਰੀਆਂ ਵਿੱਚ ਹਜ਼ਾਰਾਂ ਕਿਤਾਬਾਂ ਤੇ ਇਤਿਹਾਸਕ ਦਸਤਾਵੇਜ਼ ਪੂਰੀ ਤਰ੍ਹਾਂ ਨਸ਼ਟ ਕਰ ਦਿੱਤੇ ਗਏ ਹਨ। ਯੂਨੀਵਰਸਿਟੀਆਂ ਤੋਂ ਬਿਨਾਂ ਗਾਜ਼ਾ ਦੇ ਲਗਭਗ 737 ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਨੂੰ ਜਾਂ ਤਾਂ ਗੰਭੀਰ ਨੁਕਸਾਨ ਪਹੁੰਚਾਇਆ ਗਿਆ ਜਾਂ ਜ਼ਿਆਦਾਤਰ ਨੂੰ ਤਬਾਹ ਕਰ ਦਿੱਤਾ ਗਿਆ।

ਤਬਾਹੀ ਦਾ ਮੰਜ਼ਰ ਉਦੋਂ ਹੋਰ ਵੀ ਵੱਧ ਭਿਅੰਕਰ ਬਣ ਜਾਂਦਾ ਹੈ ਜਦੋਂ ਹਮਲਾਵਰ ਸਮਾਜ ਦੇ ਸਭ ਤੋਂ ਮਜ਼ਬੂਤ ਤੇ ਭਵਿੱਖਮੁਖੀ ਵਰਗ ਨੂੰ ਨਿਸ਼ਾਨਾ ਬਣਾਉਂਦੇ ਹਨ। ਬੁੱਧੀਜੀਵੀਆਂ ਦੇ ਨਾਲ-ਨਾਲ ਗਾਜ਼ਾ ਦੀ ਨਵੀਂ ਪੀੜ੍ਹੀ ਨੂੰ ਗਿਣ-ਮਿਥ ਕੇ ਖਤਮ ਕੀਤਾ ਜਾ ਰਿਹਾ ਹੈ। ਗਾਜ਼ਾ ਦੇ 22 ਲੱਖ ਬਾਸ਼ਿੰਦਿਆਂ ਵਿੱਚੋਂ 50% ਵਸੋਂ 20 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਦੀ ਹੈ ਅਤੇ ਇਹੀ ਉਹ ਵਰਗ ਹੈ ਜੋ ਭਵਿੱਖਮੁੱਖੀ, ਸ਼ਕਤੀਸ਼ਾਲੀ ਤੇ ਫਲਸਤੀਨ ਦੀ ਰੀੜ੍ਹ ਦੀ ਹੱਡੀ ਹੈ। ਇਜ਼ਰਾਈਲ ਇਸ ਸਮੇਂ ਫਲਸਤੀਨ ਦੀ ਰੀੜ੍ਹ ਦੀ ਹੱਡੀ ਤੋੜਨ ਅਤੇ ਕਮਜ਼ੋਰ ਕਰਨ ਵਿੱਚ ਲੱਗਾ ਹੋਇਆ ਹੈ। ਗਾਜ਼ਾ ਵਿੱਚੋਂ ਪਹਿਲਾਂ ਹੀ 9 ਲੱਖ ਲੋਕ ਜੰਗੀ ਉਜਾੜੇ ਕਰ ਕੇ ਹਿਜਰਤ ਕਰ ਗਏ ਹਨ ਤੇ ਬਾਕੀ ਵਸੋਂ ਭੋਜਨ, ਪਾਣੀ ਤੇ ਦਵਾਈਆਂ ਦੀ ਸਪਲਾਈ ਦੀ ਘਾਟ ਕਰ ਕੇ ਬਾਰੂਦ ਦਾ ਖਾਜਾ ਬਣਨ ਲਈ ਮਜਬੂਰ ਹੈ।

'ਪੱਤਰਕਾਰ ਬਚਾਓ ਕਮੇਟੀ' ਦੀ ਰਿਪੋਰਟ ਮੁਤਾਬਕ, ਇਸ ਜੰਗ ਵਿੱਚ 105 ਪੱਤਰਕਾਰ ਮਾਰੇ ਗਏ ਤੇ ਬਚੇ ਹੋਇਆਂ ਦੀ ਜ਼ਿੰਦਗੀ ਦਾਅ 'ਤੇ ਲੱਗੀ ਹੋਈ ਹੈ। ਸੈਂਕੜੇ ਸੱਭਿਆਚਾਰਕ ਕਾਮੇ ਅਤੇ ਬੁੱਧੀਜੀਵੀ ਮੌਤ ਦੇ ਸਾਏ ਹੇਠ ਰਹਿ ਰਹੇ ਹਨ। ਆਮ ਲੋਕਾਂ ਸਮੇਤ ਸਮਾਜ ਲਈ ਚਿੰਤਤ ਲੋਕ ਮਨੋਵਿਗਿਆਨਕ ਸਦਮੇ ਵਿੱਚ ਹਨ। ਰੋਜ਼ਾਨਾ ਦਾ ਜਨ-ਜੀਵਨ ਇਸ ਤੋਂ ਵੀ ਵੱਧ ਭਿਅੰਕਰ ਅਤੇ ਅਸੁਰੱਖਿਅਤ ਹੈ। ਫਲਸਤੀਨੀ ਨੌਜਵਾਨ ਲੇਖਕ ਯੂਸਫ਼ ਦਵਾਸ ਇਜ਼ਰਾਈਲ ਦੇ ਹਵਾਈ ਹਮਲੇ ਵਿੱਚ ਮਾਰ ਦਿੱਤਾ ਗਿਆ। ਫਲਸਤੀਨ ਦੀ ਮੁਕਤੀ ਲਈ ਗਾਉਂਦੇ ਬਾਗੀ ਗਾਇਕ ਆਪਣੇ ਸਿਆਸੀ ਪੈਂਤੜੇ ਕਰ ਕੇ ਹਿੰਸਕ ਤੇ ਜਾਨਲੇਵਾ ਹਮਲਿਆਂ ਦਾ ਨਿਸ਼ਾਨਾ ਬਣਾਏ ਜਾ ਰਹੇ ਹਨ। ਬੁੱਧੀਜੀਵੀਆਂ ਅਤੇ ਲੇਖਕਾਂ ਨੂੰ ਨਿਸ਼ਾਨਾ ਬਣਾਉਣਾ ਵੀ ਇਜ਼ਰਾਈਲ ਦੀ ਲੰਮੇ ਸਮੇਂ ਦੀ ਰਣਨੀਤੀ ਰਹੀ ਹੈ। ਵਿਅੰਗਮਈ ਗੀਤਕਾਰ ਬਸ਼ਰ ਮੁਰਾਦ ਵਰਗੇ ਬਾਗੀ ਗਾਇਕ ਜੰਗੀ ਹਾਲਾਤ ਦੇ ਬਾਵਜੂਦ ਆਪਣੀ ਕਲਾ ਰਾਹੀਂ ਫਲਸਤੀਨੀ ਨਸਲਕੁਸ਼ੀ, ਅਨਿਆਂ, ਜੰਗ ਤੇ ਜਬਰ ਖਿਲਾਫ ਅਵਾਜ਼ ਉਠਾ ਰਹੇ ਹਨ। ਜੰਗੀ ਖਤਰਿਆਂ ਤੇ ਚੁਣੌਤੀਆਂ ਦੇ ਬਾਵਜੂਦ ਉਨ੍ਹਾਂ ਦੀ ਗਾਜ਼ਾ ਦੇ ਮਲਬਿਆਂ 'ਚੋਂ ਉੱਠ ਰਹੀ ਹੇਕ ਵਿਸ਼ਵ ਭਾਈਚਾਰੇ ਨੂੰ ਹਲੂਣ ਰਹੀ ਹੈ।

ਇਜ਼ਰਾਈਲ ਵੱਲੋਂ ਯੋਜਨਾਬੱਧ ਢੰਗ ਨਾਲ ਗਾਜ਼ਾ ਦੇ ਵਿਦਿਅਕ ਤੇ ਵਿਰਾਸਤੀ ਢਾਂਚੇ ਨੂੰ ਬਰਬਾਦ ਕਰਨਾ, ਫਲਸਤੀਨੀ ਨਸਲ ਅਤੇ ਦੇਸ਼ ਨੂੰ ਨਕਸ਼ੇ ਤੋਂ ਮਿਟਾਉਣ ਦੇ ਪ੍ਰਾਜੈਕਟ ਦਾ ਹਿੱਸਾ ਹੈ। ਨਸਲਕੁਸ਼ੀ ਦਾ ਇਹ ਪ੍ਰਾਜੈਕਟ ਕੌਮਾਂਤਰੀ ਮਨੁੱਖੀ ਅਧਿਕਾਰਾਂ/ਕਾਨੂੰਨਾਂ ਨੂੰ ਛਿੱਕੇ ਟੰਗ ਕੇ ਰਚਾਇਆ ਜਾ ਰਿਹਾ ਹੈ। ਸੰਸਾਰ ਅਮਨ-ਚੈਨ ਤੇ ਪ੍ਰਭੂਸੱਤਾ ਦਾ ਦਮ ਭਰਨ ਵਾਲੀਆਂ ਸੰਸਾਰ ਤਾਕਤਾਂ ਤੇ ਕੌਮਾਂਤਰੀ ਅਦਾਲਤਾਂ/ਕਾਨੂੰਨ ਮੂਕ ਦਰਸ਼ਕ ਬਣੇ ਹੋਏ ਹਨ। ਉਲਟਾ ਵਿਸ਼ਵ ਸ਼ਾਂਤੀ ਦਾ ਝੰਡਾਬਰਦਾਰ ਅਮਰੀਕੀ ਸਾਮਰਾਜ ਤੇ ਉਸ ਦੇ ਸਹਿਯੋਗੀ, ਫਲਸਤੀਨ ਵਿੱਚ ਇਜ਼ਰਾਇਲ ਵੱਲੋਂ ਕੀਤੀ ਜਾ ਰਹੀ ਨਸਲਕੁਸ਼ੀ ਦੇ ਮੁਲਜ਼ਮ ਹਨ। ਇਹ ਪੱਛਮੀ ਤਾਕਤਾਂ ਫਲਸਤੀਨ ਖਿਲਾਫ ਅਸਿੱਧੀ ਜੰਗ ਲੜ ਰਹੀਆਂ ਹਨ ਅਤੇ ਗਾਜ਼ਾ ਦੇ ਬੱਚਿਆਂ, ਔਰਤਾਂ, ਬਜ਼ੁਰਗਾਂ, ਬਿਮਾਰਾਂ ਤੇ ਜ਼ਖ਼ਮੀਆਂ ਨੂੰ ਬਾਰੂਦ ਅਤੇ ਭੁੱਖ ਨਾਲ ਮਾਰਨ ਲਈ ਇਜ਼ਰਾਈਲ ਨੂੰ ਵਿੱਤੀ ਤੇ ਫੌਜੀ ਸਹਾਇਤਾ ਦੇ ਰਹੀਆਂ ਹਨ। ਇਹ ਜੰਗਬਾਜ਼ ਪੱਛਮੀ ਤਾਕਤਾਂ ਆਪਣੇ ਦੇਸ਼ ਦੇ ਲੋਕਾਂ ਦੀ ਸਿੱਖਿਆ, ਸਿਹਤ ਤੇ ਹੋਰ ਜਨਤਕ ਸੇਵਾਵਾਂ ਉੱਤੇ ਖਰਚੇ ਜਾਂਦੇ ਬਜਟ 'ਤੇ ਕੱਟ ਲਾ ਕੇ ਹਥਿਆਰਾਂ ਦੇ ਨਿਰਮਾਣ ਉੱਤੇ ਖਰਚੇ ਵਧਾ ਰਹੀਆਂ ਹਨ। ਇਸ ਤਰ੍ਹਾਂ ਇਹ ਸਾਮਰਾਜੀ ਤਾਕਤਾਂ ਸੰਸਾਰ ਨੂੰ ਜੰਗ, ਮਹਿੰਗਾਈ, ਬੇਰੁਜ਼ਗਾਰੀ, ਭੁੱਖਮਰੀ, ਵਾਤਾਵਰਨ ਤਬਾਹੀ, ਕਰਜ਼ ਆਦਿ ਵੱਲ ਧੱਕ ਰਹੀਆਂ ਹਨ।

ਸੰਸਾਰ ਭਰ ਦੇ ਇਨਸਾਫਪਸੰਦ ਲੋਕ ਫਲਸਤੀਨ ਦੀ ਨਸਲਕੁਸ਼ੀ ਤੇ ਜੰਗੀ ਤਬਾਹੀ ਵਿਰੁੱਧ ਲਾਮਬੰਦ ਹੋ ਕੇ ਜੰਗਬਾਜ਼ ਤਾਕਤਾਂ ਦਾ ਵਿਰੋਧ ਕਰ ਰਹੇ ਹਨ। ਫਲਸਤੀਨ ਦੇ ਹੱਕ ਵਿੱਚ ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਤੋਂ ਸ਼ੁਰੂ ਹੋਇਆ ਸ਼ਾਨਦਾਰ ਵਿਦਿਆਰਥੀ ਸੰਘਰਸ਼ ਅੱਜ ਅਮਰੀਕਾ ਦੀਆਂ 100 ਤੋਂ ਵੱਧ ਯੂਨੀਵਰਸਿਟੀਆਂ ਤੇ ਹੋਰ ਅਕਾਦਮਿਕ ਸੰਸਥਾਵਾਂ ਤੱਕ ਫੈਲ ਚੁੱਕਾ ਹੈ। ਇਸ ਵਿਦਿਆਰਥੀ ਸੰਘਰਸ਼ ਦਾ ਪ੍ਰਭਾਵ ਸੰਸਾਰ ਦੇ ਹਰ ਕੋਨੇ ਵਿੱਚ ਪੈ ਰਿਹਾ ਹੈ। ਦੁਨੀਆ ਭਰ ਦੇ ਵਿਦਿਆਰਥੀਆਂ ਦਾ ਇਹ ਨੈਤਿਕ ਫਰਜ਼ ਬਣਦਾ ਹੈ ਕਿ ਉਹ ਫਲਸਤੀਨੀ ਨੌਜਵਾਨਾਂ, ਵਿਦਿਆਰਥੀਆਂ ਦੇ ਸਿੱਖਿਆ ਤੇ ਜਿਊਣ ਦੇ ਬੁਨਿਆਦੀ ਹੱਕ ਦੀ ਰਾਖੀ ਲਈ ਜੰਗ ਖਿਲਾਫ ਸੰਘਰਸ਼ ਕਰਕੇ ਕੌਮਾਂਤਰੀ ਵਿਦਿਆਰਥੀ ਏਕਤਾ ਦਾ ਸਬੂਤ ਦੇਣ। ਕੌਮਾਂਤਰੀ ਭਾਈਚਾਰੇ ਨੂੰ ਵੀ ਫਲਸਤੀਨ ਵਿੱਚ ਹੋ ਰਹੀ ਨਸਲਕੁਸ਼ੀ ਤੇ ਤਬਾਹੀ ਖਿਲਾਫ ਸੰਘਰਸ਼ ਕਰ ਕੇ ਉੱਚ ਮਾਨਵੀ ਨੈਤਿਕਤਾ ਦਾ ਇਜ਼ਹਾਰ ਕਰਨਾ ਚਾਹੀਦਾ ਹੈ। ਗਾਜ਼ਾ ਦੇ ਬੱਚੇ ਤੇ ਵਿਦਿਆਰਥੀ ਕੁੱਲ ਸੰਸਾਰ ਦਾ ਸਾਂਝਾ ਸਰਮਾਇਆ ਹਨ।

***ਸੰਸਾਰ ਭਰ ਦੇ ਇਨਸਾਫਪਸੰਦ ਲੋਕ ਫਲਸਤੀਨ ਦੀ ਨਸਲਕੁਸ਼ੀ ਤੇ ਜੰਗੀ ਤਬਾਹੀ ਵਿਰੁੱਧ ਲਾਮਬੰਦ ਹੋ ਕੇ ਜੰਗਬਾਜ਼ ਤਾਕਤਾਂ ਦਾ ਵਿਰੋਧ ਕਰ ਰਹੇ ਹਨ। ਫਲਸਤੀਨ ਦੇ ਹੱਕ ਵਿੱਚ ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਤੋਂ ਸ਼ੁਰੂ ਹੋਇਆ ਸ਼ਾਨਦਾਰ ਵਿਦਿਆਰਥੀ ਸੰਘਰਸ਼ ਅੱਜ ਅਮਰੀਕਾ ਦੀਆਂ 100 ਤੋਂ ਵੱਧ ਯੂਨੀਵਰਸਿਟੀਆਂ ਤੇ ਹੋਰ ਅਕਾਦਮਿਕ ਸੰਸਥਾਵਾਂ ਤੱਕ ਫੈਲ ਚੁੱਕਾ ਹੈ।***

ਕਹਾਣੀ

# ਖ਼ੂਬਸੂਰਤ ਕਿਤਾਬ

'ਬੰਦਾ ਤਾਂ ਤੁਰ ਜਾਂਦੈ ਪਰ ਜਿਹੜਾ ਖ਼ਲਾਅ ਉਹ ਛੱਡ ਜਾਂਦੈ, ਉਸ ਨਾਲ ਨਜਿੱਠਣਾ ਬੜਾ ਮੁਸ਼ਕਲ ਹੁੰਦੈ।'

ਦਸੰਬਰ ਦੀ ਧੁੰਦਲੀ ਜਿਹੀ ਦੁਪਹਿਰ ਸੀ ਤੇ ਅਸੀਂ ਲਾਅਨ 'ਚ ਬੈਠੇ ਬਾਪੂ ਦੀਆਂ ਗੱਲਾਂ ਕਰ ਰਹੇ ਸਾਂ।

'ਜਿਉਂਦੇ ਜੀ ਬੰਦਾ...' ਰਾਜਪ੍ਰੀਤ ਦੇ ਜਵਾਬ 'ਚ ਮੈਂ ਗੱਲ ਸ਼ੁਰੂ ਕੀਤੀ।

'...ਇੱਕ ਕੁਰਸੀ 'ਤੇ ਬਹਿੰਦਾ, ਇੱਕ ਬੈੱਡ 'ਤੇ ਸੌਂਦਾ ਤੇ ਇੱਕ ਰਾਹ 'ਤੇ ਤੁਰਦੈ। ਉਹ ਜਿੱਥੇ ਹੁੰਦੈ, ਕਰੀਬ-ਕਰੀਬ ਓਥੇ ਹੀ ਹੁੰਦਾ। ਮੌਤ ਪਿੱਛੋਂ ਉਸ ਦੀ ਗ਼ੈਰਹਾਜ਼ਰੀ, ਉਸ ਨੂੰ ਹਰ ਥਾਂ ਹਾਜ਼ਰ ਕਰ ਦਿੰਦੀ ਏ। ਉਸ ਦੀਆਂ ਯਾਦਾਂ ਦੀ ਭੀੜ ਸਾਨੂੰ ਕਦੇ ਉਦਾਸ ਕਰਦੀ ਤੇ ਕਦੇ...।'



ਚਾਣਚਕ ਘਰ ਮੂਹਰੇ ਕਾਰ ਆਣ ਰੁਕੀ। ਗੱਲ ਅਧੂਰੀ ਰਹਿ ਗਈ ਸੀ। ਭੌਂਕ ਰਹੇ ਕੁੱਤੇ ਨੂੰ ਪਿੰਜਰੇ 'ਚ ਡੱਕ, ਮੈਂ ਤੇਜ਼

**ਸਾਂਵਲ ਧਾਮੀ**

ਕਦਮਾਂ ਨਾਲ ਗੇਟ ਕੋਲ ਪਹੁੰਚ ਗਿਆ ਸਾਂ। ਪਤਨੀ ਫੁਰਤੀ ਨਾਲ ਘਰ ਅੰਦਰ ਜਾ ਵੜੀ।

ਕਾਰ ਦੀ ਪਿਛਲੀ ਸੀਟ ਤੋਂ ਬਾਹਰ ਆਉਂਦਿਆਂ ਖੂੰਡੀ ਨੇ ਮਲਕੜੇ ਜਿਹੇ ਫਰਸ਼ ਨੂੰ ਛੋਹਿਆ ਸੀ। ਸਫ਼ੈਦ ਸਾੜੀ 'ਚ ਲਿਪਟੀ ਬਜ਼ੁਰਗ ਔਰਤ ਅਹਿਸਤਾ-ਅਹਿਸਤਾ ਕਾਰ 'ਚੋਂ ਉਤਰੀ। ਸੁਨਹਿਰੀ ਫਰੇਮ ਵਾਲੀ ਐਨਕ ਦੇ ਮੋਟੇ-ਮੋਟੇ ਸ਼ੀਸ਼ਿਆਂ ਪਿੱਛੋਂ ਉਸ ਦੀਆਂ ਖ਼ੂਬਸੂਰਤ ਪਰ ਉਦਾਸ ਅੱਖਾਂ ਘਰ ਨੂੰ ਬੜੀ ਅਪਣਤ ਨਾਲ ਨੁਹਾਰ ਰਹੀਆਂ ਸਨ। ਉਸਨੂੰ ਕਿਧਰੇ ਵੇਖਿਆ ਤਾਂ ਜ਼ਰੂਰ ਲੱਗਦਾ ਸੀ ਪਰ ਕਿੱਥੇ? ਇਹ ਯਾਦ ਨਹੀਂ ਸੀ ਆ ਰਿਹਾ। ਮਨ ਉਸ ਦੇ ਚਿਹਰੇ ਨੂੰ ਬੁੱਝਣ 'ਚ ਲੱਗਾ ਰਿਹਾ ਤੇ ਮੈਂ ਉਸ ਦੇ ਕੋਲ ਹੁੰਦਿਆਂ ਥੋੜ੍ਹਾ ਜਿਹਾ ਝੁਕ ਗਿਆ।

'ਗੁਰਿੰਦਰ ਕਿ ਕਰਨਵੀਰ?' ਮੇਰੇ ਸਿਰ 'ਤੇ ਹੱਥ ਰੱਖਦਿਆਂ, ਉਸ ਨੇ ਉਦਾਸ ਮੁਸਕਾਨ ਨਾਲ ਸਵਾਲ ਕੀਤਾ।

'ਕਰਨ ਲੱਗਦਾ ਏ ਮੈਨੂੰ ਤਾਂ!' ਮੇਰਾ ਹੁੰਗਾਰਾ ਉਡੀਕੇ ਬਗ਼ੈਰ ਉਹਨੇ ਆਪ ਹੀ ਜਵਾਬ ਵੀ ਦੇ ਦਿੱਤਾ।

ਵਰ੍ਹਿਆਂ ਤੋਂ ਬੰਦ ਪਿਆ ਦਰਵਾਜ਼ਾ ਖੁੱਲ੍ਹ ਗਿਆ।

'ਓਹ ਹੋ! ਪੂਨਮ ਆਂਟੀ!!' ਮੈਂ ਉਹਦੇ ਪੈਰਾਂ 'ਤੇ ਝੁਕ ਗਿਆ।

'ਕਾਹਦੀ ਪੂਨਮ! ਹੁਣ ਤਾਂ ਮੈਂ ਤੇਰੀ ਅਮਾਵਸ ਆਂਟੀ ਆਂ!' ਉਹ ਠੰਢਾ ਹਉਕਾ ਭਰਦਿਆਂ ਬੋਲੀ ਸੀ।

ਫਿੱਕੀ ਜਿਹੀ ਮੁਸਕਾਨ ਤੋਂ ਬਿਹਤਰ ਮੇਰੇ ਕੋਲ ਹੋਰ ਕੋਈ ਜਵਾਬ ਨਹੀਂ ਸੀ।

'ਮੈਨੂੰ ਤਾਂ ਕੱਲ੍ਹ ਈ ਪਤਾ ਚੱਲਿਆ! ਕਿਸੇ ਸਾਹਿਤ ਸਭਾ ਵਲੋਂ ਸ਼ੋਕ ਸਮਾਚਾਰ ਛਪਿਆ ਸੀ, ਅਖ਼ਬਾਰ ਵਿਚ!' ਇਹ ਕਹਿੰਦਿਆਂ ਆਪਣੇ ਖੱਬੇ ਹੱਥ ਨੂੰ ਮੇਰੇ ਸੱਜੇ ਹੱਥ 'ਚ ਫੜਾਉਂਦਿਆਂ, ਉਹਨੇ ਗੇਟ ਤੋਂ ਘਰ ਵੱਲ ਨੂੰ ਕਦਮ ਪੁੱਟਣੇ ਸ਼ੁਰੂ ਕਰ ਦਿੱਤੇ।

ਉਹ ਆਲ਼ੇ-ਦੁਆਲ਼ੇ ਦੀ ਹਰ ਸ਼ੈਅ ਨੂੰ ਬੜੇ ਮੋਹ ਨਾਲ ਨਿਹਾਰ ਰਹੀ ਸੀ।

'ਤੁਸੀਂ ਪੱਚੀ-ਤੀਹ ਵਰ੍ਹਿਆਂ ਬਾਅਦ ਕਿਵੇਂ ਪਛਾਣ ਲਿਆ ਮੈਨੂੰ?' ਮੈਂ ਸਵਾਲ ਕੀਤਾ।

'ਪਛਾਣਾਂ ਕਿਉਂ ਨਾ? ਤੂੰ ਹੂ-ਬ-ਹੂ ਮੇਰੇ ਜਗਰੂਪ ਸਰ ਵਰਗਾ ਏਂ! ਗੁਰੀ ਆਪਣੀ ਮਾਂ ਵਰਗਾ ਹੁੰਦਾ ਸੀ; ਗੋਰਾ-ਚਿੱਟਾ ਤੇ ਤਿੱਖੇ ਤਿੱਖੇ ਨੈਣ-ਨਕਸ਼ਾਂ ਵਾਲਾ!...' ਸਹਿਜਤਾ ਨਾਲ ਕਦਮ ਪੁੱਟਦੀ ਉਹ ਬੋਲੀ ਗਈ।

'...ਵਾਹ! ਬਿਰਖਾਂ ਨੇ ਤਾਂ ਆਸ਼ਰਮ ਬਣਾ ਦਿੱਤਾ ਏ, ਇਸ ਘਰ ਨੂੰ। ਮੁੱਦਤਾਂ ਪਹਿਲਾਂ ਦੀ ਗੱਲ ਏ! ਉਦੋਂ ਇਹ ਬਿਰਖ, ਨਿੱਕੇ-ਨਿੱਕੇ ਪੌਦੇ ਹੁੰਦੇ ਸੀ! ਤੈਨੂੰ ਵੀ ਤਾਂ ਮੈਂ ਬਲੂਰ ਜਿਹੇ ਨੂੰ ਹੀ ਵੇਖਿਆ ਹੋਇਆ। ਸੁੱਖ ਨਾਲ ਕੱਡਾ ਸੁਣਾ ਜਵਾਨ ਨਿਕਲਿਆਂ ਏਂ ਤੂੰ! ਬਿਲਕੁਲ ਆਪਣੇ ਪਾਪਾ ਵਰਗਾ!'

ਉਹ ਛਿਣ ਕੁ ਲਈ ਚੁੱਪ ਹੋਈ।

'ਕਿੰਨਾਂ ਕੁਝ ਬਦਲ ਗਿਆ! ਹੁਣ ਤੂੰ ਮੇਰੇ ਵੱਲ ਈ ਵੇਖ! ਤੈਨੂੰ ਯਾਦ ਏ ਨਾ ਕਿ ਕੇਡੀ ਖ਼ੂਬਸੂਰਤ ਹੁੰਦੀ ਸਾਂ ਮੈਂ? ਹਾਏ! ਕਿੱਥੇ ਗੁਆਚ ਗਏ ਉਹ ਖ਼ੂਬਸੂਰਤ ਦਿਨ! ਉਹ ਖ਼ੂਬਸੂਰਤ ਚਿਹਰੇ! ਉਹ ਖ਼ੂਬਸੂਰਤ ਰਿਸ਼ਤੇ! ਕੌਣ ਖੋਹ ਕੇ ਲੈ ਗਿਆ ਸਾਥੋਂ ਸਾਡੇ ਜਗਰੂਪ ਸਰ ਨੂੰ!'

'ਦੁੱਖ ਦਾ ਵੀ ਇੱਕ ਆਪਣਾ ਸਰੂਰ ਹੁੰਦੈ।' ਮੈਂ ਸੋਚਿਆ।

'ਖੋਹਣ ਵਾਲਾ ਉਹੀ ਹੈ ਆਂਟੀ!' ਮੈਂ ਆਖਿਆ।

'ਮਤਲਬ?' ਉਹ ਬੋਲੀ।

'ਉਹ ਜੋ ਬੀਜ ਨੂੰ ਪੌਦਾ ਤੇ ਪੌਦੇ ਨੂੰ ਰੁੱਖ ਬਣਾਉਂਦੈ! ਜੋ ਬੱਚੇ ਨੂੰ ਜਵਾਨ ਤੇ ਜਵਾਨ ਨੂੰ ਬੁੱਢਾ ਕਰ ਦਿੰਦੈ। ਬਸ ਉਸੀ ਨੇ ਖੋਹ ਲਿਆ ਪਾਪਾ ਨੂੰ!'

'ਕੌਣ ਹੈ ਉਹ?' ਉਹਨੇ ਯਕਦਮ ਰੁਕਦਿਆਂ ਸਵਾਲ ਕੀਤਾ।

'ਵਕਤ!' ਮੇਰਾ ਜਵਾਬ ਸੀ।

'ਵਾਹ!...' ਉਸ ਦਾ ਝੁਰੜਾਇਆ ਚਿਹਰਾ ਟਹਿਕ ਪਿਆ ਸੀ।

'...ਜਗਰੂਪ ਸਰ ਨੂੰ ਜਦੋਂ ਮੈਂ ਪਹਿਲੀ ਵਾਰ ਵੇਖਿਆ ਸੀ ਤਾਂ ਉਦੋਂ ਉਹ ਤੇਰੀ ਉਮਰ ਦੇ ਹੋਣਗੇ। ਬਿਲਕੁਲ ਤੇਰੇ ਵਾਂਗ ਤੁਰਦੇ, ਤੇਰੇ ਵਾਂਗ ਵੇਖਦੇ ਤੇ ਤੇਰੇ ਵਾਂਗ ਹੀ ਗੱਲਾਂ ਕਰਦੇ! ਜਿਉਂ ਵਕਤ ਨੂੰ ਪੁੱਠਾ ਗੇੜਾ ਆ ਗਿਆ ਹੋਵੇ ਤੇ ਮੈਂ ਤੀਹ-ਪੈਂਤੀ ਵਰ੍ਹੇ ਪਿਛਾਂਹ ਪਰਤ ਗਈ ਹੋਵਾਂ! ਤੈਨੂੰ ਵੇਖ-ਸੁਣ ਕੇ ਇਉਂ ਮਹਿਸੂਸ ਹੋਇਆ ਕਿ ਜਗਰੂਪ ਸਰ ਕਿਤੇ ਨਹੀਂ ਗਏ। ਉਹ ਤੇਰੇ ਅੰਦਰ ਜੀ ਰਹੇ ਨੇ। ਉਹ ਤੇਰੇ ਹੋਠਾਂ ਰਾਹੀਂ ਮੇਰੇ ਨਾਲ ਗੱਲਾਂ ਕਰ ਰਹੇ ਨੇ! ਉਹ ਤੇਰੀਆਂ ਅੱਖਾਂ ਵਿਚੋਂ ਮੈਨੂੰ ਵੇਖਦੇ ਪਏ ਨੇ!' ਉਹ ਨਿਰੰਤਰ ਬੋਲੀ ਗਈ।

ਰਾਜਪ੍ਰੀਤ ਨੇ ਆਉਂਦਿਆਂ ਪੈਰੀਂ ਹੱਥ ਲਾਇਆ। ਮੇਰੀ ਥਾਂ ਆਂਟੀ ਦਾ ਹੱਥ ਫੜਦਿਆਂ ਜਿਉਂ ਹੀ ਡਰਾਇੰਗ-ਰੂਮ ਵੱਲ ਕਦਮ ਪੁੱਟਿਆ ਤਾਂ ਆਂਟੀ ਦੇ ਕਦਮ ਰੁਕ ਗਏ।

'ਸਾਰੀ ਉਮਰ ਕੰਧਾਂ ਦੀ ਕੈਦ ਅੰਦਰ ਹੀ ਕੱਟ ਲਈ! ਚਲੋ ਓਥੇ ਬਹਿੰਦੇ ਹਾਂ, ਫੁੱਲਾਂ ਦੇ ਸਿਰ੍ਹਾਣੇ! ਓਸ ਮਹਿਕਦੀ ਸ਼ਖ਼ਸੀਅਤ ਦੇ ਅਫ਼ਸੋਸ ਲਈ...' ਉਹਨੇ ਸ਼ਰਧਾ-ਭਾਵ 'ਚ ਗੱਲ ਸ਼ੁਰੂ ਕੀਤੀ।

'...ਇਸ ਨਾਲੋਂ ਬਿਹਤਰ ਭਲਾ ਹੋਰ ਕਿਹੜੀ ਥਾਂ ਹੋ ਸਕਦੀ ਏ!' ਗੱਲ ਕਰਦਿਆਂ ਉਹਨੇ ਲਾਅਨ ਵੱਲ ਇਸ਼ਾਰਾ ਕੀਤਾ।

ਅਸੀਂ ਲਾਅਨ ਵੱਲ ਤੁਰ ਪਏ! ਹੌਲੀ-ਹੌਲੀ ਕਦਮ ਪੁੱਟਦੀ ਉਹ ਉਦਾਸ ਨਜ਼ਰ ਨਾਲ ਆਲਾ-ਦੁਆਲਾ ਨਿਹਾਰ ਰਹੀ ਸੀ। ਜਿਉਂ ਵਰ੍ਹਿਆਂ ਦੀ ਯਾਤਰਾ ਦੇ ਬਾਅਦ ਆਪਣੇ ਘਰ ਪਰਤੀ ਹੋਵੇ।

ਆਂਟੀ ਨੂੰ ਕੁਰਸੀ 'ਤੇ ਬਿਠਾ ਰਾਜਪ੍ਰੀਤ ਰਸੋਈ ਵੱਲ ਤੁਰ ਗਈ।

ਬੇਟੇ ਨੇ ਸੰਗਦਿਆਂ-ਸੰਗਦਿਆਂ ਪੈਰੀਂ ਹੱਥ ਲਾਇਆ ਤਾਂ ਉਹ ਹੱਸਦਿਆਂ ਬੋਲੀ,'ਆਹ ਸੰਗ ਤਾਂ ਤੁਹਾਡੇ ਟੱਬਰ ਨੇ ਲਗਦੈ ਪੇਟੈਂਟ ਈ ਕਰਵਾ ਲਈ ਏ। ਏਧਰ ਆ ਉਏ, ਮੈਂ ਵੀ ਦਾਦੀ ਆਂ ਤੇਰੀ!'

ਜਗਤ ਨੂੰ ਬੁੱਕਲ 'ਚ ਲੈਂਦਿਆਂ, ਉਹ ਨਿੱਕੀਆਂ-ਨਿੱਕੀਆਂ ਗੱਲਾਂ ਕਰਨ 'ਚ ਰੁਝ ਗਈ ਸੀ।

ਮਲਕੜੇ ਜਿਹੇ ਉੱਠਦਿਆਂ ਮੈਂ ਵੀ ਘਰ ਅੰਦਰ ਚਲਾ ਗਿਆ।

'ਕੌਣ ਨੇ ਇਹ?' ਟ੍ਰੇਅ 'ਚ ਪਾਣੀ ਦਾ ਗਿਲਾਸ ਰੱਖਦਿਆਂ ਪਤਨੀ ਨੇ ਸਵਾਲ ਕੀਤਾ।

'ਇਹ ਪੂਨਮ ਮੈਡਮ ਨੇ! ਰਿਟਾਇਰਡ ਡਰਾਇੰਗ ਮਿਸਟ੍ਰੈਸ!' ਮੈਂ ਜਵਾਬ ਦਿੱਤਾ।

'ਮੰਮਾ ਦੇ ਫਰੈਂਡ ਹੋਣਗੇ!' 'ਫਰੈਂਡ ਤਾਂ ਪਾਪਾ ਜੀ ਦੇ ਸਨ, ਮੰਮਾ ਦੇ ਤਾਂ ਸੌਂਕਣ ਰਹੇ ਨੇ!'

ਪਤਨੀ ਨੂੰ ਮੇਰਾ ਜਵਾਬ ਮਜ਼ਾਕ ਲੱਗਿਆ।

'ਚਾਹ ਬਣਾਵਾਂ ਕਿ ਕੌਫ਼ੀ?' ਉਹਨੇ ਥੋੜ੍ਹਾ ਖਿਝਦਿਆਂ ਪੁੱਛਿਆ।

'ਕੌਫ਼ੀ ਬਣਾਓ ਜੀ ਕੌਫ਼ੀ! ਨਾਲ ਉਹ ਮੇਥੀ ਵਾਲੇ ਬਿਸਕੁਟ ਜ਼ਰੂਰ ਰੱਖਿਓ! ਆਂਟੀ ਨੂੰ ਇਹ ਬੜੇ ਪਸੰਦ ਸਨ!' ਇਹ ਆਖ ਮੈਂ ਬਾਹਰ ਵੱਲ ਤੁਰ ਆਇਆ।

ਉਹ ਹਾਲੇ ਵੀ ਜਗਤ ਨਾਲ ਤੋਤਲੀ ਜ਼ੁਬਾਨ 'ਚ ਗੱਲਾਂ ਕਰਨ 'ਚ ਰੁਝੀ ਪਈ ਸੀ।

'ਕਿਸੇ ਉਚੇਚ ਦੇ ਚੱਕਰ 'ਚ ਨਾ ਪੈ ਜਾਇਓ ਐਵੇਂ! ਵਹੁਟੀ ਨੂੰ ਵੀ 'ਵਾਜ ਮਾਰ ਲੈ। ਮੁੱਦਤਾਂ ਬੀਤ ਗਈਆਂ, ਕਿਸੇ ਨਾਲ ਰੱਜ ਕੇ ਗੱਲਾਂ ਨਹੀਂ ਕੀਤੀਆਂ!' ਟ੍ਰੇਅ 'ਚੋਂ ਪਾਣੀ ਵਾਲਾ ਗਿਲਾਸ ਚੁੱਕਦਿਆਂ ਉਹ ਬੋਲੀ।

'ਆਂਟੀ ਜੀ, ਤੁਸੀਂ ਇਕੱਲੇ ਰਹਿੰਦੇ ਓ?' ਮੈਂ ਝਿਜਕਦਿਆਂ ਪੁੱਛਿਆ।

'ਮੈਂ ਤਾਂ ਹਮੇਸ਼ਾਂ ਤੋਂ 'ਕੱਲੀ ਆਂ ਪੁੱਤਰਾ!' ਉਹਨੇ ਉਦਾਸ ਮੁਸਕਾਨ ਨਾਲ ਜਵਾਬ ਦਿੱਤਾ।

ਆਂਟੀ ਦੇ ਇਸ ਜਵਾਬ ਨੇ ਵਰ੍ਹਿਆਂ ਪੁਰਾਣੇ 'ਸਵਾਲ' ਨੂੰ ਮੁੜ ਜਿਉਂਦਾ ਕਰ ਦਿੱਤਾ। ਉਹ ਸਵਾਲ, ਜੋ ਮੈਨੂੰ ਬਚਪਨ ਤੋਂ ਬੇਚੈਨ ਕਰਦਾ ਰਿਹਾ ਸੀ। ਉਹ ਸਵਾਲ, ਜੋ ਸ਼ਰਾਬ 'ਚ ਮਦਹੋਸ਼ ਹੋ ਕੇ ਬਾਪੂ ਰੁੱਖਾਂ ਨੂੰ ਕਰਦਾ ਹੁੰਦਾ ਸੀ। ਉਹ ਸਵਾਲ, ਜਿਹਦੇ ਜਵਾਬ ਲਈ ਵੱਡਾ ਵੀਰਾ ਹੁਣ ਤੱਕ ਔਝੜਦਾ ਪਿਆ ਏ।

ਪਿਛਲੇ ਮਹੀਨੇ ਵੱਡਾ ਵੀਰਾ ਬਾਪੂ ਦੇ ਸਸਕਾਰ 'ਤੇ ਕੈਨੇਡਾ ਤੋਂ ਆਇਆ ਸੀ। ਭੋਗ ਵਾਲੀ ਸ਼ਾਮ ਅਸੀਂ ਰੱਜ ਕੇ ਗੱਲਾਂ ਕੀਤੀਆਂ। ਮਾਂ ਦੇ ਸਿਰੜ, ਸਮਰਪਣ ਤੇ ਬਿਮਾਰੀ ਦੀਆਂ ਗੱਲਾਂ। ਬਾਪੂ ਦੀ ਖੁੱਲ੍ਹ-ਦਿਲੀ, ਮੁਹੱਬਤ ਤੇ ਡਿਪਰੈਸ਼ਨ ਦੀਆਂ ਗੱਲਾਂ। ਪੂਨਮ ਆਂਟੀ ਦੇ ਸੁਹੱਪਣ, ਸਲੀਕੇ ਤੇ ਟੌਹਰ-ਟੱਪੇ ਦੀਆਂ ਗੱਲਾਂ।



ਗੱਲਾਂ-ਗੱਲਾਂ 'ਚ ਉਹੀ ਪੁਰਾਣਾ ਸਵਾਲ ਫਿਰ ਤੋਂ ਉੱਗ ਆਇਆ ਸੀ।

ਅਸੀਂ ਵੱਡੀ ਰਾਤ ਤੱਕ ਵਿਚਾਰ ਕਰਦੇ ਰਹੇ। ਆਖ਼ਰ ਵੀਰੇ ਨੇ ਹੱਥ 'ਤੇ ਹੱਥ ਮਾਰਦਿਆਂ ਆਖਿਆ ਸੀ,'ਸਿੱਧੀ ਜਿਹੀ ਗੱਲ ਆ ਕਿ ਜਦੋਂ ਬਾਪੂ ਵਹਿੰਦੀਆਂ ਕਲਾਵਾਂ 'ਚ ਗਿਆ ਤਾਂ ਆਂਟੀ ਦੀ ਜ਼ਿੰਦਗੀ 'ਚ ਕੋਈ ਹੋਰ ਆ ਗਿਆ ਹੋਣਾ। ਉਸ ਨਾਲ ਘਰ ਵਸਾਉਣ ਲਈ ਫਿਰ ਆਂਟੀ ਨੂੰ ਸਾਡੇ ਵਾਲਾ ਬਾਪੂ ਤਾਂ ਤਿਆਗਣਾ ਹੀ ਪੈਣਾ ਸੀ!'

'ਏਡੀ ਛੇਤੀ ਕੀ ਹੋ ਗਿਆ ਸੀ, ਜਗਰੂਪ ਸਰ ਨੂੰ?' ਜਗਤ ਨੂੰ ਆਪਣੀ ਬੁੱਕਲ 'ਚੋਂ ਆਜ਼ਾਦ ਕਰਦਿਆਂ ਉਹਨੇ ਸਵਾਲ ਕੀਤਾ।

ਮਾਂ ਦੀ ਮੌਤ ਮਗਰੋਂ ਬਾਪੂ ਦੇ ਨਿਰੰਤਰ ਉਦਾਸ ਰਹਿਣ, ਡਿਪਰੈਸ਼ਨ 'ਚ ਜਾਣ ਤੇ ਆਖ਼ਰ ਤੁਰ ਜਾਣ ਦੀ ਸਾਰੀ ਵਾਰਤਾ ਸੁਣਾ ਕੇ ਮੈਂ ਆਂਟੀ ਦੇ ਚਿਹਰੇ ਨੂੰ ਪੜ੍ਹਨ ਲੱਗਾ। ਮਿੰਨ੍ਹਾਂ-ਮਿੰਨ੍ਹਾਂ ਮੁਸਕਰਾ ਰਹੀ ਸੀ ਉਹ। ਜਿਵੇਂ ਜਨਮ-ਮਰਨ ਦੇ ਮਰਾਂ-ਵਰਤਾਰੇ 'ਚ ਇਸ ਮਮੂਲੀ ਜਿਹੀ ਘਟਨਾ ਉੱਤੇ ਉਦਾਸ ਹੋਣ ਦੀ ਉਸ ਕੋਲ ਕੋਈ ਗੁੰਜਾਇਸ਼ ਨਾ ਹੋਵੇ।

'ਦਰਅਸਲ,' ਉਸ ਨੇ ਸਹਿਜ ਭਾਵ ਗੱਲ ਸ਼ੁਰੂ ਕੀਤੀ।

'...ਇਹ ਕੁਲਹਿਣੀ ਇਕਲੱਤਾ ਨਈ ਲਿਹਾਜ ਕਰਦੀ ਕਿਸੇ ਦਾ! ਇਹ ਨਿਖ਼ਸਮੀ ਤਾਂ ਜਮ੍ਹਾਂ ਜਾਣੋ ਈ ਮਾਰ ਸੁੱਟਦੀ ਏ! ਇਸ ਦਾ ਮੁਕਾਬਲਾ ਬੜੀਆਂ ਜੁਗਤਾਂ ਨਾਲ ਕਰਨਾ ਪੈਂਦਾ। ਜੁੱਗ ਬੀਤ ਗਏ ਨੇ ਮੈਨੂੰ ਕੱਲ-ਮੁਕੱਲੇ ਰਹਿੰਦਿਆਂ। ਮੈਂ ਮੌਤ ਦੇ ਹੱਥ ਨਈਂ ਆਈ! ਪਤਾ ਏ ਕਿਉਂ?...' ਉਹ ਚੁੱਪ ਹੁੰਦਿਆਂ ਮੇਰੀਆਂ ਅੱਖਾਂ 'ਚ ਸਿੱਧਾ ਝਾਕਣ ਲੱਗ ਪਈ।

ਮੈਂ ਉਹਦੇ ਚਿਹਰੇ ਨੂੰ ਗਹੁ ਨਾਲ ਵੇਖਿਆ। ਘੜੀ ਕੁ ਪਹਿਲਾਂ ਵਾਲੀ ਦਾਰਸ਼ਨਿਕ ਨਰਮਾਈ ਹੁਣ ਅਲੋਪ ਹੋ ਗਈ ਸੀ। ਚਾਣਚਕ ਉੱਭਰ ਆਈ ਕਠੋਰਤਾ ਵੱਧ ਸੁਭਾਵਕ ਲੱਗ ਰਹੀ ਸੀ। ਉਮਰ, ਐਨਕ ਤੇ ਚਿਹਰੇ ਨਾਲ ਮੇਲ ਖਾਂਦੀ। ਝੁਰੜੀਆਂ 'ਚੋਂ ਉੱਗੀ ਹੋਈ ਕੋਈ ਉਮਰਾਂ ਦੀ ਕਮਾਈ।

'...ਮੇਰੀ ਗੱਲ ਹੋਰ ਹੈ ਪੁੱਤਰਾ!...' ਉਹ ਬੋਲੀ।

'...ਮੈਂ ਘੜੀ-ਮੁੜੀ ਕਿਸੇ ਹੱਡ-ਮਾਸ ਦੇ ਬੁੱਤ 'ਚੋਂ ਜਿਉਣ ਦਾ ਮਕਸਦ ਨਈਂ ਲੱਭਿਆ! ਬੱਸ ਇਸ ਇਕੱਲਤਾ ਨੂੰ ਹੀ ਆਪਣੀ ਆਦਤ ਬਣਾ ਲਿਆ!...' ਉਹ ਮਾਣ ਜਿਹੇ 'ਚ ਮੁਸਕਰਾਈ ਸੀ, ਜਿਉਂ ਇਹ ਇਕੱਲਤਾ ਮਜਬੂਰੀ ਨਹੀਂ ਕੋਈ ਫ਼ਖ਼ਰਯੋਗ ਪ੍ਰਾਪਤੀ ਹੋਵੇ।

'...ਜਗਰੂਪ ਸਰ ਤਾਂ ਉੱਝ ਵੀ ਬੜੇ ਇਮੋਸ਼ਨਲ ਵਿਅਕਤੀ ਸਨ। ਕੋਈ ਭੋਰਾ ਕੁ ਅਪਣੱਤ ਵਿਖਾਉਂਦਾ ਤਾਂ ਉਸ ਲਈ ਦਿਲ ਦੇ ਦਰਵਾਜ਼ੇ ਖੋਲ੍ਹ ਦਿੰਦੇ। ਨਾਲੇ ਤੁਹਾਡੀ ਮਾਂ 'ਚ ਤਾਂ ਉਨ੍ਹਾਂ ਦਾ ਦਿਲ ਧੜਕਦਾ ਸੀ। ਉਦ੍ਹੇ ਜਾਣ ਦਾ ਸਦਮਾ ਕਿੰਝ ਸਹਾਰ ਲੈਂਦੇ? ਇਹ ਏਦਾਂ ਹੀ ਹੋਣਾ ਸੀ ਪੁੱਤਰਾ, ਪਰ ਮਾੜਾ ਹੋਇਆ! ਬਹੁਤ ਮਾੜਾ!!' ਗੱਲ ਮੁਕਾਉਂਦਿਆਂ ਆਂਟੀ ਨੇ ਅੱਥਰੂ-ਭਰੀਆਂ ਅੱਖਾਂ ਨੂੰ ਝੁਕਾ ਲਿਆ ਸੀ।

ਮੈਨੂੰ ਗੁਜ਼ਰੇ ਦਿਨ ਯਾਦ ਆ ਗਏ।

ਕਦੇ-ਕਦਾਈ ਮੈਂ ਵੀ ਬਾਪੂ ਨਾਲ ਉਹਦੇ ਸਕੂਲ ਚਲਾ ਜਾਂਦਾ ਸਾਂ। ਪੂਨਮ ਆਂਟੀ ਮੈਨੂੰ ਸਾਰਾ ਦਿਨ ਆਪਣੇ ਕੋਲ ਰੱਖਦੀ। 'ਪੁੱਤ' ਆਖ ਬੁਲਾਉਂਦੀ। ਮੁੜ-ਮੁੜ ਮੇਰਾ ਮੱਥਾ ਚੁੰਮਦੀ! ਗੋਦੀ 'ਚ ਬਿਠਾ ਮੇਰੀਆਂ ਗੱਲ੍ਹਾਂ ਪੁੱਟਦੀ ਰਹਿੰਦੀ!

ਇੱਕ ਵਾਰ ਮੇਰੀ ਗੱਲ੍ਹ 'ਤੇ ਨੀਲ ਪੈ ਗਿਆ ਸੀ। ਬਾਪੂ ਮੈਨੂੰ ਪੱਕਾ ਕਰਦਾ ਰਿਹਾ ਸੀ ਕਿ ਮੈਂ ਭੀਮ ਮਾਸਟਰ ਦਾ ਨਾਂ ਲੈ ਦੇਵਾਂ ਪਰ ਜਦੋਂ ਮਾਂ ਨੇ ਮੂੰਗੀ ਦਾ ਕੜਾਹ ਮੂਹਰੇ ਰੱਖਦਿਆਂ ਕਾਰਨ ਪੁੱਛਿਆ ਤਾਂ ਸੱਚ ਤੋਂ ਪਰਦਾ ਉੱਠਦਿਆਂ ਦੇਰ ਨਹੀਂ ਸੀ ਲੱਗੀ।

'ਵੱਸਣ ਵਾਲੀ ਹੁੰਦੀ ਤਾਂ ਅੱਜ ਉਹ ਵੀ ਆਰ-ਪਰਿਵਾਰ ਵਾਲੀ ਹੁੰਦੀ! ਕੀੜੇ ਪੈਣ ਇਸ...' ਅੱਧ-ਰੋਂਦੀ ਅਵਾਜ਼ 'ਚ ਮਾਂ ਨੇ ਪੂਨਮ ਆਂਟੀ ਨੂੰ ਬੜੀਆਂ ਬਦ-ਅਸੀਸਾਂ ਦਿੱਤੀਆਂ ਸਨ। ਮੈਂ ਹੈਰਾਨ ਸਾਂ ਕਿ ਅੰਤਾਂ ਦਾ ਪਿਆਰ ਕਰਨ ਵਾਲੀ ਉਸ ਔਰਤ ਨੂੰ ਮਾਂ ਬੁਰਾ-ਭਲਾ ਕਿਉਂ ਆਖ ਰਹੀ ਏ!

ਅਗਲੇ ਸ਼ਨੀਵਾਰ ਮੈਂ ਬਾਪੂ ਨਾਲ ਸਕੂਲੇ ਜਾਣ ਲਈ ਜ਼ਿੱਦ ਕੀਤੀ ਤਾਂ ਉਹ ਫਿੱਕਾ ਜਿਹਾ ਹੱਸਦਿਆਂ ਬੋਲਿਆ, 'ਯਾਰ! ਬੜਾ ਚੁਗਲਖੋਰ ਬੰਦਾ ਏਂ ਤੂੰ! ਉਹ ਵਿਚਾਰੀ ਕਿੰਨਾ ਖ਼ਿਆਲ ਰੱਖਦੀ ਏ ਤੇਰਾ, ਤੇ ਤੂੰ? ਤੂੰ ਤਾਂ ਹਰ ਵਾਰੀ ਮਾਂ ਦੇ ਝਾਂਸੇ 'ਚ ਆ ਜਾਂਦੈਂ! ਜੇ ਇਉਂ ਤੂੰ ਕੜਾਹ ਜਾਂ ਸੇਵੀਆਂ 'ਤੇ ਹੀ ਡੁੱਲ੍ਹੀ ਜਾਣਾ ਤਾਂ ਫਿਰ ਪਿਉ-ਪੁੱਤਰ ਦੀ ਕਾਹਦੀ ਯਾਰੀ ਹੋਈ?'

ਬਾਪੂ ਸਾਨੂੰ ਆਪਣੇ ਹੱਕ 'ਚ ਭੁਗਤਣ ਲਈ ਤਿਆਰ ਕਰਦਾ ਰਹਿੰਦਾ ਪਰ ਅਸੀਂ ਹਰ ਵਾਰ ਮਾਂ ਦੇ ਸਿਰ ਤੋਂ ਬਾਪੂ ਦੀ ਯਾਰੀ ਨੂੰ ਵਾਰ ਸੁੱਟਦੇ।

'ਅੱਜ ਕਿਹੜੇ ਰੰਗ ਦਾ ਸੂਟ ਪਾ ਕੇ ਆਈ ਸੀ, ਤੁਹਾਡੀ ਉਹ ਪੂਨਮ ਆਂਟੀ?' ਇੱਕ ਵਾਰ ਸਾਡੇ ਮੂਹਰੇ ਖੋਏ ਦੀਆਂ ਪਿੰਨੀਆਂ ਰੱਖਦਿਆਂ ਮਾਂ ਨੇ ਪੁੱਛਿਆ ਸੀ। ਬਾਪੂ ਵਲੋਂ ਖੁਆਏ ਦਹੀਂ-ਭੱਲਿਆਂ ਦੀ ਲਾਜ ਰੱਖਦਿਆਂ ਮੈਂ ਤਾਂ ਚੁੱਪ ਰਿਹਾ ਪਰ ਵੱਡੀ ਜਿਹੀ ਪਿੰਨੀ ਨੂੰ ਹੱਥ ਪਾਉਂਦਿਆਂ ਵੱਡਾ ਵੀਰਾ ਯਕਦਮ ਬੋਲ ਉੱਠਿਆ, 'ਹਰੇ ਰੰਗ ਦਾ!'

ਮਾਂ ਤੜਫ਼ ਉੱਠੀ ਸੀ।

'ਹਰੀ ਪੈਂਟ, ਹਰੀ ਪੱਗ ਤੇ ਹਰੀ ਟਾਈ! ਮੇਰੀ ਜਾਣੇ ਬਲਾ ਕਿ ਅੱਜ ਤੋਤੇ ਜਿਹੇ ਬਣ ਕੇ ਕਿਉਂ ਗਏ ਸੀ, ਆਪਣੇ ਲੇਖਕ ਸਾਹਬ! ਕੱਪੜੇ ਧੋਵਾਂ ਮੈਂ, ਪਰੈੱਸ ਕਰਾਂ ਮੈਂ ਤੇ ਮੈਚਿੰਗਾਂ ਹੋਣ ਓਸ ਨਿਖ਼ਸਮੀ, ਮੇਰੀ ਸੌਂਕਣ ਨਾਲ!'

ਉਸ ਦਿਨ ਮੈਂ ਪਹਿਲੀ ਵਾਰ 'ਸੌਂਕਣ' ਲਫ਼ਜ਼ ਸੁਣਿਆ ਸੀ।

ਮਾਂ ਕੋਲੋਂ ਇਸ ਦੇ ਅਰਥ ਪੁੱਛੇ ਤਾਂ ਉਹ ਘਿਰਣਾ 'ਚ ਬੋਲੀ ਸੀ, 'ਦੁਨੀਆਂ ਦਾ ਸਭ ਨਾਲੋਂ ਮਨਹੂਸ ਸ਼ਬਦ ਹੈ ਇਹ। ਹਾਲੇ ਛੋਟਾ ਏਂ ਤੂੰ। ਜੇ ਲੈਲਾ-ਮਜਨੂੰ ਦੀ ਇਸ ਜੋੜੀ ਨੇ ਮੈਨੂੰ ਜਿਉਂਦੀ ਛੱਡਿਆ ਤਾਂ ਇਹਦੇ ਅਰਥ ਮੈਂ ਤੈਨੂੰ ਜ਼ਰੂਰ ਸਮਝਾਵਾਂਗੀ! ਜੇ ਤੁਰ ਗਈ ਤਾਂ ਵੇਖ ਲੈਣਾ ਕਿ ਇਨ੍ਹਾਂ ਮੇਰਾ ਸਿਵਾ ਠੰਢਾ ਨਹੀਂ ਪੈਣ ਦੇਣਾ। ਉਨ੍ਹੇ, ਭੇਡ ਨੇ ਮੇਰੇ ਘਰ 'ਚ ਆ ਵੱਸਣਾ...' ਮਾਂ ਦੀਆਂ ਅੱਖਾਂ 'ਚੋਂ ਆਪ-ਮੁਹਾਰੇ ਅੱਥਰੂ ਵਹਿ ਤੁਰੇ ਸਨ।

'...ਪੁੱਛੀ ਜਾਇਓ ਫਿਰ ਆਪਣੀ ਓਸ ਪੂਨਮ ਆਂਟੀ ਨੂੰ!'

ਕੁਝ ਵਰ੍ਹਿਆਂ ਬਾਅਦ ਜਦੋਂ ਇਸ ਸ਼ਬਦ ਦੇ ਅਰਥ ਸਮਝ ਆਏ ਤਾਂ ਮਾਂ ਦੇ ਧੁੰਦਲੇ ਜਿਹੇ ਦੁੱਖ ਪੂਰੀ ਤਰ੍ਹਾਂ ਸਪਸ਼ਟ ਹੋ ਗਏ ਸਨ।

'... ਓਸ ਚੁੜੇਲ ਨੇ ਝੱਲਾ ਕਰ ਸੁੱਟਿਆ ਹੈ ਤਾਨੂੰ! ਬਣੇ ਫਿਰਦੇ ਹੋ ਵੱਡੇ ਰਾਈਟਰ! ਸਮਾਜ ਸੁਧਾਰਨਾ ਤੁਸੀਂ ਸਵਾਹ ਨਾਲੇ ਖੇਹ! ਪਹਿਲਾਂ ਆਪਣੇ ਆਪ ਨੂੰ ਤਾਂ ਸੁਧਾਰ ਲਓ! ਦੱਸੋ ਆਹੀ ਕ੍ਰੀਏਟੀਵਿਟੀ ਏ ਤੁਹਾਡੀ? ਉਹ ਕੱਲ੍ਹ ਦੀ ਛੋਕਰੀ ਤਾਨੂੰ ਬਾਂਦਰ ਵਾਂਗੂੰ ਨਚਾਈ ਫਿਰਦੀ ਆ। ਮੈਂ ਸਭ ਜਾਣਦੀ ਆਂ ਜਿਹੜੀਆਂ ਰੋਜ਼ ਮੈਚਿੰਗਾਂ ਹੁੰਦੀਆਂ ਨੇ, ਓਸ ਹਰਾਮਣ ਨਾਲ! ਬੁੱਢੇ ਤੋਤੇ!'

'ਕੇਹੜੀ ਗੱਲ ਪਈ ਕਰਦੀ ਏਂ ਤੂੰ?' ਬਾਪੂ ਨੇ ਨਾਟਕੀ ਹੈਰਾਨੀ ਨਾਲ ਪੁੱਛਿਆ ਸੀ।

'ਨਾ ਕਿੰਨ੍ਹੀਆਂ ਕੁ ਨੇ?' ਮਾਂ ਨੇ ਫਿੱਕਾ ਜਿਹਾ ਮੁਸਕਾਉਂਦਿਆਂ ਮੋੜਵਾਂ ਸਵਾਲ ਕੀਤਾ।

'ਹੈਗੀਆਂ ਨੇ ਤਿੰਨ-ਚਾਰ, ਤੂੰ ਦੱਸ ਕਿਹੜੀ ਵਾਲੀ ਦੀ ਗੱਲ ਕਰਦੀ ਏਂ?' ਬਾਪੂ ਸਹਿਜਤਾ ਨਾਲ ਬੋਲਿਆ ਸੀ।

'ਹੈਂ'ਅ! ਤਿੰਨ-ਚਾਰ!! ਐਡਾ ਕਿਤੇ ਪਟਿਆਲੇ ਵਾਲਾ ਭੂਪਾ ਏਂ ਤੂੰ! ਮੈਂ ਉਸੇ ਦੀ ਗੱਲ ਕਰਦੀ ਆਂ, ਡਿਵੋਰਸੀ ਦੀ!'

ਪੂਨਮ ਆਂਟੀ ਲਈ ਵਰਤੇ ਗਏ ਇਸ ਵਿਸ਼ੇਸ਼ਣ ਨੇ ਬਾਪੂ ਦੀ ਸਹਿਜਤਾ ਵਾਲਾ ਨਾਟਕ ਖ਼ਤਮ ਕਰ ਦਿੱਤਾ।

'ਕੋਈ ਸ਼ੌਕ ਨਾਲ ਨਈਂ ਬਣਦਾ ਡਿਵੋਰਸੀ!...' ਬਾਪੂ ਦੀ ਦੇਹ ਗੁੱਸੇ 'ਚ ਕੰਬਣ ਲੱਗ ਪਈ।

'...ਤੈਨੂੰ ਕੀ ਪਤਾ ਕਿ ਕੀ ਮਜਬੂਰੀਆਂ ਸਨ, ਉਸ ਵਿਚਾਰੀ ਦੀਆਂ! ਜੇ ਤੇਰਾ ਵੀ ਜੀ ਕਰਦੈ ਤਾਂ ਤੂੰ ਵੀ ਲੈ ਲਾ ਡਿਵੋਰਸ ਮੈਥੋਂ। ਬਣ ਜਾ ਡਿਵੋਰਸੀ ਤੂੰ ਵੀ!'

'ਮੈਂ ਤਾਂ ਕਹਿੰਦੀ ਆਂ ਕਿ ਕੱਖ ਨਾ ਰਹੇ ਤਾਹ੍ਡੀ ਓਸ ਭੋਲੀ-ਭਾਲੀ, ਮਸੂਮ ਤੇ ਵਿਚਾਰੀ ਪੂਨਮ ਦਾ।' ਮਾਂ ਨੇ ਪੂਨਮ ਆਂਟੀ ਨੂੰ ਬਦ-ਅਸੀਸਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸਨ। ਬੁੜ-ਬੁੜ ਕਰਦਾ ਬਾਪੂ ਘਰੋਂ ਨਿਕਲ ਕੇ ਖੇਤਾਂ ਵੱਲ ਚਲਾ ਗਿਆ ਸੀ। ਡੁਸਕਦੀ ਮਾਂ ਚਾਣਚਕ ਦੁਹੱਥੜੀਂ ਪਿੱਟਣ ਲੱਗ ਪਈ। ਫਿਰ ਉਹ ਤੇਜ਼ ਕਦਮਾਂ ਨਾਲ ਬਾਪੂ ਦੀ ਕਿਤਾਬ 'ਜਿਉਣਾ ਕਦੇ ਨਾ ਵਿਸਰੇ' ਚੁੱਕ ਲਿਆਈ ਸੀ।

'ਜ਼ਿੰਦਗੀ ਨਰਕ ਕਰ ਦਿੱਤੀ ਏਸ ਬੰਦੇ ਨੇ!...' ਕਿਤਾਬ ਨੂੰ ਵਗਾਹ ਕੇ ਵਿਹੜੇ 'ਚ ਮਾਰਦਿਆਂ ਉਹ ਬੋਲੀ।

'..ਆਹ ਗੱਲਾਂ ਲਿਖਦਿਆਂ ਰੱਬ ਜਾਣੇ ਸ਼ਰਮ ਕਿਉਂ ਨਈਂ ਆਉਂਦੀ, ਇਨ੍ਹਾਂ ਛੁਣਛਣਿਆਂ ਨੂੰ? ਪਤਾ ਨਈਂ ਇਹ ਦੁਨੀਆਂ ਨੂੰ ਕਿਹੜੇ ਮੂੰਹ ਨਾਲ ਜਿਉਣ ਦਾ ਸਲੀਕਾ ਸਿਖਾਉਂਦੇ ਨੇ?'

ਗੁੱਭ-ਗੁਭਾਟ ਕੱਢ ਕੇ ਮਾਂ ਨੇ ਸਾਨੂੰ ਹੋਮ-ਵਰਕ ਲਈ ਬਿਠਾਇਆ ਤੇ ਆਪ ਘਰ ਦੇ ਕੰਮਾਂ 'ਚ ਰੁਝ ਗਈ ਸੀ।

'ਕਰਨ ਪੁੱਤ...' ਪੂਨਮ ਆਂਟੀ ਦੀ ਆਵਾਜ਼ ਨੇ ਮੈਨੂੰ ਅਤੀਤ 'ਚੋਂ ਖਿੱਚ ਲਿਆਂਦਾ ਸੀ।

'...ਤੈਨੂੰ ਪਤੈ ਕਿ ਮੈਂ ਤੈਨੂੰ ਆਪਣਾ ਪੁੱਤ ਬਣਾਉਣਾ ਚਾਹੁੰਦੀ ਸਾਂ?'

ਮੈਂ ਇਸ ਗੱਲ 'ਤੇ ਹੈਰਾਨ ਹੋਇਆ ਸਾਂ। ਜਵਾਬ ਵਜੋਂ 'ਨਾਂਹ' ਕਰਾਂ ਕਿ 'ਹਾਂਅ' ਮੈਂ ਇਹ ਫ਼ੈਸਲਾ ਨਹੀਂ ਸਾਂ ਕਰ ਸਕਿਆ।

'ਤੇਰੇ ਪਾਪਾ ਵੀ ਏਹੋ ਚਾਹੁੰਦੇ ਸੀ। ਦਰਅਸਲ, ਕੁੱਲ ਦੁਨੀਆਂ 'ਚ ਸਿਰਫ਼ ਇੱਕ ਉਹੀ ਸਨ, ਜਿਨ੍ਹਾਂ ਨੂੰ ਮੇਰੀ ਤਨਹਾਈ ਦਾ ਅਹਿਸਾਸ ਸੀ। ਉਦੋਂ ਤੇਰੀ ਮਾਂ ਮੰਨ ਜਾਂਦੀ ਤਾਂ ਅੱਜ ਤੂੰ ਮੇਰੇ ਕੋਲ ਹੁੰਦਾ। ਮੇਰੇ ਵਿਹੜੇ 'ਚ ਵੀ ਬੱਚੇ ਖੇਡਦੇ! ਚਲੋ ਜੋ ਹੋਣਾ ਸੀ, ਉਹੀ ਹੋਇਆ! ਮੇਰੀ ਤਾਂ ਕੋਈ ਵੀ ਰੀਝ ਨਈਂ ਪੂਰੀ ਕੀਤੀ, ਓਸ ਚੰਦਰੇ ਭਗਵਾਨ ਨੇ!'

ਰਾਜਪ੍ਰੀਤ ਕੌਫ਼ੀ ਲੈ ਕੇ ਆ ਗਈ।

'ਆਂਟੀ ਤੁਸੀਂ ਕੁਲੀਗ ਰਹੇ ਹੋ ਪਾਪਾ ਦੇ?' ਆਂਟੀ ਨੂੰ ਅਪਣੱਤ ਭਰੀਆਂ ਨਜ਼ਰਾਂ ਨਾਲ ਨਿਹਾਰਦਿਆਂ ਉਹਨੇ ਪੁੱਛਿਆ।

(ਬਾਕੀ ਅਗਲੇ ਸਫੇ 'ਤੇ)

*(ਪਿਛਲੇ ਸਫੇ ਦੀ ਬਾਕੀ)*

'ਹਾਂ ਧੀਏ...।' ਗੱਲ ਸ਼ੁਰੂ ਕਰਦਿਆਂ ਪੂਨਮ ਆਂਟੀ ਮੁਸਕਰਾ ਪਈ ਸੀ।

'...ਅਸੀਂ ਕੋਈ ਵੀਹ-ਪੱਚੀ ਵਰ੍ਹੇ ਇੱਕੋ ਸਕੂਲੇ ਪੜ੍ਹਾਇਆ! ਮੇਰੇ ਨਾਲੋਂ ਬਾਰ੍ਹਾਂ ਕੁ ਵਰ੍ਹੇ ਪਹਿਲਾਂ ਰਿਟਾਇਰ ਹੋ ਗਏ ਸਨ ਉਹ! ਉਨ੍ਹਾਂ ਮੇਰਾ ਬੜਾ ਸਾਥ ਦਿੱਤਾ! ਵਕਤਾਂ ਦੀ ਰੋਲੀ ਨੂੰ ਜਿਊਣਾ ਸਿਖਾਇਆ! ਕੀ ਦੱਸਾਂ ਧੀਏ, ਮੇਰੀ ਕਹਾਣੀ ਵੀ ਬੜੀ ਅਜਬ ਏ!' ਇਹ ਕਹਿੰਦਿਆਂ ਉਹਦੇ ਬੋਲ ਭਾਰੇ ਹੋ ਗਏ ਸਨ।

'ਇਉਂ ਇਮੋਸ਼ਨਲ ਨਾ ਹੋਵੋ ਤੁਸੀਂ!' ਉਸ ਦੇ ਝੁਰੜਾਏ ਹੱਥਾਂ ਨੂੰ ਆਪਣੇ ਹੱਥਾਂ 'ਚ ਲੈਂਦਿਆਂ ਰਾਜਪ੍ਰੀਤ ਬੋਲੀ।

'ਸਰਦਾ-ਪੁੱਜਦਾ ਟੱਬਰ ਸੀ ਸਾਡਾ। ਮੈਂ ਘਰੋਂ ਦੌੜ ਕੇ ਮਰਜ਼ੀ ਦੀ ਸ਼ਾਦੀ ਕਰਵਾਈ ਸੀ। ਉਹ ਵੀ ਇੱਕ ਠੇਕੇ ਦੇ ਕਰਿੰਦੇ ਨਾਲ਼। ਅਸੀਂ ਸ਼ਹਿਰ ਰਹਿਣ ਲੱਗ ਪਏ ਸਾਂ। ਓਥੇ ਈ ਮੈਂ ਬੀ. ਐਡ. ਕੀਤੀ। ਫਿਰ ਨੌਕਰੀ ਮਿਲ ਗਈ। ਪਹਿਲਾਂ ਪਲਾਟ ਲਈ ਕਰਜ਼ਾ ਚੁੱਕਿਆ ਤੇ ਫਿਰ ਘਰ ਲਈ। ਮਸਾਂ-ਮਸਾਂ ਘਰ ਉਸਰਿਆ ਸੀ ਕਿ...।' ਇਹ ਕਹਿੰਦਿਆਂ ਉਹ ਹੋਰ ਵੀ ਬੇਵਸ, ਬਿਰਧ ਤੇ ਕਮਜ਼ੋਰ ਜਿਹੀ ਲੱਗਣ ਲੱਗ ਪਈ।

'...ਮੈਂ ਪਤੀ ਨੂੰ ਕਰਿਆਨੇ ਦੀ ਦੁਕਾਨ ਪਾ ਕੇ ਦਿੱਤੀ। ਸੋਚਿਆ ਤਾਂ ਏਹੋ ਕਿ ਜ਼ਿੰਦਗੀ ਲੀਹ 'ਤੇ ਆ ਜਾਏਗੀ ਤਾਂ ਬੱਚੇ ਬਾਰੇ ਵੀ ਸੋਚ ਲਵਾਂਗੇ। ਪਰ ਕਿੱਥੇ? ਵੇਖਦੇ-ਵੇਖਦੇ, ਉਹ ਨਿਮਾਣਾ ਜਿਹਾ ਸ਼ਖ਼ਸ ਮੇਰਾ 'ਮਾਲਕ' ਬਣ ਬੈਠਾ। ਮੈਂ ਸਜ-ਸੰਵਰ ਕੇ ਸਕੂਲ ਜਾਂਦੀ ਤਾਂ ਉਹ ਮੈਨੂੰ ਸਾੜੇ ਭਰੀਆਂ ਨਜ਼ਰਾਂ ਨਾਲ਼ ਘੂਰਦਾ ਰਹਿੰਦਾ। ਘੂਰੀਆਂ ਤੋਂ ਬਾਅਦ ਉਹ ਗਾਲ਼ੀ-ਗਲ਼ੋਚ 'ਤੇ ਆ ਗਿਆ ਸੀ। ਆਖ਼ਰ ਜਦੋਂ ਉਨ੍ਹੇ ਮੇਰੇ 'ਤੇ ਹੱਥ ਚੁੱਕਿਆ ਤਾਂ ਮੇਰਾ ਸਬਰ ਜਵਾਬ ਦੇ ਗਿਆ। ਮੈਂ ਉਦ੍ਹਾ ਹੱਥ ਫੜਿਆ ਤੇ ਬਾਂਹ ਨੂੰ ਮਰੋੜਾ ਦਿੰਦਿਆਂ, ਉਹਨੂੰ ਦਰਵਾਜ਼ਿਓਂ ਬਾਹਰ ਕੱਢ ਦਿੱਤਾ!' ਆਂਟੀ ਦੇ ਚਿਹਰੇ 'ਤੇ ਵਰ੍ਹਿਆਂ ਪੁਰਾਣਾ ਰੋਹ ਫਿਰ ਤੋਂ ਉੱਭਰ ਆਇਆ ਸੀ।

'ਵੈੱਲ-ਡਨ ਆਂਟੀ!' ਔਰਤ ਦੇ ਹੱਕ 'ਚ ਅਵਾਜ਼ ਬੁਲੰਦ ਕਰਦਿਆਂ ਰਾਜਪ੍ਰੀਤ ਨੇ ਮੇਰੇ ਵੱਲ ਵੇਖਿਆ।

'ਮੈਂ ਅੰਦਰੋਂ ਬਾਹਰੋਂ ਟੁੱਟ ਗਈ ਸਾਂ। ਅਗਰ ਓਸ ਵੇਲੇ ਜਗਰੂਪ ਸਰ ਮੇਰੀ ਬਾਂਹ ਨਾ ਫੜਦੇ ਤਾਂ ਮੈਂ ਸੱਚੀਓਂ ਬਿਖ਼ਰ ਜਾਣਾ ਸੀ। ਉਨ੍ਹਾਂ ਮੈਨੂੰ ਪੈਰਾਂ 'ਤੇ ਖੜ੍ਹਨ ਦਾ ਵਲ ਸਿਖਾਇਆ। ਉਨ੍ਹਾਂ ਦੀਆਂ ਕਵਿਤਾਵਾਂ ਤੇ ਲੇਖ ਪੜ੍ਹ-ਪੜ੍ਹ ਮੈਨੂੰ ਖੁਦ ਨਾਲ਼ ਮੁਹੱਬਤ ਕਰਨ ਦਾ ਸਲੀਕਾ ਆਇਆ। ਉਨ੍ਹਾਂ ਦੀ ਕਿਤਾਬ 'ਜਿਊਣਾ ਕਦੇ ਨਾ ਵਿਸਰੇ' ਤਾਂ ਮੈਂ ਹਮੇਸ਼ਾ ਆਪਣੇ ਕੋਲ਼ ਰੱਖਦੀ। ਕਰਨ ਨੂੰ ਪੁੱਛ ਖਾਂ ਕਿ ਕੇਡੀ ਗੂੜ੍ਹੀ ਸਾਂਝ ਹੁੰਦੀ ਸੀ ਸਾਡੀ। ਮੇਰੇ ਲਈ ਤਾਂ ਉਹ ਰੱਬ ਦੀ ਥਾਂ ਸਨ! ਇਨ੍ਹਾਂ ਦੋਹਾਂ ਭਰਾਵਾਂ ਨੇ ਜਦੋਂ ਕਦੇ ਸਕੂਲ ਆਉਣਾ ਤਾਂ ਮੈਨੂੰ ਚਾਅ ਚੜ੍ਹ ਜਾਣਾ! ਤੇਰਾ ਕਰਨ ਤਾਂ ਬੜਾ ਪਿਆਰਾ ਹੁੰਦਾ ਸੀ! ਗੋਭਲੂ ਜਿਹਾ!! ਓਹ..ਹੋਅ...ਹੋਅ..ਕੇਡੇ ਹੁਸੀਨ ਦਿਨ ਸਨ ਉਹ!!!' ਸਰੂਰ ਜਿਹੇ 'ਚ ਸਿਰ ਮਾਰਦਿਆਂ ਸ਼ਾਇਦ ਉਹ ਗੁਜ਼ਰੇ ਜ਼ਮਾਨੇ 'ਚ ਗੁਆਚ ਗਈ ਸੀ।

ਬਿਨਾ ਸ਼ੱਕ ਉਹ ਦਿਨ ਬਹੁਤ ਹੁਸੀਨ ਸਨ ਤੇ ਉਨ੍ਹਾਂ ਦਿਨਾਂ ਨਾਲੋਂ ਵੀ ਵੱਧ ਹੁਸੀਨ ਪੂਨਮ ਆਂਟੀ ਸੀ।

ਸਾਡੀ ਮਾਂ ਵੀ ਕੋਈ ਘੱਟ ਸੋਹਣੀ ਨਹੀਂ ਸੀ ਪਰ ਉਨ੍ਹੀਂ ਦਿਨੀਂ ਉਹਨੂੰ ਆਪਣਾ ਖ਼ਿਆਲ ਰੱਖਣਾ ਭੁੱਲ-ਭੁਲਾ ਗਿਆ ਸੀ! ਉਹ ਚੱਤੋ-ਪਹਿਰ ਆਪਣੇ-ਆਪ 'ਚ ਹੀ ਉਲਝੀ ਰਹਿੰਦੀ। ਉਹਦੀ ਠਰੰਮੇ-ਭਰੀ ਮੁਸਕਾਨ ਪਤਾ ਨਹੀਂ ਕਿਧਰ ਉੱਡ-ਪੁੱਡ ਗਈ ਸੀ!

ਫਿਰ ਉਹ ਦਿਨ ਵੀ ਆਏ ਜਦੋਂ ਸਾਡੇ ਮਾਂ-ਪਿਉ ਨੇ ਇੱਕ-ਦੂਜੇ ਨਾਲ਼ ਗੱਲ ਕਰਨੀ ਛੱਡ ਦਿੱਤੀ।

'ਆਪਣੀ ਮਾਂ ਨੂੰ ਕਹਿ ਦਿਓ ਕਿ ਅੱਜ ਰਾਤ ਮੈਂ ਸੇਠੀ ਦੀ ਕੁੜੀ ਦੇ ਵਿਆਹ ਜਾਣਾ।'

'ਆਪਣੇ ਪਾਪਾ ਨੂੰ ਕਹਿ ਦਿਓ ਕਿ ਸਿਲੰਡਰ ਮੁੱਕਣ 'ਤੇ ਆਇਆ ਹੋਇਆ।'

ਉਹ ਸਾਡੇ ਰਾਹੀਂ ਗੱਲਾਂ ਕਰਨ ਲੱਗੇ।

'ਤ੍ਹਾਡੀ ਕੁਲਗਦੀ ਓਸ ਪੂਨਮ ਆਂਟੀ ਨੇ ਤ੍ਹਾਡੀ ਮਾਂ ਨੂੰ ਕਿਸੇ ਜੋਗੀ ਨਈਂ ਛੱਡਿਆ!'

ਮਾਂ ਸਾਨੂੰ ਬੁੱਕਲ 'ਚ ਲੈ ਕੇ ਸਿਸਕੀਆਂ ਭਰਨ ਲੱਗ ਪੈਂਦੀ। ਮੈਂ ਹੈਰਾਨ ਹੁੰਦਾ ਕਿ ਬਾਤਾਂ ਵਿਚਲੀਆਂ ਪਰੀਆਂ ਵਰਗੀ ਖ਼ੂਬਸੂਰਤ ਪੂਨਮ ਆਂਟੀ ਸਾਡੀ ਮਾਂ ਨੂੰ ਪਸੰਦ ਕਿਉਂ ਨਹੀਂ ਆ ਰਹੀ!

ਅਸੀਂ ਮਾਂ-ਪਿਉ ਦੇ ਦਰਮਿਆਨ ਬਹੁਤ ਗੂੜ੍ਹਾ ਪਿਆਰ ਵੇਖਿਆ ਸੀ।

ਉਹ ਵੀ ਦਿਨ ਸਨ, ਜਦੋਂ ਉਹ ਇੱਕ-ਦੂਜੇ ਵੱਲ ਵੇਖ ਕੇ ਮੁਸਕਰਾਉਂਦੇ ਰਹਿੰਦੇ। ਸੈਰ ਕਰਦਿਆਂ ਉਹ ਇਕ ਦੂਜੇ ਦਾ ਹੱਥ ਫੜ ਲੈਂਦੇ। ਮਾਂ ਹਰੇਕ ਕੰਮ ਨੱਠ-ਨੱਠ ਕੇ ਕਰਦੀ ਤੇ ਬਾਪੂ ਉਹਨੂੰ 'ਜਥੇਦਾਰਨੀਏ' ਆਖ ਮੁਖ਼ਾਤਬ ਹੁੰਦਾ।

ਪਿੰਡ ਵਾਲਾ ਜੱਦੀ ਘਰ ਵੇਚ ਕੇ ਜਦੋਂ ਅਸੀਂ ਬਾਹਰ ਖੇਤਾਂ 'ਚ ਘਰ ਬਣਾਉਣਾ ਸ਼ੁਰੂ ਕੀਤਾ ਤਾਂ ਮਾਂ ਦੇ ਕੰਮ ਹੋਰ ਵੀ ਵੱਧ ਗਏ। ਕਈ ਨਵੀਆਂ ਜ਼ਿੰਮੇਵਾਰੀਆਂ ਤੇ ਰੰਗ-ਬਿਰੰਗੇ ਹਿਸਾਬ-ਕਿਤਾਬ ਉਹਦੇ ਪੱਲੇ ਆਣ ਪਏ। ਕਿੰਨਾਂ ਚਾਅ ਸੀ ਉਹਨੂੰ, ਨਵੇਂ ਘਰ ਦਾ। ਘਰ ਉਸਰਿਆ ਸੀ ਕਿ...!

ਜਦੋਂ ਕਿਧਰੇ ਅਸੀਂ ਦੋਵਾਂ ਭਰਾਵਾਂ ਨੇ ਲੜ ਪੈਣਾ ਤਾਂ ਮਾਂ ਨੇ ਸਾਨੂੰ ਸਮਝਾਉਣਾ,'ਸਾਡੇ ਵੱਲ ਵੇਖੋ! ਤੁਸੀਂ ਕਦੇ ਸਾਨੂੰ ਝਗੜਦੇ ਵੇਖਿਆ? ਜੇ ਹੁਣ ਤੁਸੀਂ ਲੜੇ ਤਾਂ ਅਸੀਂ ਵੀ ਲੜਨਾ ਸ਼ੁਰੂ ਕਰ ਦੇਣਾ!'

ਅਸੀਂ ਤਾਂ ਮਾਂ ਦੀ ਗੱਲ ਮੰਨ ਗਏ ਪਰ...!

ਮਾਂ ਹੁਣ ਉਹ ਨਹੀਂ ਸੀ ਰਹੀ। ਉਹ ਘਰ ਵਿਚਲੀ ਹਰ ਇੱਕ ਸ਼ੈਅ ਨੂੰ ਘੂਰ ਕੇ ਵੇਖਦੀ। ਬਿਸਤਰਿਆਂ ਨੂੰ ਮੁੜ-ਮੁੜ ਸੁੰਘਦੀ। ਕਿਸੇ-ਕਿਸੇ ਦਿਨ ਬੈੱਡ-ਰੂਮ 'ਚੋਂ ਸੁਦੈਣਾਂ ਵਾਂਗ ਦੌੜਦੀ ਹੋਈ ਨਿਕਲਦੀ ਤੇ ਵਿਹੜੇ 'ਚ ਆ ਕੇ ਚੀਕ-ਚਿਹਾੜਾ ਪਾ ਦਿੰਦੀ। ਉਹਦੇ ਹੱਥਾਂ 'ਚ ਕਦੇ ਵਾਲ, ਕਦੇ ਹਾਰ-ਸ਼ਿੰਗਾਰ ਦਾ ਕੋਈ ਨਿੱਕਾ-ਮੋਟਾ ਸਮਾਨ, ਕਦੇ ਕੁਝ ਤੇ ਕਦੇ ਕੁਝ ਹੁੰਦਾ।

'ਅੱਜ ਫਿਰ ਆਈ ਸੀ, ਉਹ ਡਾਇਣ ਮੇਰੇ ਘਰ! ਮੈਨੂੰ ਕੰਧਾਂ 'ਚੋਂ ਬਦਬੂ ਆਉਂਦੀ ਏ। ਮੈਨੂੰ ਸਿਰ੍ਹਾਣਿਆਂ 'ਚੋਂ ਬਦਬੂ ਆਉਂਦੀ ਏ। ਮੈਨੂੰ ਬੈੱਡ-ਰੂਮ ਦੀ ਚਾਦਰ 'ਚੋਂ ਬਦਬੂ ਆਉਂਦੀ ਏ। ਮੈਨੂੰ ਸਾਰੇ ਘਰ 'ਚੋਂ ਬਦਬੂ ਆਉਂਦੀ ਏ। ਉਸ ਆਦਮਖਾਣੀ ਦੀ ਬਦਬੂ ਹੁਣ ਤਾਂ ਮੈਨੂੰ ਆਪਣੀ ਦੇਹ 'ਚੋਂ ਵੀ ਆਉਣ ਲੱਗ ਪਈ ਏ!' ਉਹ ਬੜੀ ਦੇਰ ਤੱਕ ਵਿਲਕਦੀ ਰਹਿੰਦੀ।

ਉਹਦੀਆਂ ਇਹ 'ਹਰਕਤਾਂ' ਹੁਣ ਸਾਨੂੰ ਵੀ ਡਰਾਉਣ ਲੱਗ ਪਈਆਂ।

ਉਨ੍ਹਾਂ ਦਿਨਾਂ 'ਚ ਬਾਪੂ ਨੂੰ ਕਿਸੇ ਸਾਹਿਤਕ ਸਮਾਗਮ 'ਚ ਕਲਕੱਤੇ ਜਾਣਾ ਪਿਆ।

ਜਦੋਂ ਉਹ ਮੁੜਿਆ ਤਾਂ ਉਹਦੇ 'ਤੌਰ-ਤਰੀਕੇ' ਚਾਣਚਕ ਬਦਲਦੇ ਗਏ ਸਨ। ਉਹ ਸਕੂਲੋਂ ਸਿੱਧਾ ਘਰ ਆਉਣ ਲੱਗ ਪਿਆ ਸੀ। ਉਹਨੇ ਫੁੱਲਾਂ ਵੱਲ ਵੇਖਣਾ ਛੱਡ ਦਿੱਤਾ ਸੀ। ਰੋਜ਼ਾਨਾ ਸ਼ਰਾਬ ਪੀਣ ਲੱਗ ਪਿਆ ਸੀ। ਦਾੜੀ-ਮੁੱਛਾਂ ਨੂੰ ਰੰਗਣਾ ਤਾਂ ਜਿਉਂ ਉਹਨੂੰ ਭੁੱਲ ਹੀ ਗਿਆ ਹੋਵੇ।

ਇੱਕ ਰਾਤ ਦੀ ਗੱਲ ਏ। ਨਸ਼ੇ 'ਚ ਟੁੰਨ ਬਾਪੂ ਬੋਟਲ ਧਾਮ ਦਾ ਕਲਾਵਾ ਭਰੀ ਭੁਸਕਦਾ ਹੋਇਆ ਬੋਲੀ ਜਾ ਰਿਹਾ ਸੀ,'ਪੂਨਮ, ਦੱਸ ਤੂੰ ਕਿਉਂ ਛੱਡਿਆ ਮੈਨੂੰ? ਹਾਏ! ਤੈਨੂੰ ਮੇਰੇ ਕੋਲੋਂ ਕਿਸ ਭੈਣ...ਨੇ ਖੋਹ ਲਿਆ? ਤੂੰ ਮੈਨੂੰ ਧੋਖਾ ਕਿਉਂ ਦੇ ਗਈ? ਮੈਂ ਤੇਰੇ ਲਈ ਕੀ ਨਈਂ ਕੀਤਾ! ਮੈਨੂੰ ਮੇਰਾ ਕਸੂਰ ਤਾਂ ਦੱਸ ਦਿੰਦੀ! ਮੈਂ..ਮੈਂ..ਮੈਂ ਸਬਰ ਨਾਲ ਮਰ ਤਾਂ ਜਾਂਦਾ।'

ਬਾਪੂ ਦਿਨ-ਬ-ਦਿਨ ਦੁੱਖਾਂ 'ਚ ਉਲਝਦਾ ਜਾ ਰਿਹਾ ਸੀ।

ਸਭ ਸ਼ਿਕਵੇ-ਸ਼ਿਕਾਇਤਾਂ ਨੂੰ ਦਰਕਿਨਾਰ ਕਰਦਿਆਂ ਮਾਂ ਉਹਨੂੰ ਸੰਭਾਲਣ ਲੱਗ ਪਈ ਸੀ। ਉਹ ਇੱਕ-ਦੂਸਰੇ ਦੀ ਗੱਲ ਦਾ ਹੁੰਗਾਰਾ ਵੀ ਭਰਨ ਲੱਗ ਪਏ ਸਨ। ਮਾਂ ਮੁੜ ਤੋਂ ਰੋਟੀ ਵਾਲੀ ਥਾਲੀ ਲੈ ਕੇ ਖ਼ੁਦ ਉਸ ਕੋਲ ਜਾਣ ਲੱਗ ਪਈ ਸੀ।

ਕਿਸੀ-ਕਿਸੀ ਸਵੇਰ ਸੰਘਣੀ ਧੁੰਦ ਨੇ ਵਿਹੜਾ ਭਰਿਆ ਹੁੰਦੈ। ਅਸੀਂ ਕਿਆਸ ਲਗਾਉਂਦੇ ਕਿ ਇਹ ਧੁੰਦ ਹੁਣ ਕਈ ਦਿਨਾਂ ਤੱਕ ਪਸਰੀ ਰਹੇਗੀ ਤੇ ਸਭ ਕੁਝ ਇੰਝ ਹੀ ਧੁੰਦਲਕੇ 'ਚ ਗੁਆਚਿਆ ਰਹੇਗਾ। ਸੂਰਜ ਦੇ ਦਰਸ਼ਨ ਪਤਾ ਨਹੀਂ ਕਿੰਨੇ ਦਿਨਾਂ ਬਾਅਦ ਹੋਣਗੇ। ਡਰ 'ਚ ਗ੍ਰਸਤ ਅਸੀਂ ਆਉਣ ਵਾਲੇ ਬੁਰੇ ਵਕਤ ਨੂੰ ਉਡੀਕਣ ਲੱਗ ਜਾਂਦੇ। ਫਿਰ ਚਾਣਚੱਕ ਕੋਈ ਕ੍ਰਿਸ਼ਮਾ ਹੋ ਜਾਂਦੈ! ਧੁੰਦ ਛਟ ਜਾਂਦੀ। ਸੂਰਜ ਵੀ ਦਿਖਾਈ ਦੇਣ ਲੱਗ ਜਾਂਦੈ। ਚੁਫ਼ੇਰਾ ਉਜਵਲ ਹੋ ਜਾਂਦੈ!

ਅਸਾਡੇ ਨਾਲ਼ ਕੁਝ ਅਜਿਹਾ ਹੀ ਵਾਪਰਿਆ ਸੀ!

'ਅਸੀਂ ਤੁਹਾਡੇ ਪਾਪਾ ਦੀ ਦਵਾਈ ਲੈਣ ਚੱਲੇ ਆਂ। ਪਿੱਛਿਓਂ ਖ਼ਿਆਲ ਰੱਖਿਓ ਘਰ ਦਾ!'

ਇੱਕ ਸ਼ਾਮ ਅਸੀਂ ਦੋਹਾਂ ਨੂੰ ਸਕੂਟਰ 'ਤੇ ਸਵਾਰ ਹੋ ਕੇ ਸ਼ਹਿਰ ਜਾਂਦੇ ਵੇਖਿਆ ਸੀ।

ਮੇਰੇ ਨੈਣ ਖ਼ੁਸ਼ੀ ਦੇ ਹੰਝੂਆਂ 'ਚ ਉਛਲ ਗਏ ਸਨ।

ਜਿਉਂ-ਜਿਉਂ ਬਾਪੂ ਢਹਿੰਦੀਆਂ ਕਲਾਵਾਂ ਵੱਲ ਜਾ ਰਿਹਾ ਸੀ, ਮਾਂ ਆਪਣੇ ਪਹਿਲਾਂ ਵਾਲੇ ਸਰੂਪ ਵੱਲ ਪਰਤਦੀ ਗਈ ਸੀ। ਉਹਦਾ ਹਾਰ-ਸ਼ਿੰਗਾਰ ਵਧਦਾ ਗਿਆ ਸੀ। ਕੰਧਾਂ ਤੇ ਬਿਸਤਰਿਆਂ ਨੂੰ ਸੁੰਘਣਾ ਤਾਂ ਉਹ ਭੁੱਲ ਹੀ ਗਈ ਹੋਵੇ। ਬਾਪੂ ਨਾਲ ਤਲਖ਼-ਕਲਾਮੀ ਵੀ ਉਹਨੇ ਤਿਆਗ ਦਿੱਤੀ ਸੀ।

ਹੁਣ ਉਹ ਬਾਪੂ ਦੇ ਮੂਹਰਿਓਂ ਸ਼ਰਾਬ ਦੀ ਬੋਤਲ ਚੁੱਕ ਲੈਂਦੀ। ਵੱਡੇ ਤੜਕੇ ਉਸਨੂੰ ਮੱਲੋ-ਜੋਰੀ ਅੱਧਰਿੜਕੇ ਦੇ ਦੋ ਗਿਲਾਸ ਪਿਆਉਂਦੀ। ਉਸਦੀ ਦਾੜੀ-ਮੁੱਛਾਂ 'ਤੇ ਆਪ ਰੰਗ ਲਗਾਉਂਦੀ। ਬਾਪੂ ਰੋਕਦਾ ਤਾਂ ਸਾਨੂੰ ਅਵਾਜ਼ ਮਾਰਦੀ, 'ਆਓ ਮੁੰਡਿਓ! ਫੜੋ ਜ਼ਰਾ ਬਾਹਵਾਂ, ਇਸ ਮਾਓ ਜ਼ੇ ਤੁੰਗ ਦੀਆਂ।' ਬਾਪੂ ਫਿੱਕਾ ਜਿਹਾ ਹੱਸ ਕੇ ਚੁੱਪ ਕਰ ਜਾਂਦਾ।

'ਐਡੀ ਛੇਤੀ ਹਥਿਆਰ ਨਹੀਂ ਸੁੱਟੀਦੇ ਕਾਮਰੇਡ ਸਾਹਿਬ! ਤੁਸੀਂ ਆਪ ਹੀ ਤਾਂ ਲਿਖਿਐ ਕਿ ਆਸ ਦਾ ਪੱਲਾ ਨਈਂ ਛੱਡਣਾ ਚਾਹੀਦਾ। ਯਾਰ ਹੋਣਗੇ ਮਿਲਣਗੇ ਆਪੇ, ਦਿਲ ਨੂੰ ਟਿਕਾਣੇ ਰੱਖੀਏ! ਸ਼ਾਇਦ ਤੁਰ ਜਾਣ ਵਾਲੇ ਕਿਸੇ ਦਿਨ ਪਰਤ ਹੀ ਆਉਣ! ਇਹ ਵੀ ਤਾਂ ਹੋ ਸਕਦੈ ਕਿ ਕੋਈ ਨਵਾਂ ਚਿਹਰਾ...!' ਉਹ ਮੋਹ-ਭਰੇ ਨਖ਼ਰੇ ਨਾਲ ਬੋਲੀ ਜਾਂਦੀ।

ਬਾਪੂ ਨੀਵੀਂ ਪਾਈ ਫਿੱਕਾ ਜਿਹਾ ਮੁਸਕਰਾਉਂਦਾ ਰਹਿੰਦਾ।

ਇੱਕ ਸ਼ਾਮ ਦੀ ਗੱਲ ਏ। ਘੋਰ ਨਿਰਾਸ਼ਾ 'ਚ ਡੁੱਬਾ ਬਾਪੂ ਡੁੱਬਦੇ ਸੂਰਜ ਵੱਲ ਇਉਂ ਵੇਖ ਰਿਹਾ ਸੀ, ਜਿਉਂ ਉਹਨੂੰ ਆਖ਼ਰੀ ਵਾਰ ਵੇਖ ਰਿਹਾ ਹੋਵੇ।

'ਤੁਸੀਂ ਕਿਉਂ ਤੋਰੀ ਵਾਂਗੂੰ ਮੂੰਹ ਲਮਕਾਇਆ?' ਉਹਨੂੰ ਹਲੂਣਦਿਆਂ ਮਾਂ ਨੇ ਪੁੱਛਿਆ ਸੀ।

ਬਾਪੂ ਕੁਝ ਨਹੀਂ ਸੀ ਬੋਲ ਸਕਿਆ। ਮੂੰਹ ਭੰਵਾਂ ਕੇ ਡੁਸਕਣ ਲੱਗ ਪਿਆ ਸੀ।

ਮਾਂ ਕਾਹਲੇ ਕਦਮਾਂ ਨਾਲ ਅੰਦਰੋਂ ਬਾਪੂ ਦੀ ਕਿਤਾਬ ਚੁੱਕ ਲਿਆਈ ਸੀ। ਕਾਹਲੀ-ਕਾਹਲੀ ਪੰਨੇ ਫਰੋਲਦਿਆਂ ਉਸ ਕਿਤਾਬ 'ਚੋਂ 'ਦਿਲ ਤੋਂ ਹਾਰਿਆਂ ਦੇ ਨਾਂ' ਮਜ਼ਮੂਨ ਲੱਭ ਲਿਆ ਸੀ।

'ਦੋਸਤੋ...ਜ਼ਿੰਦਗੀ 'ਚ ਕਦੇ ਵੀ ਰੀ-ਟੇਕ ਨਹੀਂ ਹੁੰਦਾ...' ਉਹ ਉੱਚੀ-ਉੱਚੀ ਪੜ੍ਹਨ ਲੱਗੀ।

'...ਮੰਨਿਆਂ ਕਿ ਉਦਾਸ ਹੋਣਾ ਇਨਸਾਨ ਦਾ ਹੱਕ ਹੈ ਪਰ ਨਿਰਾਸ਼ਤਾ ਲਈ ਕੋਈ ਥਾਂ ਨਹੀਂ ਹੋਣੀ ਚਾਹੀਦੀ, ਉਸ ਦੇ ਦਿਲ ਅੰਦਰ। ਤੁਰਦੇ-ਤੁਰਦੇ ਅੱਧਵਾਟੇ ਦਿਲ ਹਾਰ ਬਹਿਣਾ ਠੀਕ ਨਹੀ, ਜ਼ਿੰਦਗੀ ਕੁਝ ਹੋਰ ਵੀ ਹੈ, ਮੌਤ ਦੀ ਉਡੀਕ ਨਹੀਂ। ਧਾਰਮਿਕ ਲੋਕ ਜੋ ਪਰਮਾਤਮਾ ਦੇ ਹੁਕਮ ਨੂੰ ਅਟੱਲ ਮੰਨਦੇ ਹਨ, ਉਨ੍ਹਾਂ ਕੋਲ ਤਾਂ ਕੋਈ ਤਰਕ ਹੀ ਨਹੀਂ ਬਚਦਾ ਕਿ ਕਿਸੇ ਨੂੰ ਮਿਹਣੇ ਮਾਰਨ ਤੇ ਨਿਰਾਸ਼ਤਾ 'ਚ ਡੁੱਬ ਜਾਣ! ਹਰ ਚੰਗੀ-ਮੰਦੀ ਘਟਨਾ ਲਈ ਉਨ੍ਹਾਂ ਦਾ ਪ੍ਰਤੀਕਰਮ ਹਮੇਸ਼ਾ ਉਸਾਰੂ ਹੋਣਾ ਚਾਹੀਦਾ ਹੈ।'

ਬਾਪੂ ਕੋਲ ਮੂੰਹ ਉਠਾਉਣ ਤੋਂ ਬਗ਼ੈਰ ਕੋਈ ਚਾਰਾ ਨਹੀਂ ਸੀ ਬਚਿਆ।

'...ਉਹ ਜੋ ਆਪਣੇ ਆਪ ਨੂੰ ਨਾਸਤਕ ਆਖਦੇ ਹਨ। ਉਨ੍ਹਾਂ ਕੋਲ ਤਾਂ...।'

ਬਾਪੂ ਨੇ ਇਸ਼ਾਰੇ ਨਾਲ ਮਾਂ ਨੂੰ ਚੁੱਪ ਹੋ ਜਾਣ ਲਈ ਆਖਿਆ ਸੀ।

'...ਆਪਣੀ ਕਿਸਮ ਦੇ ਦਾਅਵੇ ਹੁੰਦੇ ਹਨ...' ਮਾਂ ਨੇ ਪੜ੍ਹਨਾ ਜਾਰੀ ਰੱਖਿਆ ਸੀ।

'...ਉਹ ਖੁਦ ਨੂੰ ਹਾਲਾਤ ਦੀ ਉਪਜ ਮੰਨਦੇ ਨੇ ਤੇ ਉਨ੍ਹਾਂ ਦੀ ਸੋਚ ਅਨੁਸਾਰ ਉਹ ਹਾਲਾਤ ਦੇ ਸਿਰਜਕ ਵੀ ਹੁੰਦੇ ਨੇ। ਫਿਰ ਉਹ ਕਿਸ ਤਰ੍ਹਾਂ ਡੋਲ ਸਕਦੇ ਹਨ ਅਗਰ ਉਹ ਇਹ ਸਮਝਦੇ ਹਨ ਕਿ...!'

'ਬੱਸ ਵੀ ਕਰ ਹੁਣ, ਸੁਖਜੀਤ ਕੁਰੇ!' ਅੱਖਾਂ ਪੂੰਝਦਿਆਂ ਬਾਪੂ ਮੁਸਕਰਾ ਪਿਆ ਸੀ।

ਮਾਂ ਨੇ ਪੜ੍ਹਨਾ ਬੰਦ ਕਰ ਦਿੱਤਾ ਤੇ ਬਾਪੂ ਦੀਆਂ ਅੱਖਾਂ 'ਚ ਸਿੱਧਾ ਝਾਕਦਿਆਂ, ਮੁਸਕਰਾ ਕੇ ਬੋਲੀ ਸੀ,'ਕੀ ਇਹ ਤੁਹਾਡੇ ਸ਼ਬਦ ਨਹੀਂ ਜਨਾਬ?'

'ਹੋਣਗੇ! ਫਿਰ ਕੀ ਕਰਾਂ ਮੈਂ?' ਬਾਪੂ ਨੇ ਥੋੜ੍ਹਾ ਖਿੱਝ ਕੇ ਪੁੱਛਿਆ ਸੀ।

'ਕਰਨ ਨੂੰ ਅਸੀਂ ਕਿਹੜਾ ਕੱਥਕ ਕਰਵਾਉਣਾ ਜੀ, ਤੁਹਾਡੇ ਕੋਲੋਂ! ਬੱਸ ਆਪਣੇ ਸਿਰਜੇ ਹੋਏ ਸ਼ਬਦਾਂ 'ਤੇ ਪਹਿਰਾ ਦਿਓ, ਜਨਾਬ!' ਪਤਾ ਨਹੀਂ ਮਾਂ ਨੇ ਇਹ ਲਫ਼ਜ਼ ਗੰਭੀਰਤਾ ਨਾਲ ਕਹੇ ਸਨ ਕਿ ਮਜ਼ਾਕ ਵਿਚ। ਬਾਪੂ ਸ਼ਾਂਤ ਹੋ ਗਿਆ ਸੀ। ਉਹਨੇ ਸਿਰ ਹਿਲਾਇਆ ਸੀ। ਸਮਝ ਨਹੀਂ ਸੀ ਆ ਰਹੀ, ਸਹਿਮਤੀ 'ਚ ਕਿ ਅਸਹਿਮਤੀ 'ਚ। ਉਦਾਸੀ ਛੰਡਦਿਆਂ, ਉਹ ਮਾਂ ਵੱਲ ਵੇਖਣ ਲੱਗ ਪਿਆ ਸੀ। ਉਸ ਦੇ ਮਨ 'ਚ ਸਾਡੀ ਮਾਂ ਲਈ ਇੱਜ਼ਤ ਸੀ ਕਿ ਘਿਰਣਾ, ਓਸ ਘੜੀ ਇਹ ਸਮਝਣਾ ਡਾਹਢਾ ਔਖਾ ਸੀ।

ਉਸਨੇ ਡੁਬਦੇ ਸੂਰਜ ਤੋਂ ਪਿੱਠ ਕਰ ਲਈ ਤੇ ਉਦਾਸ ਅੱਖਾਂ ਨਾਲ ਫੁੱਲਾਂ ਨੂੰ ਵੇਖਣ ਲੱਗ ਪਿਆ।

'ਅੱਜ ਫਿਰ ਕ੍ਰਿਤਾ ਸੂਟ ਪਰੈੱਸ ਕਰਾਂ?' ਕਿਸੀ-ਕਿਸੀ ਸਵੇਰ ਮਾਂ ਨਖ਼ਰੇ ਨਾਲ ਪੁੱਛਦੀ।

'ਕਰਦੇ ਜਿਹੜਾ ਕਰਨਾ!' ਬਾਪੂ ਲਾਪ੍ਰਵਾਹੀ 'ਚ ਜਵਾਬ ਦਿੰਦਾ।

'ਪਤਾ ਤਾਂ ਲੱਗੇ ਕਿ ਅੱਜ 'ਉਨ੍ਹਾਂ' ਕਿਹੜੇ ਰੰਗ ਦਾ ਸੂਟ ਪਾ ਕੇ ਆਉਣਾ?' ਮਾਂ ਨਖ਼ਰੇ ਨਾਲ ਪੁੱਛਦੀ ਤਾਂ ਬਾਪੂ ਬਨਾਉਟੀ ਜਿਹਾ ਗੁੱਸਾ ਜ਼ਾਹਰ ਕਰਦਿਆਂ, ਕਮਰੇ 'ਚੋਂ ਬਾਹਰ ਨਿਕਲ ਜਾਂਦਾ।

ਹੁਣ ਉਹ ਬਾਪੂ ਨੂੰ ਸਵੇਰ ਵੇਲੇ ਸੈਰ 'ਤੇ ਵੀ ਲੈ ਜਾਂਦੀ।

ਜਦ ਕਦੇ ਬਾਪੂ ਟਾਲ-ਮਟੋਲ ਕਰਦਾ ਤਾਂ ਹੱਸ ਕੇ ਪੁੱਛਦੀ,'ਲੇਖਕ ਸਾਹਬ, ਕਦੇ ਤੁਸੀਂ ਪ੍ਰਗਤੀਵਾਦੀ ਬਣੇ, ਕਦੇ ਮਾਨਵਵਾਦੀ ਤੇ ਕਦੇ ਆਹ ਵਾਦੀ, ਕਦੇ ਉਹ ਵਾਦੀ। ਦੱਸੋ ਜੇ ਕਦੇ ਰੋਕਿਆ-ਟੋਕਿਆ ਹੋਏ ਅਸੀਂ ਤੁਹਾਨੂੰ? ਹੁਣ ਤੁਸੀਂ ਇਉਂ ਨਿਰਾਸ਼ਾਵਾਦੀ ਬਣੋ, ਇਹ ਬਿਲਕੁਲ ਵੀ ਮਨਜ਼ੂਰ ਨਈਂ ਸਾਨੂੰ! ਗ਼ਮ ਨੂੰ ਇਉਂ ਵੀ ਦਿਲ 'ਤੇ ਨਹੀਂ ਲਾਈਦਾ ਜਨਾਬ! ਜੋ ਹੋਣਾ ਹੁੰਦਾ, ਉਹੀ ਤਾਂ ਹੁੰਦਾ। ਪਹਾੜ ਦੀ ਚੋਟੀ ਤੋਂ ਬਾਅਦ ਢਲਾਨ ਹੀ ਤਾਂ ਹੁੰਦੀ ਹੈ। ਤੁਸੀਂ ਆਪ ਹੀ ਤਾਂ ਲਿਖਿਐ ਕਿ ਵਿਛੋੜੇ ਦਾ ਬੀਜ ਵਸਲ ਦੀ ਮਿੱਟੀ 'ਚ ਹੀ ਪੁੰਗਰਦੈ ਤੇ ਇਹ ਮੁਹੱਬਤ ਅਕਸਰ ਨਫ਼ਰਤ ਦੀ ਭੂਮਿਕਾ ਹੀ ਸਾਬਿਤ ਹੁੰਦੀ ਏ।'

ਬਾਪੂ ਕੁਝ ਨਾ ਬੋਲਦਾ। ਮਾਂ ਨੂੰ ਮੁਸਕਰਾ ਕੇ ਵੇਖਦਾ ਰਹਿੰਦਾ।

'...ਹੁਣ ਕਿਸ ਮੂੰਹ ਨਾਲ, ਹਕੀਕਤ ਤੋਂ ਮੂੰਹ ਮੋੜ ਰਹੇ ਹੋ? ਇਹ ਵਿਛੋੜਾ ਕਿਹੜਾ ਖ਼ਲਾਅ 'ਚੋਂ ਉੱਗਿਐ? ਇਹ ਵੀ ਤਾਂ ਹਾਲਾਤ ਦੀ ਹੀ ਉਪਜ ਐ। ਕਿਹੜੇ ਭਾਰੇ-ਭਾਰੇ ਲਫ਼ਜ਼ ਵਰਤਦੇ ਹੁੰਦੇ ਸੋ ਤੁਸੀਂ? ਹਾਂ, ਯਾਦ ਆਇਆ, ਪਦਾਰਥਕ ਪ੍ਰਸਥਿਤੀਆਂ ਦੀ ਉਪਜ! ਨਾਲੇ ਉਹਦੇ ਜਾਣ ਦਾ ਐਡਾ ਵੀ ਕੀ ਦੁੱਖ? ਉਹ ਕਿਹੜੀ ਲਾਵਾਂ ਲੈ ਕੇ ਆਈ ਸੀ, ਤੁਹਾਡੀ ਜ਼ਿੰਦਗੀ ਵਿਚ?...'

ਬਾਪੂ ਹੱਥ ਜੋੜਦਿਆਂ ਉਹਨੂੰ ਚੁੱਪ ਹੋ ਜਾਣ ਦਾ ਵਾਸਤਾ ਪਾਉਂਦਾ, ਪਰ ਉਹ ਬੋਲੀ ਜਾਂਦੀ।

'...ਦੱਸੋ ਐਡੀ ਵੀ ਕੀ ਅਨਹੋਣੀ ਹੋ ਗਈ ਏ ਜੀ ਤੁਹਾਡੇ ਨਾਲ? ਫਿਕਰ ਕਾਹਤੋਂ ਕਰਦੇ ਪਏ ਓ ਜਨਾਬ? ਆਹ ਸੁਖਜੀਤ ਕੌਰ ਹਾਲੇ ਜਿਉਂਦੀ ਏ। ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਚਾਰ ਲਾਵਾਂ ਲੈ ਕੇ ਤੁਹਾਡੇ ਲੜ ਲੱਗੀ ਸਾਂ ਮੈਂ। ਮੌਤ ਤੱਕ ਇਹ ਨਈਂ ਮੋੜਨ ਲੱਗੀ, ਮੁੱਖ ਤੁਹਾਥੋਂ!'

ਬਾਪੂ ਨੂੰ ਆਖ਼ਰ ਮੁਸਕਰਾਉਣਾ ਪੈਂਦਾ। ਉਸ ਦੀਆਂ ਵੈਰਾਨ ਜਿਹੀਆਂ ਅੱਖਾਂ 'ਚ ਮੋਹ ਉਮੜ ਆਉਂਦਾ। ਓਸ ਪਲ ਉਹ ਮਾਂ ਵੱਲ ਇਉਂ ਵੇਖਦਾ, ਜਿਉਂ ਉਸ 'ਤੇ ਰੱਬ ਜੇਡਾ ਯਕੀਨ ਹੋਵੇ।

'ਵੇਖੀ ਆ ਜਨਾਬ, ਤ੍ਹਾਡੀ ਉਹ ਪੂਨਮ ਮੈਡਮ ਵੀ!...' ਮਾਂ ਗੱਲ ਨੂੰ ਅਗਾਂਹ ਤੋਰਦੀ।

'...ਦਰਪਣ 'ਚ ਖੁਦ ਨੂੰ ਵੀ ਵੇਖਿਆ ਹੈ ਹਜ਼ਾਰ ਵਾਰ! ਐਡੀ ਵੀ ਹੂਰਾ-ਪਰੀ ਨਹੀਂ ਐ ਉਹ ਤੇ ਨਾ ਹੀਂ ਅਸੀਂ ਵੀ ਕੋਈ ਐਡੇ ਗਏ ਗੁਜ਼ਰੇ ਆਂ!' ਮਾਂ ਮਾਣ 'ਚ ਗੱਲ ਮੁਕਾਉਂਦੀ।

'ਕਿਹੜੀਆਂ ਸੋਚਾਂ 'ਚ ਡੁੱਬ ਗਿਆਂ ਏਂ, ਕਰਨ ਪੁੱਤਰ?' ਆਂਟੀ ਦੇ ਸਵਾਲ ਨੇ ਹਲੂਣ ਸੁੱਟਿਆ ਸੀ ਮੈਨੂੰ।

ਮੈਂ ਡੌਰ-ਭੌਰ ਹੋਏ ਨੇ ਆਲੇ-ਦੁਆਲੇ ਵੇਖਿਆ। ਪਤਨੀ ਟ੍ਰੇਅ 'ਚ ਖ਼ਾਲੀ ਕੱਪ ਰੱਖ ਕੇ ਤੁਰੀ ਜਾ ਰਹੀ ਸੀ।

'ਸੱਚ ਆਖਾਂ ਕਰਨ ਪੁੱਤਰ...ਦਿਨ ਢਲੇ, ਜਦ ਬੰਦਾ ਮੰਜ਼ਿਲ ਦੇ ਕਰੀਬ ਪਹੁੰਚਦੈ ਤਾਂ ਉਹ ਰਾਹਵਾਂ 'ਚ ਹੋਈਆਂ ਭੁੱਲਾਂ ਦਾ ਹਿਸਾਬ ਕਰਨ ਲੱਗ ਜਾਂਦਾ। ਖ਼ੂਬਸੂਰਤ ਦ੍ਰਿਸ਼ਾਂ ਤੇ ਬੰਦਿਆਂ ਦੀ ਯਾਦ ਉਹਨੂੰ ਸਕੂਨ ਘੱਟ ਤੇ ਤੜਫ਼ ਜ਼ਿਆਦਾ ਬਖ਼ਸ਼ਦੀ ਏ। ਸਿਖ਼ਰ-ਦੁਪਹਿਰੇ ਹੋਈਆਂ ਭੁੱਲਾਂ ਉਹਨੂੰ ਪਛਤਾਵੇ ਨਾਲ ਭਰ ਦਿੰਦੀਆਂ ਨੇ। ਦੁਨੀਆਂ 'ਚ ਕਿਸੇ ਨੂੰ ਕੋਈ ਖ਼ਬਰ ਹੋਵੇ ਜਾਂ ਨਾ ਪਰ ਕਾਤਲ ਨੂੰ ਆਪਣੇ ਗੁਨਾਹ ਦਾ ਅਹਿਸਾਸ ਹੁੰਦੈ। ਇਹ ਅਹਿਸਾਸ ਉਹਨੂੰ ਨਾ ਤਾਂ ਚੰਗੀ ਤਰ੍ਹਾਂ ਜਿਊਣ ਦਿੰਦੈ ਤੇ ਨਾ ਹੀ ਮਰਨ ਦਿੰਦਾ। ਸੱਚੀ ਗੱਲ ਤਾਂ ਇਹ ਹੈ ਕਿ...' ਮੈਂ ਹੈਰਾਨ ਹੋਈ ਜਾ ਰਿਹਾ ਸਾਂ। ਉਹੀ ਬਾਪੂ ਵਾਲਾ ਅੰਦਾਜ਼ ਅਤੇ ਉਹੀ ਬਾਪੂ ਜਿਹੀਆਂ ਗੱਲਾਂ!

'...ਜਗਰੂਪ ਸਰ ਦਾ ਤਾਂ ਕਸੂਰ ਹੀ ਨਹੀਂ ਸੀ ਕੋਈ। ਆਪਣੇ ਘਰ ਤੇ ਆਪਣੀ ਜ਼ਿੰਦਗੀ 'ਚ ਪੂਰੇ ਤਰ੍ਹਾਂ ਰਚੇ-ਮਿਚੇ ਸਨ ਉਹ। ਰੱਬ ਦਾ ਦਿੱਤਾ ਸਭੋ ਕੁਸ਼ ਸੀ ਉਨ੍ਹਾਂ ਕੋਲ਼! ਮੈਂ ਹੀ ਚੰਦਰੇ ਵਕਤਾਂ ਦੀ ਝੰਬੀ ਹੋਈ ਸਾਂ। ਮੇਰੇ ਪੱਲੇ ਦੀਆਂ ਤਾਂ ਚਾਰੋਂ ਕੰਨੀਆਂ ਸੱਖਣੀਆਂ ਸਨ, ਪੁੱਤਰਾ! ਮੈਨੂੰ ਹੀ ਕਿਸੇ ਭਰੋਸੇਯੋਗ ਸਾਥ ਦੀ ਤਲਾਸ਼ ਸੀ!...' ਠੰਡਾ ਹਉਕਾ ਭਰਦਿਆਂ ਪਛਤਾਵੇ 'ਚ ਸਿਰ ਹਿਲਾਉਣ ਲੱਗ ਪਈ ਸੀ ਉਹ।

'..ਲੰਬੇ-ਝੰਬੇ, ਹੈਂਡਸਮ ਤੇ ਕਮਾਲ ਦੇ ਬੁਲਾਰੇ ਸਨ ਤੇਰੇ ਪਾਪਾ! ਉਨ੍ਹਾਂ ਨੂੰ ਪਹਿਲੀ ਨਜ਼ਰੇ ਵੇਖਦਿਆਂ ਮਹਿਸੂਸ ਹੋਇਆ ਸੀ ਕਿ ਇਸ ਬੰਦੇ ਕੋਲ ਦੁਨੀਆਂ ਨਾਲੋਂ 'ਕੁਝ' ਤਾਂ ਵੱਖਰਾ ਜ਼ਰੂਰ ਏ। ਧੁਰ-ਦਿਲੋਂ ਆਵਾਜ਼ ਆਈ ਸੀ ਕਿ ਜਿਊਣ-ਢੰਗ ਤੋਂ ਲੈ ਕੇ ਮਰਨ ਦੇ ਸਲੀਕੇ ਤੱਕ, ਇਸ ਕੋਲੋਂ ਕੁਝ ਵੀ ਸਿੱਖਿਆ ਜਾ ਸਕਦੈ। ਮੈਂ ਉਨ੍ਹਾਂ ਦੇ ਹੌਲੀ-ਹੌਲੀ ਕਰੀਬ ਆਈ ਸਾਂ। ਬਹੁਤ ਦੇਰ ਸ਼ਾਇਦ ਉਨ੍ਹਾਂ ਨੂੰ ਵੀ ਅਹਿਸਾਸ ਨਈਂ ਸੀ ਹੋਣ ਦਿੱਤਾ! ਆਪਣੇ ਦੁੱਖ ਸੁਣਾ ਕੇ ਪਹਿਲਾਂ ਤਾਂ ਮੈਂ ਉਨ੍ਹਾਂ ਦੀ ਹਮਦਰਦੀ ਖੱਟੀ ਤੇ ਫਿਰ ਉਸ ਹਮਦਰਦੀ ਨੂੰ....!' ਉਹ ਚਾਣਚਕ ਚੁੱਪ ਹੋ ਗਈ ਸੀ।

'...ਕਾਸ਼ ਅੱਜ ਤੇਰੀ ਮਾਂ ਜਿਉਂਦੀ ਹੁੰਦੀ !...' ਉਦਾਸ ਜਿਹੀ ਮੁਸਕਾਨ ਨਾਲ ਉਸ ਨੇ ਨਵੀਂ ਗੱਲ ਦੀ ਤੰਦ ਛੋਹ ਲਈ।

'...ਮੈਂ ਉਸ ਕੋਲੋਂ ਹੱਥ ਜੋੜ ਕੇ ਮੁਆਫ਼ੀ ਮੰਗ ਲੈਂਦੀ।' ਇਹ ਆਖ ਉਸ ਨੇ ਚਿਹਰੇ ਨੂੰ ਝੁਰੜਾਏ ਹੱਥਾਂ 'ਚ ਲੁਕੋ ਲਿਆ ਸੀ।

ਮੈਨੂੰ ਮਾਂ ਦੇ ਆਖ਼ਰੀ ਦਿਨ ਯਾਦ ਆ ਗਏ ਸਨ।

ਬਾਪੂ ਵੀ ਮਾਂ ਅੱਗੇ ਹੱਥ ਜੋੜ-ਜੋੜ ਭੁੱਲਾਂ ਬਖ਼ਸ਼ਾਉਂਦਾ ਹੁੰਦਾ ਸੀ। ਮਾਂ ਕੌੜਾ ਜਿਹਾ ਮੁਸਕਰਾ ਛੱਡਦੀ। ਧੀਮੀ ਤੇ ਟੁੱਟਵੀਂ ਜਿਹੀ ਆਵਾਜ਼ 'ਚ ਬਾਪੂ ਨੂੰ ਸਵਾਲ ਕਰਦੀ,'ਤੁ..ਅਸੀ ਕੀਅ.. ਕੀ...ਅਤਾ? ਹੈਅ?'

ਬਾਪੂ ਇੱਕ-ਇੱਕ ਕਰਕੇ ਆਪਣੀਆਂ ਗ਼ਲਤੀਆਂ ਗਿਣਾਉਣ ਲੱਗ ਜਾਂਦਾ। ਸੱਜੇ ਹੱਥ ਦੀ ਪਹਿਲੀ ਉਂਗਲ ਨੂੰ ਨਾਂਹ ਦੇ ਭਾਵ 'ਚ ਹਿਲਾਉਂਦੀ ਹੋਈ ਉਹ ਕਹਿੰਦੀ,'ਇਉਂ..ਨਾ...ਕਹੋ! ਬੱਅਚੇ ਸੁਅਣਦੇ ਨੇ! ਤ੍ਵਾਅਡੇ ਜਿਨ੍ਹਾਂ ਪਿਆ..ਰ ਭਅਲਾ ਕਿਅਨੇ ਕਅਰਨਾ ਹੋਇਆ? ਉਹ ਵੀ ਮੇਰੇ ਜੇਹੀ ਆਮ ਔਰਤ ਨੂੰ!'

ਅਜਿਹੀ ਗੱਲ ਸੁਣ ਕੇ ਬਾਪੂ ਹੋਰ ਵੀ ਤੜਫ਼ ਉੱਠਦਾ।

'ਤੂੰ ਆਮ ਔਰਤ ਕਿਵੇਂ ਹੋਈ?' ਉਹ ਸਵਾਲ ਕਰਦਾ।

'ਨਾ ਕੁਅਝ ਲਿਅਖਣ ਦੀ ਅਕਲ, ਨਾ ਪਅੜ੍ਹਨ ਦੀ!' ਉਹ ਨਿਰਾਸ਼ਾ 'ਚ ਬੋਲਦੀ।

'ਹੁਣ ਤਾਂ ਮੁਆਫ਼ ਕਰਦੇ ਮੈਨੂੰ!' ਮਾਂ ਨੂੰ ਬੁੱਕਲ 'ਚ ਲੈਂਦਿਆਂ, ਉਹ ਡੁਸਕਣ ਲੱਗ ਜਾਂਦਾ।

'ਮੇਰੇ ਮਅਨ 'ਚ ਤਾਂ ਕੁਅਝ ਵੀ ਨਅਈਂ! ਮੁਆਫ਼ੀਆਂ..ਆਂ..ਆਂ! ਸਭ ਨੂੰ ਮੁਆਫ਼ੀਆਂ..ਆਂ...ਆਂ!' ਮਾਂ ਦੀਆਂ ਖ਼ਾਲੀ-ਖ਼ਾਲੀ ਅੱਖਾਂ ਹੰਝੂਆਂ 'ਚ ਡੁੱਬ ਜਾਂਦੀਆਂ।

'...ਮੇਰੇ ਕੋਲ ਤਾਂ ਹੁਣ ਕੰਧਾਂ ਹੀ ਬਚੀਆਂ ਨੇ, ਦੁੱਖ-ਸੁੱਖ ਸਾਂਝਾ ਕਰਨ ਵਾਸਤੇ!' ਉਵੇਂ ਹੱਥਾਂ 'ਚ ਲੁਕੇ ਚਿਹਰੇ ਨੂੰ ਸੱਜੇ-ਖੱਬੇ ਹਿਲਾਉਂਦਿਆਂ ਪੂਨਮ ਆਂਟੀ ਅਗਾਂਹ ਬੋਲੀ ਸੀ।

'ਆਂਟੀ ਜੀ, ਇਸ ਗੱਲ ਦੀ ਕਦੇ ਸਮਝ ਨਹੀਂ ਆਈ ਕਿ ਤੁਸੀਂ ਪਾਪਾ ਕੋਲੋਂ ਦੂਰ ਕਿਉਂ ਹੋ ਗਏ?' ਮਨ-ਮਸਤਕ 'ਤੇ ਵਰ੍ਹਿਆਂ ਤੋਂ ਬੋਝ ਬਣੇ ਸਵਾਲ ਨੂੰ ਪੁੱਛਣ ਵਾਸਤੇ ਮਿਲਿਆ ਮੁਨਾਸਿਬ ਮੌਕਾ ਮੈਂ ਸੰਭਾਲ ਲਿਆ।

ਮੇਰੀ ਗੱਲ ਸੁਣ ਕੇ ਉਹ ਸੋਚੀਂ ਪੈ ਗਈ।

'ਇਸ ਸਵਾਲ ਦਾ ਜਵਾਬ ਏਡਾ ਸੌਖਾ ਤੇ ਸਿੱਧਾ ਨਈਂ ਪੁੱਤਰਾ। ਤੂੰ ਮੇਰਾ ਪਤਾ ਨੋਟ ਕਰ...' ਬੈਂਤ ਦੀ ਕੁਰਸੀ ਨਾਲ ਟਿਕਾਈ ਖੂੰਡੀ ਨੂੰ ਹੱਥ ਪਾਉਂਦਿਆ, ਉਨ੍ਹਾਂ ਮੈਨੂੰ ਮਿੱਠਾ ਜਿਹਾ ਘੂਰਿਆ ਸੀ।

'...ਜਦੋਂ ਦਿਲ ਕਰੇ, ਆ ਜਾਈਂ!' ਮੈਨੂੰ ਆਪਣਾ ਪਤਾ ਲਿਖਵਾਉਂਦਿਆਂ ਉਹ ਲਹਿੰਦੇ ਵੱਲ ਸਰਕ ਚੁੱਕੇ ਸੂਰਜ ਨੂੰ ਵੇਖਦੀ ਰਹੀ ਸੀ।

ਫਿਰ ਉਹ ਉੱਠ ਖੜੋਤੀ ਸੀ।

'ਆਂਟੀ ਜੀ ਏਡੀ ਕਾਹਲ? ਆਓ ਥੋੜ੍ਹਾ ਹੋਰ ਬਹਿੰਦੇ ਆਂ!' ਰਾਜਪ੍ਰੀਤ ਕਾਹਲੇ ਕਦਮਾ ਨਾਲ਼ ਕੋਲ ਆਉਂਦਿਆਂ ਬੋਲੀ।

'ਹੁਣ ਤੁਸੀਂ ਆਇਓ!' ਉਦਾਸ ਅੱਖਾਂ ਨਾਲ਼ ਘਰ ਨੂੰ ਨਿਹਾਰਦੀ ਉਹ ਚਲੀ ਗਈ ਸੀ।

ਮਨ-ਮਸਤਕ 'ਚ ਖੌਰੂ ਪਾਉਂਦੇ ਸਵਾਲ ਦਾ ਬੋਝ ਚੁੱਕੀ ਅੱਜ ਮੈਂ ਪੂਨਮ ਆਂਟੀ ਦੇ ਘਰ ਮੂਹਰੇ ਪਹੁੰਚ ਗਿਆ ਹਾਂ।

ਖੂੰਡੀ ਦੀ 'ਠੱਕ-ਠੱਕ' ਨੇ ਦਰਵਾਜ਼ੇ ਤੱਕ ਪਹੁੰਚਣ ਲਈ ਕਾਫ਼ੀ ਦੇਰ ਲਗਾ ਦਿੱਤੀ ਹੈ।

'ਹੈਅ! ਕਰਨ ਪੁੱਤ ਤੂੰ? ਮੋਸਟ ਵੈਅਲ-ਕਮ!!' ਉਸ ਦੇ ਝੁਰੜਾਏ ਚਿਹਰੇ 'ਤੇ ਖ਼ੁਸ਼ੀ ਟਹਿਕ ਪਈ ਏ।

'ਮੈਂ ਤਾਂ...' ਉਹਨੇ ਰਤਾ ਕੁ ਰੁਕਦਿਆਂ ਸਾਹ ਲਿਆ।

'...ਉਸੀ ਦਿਨ ਤੋਂ ਉਡੀਕ ਰਹੀ ਆਂ ਤੈਨੂੰ!' ਰੁਕ-ਰੁਕ ਕੇ ਗੱਲਾਂ ਕਰਦੀ ਉਹ ਹੌਲੀ-ਹੌਲੀ ਵਰਾਂਡੇ ਵੱਲ ਨੂੰ ਤੁਰ ਪਈ ਏ।

ਛੋਟਾ, ਪੁਰਾਣਾ ਪਰ ਡਾਹਢਾ ਕਲਾਤਮਕ ਜਿਹਾ ਘਰ ਏ।

ਉਵੇਂ ਡਾਟਾਂ ਵਾਲਾ ਵਰਾਂਡਾ ਤੇ ਵਰਾਂਡੇ ਵਾਲ਼ੇ ਫ਼ਰਸ਼ 'ਤੇ ਉਵੇਂ ਚਿਪਸ ਦੇ ਰੰਗ-ਬਿਰੰਗੇ ਪੈਟਰਨ। ਉਸੀ ਤਰ੍ਹਾਂ ਦੇ ਫੁੱਲ-ਬੂਟੇ! ਬਨੇਰਿਆਂ ਉੱਤੇ ਜੰਗਲਿਆਂ ਦੇ ਪਾਵੇ ਵੀ ਹੂ-ਬ-ਹੂ ਉਹੀ ਨੇ। ਉਸੇ ਤਰ੍ਹਾਂ ਦਾ ਡਿਜ਼ਾਇਨ ਤੇ ਉਹੋ ਜਿਹਾ ਸੁਮੇਲ ਹੈ ਰੰਗਾਂ ਦਾ! ਵਰਾਂਢੇ 'ਚ ਪਈਆਂ ਬੈਂਤ ਦੀਆਂ ਕੁਰਸੀਆਂ ਵੀ ਉਸੀ ਰੰਗ-ਢੰਗ ਦੀਆਂ ਨੇ।

ਇੱਕ ਛਿਣ ਲਈ ਮੈਨੂੰ ਲੱਗਿਆ ਜਿਉਂ ਸਾਡੇ ਘਰ ਨੂੰ ਛੋਟਾ ਕਰ ਦਿੱਤਾ ਗਿਆ ਹੋਵੇ।

'ਉਹ ਪਹਿਲਾਂ ਵਾਲਾ ਵੇਚ ਕੇ ਮੈਂ ਇਹ ਘਰ ਬਣਾਇਆ ਸੀ!' ਮੈਨੂੰ ਬੈਠਣ ਦਾ ਇਸ਼ਾਰਾ ਕਰਦਿਆਂ ਉਹ ਉਦਾਸ ਜਿਹਾ ਮੁਸਕਰਾਈ ਏ।

ਕੁਰਸੀਆਂ ਸਾਹਵੇਂ ਪਏ ਬੌਣੇ ਜਿਹੇ ਟੇਬਲ 'ਤੇ ਕੋਈ ਪੁਸਤਕ ਖੁੱਲ੍ਹੀ ਪਈ ਏ।

*(ਬਾਕੀ ਅਗਲੇ ਸਫੇ 'ਤੇ)*

# ਡੇਢ ਗੁਣਾਂ ਦਲਾਲੀ

ਜ਼ਮੀਨ, ਜਾਇਦਾਦ ਅਤੇ ਕਿਰਾਏ ਦੇ ਮਕਾਨਾਂ ਦੇ ਸੌਦੇ ਕਰਵਾਉਂਦੇ ਨੂੰ ਜਦੋਂ ਲੋਕ "ਦਲਾਲ" ਆਖ ਸੰਬੋਧਨ ਹੁੰਦੇ ਤਾਂ ਬਿਲਕੁਲ ਵੀ ਚੰਗਾ ਨਾ ਲੱਗਿਆ ਕਰਦਾ..!

ਚੰਡੀਗੜ੍ਹੋਂ ਬਦਲ ਕੇ ਆਏ ਇਸ ਪਰਿਵਾਰ ਨੇ ਪਹਿਲੋਂ ਹੀ ਆਖ ਦਿੱਤਾ ਸੀ ਕਿ ਅੱਠ ਹਜ਼ਾਰ ਮਹੀਨੇ ਤੋਂ ਵੱਧ ਦੀ ਗੁੰਜਾਇਸ਼ ਹੈਨੀ..!

ਹੁਣ ਏਨੇ ਘੱਟ ਕਿਰਾਏ ਲਈ ਨੁੱਕਰ ਵਾਲੀ ਬੀਜੀ ਦਾ ਘਰ ਹੀ ਬਚਿਆ ਸੀ..।

ਪਰ ਜਦੋਂ ਬੀਜੀ ਨਾਲ "ਅੱਠ ਹਜ਼ਾਰ" ਕਿਰਾਏ ਦੀ ਗੱਲ ਕੀਤੀ ਤਾਂ ਗੁੱਸੇ ਵਿਚ ਆਉਂਦੀ ਹੋਈ ਨੇ ਸਾਫ ਸਾਫ ਆਖ ਦਿੱਤਾ "ਦਸ ਹਜ਼ਾਰ" ਤੋਂ ਇੱਕ ਪੈਸਾ ਵੀ ਘੱਟ ਨੀ ਹੋਵੇਗਾ..!

ਏਡੇ ਵੱਡੇ ਘਰ ਵਿਚ ਕੱਲੀ ਰਹਿੰਦੀ ਸੱਤਰ ਕੁ ਸਾਲ ਦੀ ਉਹ ਬੀਜੀ..ਸੁਭਾਅ ਬਹੁਤ ਹੀ ਜ਼ਿਆਦਾ ਸਖਤ ਸੀ..ਉੱਤੋਂ ਕਿਰਾਏਦਾਰਾਂ ਲਈ ਢੇਰ ਸਾਰੀਆਂ ਸ਼ਰਤਾਂ..ਕੋਈ ਘੱਟ ਹੀ ਟਿਕਦਾ ਸੀ..ਲੋਕਾਂ "ਲੜਾਕੀ" ਨਾਮ ਰਖਿਆ ਹੋਇਆ ਸੀ ਉਸਦਾ..!

ਕੱਲਾ ਕੱਲਾ ਪੁੱਤ ਪਰਿਵਾਰ ਸਮੇਤ ਕੈਨੇਡਾ ਪਰਵਾਸ ਮਾਰ ਗਿਆ..ਮਗਰੋਂ ਹੋਰ ਵੀ ਜ਼ਿਆਦਾ ਚਿੜਚਿੜੀ ਹੋ ਗਈ ਸੀ..!

ਉਸ ਦਿਨ ਡਰਦੇ ਡਰਦੇ ਨੇ ਉਸਦਾ ਘਰ ਵਿਖਾਇਆ..ਨਾਲ ਹੀ ਪਰਿਵਾਰ ਦੇ ਮੁਖੀ ਨੂੰ ਇਹ ਵੀ ਦੱਸ ਦਿੱਤਾ ਕਿ "ਦਸ ਹਜ਼ਾਰ" ਤੋਂ ਘੱਟ ਗੱਲ ਨਹੀਂ ਬਣਨੀ..!

ਬਾਹਰ ਨੂੰ ਤੁਰਨ ਲਗਿਆ ਤਾਂ ਬੀਜੀ ਨੇ ਵਾਜ ਮਾਰ ਲਈ..ਆਖਣ ਲੱਗੀ "ਜਾ ਪੁੱਤਰਾ ਮੇਰੇ ਵਲੋਂ "ਹਾਂ" ਕਰ ਦੇ.."ਅੱਠ ਹਜ਼ਾਰ" ਦੇ ਹਿਸਾਬ ਨਾਲ ਭਾਵੇਂ ਕੱਲ੍ਹ ਨੂੰ ਸਾਮਾਨ ਲੈ ਆਉਣ..ਕੋਈ ਅਡਵਾਂਸ ਵੀ ਨਹੀਂ ਚਾਹੀਦਾ..ਤੇਰਾ ਕਮਿਸ਼ਨ ਵੀ ਡੇਢ ਗੁਣਾਂ.."!

ਮੈਨੂੰ ਆਪਣੇ ਕੰਨਾਂ 'ਤੇ ਇਤਬਾਰ ਜਿਹਾ ਨਾ ਆਵੇ..ਇਹ ਬੀਜੀ ਨੂੰ ਕੀ ਹੋ ਗਿਆ..ਅੱਠ ਹਜ਼ਾਰ 'ਤੇ ਕਿੱਦਾਂ ਮੰਨ ਗਈ!

ਮੈਨੂੰ ਸ਼ਸ਼ੋਪੰਜ ਵਿਚ ਪਏ ਨੂੰ ਵੇਖ ਹੱਸਦੀ ਹੋਈ ਆਖਣ ਲੱਗੀ,"ਵੇ ਕਮਲਿਆ ਤੂੰ ਵੇਖਿਆ ਨੀ..ਨਿੱਕੇ ਨਿੱਕੇ ਫੁੱਲਾਂ ਵਰਗੇ ਮਲੂਕੜੇ ਜਿਹੇ ਦੋ ਬਾਲ..ਕਿੱਦਾਂ ਖੇਡੇ ਲੱਗੇ ਹੋਏ ਸਨ..ਪਤਾ ਨਹੀਂ ਵਿਚਾਰਿਆਂ ਦੇ ਪਿਓ ਨੂੰ ਕਿੰਨੀ ਤਨਖਾਹ ਮਿਲਦੀ ਹੋਣੀ ਏ..ਮੈਨੂੰ ਬੁਢੀ ਨੂੰ ਜੇ ਦੋ ਘੱਟ ਵੀ ਮਿਲ ਜਾਣ ਤਾਂ ਕੀ ਫਰਕ ਪੈਣਾ..ਘੱਟੋ ਘੱਟ ਚਿਰਾਂ ਤੋਂ ਸੁੰਞੇ ਹੋ ਗਏ ਇਸ ਵੇਹੜੇ ਵਿਚ ਸਾਰਾ ਦਿਹਾੜੀ ਰੌਣਕ ਤੇ ਲੱਗੀ ਰਿਹਾ ਕਰੂ..!

ਨਾਲ ਹੀ ਝੁਰੜੀਆਂ ਵਾਲੇ ਰੇਗਿਸਥਾਨ ਵਿਚ ਸੁੰਨੀਆਂ ਜਿਹੀਆਂ ਦੋ ਅੱਖੀਆਂ ਵਿਚੋਂ ਉਮੀਦ ਨਾਮ ਦਾ ਖੂਬਸੂਰਤ ਚਸ਼ਮਾ ਹੁਣ ਬਸੰਤ ਬਹਾਰ ਬਣ ਵਹਿ ਤੁਰਿਆ ਸੀ..!

ਖੁਸ਼ੀ ਦੀ ਇਹ ਖਬਰ ਦੱਸਣ ਭੱਜ ਕੇ ਬਾਹਰ ਨੂੰ ਆਇਆ ਤਾਂ ਅੱਗੋਂ ਉਹ ਦੋਵੇਂ ਜੀ ਪਹਿਲਾਂ ਹੀ ਫੈਸਲਾ ਕਰ ਆਖਣ ਲੱਗੇ ਕਿ ਸਾਨੂੰ ਇਹ ਘਰ "ਦਸ ਹਜ਼ਾਰ" ਵਿਚ ਵੀ ਪਸੰਦ ਏ..! ਦੋਚਿੱਤੀ ਵਿਚ ਸਾਂ ਕਿ ਕਿਦਾ ਦੱਸਾਂ ਕਿ ਬੀਜੀ ਤਾਂ "ਅੱਠ ਹਜ਼ਾਰ" ਵਿਚ ਹੀ ਮੰਨ ਗਈ ਏ..!

ਇਸਤੋਂ ਪਹਿਲਾ ਕਿ ਮੇਰੇ ਮੂੰਹੋਂ ਕੋਈ ਗੱਲ ਨਿੱਕਲਦੀ..ਓਹਨਾਂ ਦੋਹਾਂ ਨੇ ਏਨੀ ਗੱਲ ਆਖ ਮੈਨੂੰ ਹਮੇਸ਼ਾਂ ਲਈ ਚੁੱਪ ਕਰਾ ਦਿੱਤਾ ਕਿ "ਭਾਜੀ ਅੱਜਕੱਲ ਕਿਰਾਏ ਦੇ ਘਰਾਂ ਵਿਚ ਮੁਫ਼ਤ ਦੀਆਂ "ਮਾਵਾਂ..ਦਾਦੀਆਂ" ਕਿਥੇ ਲੱਭਦੀਆਂ ਨੇ..ਅਸਾਂ ਦੋਹਾਂ ਕੰਮ 'ਤੇ ਹੋਏ ਕਰਨਾ..ਸਕੂਲੋਂ ਮੁੜਦੇ ਅੰਞਾਣਿਆਂ ਨੂੰ ਘੱਟੋ ਘੱਟ ਖੁੱਲ੍ਹਾ ਬੂਹਾ ਤੇ ਮਿਲਿਆ ਕਰੂ!

ਸੱਚ ਜਾਣਿਓ ਦੋਸਤੋ ਜ਼ਿੰਦਗੀ ਦਾ ਸ਼ਾਇਦ ਇਹ ਪਹਿਲਾ ਐਸਾ ਸੌਦਾ ਸੀ ਜਿੱਥੇ "ਡੇਢ ਗੁਣਾਂ ਦਲਾਲੀ" ਦੇ ਨਾਲ ਨਾਲ ਢੇਰ ਸਾਰਾ "ਰੂਹ ਦਾ ਸੁਕੂਨ" ਅਤੇ ਹੋਰ ਵੀ ਕਿੰਨਾ ਕੁਝ ਮੁਫ਼ਤ ਵਿਚ ਹੀ ਮਿਲ ਗਿਆ..!

***-ਹਰਪ੍ਰੀਤ ਸਿੰਘ ਜਵੰਦਾ***

## ਖ਼ੂਬਸੂਰਤ ਕਿਤਾਬ

***(ਪਿਛਲੇ ਸਫੇ ਦੀ ਬਾਕੀ)***

'ਮੈਨੂੰ ਇਨ੍ਹਾਂ ਪੁਸਤਕਾਂ ਦੇ ਲੜ ਵੀ ਤੇਰੇ ਪਾਪਾ ਲਗਾ ਗਏ ਸੀ!...' ਖੁੱਲੀ ਕਿਤਾਬ ਨੂੰ ਸਤਿਕਾਰ ਤੇ ਸਲੀਕੇ ਨਾਲ਼ ਬੰਦ ਕਰਦਿਆਂ ਉਹ ਨਿੱਕਾ ਜਿਹਾ ਹੱਸ ਪਈ ਏ।

'...ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਬੇਨਾਮ ਰਿਸ਼ਤੇ ਹਮੇਸ਼ਾਂ ਲਈ ਨਈਂ ਨਿਭਦੇ ਹੁੰਦੇ। ਉਂਞ ਵੀ ਤਨਹਾਈ ਦਾ ਕੋਈ ਤੋੜ ਤਾਂ ਹੋਣਾ ਚਾਹੀਦੈ ਬੰਦੇ ਕੋਲ਼! ਉਹ ਮੇਰੀ ਜ਼ਿੰਦਗੀ 'ਚ ਆਏ ਤਾਂ ਮੈਂ ਸਾਰੀ ਦੁਨੀਆਂ ਭੁੱਲ ਗਈ! ਜਦੋਂ ਗਏ ਤਾਂ ਬਸ ਇਹ ਕਿਤਾਬਾਂ ਯਾਦ ਆਈਆਂ। ਹੁਣ ਤਾਂ ਬਸ ਇਨ੍ਹਾਂ ਦਾ ਈ ਸਾਥ ਰਹਿ ਗਿਐ। ਤੂੰ ਰਤਾ ਗਹੁ ਨਾ਼ਲ ਵੇਖ ਤਾਂ ਸਹੀ! ਮੈਂ ਤਨਹਾਈ ਜੋਗੀ ਜਗ੍ਹਾ ਛੱਡੀ ਕਿੱਥੇ ਆ! ਇਸ ਘਰ ਦਾ ਹਰ ਕੋਨਾ ਕਿਤਾਬਾਂ ਨਾ਼ਲ ਭਰ ਲਿਆ ਏ। ਮੇਰੀ ਬਹੁਤੀ ਪੈਨਸ਼ਨ ਇਨ੍ਹਾਂ 'ਸਹੇਲੀਆਂ' ਦੇ ਹੀ ਲੇਖੇ ਲੱਗ ਜਾਂਦੀ ਏ। ਚੱਲ ਛੱਡ ਮੇਰੀਆਂ ਗੱਲਾਂ। ਤੂੰ ਇਹ ਦੱਸ ਕਿ ਸਾਡੀ ਨੂੰਹ-ਰਾਣੀ ਤੇ ਜਗਤ ਕਿਉਂ ਨਹੀਂ ਆਏ?'

ਕੋਈ ਝੂਠਾ ਬਹਾਨਾ ਘੜਨ ਨਾ਼ਲੋਂ ਮੈਂ ਚੁੱਪ ਰਹਿੰਦਿਆਂ ਮੁਸਕਰਾਉਣਾ ਬਿਹਤਰ ਸਮਝਿਆ।

ਮੇਰੇ ਰੋਕਦੇ-ਰੋਕਦੇ ਉਹ ਖੂੰਡੀ ਨੂੰ ਕੌ਼ਲੇ ਦੇ ਆਸਰੇ ਟਿਕਾ ਕੇ ਹੌ਼ਲੀ ਹੌ਼ਲੀ ਰਸੋਈ ਵੱਲ ਤੁਰ ਗਈ।

'ਇਹ ਔਰਤ ਕਦੇ ਹਵਾਵਾਂ ਨਾ਼ਲ ਗੱਲਾਂ ਕਰਦੀ ਹੁੰਦੀ ਸੀ!' ਪੂਨਮ ਆਂਟੀ ਦੀ ਉਮਰ ਵਿਚੋਂ ਤੀਹ-ਪੈਂਤੀ ਵਰ੍ਹੇ ਮਨਫ਼ੀ ਕਰਦਿਆਂ, ਮੈਂ ਓਸ ਪਲ ਬਾਰੇ ਸੋਚਿਆ, ਜਦ ਬਾਪੂ ਨੇ ਇਹਨੂੰ ਪਹਿਲੀ ਵਾਰ ਵੇਖਿਆ ਹੋਵੇਗਾ। ਬਿੰਦ ਕੁ ਲਈ ਬਾਪੂ ਦੀ ਪਸੰਦ ਤੇ ਪਹੁੰਚ 'ਤੇ ਰਸ਼ਕ ਜਿਹਾ ਹੋਇਆ।

ਇੱਕ ਹੱਥ ਨਾ਼ਲ ਕੰਧ ਦਾ ਆਸਰਾ ਲਈ ਤੇ ਦੂਸਰੇ ਹੱਥ 'ਚ ਸ਼ਰਬਤ ਦਾ ਗਿਲਾਸ ਫੜੀ ਉਹ ਰਸੋਈ 'ਚੋਂ ਬਾਹਰ ਆਈ। ਕਾਹ਼ਲੀ ਨਾ਼ਲ ਉੱਠਦਿਆਂ ਮੈਂ ਉਸ ਹੱਥੋਂ ਗਿਲਾਸ ਫੜ ਲਿਆ। ਉਹਦਾ ਸਾਹ ਫੁੱਲਿਆ ਪਿਆ ਏ। ਆਪਣੀ ਬੇਬਸੀ ਤੋਂ ਖਿੱਝ ਕੇ ਮੱਥੇ 'ਤੇ ਤਿਊੜੀ ਪਾਉਂਦਿਆਂ ਉਹਨੇ ਛਿਣ ਕੁ ਲਈ ਅੱਖਾਂ ਮੀਟ ਲਈਆਂ।

'ਕਰਨ ਪੁੱਤ...!' ਉਦਾਸ ਮੁਸਕਾਨ ਨਾ਼ਲ ਅੱਖਾਂ ਖੋਹਲਦਿਆਂ ਉਹਨੇ ਮੈਨੂੰ ਡਾਹਢੇ ਗਹੁ ਨਾਲ ਤੱਕਣਾ ਸ਼ੁਰੂ ਕੀਤਾ ਏ।

'...ਆਹ ਫੁੱਲਾਂ ਦਾ ਸ਼ੌਕ ਵੀ ਜਗਰੂਪ ਸਰ ਨੇ ਹੀ ਬਖ਼ਸ਼ਿਆ ਸੀ ਮੈਨੂੰ।' ਡਾਟਦਾਰ ਵਰਾਂਡੇ ਦੇ ਬਾਹਰ ਕਤਾਰ 'ਚ ਪਏ ਗਮਲਿਆਂ ਵੱਲ ਇਸ਼ਾਰਾ ਕਰਦਿਆਂ ਉਹ ਮੁਸਕਰਾ ਕੇ ਬੋਲੀ।

'...ਹੁਣ ਤਾਂ ਇਨ੍ਹਾਂ ਨੂੰ ਪਾਣੀ ਵੀ ਨਈਂ ਪੈਂਦਾ! ਸਭ ਕੁਝ ਵੀਰਾਨ ਹੋ ਗਿਆ! ਮੇਰੇ ਵਾਂਗ! ਬਿਲਕੁਲ, ਮੇਰੇ ਵਾਂਗ!!'

ਰੁੰਡ-ਮਰੁੰਡ ਟੰਡ਼ਲ ਮੈਨੂੰ ਸੱਚਮੁਚ ਪੂਨਮ ਆਂਟੀ ਜਿਹੇ ਮਹਿਸੂਸ ਹੋਏ ਨੇ।

'ਆਂਟੀ ਮੇਰਾ ਉਹ ਸਵਾਲ?' ਮੈਂ ਉਹਨੂੰ ਆਪਣੇ ਆਉਣ ਦਾ ਮਕਸਦ ਯਾਦ ਕਰਵਾਇਆ।

ਉਹ ਖਿੜਖਿੜਾ ਕੇ ਹੱਸ ਪਈ ਏ ਤੇ ਅਗਲੇ ਛਿਣ ਗੰਭੀਰ ਹੁੰਦਿਆਂ ਉਦਾਸ ਸੁਰ 'ਚ ਬੋਲੀ,'ਇਹ ਸਵਾਲ ਤਾਂ ਜਗਰੂਪ ਸਰ ਵੀ ਪੁੱਛਦੇ ਰਹੇ ਸਨ ਮੈਥੋਂ। ਇੱਕ ਵਾਰ ਨਹੀਂ, ਬਾਰ-ਬਾਰ, ਹਜ਼ਾਰ ਵਾਰ! ਉਨ੍ਹਾਂ ਤਾਂ ਮੇਰੇ ਉੱਪਰ ਬੇਵਫ਼ਾਈ ਦੀਆਂ ਤੁਹਮਤਾਂ ਵੀ ਲਗਾਈਆਂ। ਮੈਂ ਏਹੋ ਬਹਾਨਾ ਬਣਾਇਆ ਕਿ ਇਸ ਅਨੈਤਿਕ ਰਿਸ਼ਤੇ ਲਈ ਹੁਣ ਮੇਰੀ ਜ਼ਮੀਰ ਨਈਂ ਮੰਨਦੀ। ਉਨ੍ਹਾਂ ਮਿਹਣੇ ਮਾਰੇ ਕਿ ਉਨ੍ਹਾਂ ਨੂੰ ਨਈਂ, ਮੈਨੂੰ ਉਨ੍ਹਾਂ ਦੀ ਲੋੜ ਸੀ। ਖੈਰ ਇਹ ਸੀ ਵੀ ਸੱਚ! ਉਸ ਰਿਸ਼ਤੇ ਦਾ ਆਗਾਜ਼ ਮੈਂ ਹੀ ਕੀਤਾ ਸੀ। ਸੋ, ਮੈਂ ਕੀ ਸਫ਼ਾਈਆਂ ਦਿੰਦੀ। ਹੱਥ ਜੋੜ ਕੇ ਆਪਣੀਆਂ ਭੁੱਲਾਂ ਬਖ਼ਸ਼ਾ ਲਈਆਂ। ਕਾਰਨ ਦੱਸਦੀ ਵੀ ਤਾਂ ਕੀ ਦੱਸਦੀ? ਜੋ ਉਹ ਸੋਚਦੇ ਸਨ, ਉਹੋ ਜਿਹਾ ਤਾਂ ਮੇਰੀ ਜ਼ਿੰਦਗੀ 'ਚ ਕੁਝ ਵੀ ਨਈਂ ਸੀ ਵਾਪਰਿਆ। ਸੱਚ ਤਾਂ ਕੁਝ ਹੋਰ ਸੀ ਪੁੱਤਰਾ...।'

ਮੈਂ ਜਗਿਆਸਾ ਨਾ਼ਲ ਨੱਕੋ-ਨੱਕ ਭਰ ਗਿਆ ਹਾਂ।

'...ਤੇਰੇ ਪਾਪਾ ਬਹੁਤ ਰੋਏ, ਬਹੁਤ ਤੜਫ਼ੇ! ਦਰਅਸਲ, ਗ਼ਲਤ ਉਹ ਵੀ ਨਈਂ ਸਨ। ਵਿਛੜਨ ਬਾਰੇ ਤਾਂ ਆਪਾਂ ਕਦੇ ਸੁਪਨੇ 'ਚ ਵੀ ਨਈਂ ਸੀ ਸੋਚਿਆ? ਉਨ੍ਹਾਂ ਦੇ ਦਿਲ ਅੰਦਰ ਮੈਂ ਬਹੁਤ ਡੂੰਘਾ ਉੱਤਰ ਗਈ ਸਾਂ। ਮੈਂ ਕਿਹੜਾ ਕੋਈ ਘੱਟ ਤੜਫ਼ੀ ਸਾਂ! ਉਨ੍ਹਾਂ ਕੋ਼ਲ ਤਾਂ ਖ਼ੂਬਸੂਰਤ ਤੇ ਰੱਜ ਕੇ ਪਿਆਰ ਕਰਨ ਵਾਲੀ ਪਤਨੀ ਸੀ। ਮੂਰਤਾਂ ਵਰਗੇ ਦੋ ਬੱਚੇ ਸਨ। ਆਪਣੇ ਖ਼ਿਆਲਾਂ ਨੂੰ ਸ਼ਬਦਾਂ 'ਚ ਢਾ਼ਲਣ ਲਈ ਕ਼ਲਾ ਸੀ ਤੇ ਗ਼ਮ ਨੂੰ ਗ਼ਲਤ ਕਰਨ ਲਈ ਸ਼ਰਾਬ ਵੀ! ਤੇ ਮੈਂ? ਮੇਰੇ ਕੋ਼ਲ ਤਾਂ ਵੰਨ-ਸੁਵੰਨੇ ਦੁੱਖ ਸਨ। ਮੈਂ ਤਾਂ ਦੁਨੀਆਂ ਦੇ ਭਰੇ ਮੇਲੇ 'ਚ ਇਕੱਲੀ ਹੋ ਗਈ ਸਾਂ! ਯੱਕਦਮ ਇਕੱਲੀ!!'

ਅੱਖਾਂ ਮੀਟਦਿਆਂ ਉਹਨੇ ਸੱਜਾ ਹੱਥ ਮੱਥੇ 'ਤੇ ਰੱਖ ਲਿਆ ਏ। ਇਉਂ ਲੱਗ ਰਿਹੈ ਜਿਉਂ ਕਿ ਉਹ ਗਸ਼ ਖਾ ਕੇ ਡਿੱਗ ਜਾਏਗੀ ਤੇ ਹਮੇਸ਼ਾਂ-ਹਮੇਸ਼ਾਂ ਲਈ ਚੁੱਪ ਹੋ ਜਾਏਗੀ।

'ਹੋਇਆ ਇਉਂ ਕਿ...!' ਉਹ ਬੋਲੀ ਤਾਂ ਮੈਨੂੰ ਸੁੱਖ ਦਾ ਸਾਹ ਆਇਆ।

'...ਜਗਰੂਪ ਸਰ ਉਨ੍ਹੀਂ ਦਿਨੀ ਕਿਸੇ ਸਾਹਿਤਕ ਸੰਮੇਲਨ 'ਤੇ ਕਲਕੱਤਾ ਗਏ ਹੋਏ ਸਨ। ਸਕੂਲ ਵਾਲੇ ਫੋਨ 'ਤੇ ਤੇਰੀ ਮਾਂ ਦਾ ਫੋਨ ਆਇਆ। ਮੈਂ ਪੁੱਛਿਆ ਕੌਣ ਤਾਂ ਉਨ੍ਹੇ ਬੜੀ ਸਹਿਜਤਾ ਨਾਲ ਆਪਣਾ ਪੂਰਾ ਨਾਂ-ਪਤਾ ਦੱਸਿਆ। ਇਉਂ ਜਿਉਂ ਅਸੀਂ ਇੱਕ-ਦੂਸਰੇ ਤੋਂ ਅਨਜਾਣ ਹੋਈਏ। ਮੇਰੀ ਦੇਹ ਨੂੰ ਤਾਂ ਕਾਂਬਾ ਜਿਹਾ ਛਿੜ ਗਿਆ! ਹੱਥ-ਪੈਰ ਝੂਠੇ ਪੈਣ ਲੱਗੇ। ਪਹਿਲਾਂ ਤਾਂ ਸੋਚਿਆ ਸੀ ਕਿ ਫੋਨ ਕੱਟ ਦੇਵਾਂ ਪਰ ਪ੍ਰਿੰਸੀਪਲ ਸਰ ਕੋ਼ਲ ਬੈਠੇ ਸਨ। ਅਗਲੇ ਦਿਨ ਛੁੱਟੀ ਸੀ। ਤੇਰੀ ਮਾਂ ਨੇ ਮੈਨੂੰ ਬੜੇ ਸਤਿਕਾਰ ਨਾ਼ਲ ਲੰਚ ਲਈ ਆਪਣੇ ਘਰ ਆਉਣ ਦਾ ਸੱਦਾ ਦਿੱਤਾ। ਬਸ ਡਰਦਿਆਂ ਹੀ ਮੈਥੋਂ 'ਠੀਕ ਜੀ...ਥੈਂਕਸ' ਕਹਿ ਹੋ ਗਿਆ ਸੀ। ਫਿਰ ਉਹ ਮੈਨੂੰ ਘਰ ਦਾ ਰਾਹ ਸਮਝਾਉਣ ਲੱਗ ਪਈ ਸੀ। ਇਉਂ, ਜਿਉਂ ਮੈਂ ਓਥੇ ਪਹਿਲੀ ਵਾਰ ਜਾਣਾ ਹੋਵੇ। 'ਹਾਂ' ਤਾਂ ਮੈਂ ਕਰ ਬੈਠੀ ਸਾਂ ਪਰ ਬਾਅਦ 'ਚ ਡਰ ਬਹੁਤ ਲੱਗਿਆ ਸੀ। ਏਹੋ ਖ਼ੌਫ ਕਿ ਮੇਰੇ ਖ਼ਿਲਾਫ ਕੋਈ ਸਾਜ਼ਿਸ਼ ਰਚੀ ਜਾ ਰਹੀ ਏ। ਜਗਰੂਪ ਸਰ ਅਕਸਰ ਤੇਰੇ ਮਾਮਿਆਂ ਦੇ 'ਕਾਰਨਾਮਿਆਂ' ਦਾ ਜ਼ਿਕਰ ਕਰਦੇ ਰਹਿੰਦੇ ਸਨ। ਮੈਂ ਸੋਚਿਆ ਕਿ ਤੇਰੀ ਮਾਂ ਨੇ ਆਪਣੇ ਭਰਾ ਜ਼ਰੂਰ ਸੱਦੇ ਹੋਣਗੇ। ਮੈਨੂੰ ਕਤਲ ਕਰ ਕੇ ਕਿਧਰੇ ਖੇਤਾਂ 'ਚ ਹੀ ਦੱਬ-ਦੁੱਬ ਦੇਣਗੇ। ਜਾਂ ਤੇਰੀ ਮਾਂ ਮੇਰੇ ਖਾਣੇ 'ਚ ਪਾਰਾ ਜਾਂ ਜ਼ਹਿਰ ਮਿਲਾ ਦੇਵੇਗੀ। ਜੇ ਕੁਝ ਹੋਰ ਨਾ ਵੀ ਬਣਿਆ-ਸਰਿਆ ਤਾਂ ਉਹ ਮੇਰੀ ਗੁੱਤ ਤਾਂ ਜ਼ਰੂਰ ਪੁੱਟੇਗੀ। ਮੇਰੇ ਸੰਸੇ ਸੱਚੇ ਸਨ। ਆਖ਼ਰ ਮੈਂ ਉਹਦੀ ਗੁਨਾਹਗਾਰ ਸਾਂ! ਮੈਂ ਉਹਦੇ ਕੋ਼ਲੋਂ ਜਗਰੂਪ ਵਰਗਾ ਖ਼ੂਬਸੂਰਤ ਇਨਸਾਨ ਖੋਹ ਲਿਆ ਸੀ...!' ਨਿੱਕਾ ਜਿਹਾ ਮਾਣ-ਮੱਤਾ ਹਾਸਾ ਹੱਸਦਿਆਂ ਉਹ ਅੱਖਾਂ ਮੀਟ ਕੇ ਕਿਸੇ ਸਰੂਰ ਜਿਹੇ 'ਚ ਸਿਰ ਮਾਰਨ ਲੱਗ ਪਈ।

'ਫਿਰ ਤੁਸੀਂ ਗਏ?' ਮੈਂ ਪੁੱਛਿਆ।

'ਜਗਰੂਪ ਸਰ ਦੀ ਵਾਈਫ਼ ਨੇ ਐਡੇ ਸਲੀਕੇ ਤੇ ਅਪਣੱਤ ਨਾ਼ਲ ਬੁਲਾਇਆ ਸੀ, ਫਿਰ ਜਾਣਾ ਤਾਂ ਪੈਣਾ ਈ ਸੀ! ਪਰ ਉਸ ਰਾਤ ਮੈਂ ਸੌਂ ਨਾ ਸਕੀ। ਮੁੜ-ਮੁੜ ਏਹੋ ਪਛਤਾਵਾ ਖਾਈ ਜਾਵੇ ਕਿ ਮੌਕੇ 'ਤੇ ਕੋਈ ਬਹਾਨਾ ਕਿਉਂ ਨਾ ਘੜ ਲਿਆ...!' ਉਸ ਰਾਤ ਹੰਢਾਇਆ ਤਣਾਅ ਮਲਕੜੇ ਜਿਹੇ ਆਂਟੀ ਦੇ ਅਵਚੇਤਨ 'ਚੋਂ ਨਿਕਲ ਕੇ ਉਹਦੇ ਝੁਰੜਾਏ ਚਿਹਰੇ 'ਤੇ ਫ਼ੈਲ ਗਿਆ।

'...ਅਗਲੇ ਦਿਨ ਮੈਂ ਡਰਦੀ-ਡਰਦੀ ਤ੍ਹਾਢੇ ਘਰ ਪਹੁੰਚੀ। ਮੇਰਾ ਕ਼ਲਾਵਾ ਭਰਦਿਆਂ ਬੜੀ ਗਰਮਜੋਸ਼ੀ ਨਾ਼ਲ 'ਵੈਲਕਮ' ਕਿਹਾ ਸੀ ਉਹਨੇ। ਮੈਂ ਹੋਰ ਵੀ ਪ੍ਰੇਸ਼ਾਨ ਹੋ ਗਈ! ਬੜੇ ਸਲੀਕੇ ਨਾ਼ਲ ਮੇਰੀ ਬਾਂਹ ਫੜਦਿਆਂ, ਉਹ ਮੈਨੂੰ ਘਰ ਦੇ ਅੰਦਰ ਲੈ ਗਈ ਤੇ ਬੜੀ ਇੱਜ਼ਤ ਨਾ਼ਲ ਡਰਾਇੰਗ-ਰੂਮ 'ਚ ਲਿਜਾ ਬਿਠਾਇਆ। ਉਹ ਘਰ ਜਿੱਥੇ ਮੈਂ ਕਈ ਵਾਰ ਗਈ ਸਾਂ, ਉਸ ਦਿਨ ਮੈਨੂੰ ਆਪਣੀ ਕਤਲਗਾਹ ਲੱਗ ਰਿਹਾ ਸੀ। ਇਸ ਗੱਲ ਨਾ਼ਲ ਥੋੜ੍ਹੀ ਢਾਰਸ ਜ਼ਰੂਰ ਮਿਲੀ ਕਿ ਘਰ 'ਚ ਕੋਈ ਹੋਰ ਨਹੀਂ ਸੀ। ਪਰ ਉਹਦਾ ਇਉਂ ਸਹਿਜਤਾ ਨਾ਼ਲ ਮਿਲਣਾ ਮੇਰੇ ਲਈ ਬਹੁਤ ਵੱਡੀ ਬੁਝਾਰਤ ਬਣ ਗਿਆ। ਕੁੱਲ ਮਿਲਾ ਕੇ ਮੈਂ ਮੰਨ ਹੀ ਲਿਆ ਸੀ ਕਿ ਉਹ ਮੇਰਾ ਆਖ਼ਰੀ ਦਿਨ...!' ਪੂਨਮ ਆਂਟੀ ਨੇ ਪਹਿਲਾਂ ਨਾਲੋਂ ਵੀ ਉੱਚੀ ਹੱਸਦਿਆਂ ਫਿਰ ਤੋਂ ਮਸਤੀ 'ਚ ਸਿਰ ਮਾਰਿਆ।

'...ਸਭ ਤੋਂ ਪਹਿਲਾਂ ਉਹਨੇ ਮੇਰੀ ਪਸੰਦ ਦਾ ਜੂਸ ਪਿਲਾਇਆ। ਮੈਂ ਇਹਨੂੰ ਮਹਿਜ ਇਤਫ਼ਾਕ ਹੀ ਸਮਝਿਆ। ਫਿਰ ਉਹ ਆਪਣੇ ਵਿਆਹ ਦੀ ਐਲਬਮ ਲੈ ਆਈ। ਕਿਸੇ ਚਾਅ ਜਿਹੇ 'ਚ 'ਕੱਲੀ-'ਕੱਲੀ ਫੋਟੋ ਬਾਰੇ ਦੱਸਦੀ ਰਹੀ ਸੀ। ਆਪਣੇ ਪੇਕਿਆਂ-ਸਹੁਰਿਆਂ ਸਭ ਦੇ ਬਾਰੇ। ਉਸ ਦੇ ਆਦਰਸ਼ ਉਸ ਦੇ ਦਾਦਾ ਜੀ ਸਨ। ਗਦਰ ਪਾਰਟੀ 'ਚ ਸਰਗਰਮ ਰਹੇ ਸਨ ਉਹ। ਉਨ੍ਹਾਂ ਕਾ਼ਲੇ-ਪਾਣੀ ਅੰਦਰ ਉਮਰ-ਕੈਦ ਕੱਟੀ ਸੀ। ਮੈਨੂੰ ਉਨ੍ਹਾਂ ਦੀ ਬਲੈਕ ਐਂਡ ਵਾਈਟ ਫੋਟੋ ਵਿਖਾਉਂਦਿਆਂ ਉਹ ਬੜੇ ਮਾਣ ਜਿਹੇ 'ਚ ਬੋਲੀ-ਭਾਈ ਗਿਆਨ ਸਿੰਘ ਦਾ ਲਹੂ ਹੈ ਮੇਰੇ ਅੰਦਰ। ਮੈਂ ਸਹਿਜੇ ਕੀਤਿਆਂ ਡੋਲ ਨਹੀਂ ਸਕਦੀ। ਮੈਂ ਉੱਪਰੋ-ਉੱਪਰੋਂ ਤਾਂ ਖੁਸ਼ ਹੋ ਕੇ ਐਲਬਮ ਵੇਖ ਰਹੀ ਸਾਂ। ਪ੍ਰਸ਼ੰਸਾ ਵੀ ਕਰ ਰਹੀ ਸਾਂ ਪਰ ਧੁਰ-ਅੰਦਰੋਂ 'ਡਰਾਉਣੇ ਪਲ' ਦੀ ਉਡੀਕ ਕਰਦੀ ਪਈ ਸਾਂ। ਵੱਡੀ ਘਬਰਾਹਟ ਤਾਂ ਇਸ ਗੱਲ ਦੀ ਸੀ ਕਿ ਉਹਦੇ 'ਉਨ੍ਹਾਂ' ਸਵਾਲਾਂ ਦੇ ਮੈਂ ਕਿਸ ਤਰ੍ਹਾਂ ਜਵਾਬ ਦੇ ਸਕਦੀ ਸਾਂ।'

ਥੋੜ੍ਹਾ ਉਦਾਸ ਹੁੰਦਿਆ ਉਹ ਚੁੱਪ ਹੋ ਗਈ ਏ ਪਰ ਇਹ ਪਲ ਮੇਰੇ ਲਈ ਨਿਰੰਤਰ ਬੋਝਲ ਹੁੰਦੇ ਜਾ ਰਹੇ ਨੇ।

'ਫਿਰ ਕੀ ਹੋਇਆ?' ਮੈਂ ਥੋੜ੍ਹਾ ਉਤਾਵਲੇ ਹੁੰਦਿਆਂ ਪੁੱਛਿਆ।

'ਫਿਰ ਪੁੱਤਰਾ...?' ਬਿੰਦ ਕੁ ਲਈ ਉਹਨੇ ਕੁਝ ਯਾਦ ਕੀਤਾ।

'...ਮੇਰੇ ਹੱਥਾਂ 'ਚ ਐਲਬਮ ਦੇ ਕੇ ਉਹ ਤੁਰ ਗਈ। ਮੈਂ ਕਿਸੇ ਅਦਿੱਖ ਡਰ ਨਾਲ ਕੰਨਸੋਆਂ ਲੈ ਰਹੀ ਸਾਂ। ਰੰਗ-ਬਿਰੰਗੀਆਂ ਸੋਚਾਂ ਨੇ ਦਿਲੋ-ਦਿਮਾਗ਼ 'ਚ ਖੌਰੂ ਪਾਇਆ ਹੋਇਆ ਸੀ। ਮੈਂ ਉਸ ਵੇਲੇ ਨੂੰ ਪਛਤਾ ਰਹੀ ਸਾਂ, ਜਦੋਂ ਜਗਰੂਪ ਸਰ ਮੈਨੂੰ ਦੁਨੀਆਂ ਤੋਂ ਵੱਖਰੇ-ਵੱਖਰੇ ਜਿਹੇ ਲੱਗਣ ਲੱਗ ਪਏ ਸਨ। 'ਕੀ ਲੋੜ ਸੀ ਇੱਕ ਵਿਆਹੇ-ਵਰ੍ਹੇ ਬੰਦੇ ਦੀ ਜ਼ਿੰਦਗੀ 'ਚ ਖ਼ਲਲ ਪਾਉਣ ਦੀ?' ਉਸ ਵਕਤ ਮੈਂ ਏਹੋ ਸੋਚ ਰਹੀ ਸਾਂ। ਮੈਨੂੰ ਆਪਣਾ ਗੁਨਾਹ ਸ਼ੀਸ਼ੇ ਵਾਂਗ ਸਾਫ਼-ਸਾਫ਼ ਦਿਖਾਈ ਦੇਣ ਲੱਗ ਪਿਆ ਸੀ।

'ਮੁਆਫ਼ੀ ਮੰਗ ਕੇ ਛੁਟਕਾਰਾ ਕਰਵਾਉਣਾ ਠੀਕ ਰਹੇਗਾ!' ਇਸ ਸੋਚ ਨੇ ਥੋੜ੍ਹਾ ਸਕੂਨ ਬਖ਼ਸ਼ਿਆ ਹੀ ਸੀ ਕਿ ਉਹ ਚਾਹ ਤੇ ਬਿਸਕੁਟ ਲੈ ਕੇ ਆ ਗਈ। ਦੋਵੇਂ ਮੇਰੀ ਪਸੰਦ ਦੇ। ਹੁਣ ਮੈਂ ਸੱਚਮੁਚ ਉਲਝ ਗਈ ਸਾਂ। ਮੇਰੀ ਪਸੰਦ-ਨਾਪਸੰਦ ਬਾਰੇ ਕਿਸਨੇ ਦੱਸਿਆ ਸੀ ਉਸਨੂੰ? ਮੈਂ ਕੰਬਦੇ ਹੱਥਾਂ ਨਾਲ ਮਸਾਂ ਇੱਕ ਬਿਸਕੁਟ ਖਾਧਾ ਸੀ। ਡਰੇ ਮਨ ਤੇ ਬੁਝੀਆਂ ਬੁਝੀਆਂ ਅੱਖਾਂ ਨਾ਼ਲ ਸਭ ਕੁਝ ਵੇਖਦੀ ਰਹੀ ਸਾਂ।...'

ਥੋੜ੍ਹਾ ਸਾਹ ਲੈਣ ਲਈ ਉਹ ਚੁੱਪ ਹੋ ਗਈ ਏ। ਮੇਰਾ ਮਨ ਅਸਲ ਜਵਾਬ ਲਈ ਤਰਲੋ-ਮੱਛੀ ਹੋ ਰਿਹਾ ਏ।

'....ਆਓ ਤੁਹਾਨੂੰ ਘਰ ਵਿਖਾਈਏ ਆਪਣਾ! ਇਹ ਕਹਿੰਦਿਆਂ ਤੇਰੀ ਮਾਂ ਨੇ ਮੈਨੂੰ ਬੜੀ ਅਪਣੱਤ ਨਾ਼ਲ ਬਾਹੋਂ ਫੜ ਕੇ ਉਠਾ ਲਿਆ। ਮੈਂ ਸੋਚਿਆ ਸੀ ਕਿ ਉਹਨੇ ਜ਼ਰੂਰ ਕਿਸੇ ਕਮਰੇ 'ਚ ਆਪਣੇ ਭਰਾ ਬਿਠਾਏ ਹੋਣਗੇ। ਤੇਰੀ ਮਾਂ ਨੇ ਡਰਾਇੰਗ-ਰੂਮ ਤੋਂ ਸ਼ੁਰੂਆਤ ਕੀਤੀ। ਉਹ ਕਿਸੇ ਚਾਅ ਜਿਹੇ 'ਚ ਬੋਲੀ ਸੀ-ਪੂਨਮ ਮੈਡਮ ਆਹ ਸੋਫ਼ੇ ਅਸੀਂ ਸ਼ਹਿਰ ਦੀਆਂ ਕੋਈ ਤੀਹ ਦੁਕਾਨਾਂ ਘੁੰਮ ਕੇ ਪਸੰਦ ਕੀਤੇ ਨੇ। ਆਹ ਟੇਬਲ ਵੀ ਸਾਡੀ ਦੋਹਾਂ ਦੀ ਪਸੰਦ ਦਾ ਏ। ਫਿਰ ਉਹ ਪਰਦੇ ਵਿਖਾਂਦਿਆਂ ਬੋਲੀ -ਪੂਨਮ ਮੈਡਮ ਇਹ ਪੂਰਾ ਸ਼ਹਿਰ ਘੁੰਮ ਕੇ ਮੈਂ ਤੇ ਜਗਰੂਪ ਜੀ ਪਸੰਦ ਕੀਤੇ ਨੇ। ਇਨ੍ਹਾਂ ਪਰਦਿਆਂ 'ਚ ਆਹ ਸਕਾਈ-ਬਲਿਊ ਸ਼ੇਡ ਉਨ੍ਹਾਂ ਦੀ ਪਸੰਦ ਦੀ ਏ ਤੇ ਆਹ ਹਲਕੇ ਗੁ਼ਲਾਬੀ ਜਿਹੇ ਫੁ਼ਲ ਮੇਰੀ ਪਸੰਦ ਦੇ। ਆਹ ਕੰਧਾਂ 'ਤੇ ਹੋਇਆ ਰੰਗ ਵੇਖੋ! ਇਸਦੀ ਚੁਆਇਸ ਕਰਦਿਆਂ, ਅਸੀਂ ਕੋਈ ਵੀਹ ਦਿਨ ਲਗਾ ਦਿੱਤੇ ਹੋਣਗੇ। ਆਹ ਕਲੀਨ ਅਸੀਂ ਸ਼੍ਰੀਨਗਰ ਘੁੰਮਣ ਗਿਆਂ ਨੇ ਪਸੰਦ ਕੀਤਾ ਸੀ। ਇਹ ਤਾਂ ਸਾਨੂੰ ਦੋਹਾਂ ਨੂੰ ਪਹਿਲੀ ਨਜ਼ਰੇ ਹੀ ਜਚ ਗਿਆ ਸੀ। ਫਿਰ ਉਹ ਮੈਨੂੰ ਡਾਇਨਿੰਗ-ਟੇਬਲ ਦੀ ਕਹਾਣੀ ਸੁਣਾਉਣ ਲੱਗ ਪਈ। ਫਿਰ ਰਸੋਈ ਦੀ ਕੱਲੀ-ਕੱਲੀ ਸ਼ੈਅ ਵਿਖਾਉਂਦੀ ਰਹੀ। ਉਸ ਤੋਂ ਬਾਅਦ ਵਾਰੀ ਆਈ ਬੈੱਡ-ਰੂਮਾਂ ਦੀ। ਉਸ ਕੋ਼ਲ ਤਾਂ ਘਰ ਵਿਚਲੀ ਹਰ ਸ਼ੈਅ ਦੀ ਕਹਾਣੀ। ਜਦੋਂ ਉਹ ਮੈਨੂੰ ਟੌਪ-ਫਲੋਰ 'ਤੇ ਲੈ ਕੇ ਗਈ ਤਾਂ ਮੈਂ ਸੋਚਿਆ ਕਿ ਇੱਥੋਂ ਧੱਕਾ ਦੇਵੇਗੀ ਮੈਨੂੰ। ਪਰ ਬੜੇ ਸਲੀਕੇ ਨਾਲ ਬਾਲਕੋਨੀ 'ਚ ਪਈ ਕੁਰਸੀ 'ਤੇ ਬਿਠਾਂਦਿਆਂ ਉਹ ਬੜੇ ਮਾਣ ਜਿਹੇ 'ਚ ਬੋਲੀ -ਵੇਖੋ ਮੈਡਮ ਇੱਥੋਂ ਦੂਰ-ਦੂਰ ਤੱਕ ਕਿੰਨ੍ਹਾਂ ਸੋਹਣਾ ਨਜ਼ਾਰਾ ਦਿੱਸਦਾ ਹੈ! ਨਿਪੱਤਰੇ ਪੌਪਲਰ ਵੀ ਕੇਡੇ ਸੋਹਣੇ ਪਏ ਲੱਗਦੇ ਨੇ। ਪਰ ਇਹ ਸਦਾ ਇਸ ਤਰ੍ਹਾਂ ਨਈਂ ਰਹਿਣੇ। ਥੋੜ੍ਹੀ ਦੇਰ ਤੱਕ ਪੱਤਿਆਂ 'ਚ ਲੁਕ ਜਾਣਗੇ। ਅਸੀਂ ਐਥੇ ਬੈਠ ਕੇ, ਕਈ-ਕਈ ਦੇਰ ਗੱਲਾਂ ਕਰਦੇ ਰਹਿੰਦੇ ਆਂ। ਆਹ, ਮੇਰੇ ਜਗਰੂਪ ਦੀ ਪਸੰਦੀਦਾ ਜਗ੍ਹਾ ਏ। ਤੇਰੀ ਮਾਂ ਵਲੋਂ ਵਰਤਿਆ ਗਿਆ 'ਮੇਰੇ' ਲਫ਼ਜ਼ ਉਦੋਂ ਬਿਲਕੁਲ ਨਹੀਂ ਸੀ ਚੁੱਭਿਆ ਮੈਨੂੰ। ਸੱਚ ਕਹਾਂ ਤਾਂ ਉਦੋਂ ਮੈਨੂੰ ਇਉਂ ਲੱਗਣ ਲੱਗ ਪਿਆ ਕਿ ਤੇਰੀ ਮਾਂ ਸ਼ੁਦੈਣ ਹੋ ਗਈ ਏ ਤੇ ਮੈਨੂੰ ਵੀ ਸ਼ੁਦੈਣ ਕਰ ਕੇ ਛੱਡੇਗੀ।'

ਪੂਨਮ ਆਂਟੀ ਚੁੱਪ ਹੋ ਗਈ! ਐਨਕ ਦੇ ਮੋਟੇ-ਮੋਟੇ ਸ਼ੀਸ਼ਿਆਂ ਵਿਚੋਂ ਉਹਦੀਆਂ ਬੁੱਢੀਆਂ ਅੱਖਾਂ ਮੈਨੂੰ ਘੂਰ ਰਹੀਆਂ ਨੇ। ਸ਼ਾਇਦ ਉਹ ਇਹ ਵੇਖਣਾ ਚਾਹੁੰਦੀ ਹੋਵੇ ਕਿ ਮੇਰੀ ਮਾਂ ਨੂੰ ਸ਼ੁਦੈਣ ਕਹਿਣ 'ਤੇ ਮੈਂ ਕੋਈ ਗੁੱਸਾ ਤਾਂ ਨਹੀਂ ਕੀਤਾ।

'ਜਗਰੂਪ ਸਰ ਨਾ਼ਲ ਵਿਚਰਦਿਆਂ ਤਾਂ ਇਉਂ ਲੱਗਦਾ ਰਹਿੰਦਾ ਸੀ ਕਿ ਉਸ ਘਰ ਦੀ ਹਰੇਕ ਸ਼ੈਅ 'ਤੇ ਮੇਰਾ ਵੀ ਹੱਕ ਏ। ਪਰ ਉਸ ਦਿਨ? ਉਸ ਦਿਨ ਤੇਰੀ ਮਾਂ ਮੈਨੂੰ 'ਕੱਲੀ-'ਕੱਲੀ ਸ਼ੈਅ 'ਚੋਂ ਮਨਫ਼ੀ ਕਰਦੀ ਗਈ। ਫਿਰ ਉਹਨੇ ਮੈਨੂੰ ਲੰਚ ਕਰਵਾਇਆ। ਰਾਜ ਮਾਂਹ, ਚਾਵਲ ਤੇ ਨਾ਼ਲ ਪੁਦੀਨੇ ਦੀ ਚਟਣੀ। ਮੈਂ ਫਿਰ ਤੋਂ ਹੈਰਾਨ-ਪ੍ਰੇਸ਼ਾਨ ਸਾਂ! ਇਹ ਤਿੰਨੋਂ ਚੀਜ਼ਾਂ ਫਿਰ ਮੇਰੀ ਪਸੰਦ ਦੀਆਂ! ਉਦੋਂ ਤਾਂ ਮੈਂ ਸੁੰਨ ਹੀ ਹੋ ਗਈ, ਜਦੋਂ ਦੁੱਧ ਵਾਲੀਆਂ ਸੇਵੀਆਂ ਦਾ ਬਾਊਲ ਮੇਰੇ ਮੂਹਰੇ ਲਿਆ ਰੱਖਿਆ ਸੀ ਉਹਨੇ!...'

ਆਂਟੀ ਦੀਆਂ ਗੱਲਾਂ ਮੇਰੇ ਅੰਦਰ ਕੋਈ ਠੰਢੀ-ਮਿੱਠੀ ਜਿਹੀ ਝਰਨਾਹਟ ਪੈਦਾ ਕਰ ਰਹੀਆਂ ਹਨ।

'...ਲੰਚ ਤੋਂ ਬਾਅਦ ਤੇਰੀ ਮਾਂ ਮੈਨੂੰ ਘਰੋਂ ਬਾਹਰ ਵੱਲ ਲੈ ਤੁਰੀ ਸੀ। ਕੱਲੇ-ਕੱਲੇ ਪੌਦੇ, ਕੱਲੇ-ਕੱਲੇ ਰੁੱਖ ਬਾਰੇ ਗੱਲਾਂ ਕੀਤੀਆਂ ਸੀ ਉਹਨੇ। ਇਨ੍ਹਾਂ ਪੌਦਿਆਂ ਲਈ ਉਨ੍ਹਾਂ ਕਿੱਥੇ ਕਿੱਥੇ, ਕਿਹੜੀਆਂ ਕਿਹੜੀਆਂ ਨਰਸਰੀਆਂ ਘੁੰਮੀਆਂ ਸਨ, ਇਹ ਸਭ ਕੁਝ ਉਹਦੇ ਜ਼ਿਹਨ 'ਚ ਉਕਰਿਆ ਪਿਆ ਸੀ। ਉਨ੍ਹਾਂ ਪਲਾਂ 'ਚ ਮੈਨੂੰ ਇਉਂ ਮਹਿਸੂਸ ਹੋਇਆ, ਜਿਉਂ 'ਕੱਲੇ-'ਕੱਲੇ ਪੱਤੇ 'ਤੇ ਤੇਰੇ ਮੰਮੀ-ਪਾਪਾ ਦੇ ਨਾਂ ਉੱਕਰੇ ਪਏ ਨੇ; ਇਕੱਠੇ, ਨਾ਼ਲ-ਨਾ਼ਲ! ਤੇ ਮੈਂ? ਮੈਂ ਤਾਂ ਉਸ ਘਰ 'ਚ ਕਿਤੇ ਵੀ ਨਹੀਂ ਸਾਂ!' ਹੁਣ ਆਂਟੀ ਦੇ ਚਿਹਰੇ 'ਤੇ ਕਈ ਤਰ੍ਹਾਂ ਦੇ ਹਾਵ-ਭਾਵ ਰ਼ਲਗੱਡ ਜਿਹੇ ਹੋ ਗਏ ਨੇ।

'ਲਾਅਨ 'ਚ ਬੜੇ ਅਦਬ ਨਾਲ ਉਹਨੇ ਮੈਨੂੰ ਕੁਰਸੀ ਉੱਤੇ ਲਿਜਾ ਬਿਠਾਇਆ ਸੀ। ਕੁਝ ਛਿਣ ਉਹ ਭਰੀਆਂ ਅੱਖਾਂ ਨਾ਼ਲ ਆਪਣੇ ਘਰ ਨੂੰ ਨਿਹਾਰਦੀ ਰਹੀ ਸੀ। ਫਿਰ ਚਾਣਚਕ ਮੇਰੇ ਮੁਲਾਇਮ ਹੱਥ ਆਪਣੇ ਖੁਰਦਰੇ ਹੱਥਾਂ 'ਚ ਘੁੱਟਦਿਆਂ, ਉਹ ਆਪਣਿਆਂ ਵਾਂਗ ਬੋਲੀ -ਸਾਨੂੰ ਚਾਰ ਵਰ੍ਹੇ ਹੋ ਗਏ ਨੇ, ਇਸ ਘਰ ਨੂੰ ਉਸਾਰਦਿਆਂ! ਅਸੀਂ ਦਿਨ-ਰਾਤ ਇੱਕ ਕਰ ਦਿੱਤਾ ਏ। ਨਾ ਚੰਗਾ ਖਾ ਕੇ ਵੇਖਿਆ, ਨਾ ਹੰਢਾਅ ਕੇ। ਤੁਸੀਂ ਤਾਂ ਖੁਦ ਪੜ੍ਹੇ-ਲਿਖੇ ਹੋ ਮੈਡਮ! ਤੁਹਾਨੂੰ ਤਾਂ ਪਤਾ ਈ ਹੋਣੈ ਕਿ ਇਹ ਘਰ ਕਿੰਨੀਆਂ ਮੁਸ਼ਕਲਾਂ ਨਾਲ ਉਸਰਦੇ ਨੇ! ਉਮਰਾਂ ਲੱਗ ਜਾਂਦੀਆਂ ਨੇ ਇਨ੍ਹਾਂ ਨੂੰ ਉਸਾਰਦਿਆਂ! ਇਹ ਕਹਿੰਦਿਆਂ ਤੇਰੀ ਮਾਂ ਪਲ ਕੁ ਲਈ ਭਾਵੁਕ ਹੋਈ ਸੀ ਬਸ ਤੇ ਅਗਲੇ ਪਲ ਉਹਨੇ ਆਪਣੇ-ਆਪ ਨੂੰ ਸੰਭਾਲ ਲਿਆ ਸੀ। ਬੇਸ਼ੱਕ ਬਾਬੇ ਗਿਆਨ ਸਿੰਘ ਦੀ ਪੋਤਰੀ ਸੀ ਉਹ...'

ਗੱਲ ਮੁਕਾ ਆਂਟੀ ਨੇ ਲੰਮਾ ਹਉਕਾ ਭਰਿਆ।

ਆਪਣੇ ਹੰਝੂਆਂ ਨੂੰ ਲੁਕਾਉਣ ਲਈ ਮੈਂ ਉੱਠ ਖੜੋਤਾ ਹਾਂ ਤੇ ਉਸ ਦੇ ਘਰ ਨੂੰ ਵੇਖਣ ਦਾ ਬਹਾਨਾ ਕਰਦਿਆਂ ਲੌਬੀ 'ਚ ਵੜ ਗਿਆ। ਸੱਚ-ਮੁੱਚ ਕਿਤਾਬਾਂ ਹੀ ਕਿਤਾਬਾਂ ਨੇ ਸਭ ਪਾਸੇ।

'ਆਂਟੀ ਜੀ, ਇਹ ਸਾਰੀਆਂ ਕਿਤਾਬਾਂ ਪੜ੍ਹੀਆਂ ਹੋਈਆਂ ਨੇ ਤੁਹਾਡੀਆਂ?' ਮੈਂ ਗੱਲ ਕਰਨ ਲਈ ਹੀ ਗੱਲ ਕੀਤੀ।

'ਹੋਰ ਭਲਾ ਮੈਂ ਕੀ ਕੀਤਾ ਸਾਰੀ ਜ਼ਿੰਦਗੀ!' ਉਹਦੀ ਗੱਲ 'ਚ ਮਾਣ ਤੇ ਪਛਤਾਵਾ ਘੁ਼ਲੇ-ਮਿ਼ਲੇ ਹੋਏ ਨੇ।

ਪੈਰ ਛੂੰਹਦਿਆਂ ਧੰਨਵਾਦ ਆਖ ਮੈਂ ਤੁਰ ਪਿਆ।

ਹੌ਼ਲੀ-ਹੌ਼ਲੀ ਤੁਰਦੀ ਉਹ ਮੈਨੂੰ ਦਰਵਾਜ਼ੇ ਤੱਕ ਛੱਡਣ ਆਈ।

'ਇਨ੍ਹਾਂ 'ਚੋਂ ਤੁਹਾਡੀ ਪਸੰਦੀਦਾ ਕਿਤਾਬ ਕਿਹੜੀ ਏ?' ਮੈਂ ਆਖਰੀ ਸਵਾਲ ਕੀਤਾ।

'ਮੈਂ ਹਜ਼ਾਰਾਂ ਕਿਤਾਬਾਂ ਪੜ੍ਹੀਆਂ ਨੇ ਪੁੱਤਰਾ। ਹਰ ਜ਼ੁਬਾਨ ਦਾ ਕਲਾਸਿਕ ਸਾਹਿਤ ਵੀ ਪੜ੍ਹ ਲਿਆ ਏ। ਮੇਰੀ ਪਸੰਦੀਦਾ ਕਿਤਾਬ? ਹਾਂ, ਉਹ ਵੀ ਹੈ ਇੱਕ। ਪਰ ਉਹ ਇਨ੍ਹਾਂ ਵਿਚੋਂ ਕੋਈ ਨਹੀਂ। ਉਹ ਕਿਸੇ ਲਾਇਬ੍ਰੇਰੀ 'ਚ ਵੀ ਨਹੀਂ। ਸੱਚ ਆਖਾਂ ਤਾਂ ਹੁਣ ਉਹ ਕਿਤੇ ਵੀ ਨਹੀਂ। ਤੂੰ ਸੋਚ ਵੀ ਨਹੀਂ ਸਕਦਾ ਕਿ ਮੈਂ ਕਿਸ ਕਿਤਾਬ ਦਾ ਨਾਂ ਲਵਾਂਗੀ।' ਮਿੰਨ੍ਹਾ-ਮਿੰਨ੍ਹਾਂ ਮੁਸਕਾਉਂਦਿਆਂ ਉਹ ਬੋਲੀ।

'ਕੋਈ ਕਲੂਅ?' ਮੈਂ ਕਿਹਾ।

'ਕ੍ਰੀਏਟੀਵਿਟੀ ਦਾ ਸਿਖ਼ਰ ਸੀ, ਉਹ ਕਿਤਾਬ। ਜੀਵਨ-ਦਰਸ਼ਨ ਨਾ਼ਲ ਗੁੰਨ੍ਹੀ ਹੋਈ। ਉਹਦੀ ਭਾਸ਼ਾ ਬੜੀ ਸਰਲ, ਸਹਿਜ ਪਰ ਅੰਤਾਂ ਦੀ ਸਿੰਬੌਲਿਕ ਸੀ! ਬੜਾ ਕੁਝ ਅਣਕਿਹਾ ਸੀ, ਉਸ ਵਿਚ। ਬੱਸ ਕਮਾਲ ਦੀ ਕਿਤਾਬ ਸੀ ਉਹ!' ਥੋੜ੍ਹਾ ਕਰੀਬ ਆਉਂਦਿਆਂ ਉਹਨੇ ਨਜ਼ਰਾਂ ਮੇਰੇ ਚਿਹਰੇ 'ਤੇ ਗੱਡ ਦਿੱਤੀਆਂ ਨੇ।

'ਨੋ ਡਾਊਟ..ਇਹ ਪਾਪਾ ਦੀ ਬੁੱਕ ਹੋਵੇਗੀ!' ਮੈਂ ਖ਼ੁਸ਼ ਹੁੰਦਿਆਂ ਆਖਿਆ।

'ਉਨ੍ਹਾਂ ਦੀਆਂ ਤਾਂ ਗਿਆਰਾਂ ਕਿਤਾਬਾਂ ਨੇ! ਤੂੰ ਕਿਸ ਦੀ ਗੱਲ ਕਰ ਰਿਹਾਂ?' ਆਂਟੀ ਨੇ ਮੁਸਕਰਾਉਂਦਿਆਂ ਸਵਾਲ ਕੀਤਾ।

'ਜਿਉਣਾ ਕਦੇ ਨਾ ਵਿਸਰੇ।' ਆਪਣੇ ਵਲੋਂ ਸੌ ਪ੍ਰਤੀਸ਼ਤ ਸਹੀ ਉੱਤਰ ਦਿੰਦਿਆਂ, ਮੈਂ ਮਾਣ ਜਿਹੇ 'ਚ ਆਂਟੀ ਦੇ ਚਿਹਰੇ ਵੱਲ ਵੇਖਣ ਲੱਗ ਪਿਆ।

ਉਹ ਖਿੜ੍ਹ-ਖਿੜ੍ਹਾ ਕੇ ਹੱਸ ਪਈ। ਖੂੰਡੀ ਨੂੰ ਉਸ ਨੇ ਚੁਗਾਠ ਨਾ਼ਲ ਟਿਕਾ ਦਿੱਤਾ। ਮੇਰੇ ਮੋਢੇ ਦੇ ਆਸਰੇ ਨਾ਼ਲ ਇੱਕ ਕਦਮ ਮੇਰੇ ਵੱਲ ਪੁੱਟਿਆ। ਮੈਨੂੰ ਮਿੱਠਾ ਜਿਹਾ ਝਿੜਕਦਿਆਂ ਬਹੁਤ ਹੀ ਧੀਮੀ ਆਵਾਜ਼ 'ਚ ਬੋਲੀ,'ਨਈਂ ਭੋਂਦੂਆ ਨਈਂ! ਉਸ ਖ਼ੂਬਸੂਰਤ ਕਿਤਾਬ ਦਾ ਨਾਂ ਏ ਸ਼੍ਰੀਮਤੀ ਸੁਖਜੀਤ ਕੌਰ! ਮਿਸਿਜ਼ ਜਗਰੂਪ! ਤੇਰੀ ਮਾਂ!'

# ਬਣਾਉਟੀ ਬੁੱਧੀ ਦੀ ਨਿਖੇਧੀ ਦਾ ਨਿਰਮੂਲ ਰੁਝਾਨ

ਅੱਜ ਸਾਇੰਸ ਅਤੇ ਤਕਨੌਲੋਜੀ ਦੇ ਇਜ਼ਾਰੇਦਾਰਾਂ ਨੇ ਇਸ ਨੂੰ ਅਤੇ ਖਾਸ ਕਰਕੇ ਇਸ ਦੀ ਬ੍ਰਾਂਚ ਕੰਪਿਊਟਰ ਸਾਇੰਸ ਨੂੰ, ਬੇ-ਲੋੜੀਆਂ ਅਤੇ ਮਨੁੱਖੀ ਕਦਰਾਂ-ਕੀਮਤਾਂ ਤੋਂ ਸੱਖਣੀਆਂ ਕਾਢਾਂ ਕੱਢ-ਕੱਢ ਕੇ ਆਪਣੇ ਰਸਤੇ ਤੋਂ ਭਟਕਾਇਆ ਹੋਇਆ ਹੈ। ਡੇਢ ਕੁ ਸਾਲ ਪਹਿਲਾਂ ਵਿਕਸਿਤ ਕੀਤੀ ਇਸ ਦੀ ਇਕ ਉਪ-ਕਾਢ (ਚੈਟ-ਜੀਪੀਟੀ 4) ਨੇ ਇਸ ਦੇ ਹਾਮੀਆਂ ਨੂੰ ਵੀ ਚਿੰਤਾ 'ਚ ਪਾ ਦਿੱਤਾ ਹੈ। ਸੰਸਾਰ ਭਰ ਦੇ 27,000 ਤੋਂ ਵੱਧ ਬਣਾਉਟੀ ਬੁੱਧੀ ਦੇ ਮਾਹਿਰਾਂ, ਸਾਇੰਸਦਾਨਾਂ ਅਤੇ ਫ਼ਿਲਾਸਫ਼ਰਾਂ ਨੇ ਇੱਕ ਖੁੱਲ੍ਹਾ ਪੱਤਰ ਲਿਖ ਕੇ ਅਜਿਹੀਆਂ ਕਾਢਾਂ 'ਤੇ ਕੁਛ ਸਮੇਂ ਲਈ ਰੋਕ ਲਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਅਜਿਹੀਆਂ ਕਾਢਾਂ ਨੂੰ ਕਾਬੂ ਤੋਂ ਬਾਹਰ ਹੋ ਰਹੀ ਤਕਨੌਲੋਜੀ ਦਾ ਪ੍ਰਤੀਕ ਗਰਦਾਨਿਆ ਹੈ।

**ਇੰਜ. ਈਸ਼ਰ ਸਿੰਘ**
**ਫੋਨ: 647-640-2014**

ਜਿਸ ਚੈਟ-ਜੀਪੀਟੀ 4 ਨੇ ਇਹ ਸਥਿਤੀ ਪੈਦਾ ਕੀਤੀ ਹੈ ਉਹਹ ਬਣਾਉਟੀ ਬੁੱਧੀ ਦੀ ਅਗਲੀ ਸਟੇਜ ਹੈ। ਸਰਲ ਢੰਗ ਨਾਲ਼ ਕਹਿ ਸਕਦੇ ਹਾਂ ਕਿ ਪਹਿਲੀ ਸਟੇਜ ਦੀ ਬਣਾਉਟੀ ਬੁੱਧੀ ਹਰ ਖੇਤਰ ਦੀ ਆਪੋ-ਆਪਣੀ ਹੁੰਦੀ ਹੈ। ਇਸ ਦੀ ਆਪੋ-ਆਪਣੀ ਲਿਪੀ ਜਾਂ ਭਾਸ਼ਾ ਹੁੰਦੀ ਹੈ ਜਿਸ ਦਾ ਜਨ-ਸਾਧਾਰਨ ਨਾਲ਼ ਕੋਈ ਤਅੱਲਕ ਨਹੀਂ ਹੁੰਦਾ। ਇਸ ਦੀ ਅਗਲੀ ਸਟੇਜ 'ਜਨਰਲ ਬਣਾਉਟੀ ਬੁੱਧੀ' ਹੈ ਜੋ ਸੰਸਾਰ ਦੀਆਂ ਮੁੱਖ ਭਾਸ਼ਾਵਾਂ 'ਚ ਅਤੇ ਅਨੇਕਾਂ ਖੇਤਰਾਂ 'ਚ ਅੱਡ-ਅੱਡ ਕੰਮ ਕਰ ਸਕਦੀ ਹੈ। ਇਹ ਮੌਲਿਕ ਵਰਗਾ ਸਾਹਿਤ ਲਿਖ ਸਕਦੀ ਹੈ, ਸਕਰੀਨ-ਪਲੇਅ, ਕਵਿਤਾ, ਹਾਸ-ਰਸ, ਅਤੇ ਹਰ ਕਿਸਮ ਦੇ ਲੇਖ ਅਤੇ ਕਹਾਣੀਆਂ ਲਿਖ ਸਕਦੀ ਹੈ। ਖ਼ੁਦ ਕੰਪਿਊਟਰਾਂ ਲਈ ਕੋਡ ਤਿਆਰ ਕਰ ਸਕਦੀ ਹੈ। ਅਖ਼ਬਾਰੀ ਖ਼ਬਰਾਂ ਅਤੇ ਕਾਨੂੰਨੀ ਦਸਤਾਵੇਜ਼ ਲਿਖ ਸਕਦੀ ਹੈ। ਡੀਪ-ਫੇਕ ਬਣਾ ਸਕਦੀ ਹੈ, ਅਵਾਜ਼ ਦੀ ਨਕਲ ਕਰ ਸਕਦੀ ਹੈ ਅਤੇ ਇੰਨ-ਬਿੰਨ ਸ਼ਕਲਾਂ ਬਣਾ ਸਕਦਾ ਹੈ। ਸਮਾਜ ਦੇ ਮੰਦੇ ਅਨਸਰਾਂ ਦੇ ਹੱਥ ਚੜ੍ਹ ਕੇ ਇਹ ਸੰਸਾਰ 'ਚ ਅਨੇਕਾਂ ਨੁਕਸਾਨ ਕਰ ਸਕਦੀ ਹੈ। ਥੋੜੇ ਸਮੇਂ 'ਚ ਹੀ ਇਸ ਦਾ ਸੋਸ਼ਲ ਮੀਡੀਆ 'ਤੇ ਪੈ ਰਿਹਾ ਮਾੜਾ ਪ੍ਰਭਾਵ ਪ੍ਰਤੱਖ ਦਿਖ ਰਿਹਾ ਹੈ ਅਤੇ ਵੋਟਾਂ ਦੇ ਸਮੇਂ ਇਸ ਦਾ ਵਿਗੜ-ਰੂਪ ਹੋਰ ਵੀ ਘਿਨਾਉਣਾ ਹੋ ਰਿਹਾ ਹੈ।

ਚੈਟ-ਜੀਪੀਟੀ 4 ਅਤੇ ਇਸ ਵਰਗ ਦੀਆਂ ਹੋਰ ਉਪ-ਕਾਢਾਂ ਦੀ ਦੁਰ-ਵਰਤੋਂ ਦਾ ਯੂ.ਐਨ.ਓ. ਸਣੇ ਸਾਰੇ ਦੇਸ਼ਾਂ ਨੇ ਗੰਭੀਰ ਨੋਟਿਸ ਲਿਆ ਹੈ। ਸਭ ਨੇ ਇੱਕ-ਮਤ ਹੋ ਕੇ ਚਿੰਤਾ ਪਰਗਟ ਕੀਤੀ ਹੈ ਅਤੇ ਬਣਾਉਟੀ ਬੁੱਧੀ ਦੇ ਬੇ-ਲੋੜੇ ਉਭਾਰ ਨੂੰ ਠੱਲ੍ਹਣ ਅਤੇ ਨਿਯੰਤਰਣ ਕਰਨ ਲਈ ਹੋਰ ਪ੍ਰਭਾਵ-ਕਾਰੀ ਉਪਰਾਲੇ ਕਰਨ ਦੀ ਲੋੜ ਨੂੰ ਦੁਹਰਾਇਆ ਹੈ। ਫ਼ੌਰੀ ਕਾਰਵਾਈ ਕਰਦਿਆਂ ਯੂ.ਐੱਨ ਜਨਰਲ ਅਸੈਂਬਲੀ ਨੇ (21 ਮਾਰਚ, 2024 ਨੂੰ), ਇਸ ਸਬੰਧ 'ਚ ਅਮਰੀਕਾ ਵਲੋਂ ਪੇਸ਼ ਕੀਤਾ ਇੱਕ ਇਤਿਹਾਸਕ ਅਤੇ ਮਹੱਤਵਪੂਰਨ ਮਤਾ ਵਿਚਾਰਿਆ ਅਤੇ ਵੋਟਾਂ ਤੋਂ ਬਗ਼ੈਰ ਹੀ ਸਰਬ-ਸੰਮਤੀ ਨਾਲ਼ ਪਾਸ ਕੀਤਾ। ਅਮਰੀਕਾ ਵਲੋਂ ਪੇਸ਼ ਕੀਤੇ ਅਤੇ ਚੀਨ ਅਤੇ ਭਾਰਤ ਸਣੇ ਸਾਰਿਆਂ ਦੇਸ਼ਾਂ ਵਲੋਂ ਸਰਬ-ਸੰਮਤੀ ਨਾਲ਼ ਪਾਸ ਕੀਤੇ ਇਸ ਮਤੇ ਨੂੰ 'ਲੈਂਡ-ਮਾਰਕ' ਸਮਝਿਆ ਜਾਂਦਾ ਹੈ। ਇਸ ਲਈ ਕਿ ਇਹ ਇਸ ਪ੍ਰਮੁੱਖ ਅਸੈਂਬਲੀ ਦੇ ਇਤਿਹਾਸ 'ਚ ਪਹਿਲਾ ਮਤਾ ਹੈ ਜੋ ਕਿਸੇ ਉੱਭਰ ਰਹੇ ਵਿਸ਼ੇ ਨੂੰ ਨਿਯੰਤਰਣ ਕਰਨ ਲਈ ਅਗਾਮੀ ਹੀ ਪਾਸ ਕੀਤਾ ਗਿਆ ਹੋਵੇ।

ਇਸ ਵਿਸ਼ੇ ਨਾਲ਼ ਜੁੜੀ ਦਿਲਚਸਪ ਜਾਣਕਾਰੀ ਇਹ ਹੈ ਕਿ ਅੱਜ-ਕੱਲ੍ਹ ਸ੍ਰੀ ਅਮਨਦੀਪ ਸਿੰਘ ਗਿੱਲ, ਯੂ.ਐੱਨ.ਓ. ਦੇ ਸਕੱਤਰ-ਜਨਰਲ ਦੇ 'ਐਨਵੁਆਇ ਔਨ ਤਕਨੌਲੋਜੀ' ਦੀ ਅਹਿਮ ਪੋਸਟ 'ਤੇ ਨਿਯੁਕਤ ਹਨ। ਆਪ ਬਣਾਉਟੀ ਬੁੱਧੀ (ਏ ਆਈ) ਦੇ ਸੰਸਾਰ ਦੇ ਚੋਟੀ ਦੇ ਮਾਹਿਰਾਂ 'ਚੋਂ ਹਨ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਿਆਰਥੀ ਰਹੇ ਹਨ ਅਤੇ ਪੰਜਾਬੀ ਦੇ ਵਿਦਵਾਨ ਹਨ। ਇਸ ਮਤੇ ਦੀ ਪੈਰਵੀ ਸਬੰਧੀ ਕਾਰਵਾਈਆਂ 'ਚ ਉਹ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ।




ਇਸ ਮਤੇ ਰਾਹੀਂ ਸਾਰੇ ਦੇਸ਼ਾਂ ਅਤੇ ਸਬੰਧਿਤ ਅਦਾਰਿਆਂ ਨੂੰ ਬਣਾਉਟੀ ਬੁੱਧੀ ਦੀ ਲਾਭਕਾਰੀ, ਸੁਰੱਖਿਅਤ ਅਤੇ ਭਰੋਸੇ-ਯੋਗ ਵਰਤੋਂ ਯਕੀਨੀ ਬਣਾਉਣ ਦੀ ਤਾਕੀਦ ਕੀਤੀ ਗਈ ਹੈ। ਵਿਸ਼ੇਸ਼ ਤੌਰ 'ਤੇ ਕਿਹਾ ਗਿਆ ਕਿ ਬਣਾਉਟੀ ਬੁੱਧੀ ਦੇ ਡੀਜ਼ਾਈਨ, ਵਿਕਾਸ ਅਤੇ ਵਰਤੋਂ ਕਰਨ ਦੌਰਾਨ ਮਨੁੱਖੀ ਮਾਣ-ਮਰਿਆਦਾ, ਸੁਰੱਖਿਆ ਅਤੇ ਭਲਾਈ ਯਕੀਨੀ ਬਣਾਈਆਂ ਜਾਣ। ਇਹ, ਹਰ ਖੋਜ ਨੂੰ ਅੰਤਰ-ਰਾਸ਼ਟਰੀ ਮਨੁੱਖੀ ਅਧਿਕਾਰਾਂ ਦੇ ਅਨੁਸਾਰੀ ਬਣਾਉਣ ਅਤੇ ਬਣਾਉਟੀ ਬੁੱਧੀ ਦਾ ਸਵੈ-ਨਿਰਭਰਤਾ ਅਤੇ ਵਿਸ਼ਵ-ਵਿਆਪੀ ਖ਼ੁਸ਼ਹਾਲੀ ਨਾਲ਼ ਸੁਮੇਲ ਕਰਨ ਦਾ ਸੁਨੇਹਾ ਹੈ। ਇਹ ਸਮੁੱਚੇ ਮਾਡਰਨ ਸੰਸਾਰ ਲਈ ਇੱਕ ਉਦੇਸ਼ ਤੋਂ ਵੱਧ ਇੱਕ ਆਦੇਸ਼ ਹੈ, ਸਭ ਲਈ ਵੰਗਾਰ ਹੈ ਕਿ ਅਸੀਂ ਸਭ ਰਲ਼ ਕੇ ਬਣਾਉਟੀ ਬੁੱਧੀ ਦੀ ਹਰ ਕਾਢ ਨੂੰ ਸਿਆਣਪ ਨਾਲ਼ ਵਰਤੀਏ। ਇਸ ਰਾਹੀਂ ਇੱਕ ਐਸੀ ਸਿਰਜਣਾ ਕਰੀਏ ਜੋ ਉੱਚਤਮ ਮਨੁੱਖੀ ਆਦਰਸ਼ਾਂ ਅਤੇ ਡੂੰਘੀਆਂ ਨੈਤਿਕ ਕਦਰਾਂ-ਕੀਮਤਾਂ ਦਾ ਚਿਤਰਣ ਕਰਦੀ ਹੋਵੇ।

ਮਤੇ ਨੂੰ ਪੜ੍ਹਦਿਆਂ ਇਸ ਗੱਲ ਦਾ ਕੋਈ ਅਹਿਸਾਸ ਹੀ ਨਹੀਂ ਹੁੰਦਾ ਕਿ ਇਹ ਸਾਇੰਸਦਾਨਾਂ ਅਤੇ ਰਾਜਨੀਤਕਾਂ ਵਲੋਂ ਤਿਆਰ ਕੀਤਾ ਗਿਆ ਹੈ। ਬਲਕਿ ਇਹ ਸਮਾਜ-ਸੁਧਾਰਕਾਂ, ਮਨੁੱਖਤਾ ਦੀ ਸਮੁੱਚੀ ਭਲਾਈ ਅਤੇ ਸਰਬ-ਸਾਂਝੀਵਾਲਤਾ ਦੇ ਹਾਮੀਆਂ ਵਲੋਂ ਲਿਖੀ ਆਸ਼ਾ-ਜਨਕ ਵਾਰਤਾ ਲਗਦਾ ਹੈ। ਇਸ ਵਿਸ਼ੇ ਨਾਲ਼ ਜੁੜੇ ਹਰ ਵਧੀਆ ਸ਼ਬਦ ਦਾ ਸੰਗ੍ਰਹਿ ਲਗਦਾ ਹੈ। ਮਤੇ ਦਾ ਸਾਰ-ਤੱਤ ਹੈ ਕਿ: 'ਅਸੀਂ ਬਣਾਉਟੀ ਬੁੱਧੀ ਨੂੰ ਪੂਰੀ ਤਰ੍ਹਾਂ ਨਿਯੰਤਰਤ ਕਰੀਏ ਬਜਾਇ ਇਸ ਦੇ ਕਿ ਇਹ ਸਾਨੂੰ ਨਿਯੰਤਰਤ ਕਰੇ'।

ਇਸ ਨੇ ਸਾਡੀ ਵਿਚਾਰਧਾਰਾ ਨੂੰ ਨਵੀਂ ਸੇਧ ਦਿੱਤੀ ਹੈ ਅਤੇ ਬਣਾਉਟੀ ਬੁੱਧੀ ਸਣੇ ਸਾਇੰਸ ਅਤੇ ਤਕਨੌਲੋਜੀ ਦੇ ਸਮੁੱਚੇ ਖੇਤਰ ਨੂੰ ਨਵੇਂ ਪਰਿਪੇਖ 'ਚ ਵਿਚਾਰਨ ਲਈ ਉਤਸ਼ਾਹਿਤ ਕੀਤਾ ਹੈ। ਕਿਉਂਕਿ ਇਹ ਸਾਡੀਆਂ ਅਜੋਕੀਆਂ ਸਮੱਸਿਆਵਾਂ ਦਾ ਹੱਲ ਨਹੀਂ ਕਰ ਰਹੀ, ਇਸ ਕਰਕੇ ਇਸ ਦੀ ਪਹਿਲ ਨੂੰ ਬਦਲਣ ਦੀ ਲੋੜ ਹੈ ਅਤੇ ਮਤਾ ਇਸ ਨਵੀਂ ਪਹੁੰਚ ਦਾ ਸੂਚਕ ਹੈ। ਨਵੀਆਂ ਕਾਢਾਂ ਕੱਢਣ ਦੀ ਬਜਾਇ ਹੁਣ ਤੱਕ ਹੋ ਚੁੱਕੀਆਂ ਦੀ, ਸਦ-ਵਰਤੋਂ ਅਤੇ ਇਨ੍ਹਾਂ ਨੂੰ ਸਾਰੇ ਸੰਸਾਰ 'ਚ ਫੈਲਾਉਣ 'ਤੇ ਜ਼ੋਰ ਦਿੱਤਾ ਹੈ। ਇਸ ਮਤੇ ਦੀ ਅਹਿਮੀਅਤ ਸਮਝਣ ਅਤੇ ਇਸ 'ਤੇ ਸੰਜੀਦਗੀ ਅਤੇ ਸੁਹਿਰਦਤਾ ਨਾਲ਼ ਅਮਲ ਕਰਨ ਲਈ, ਅਸਲੀ ਅਤੇ ਬਣਾਉਟੀ ਬੁੱਧੀ ਦੇ ਸੰਕਲਪ ਨੂੰ ਵੀ ਮਾਡਰਨ ਸਚਾਈਆਂ ਦੇ ਸੰਦਰਭ 'ਚ ਵਿਚਾਰਨ ਦੀ ਲੋੜ ਹੈ।

ਅੱਜ ਬਹੁਤੀ ਚਰਚਾ 'ਬਣਾਉਟੀ ਬੁੱਧੀ' ਦੀ ਹੀ ਹੁੰਦੀ ਹੈ ਅਤੇ 'ਅਸਲੀ ਬੁੱਧੀ' ਨੂੰ ਅੱਖੋਂ-ਪਰੋਖੇ ਕੀਤਾ ਜਾ ਰਿਹਾ ਹੈ। ਭਾਵੇਂ ਮਨੋ-ਵਿਗਿਆਨੀ ਸ਼ੁਰੂ ਤੋਂ ਹੀ ਇਸ ਸਬੰਧ 'ਚ ਖੋਜਾਂ ਕਰ ਰਹੇ ਹਨ ਪਰ ਅੱਧੀ-ਅਧੂਰੀ ਖੋਜ ਕਾਰਨ ਸਮਝਿਆ ਜਾ ਰਿਹਾ ਹੈ ਕਿ ਸਾਡੀ ਵਿਅਕਤੀਗਤ/ਨਿਜੀ/ਕੁਦਰਤੀ ਬੁੱਧੀ ਹੀ ਅਸਲੀ ਬੁੱਧੀ (ਇੰਟੈਲੀਜੈਂਸ) ਹੈ। ਇਹ ਜਨਮ ਵੇਲ਼ੇ ਕੁਦਰਤ ਵਲੋਂ ਮਨੁੱਖ ਨੂੰ ਮਿਲੀ ਇੱਕ ਵਿਲੱਖਣ ਪ੍ਰਤਿਭਾ ਹੈ, ਜਿਸ ਕਰਕੇ ਅਸੀਂ ਸੋਚਣ, ਸਮਝਣ ਅਤੇ ਕਲਪਨਾ ਕਰਨ ਦੇ ਸਮਰੱਥ ਹਾਂ। ਜੀਵਨ ਦੇ ਤਜਰਬੇ ਸਾਂਭ ਸਕਣ ਅਤੇ ਲੋੜ ਪੈਣ 'ਤੇ ਇਨ੍ਹਾਂ ਨੂੰ ਯਾਦ ਕਰਨ ਅਤੇ ਵਰਤਣ ਦੇ ਸਮਰੱਥ ਬਣੇ ਹੋਏ ਹਾਂ। ਮੌਲਿਕ ਸਿਰਜਣਾ ਕਰਨ ਅਤੇ ਨਵੇਂ ਬਿਰਤਾਂਤ ਸਿਰਜਣ ਦੀ ਸਮਰੱਥਾ ਰਖਦੇ ਹਾਂ। ਜਜ਼ਬਾਤਾਂ ਅਤੇ ਭਾਵਨਾਵਾਂ ਸਦਕਾ 'ਸੁਪਰ ਸੋਸ਼ਲ ਐਨੀਮਲ' ਹਾਂ ਅਤੇ ਵੱਡੀਆਂ-ਵੱਡੀਆਂ ਸੰਸਥਾਵਾਂ ਬਣਾ ਸਕੇ ਹਾਂ। ਹਰ ਖੇਤਰ 'ਚ ਅਭੁਤ-ਪੂਰਨ ਤਰੱਕੀ ਕਰ ਸਕੇ ਹਾਂ ਅਤੇ ਆਪਣੇ-ਆਪ ਨੂੰ ਸਿਆਣਾ ਮਨੁੱਖ ('ਹੋਮੋ ਸੇਪੀਅਨਜ਼') ਕਹਿੰਦੇ ਹਾਂ।

ਜੇ ਸਾਡੀ ਵਿਅਕਤੀਗਤ/ਨਿੱਜੀ/ਕੁਦਰਤੀ ਬੁੱਧੀ ਨੂੰ ਅਸਲੀ ਬੁੱਧੀ ਮੰਨ ਲਿਆ ਜਾਵੇ, ਤਾਂ ਹਰ ਕਿਸਮ ਦੀ ਬਾਹਰੀ ਬੁੱਧੀ ਬਣਾਉਟੀ ਬੁੱਧੀ ਹੈ। ਪਰ ਮਨੁੱਖ ਤਾਂ ਜਨਮ ਤੋਂ ਹੀ ਬਾਹਰੀ ਬੁੱਧੀ 'ਤੇ ਨਿਰਭਰ ਹੁੰਦਾ ਹੈ ਅਤੇ ਸਾਰੀ ਉਮਰ ਇਸ 'ਤੇ ਨਿਰਭਰ ਰਹਿੰਦਾ ਹੈ। ਭੁੱਲ ਜਾਂਦੇ ਹਾਂ ਕਿ ਇਨਸਾਨ ਨੂੰ ਉਸ ਦੀ ਵਿਅਕਤੀਗਤ/ਨਿੱਜੀ ਬੁੱਧੀ ਤੋਂ ਕਿਤੇ ਵੱਧ ਸਾਂਝੀ, ਸਮੂਹਿਕ ਅਤੇ ਹਜ਼ਾਰਾਂ ਸਾਲਾਂ ਦੀ ਇਕੱਤਰ ਹੋਈ ਸੰਚਿਤ ਬੁੱਧੀ ਲਾਭਕਾਰੀ ਹੈ। ਇਸ ਦੀ ਵਰਤੋਂ ਰਾਹੀਂ ਹੀ ਉਸ ਦੀ ਹੋਂਦ ਕਾਇਮ ਰਹੀ ਹੈ ਅਤੇ ਉਹ ਬਹੁ-ਪੱਖੀ ਤਰੱਕੀ ਕਰ ਸਕਿਆ ਹੈ। ਸਪਸ਼ਟ ਹੈ ਕਿ ਮਨੁੱਖ ਆਦਿ ਕਾਲ ਤੋਂ ਹੀ ਵਿਕਸਤ ਬੁੱਧੀ ਵਰਤ ਰਿਹਾ ਹੈ, ਅਤੇ ਕੰਪਿਊਟਰ ਸਾਇੰਸ ਨੇ ਸਿਰਫ ਇਸ ਦਾ ਸਰੂਪ ਬਦਲਿਆ ਹੈ।

ਅਸਲੀ ਬੁੱਧੀ ਦਾ ਇੰਨਾ ਹੀ ਅਹਿਮ ਦੂਜਾ ਪੱਖ ਵੀ ਹੈ। ਜਦ ਅਸੀਂ ਬਣਾਉਟੀ ਬੁੱਧੀ ਦੀ ਦੁਰ-ਵਰਤੋਂ ਦੀ ਗੱਲ ਕਰਦੇ ਹਾਂ ਤਾਂ ਤੁਰਤ ਵਿਚਾਰ ਆਉਂਦਾ ਹੈ ਕਿ ਪੂਰੀ ਤਰ੍ਹਾਂ ਨਾਲ਼ ਸਦ-ਵਰਤੋਂ ਤਾਂ ਮਨੁੱਖ ਅਸਲੀ ਬੁੱਧੀ ਦੀ ਵੀ ਨਹੀਂ ਕਰ ਸਕਿਆ। ਕੰਪਿਊਟਰ ਸਾਇੰਸ ਵਾਲ਼ੀ ਬਣਾਉਟੀ ਬੁੱਧੀ ਤਾਂ ਸਿਰਫ 7-8 ਦਹਾਕੇ ਪਹਿਲਾਂ ਹੀ ਹੋਂਦ 'ਚ ਆਈ ਹੈ, ਉਸ ਤੋਂ ਹਜ਼ਾਰਾਂ ਸਾਲ ਪਹਿਲਾਂ ਤਾਂ ਅਸੀਂ ਅਸਲ ਬੁੱਧੀ ਹੀ ਵਰਤਦੇ ਸੀ। ਸੰਸਾਰ ਦਾ ਇਤਿਹਾਸ ਅਤੇ ਮੌਜੂਦਾ ਹਾਲਾਤ ਇਸ ਤੱਥ ਦੇ ਸਬੂਤ ਹਨ ਕਿ ਮਨੁੱਖ ਪਹਿਲਾਂ ਵੀ ਇਸ ਦਾ ਪੂਰਾ ਸਦ-ਉਪਯੋਗ ਨਹੀਂ ਕਰ ਸਕਿਆ। ਇਸ ਦਾ ਕਾਰਨ ਹੈ ਕਿ ਮਨੁੱਖ ਦੀ ਅਸਲ ਬੁੱਧੀ 'ਚ ਵੀ ਬਹੁਤ ਨੁਕਸ, ਕਮੀਆਂ ਤੇ ਤਰੁੱਟੀਆਂ ਵੀ ਹਨ ਜਿਨ੍ਹਾਂ ਕਰਕੇ ਬਣਾਉਟੀ ਬੁੱਧੀ ਦੀ ਕਾਢ ਦੀ ਲੋੜ ਪਈ। ਮਨੁੱਖੀ ਬੁੱਧੀ ਚਲਾਇਮਾਨ ਅਤੇ ਤਰਕ-ਹੀਣ (ਇਰ-ਰੈਸ਼ਨਲ) ਹੁੰਦੀ ਹੈ। ਸਾਡੇ ਜਨਮ, ਪੜ੍ਹਾਈ, ਮੂਡ, ਕਾਮ, ਕ੍ਰੋਧ, ਹੰਕਾਰ, ਲੋਭ, ਮੋਹ, ਪਖੰਡ, ਗਿਆਨ ਅਤੇ ਸਮਰੱਥਾ ਬਾਰੇ ਭੁਲੇਖੇ ਆਦਿ 'ਤੇ ਨਿਰਭਰ ਕਰਦੀ ਹੈ। ਅਧਿਆਤਮਕ ਮਹਾਂ-ਪੁਰਖਾਂ ਨੇ ਇਨ੍ਹਾਂ ਤਰੁੱਟੀਆਂ ਕਰਕੇ ਮਨੁੱਖ ਦੀ ਨਿਖੇਧੀ ਵੀ ਬਹੁਤ ਕੀਤੀ ਐ।

ਪਰ ਹੁਣ ਪੱਛਮੀ ਸਿਆਣਿਆਂ ਅਤੇ ਹੋਰ ਪ੍ਰਸਿੱਧ ਮਨੋ-ਵਿਗਿਆਨੀਆਂ ਨੇ ਵੀ ਖੋਜਾਂ ਕਰ-ਕਰ ਕੇ ਇਨ੍ਹਾਂ ਤਰੁੱਟੀਆਂ ਨੂੰ ਉਜਾਗਰ ਕੀਤਾ ਹੈ। ਇਨ੍ਹਾਂ 'ਚ 2002 ਦੇ ਨੋਬੇਲ ਪੁਰਸਕਾਰ ਜੇਤੂ ਡੈਨੀਅਲ ਕਾਹਨਮਿਨ ਪ੍ਰਮੁੱਖ ਹਨ। ਇਹ ਸਿੱਟੇ ਹੀ ਮਾਰਟਿਨ ਸੈਲਿਗਮੈਨ ਅਤੇ ਜੌਨਾਥਨ ਹਾਈਟ ਵਰਗੇ ਨੈਤਿਕ ਕਦਰਾਂ-ਕੀਮਤਾਂ ਦੇ ਮਾਹਿਰ ਸਮਾਜਿਕ ਮਨੋ-ਵਿਗਿਆਨੀਆਂ ਨੇ ਕੱਢੇ ਹਨ। ਉਨ੍ਹਾਂ ਦੀਆਂ ਖੋਜਾਂ ਅਨੁਸਾਰ, ਆਪੋ-ਆਪਣੀ ਜਗ੍ਹਾ ਅਸਲੀ ਅਤੇ ਬਣਾਉਟੀ ਦੋਵੇਂ ਬੁੱਧੀਆਂ ਜੰਤਰ ਹਨ, ਜਿਨ੍ਹਾਂ ਦੀ ਵਰਤੋਂ ਮਨ ਕਰਦਾ ਹੈ। ਪੂਰਬੀ ਅਤੇ ਖਾਸ ਕਰਕੇ ਭਾਰਤੀ ਫ਼ਲਸਫ਼ਾ ਇਸ ਤੋਂ ਅਗਲੀ ਗੱਲ ਕਰਦਾ ਹੈ ਕਿ ਦਰਅਸਲ ਮਨ ਬੁਰਿਆਈਆਂ ਦਾ ਸ੍ਰੋਤ ਹੈ। ਗੁਰੂ ਗ੍ਰੰਥ ਸਾਹਿਬ 'ਚ ਮਨ ਲਈ ਹਰ ਮੰਦਾ ਵਿਸ਼ੇਸ਼ਣ ਵਰਤਿਆ ਗਿਆ ਹੈ। ਇਸ ਦੇ ਔਗੁਣ ਹੀ ਅੱਗੇ ਬੁੱਧੀ ਸਣੇ ਸਾਡੀ ਹਰ ਕਾਰਵਾਈ 'ਚ ਝਲਕ ਰਹੇ ਹਨ। ਸੁਧਾਰ ਅਤੇ ਵਿਕਾਸ ਮਨ ਦਾ ਕਰਨ ਦੀ ਲੋੜ ਹੈ, ਡਸਿਪਲਿਨ 'ਚ ਇਸ ਨੂੰ ਲਿਆਉਣ ਦੀ ਲੋੜ ਹੈ। ਇਸ ਕਰਕੇ ਹੀ ਅੱਜ ਪੱਛਮੀ ਜਗਤ ਇਸ ਗੱਲ ਦਾ ਮੁੱਦਈ ਬਣ ਰਿਹਾ ਹੈ ਕਿ ਮਨ ਦਾ ਇਲਾਜ ਮਾਡਰਨ ਸਚਾਈਆਂ ਅਤੇ ਪੁਰਾਤਨ ਸਿਆਣਪਾਂ ਦੇ ਸੁਮੇਲ ਅਨੁਸਾਰ ਜੀਵਨ ਜਿਉਣ ਨਾਲ਼ ਹੀ ਸੰਭਵ ਹੈ। ਅੱਜ ਦੇ ਪ੍ਰਸਿੱਧ ਫ਼ਿਲਾਸਫ਼ਰ-ਇਤਿਹਾਸਕਾਰ ਯੂਵਲ ਹਰਾਰੀ ਦਾ ਕਹਿਣਾ ਹੈ ਕਿ ਜਿੰਨਾ ਸਮਾਂ, ਜ਼ੋਰ ਅਤੇ ਪੈਸਾ ਬਣਾਉਟੀ ਬੁੱਧੀ ਦੇ ਵਿਕਾਸ ਲਈ ਵਰਤਿਆ ਜਾ ਰਿਹਾ ਹੈ ਉਸ ਤੋਂ ਕਿਤੇ ਘੱਟ ਨਾਲ਼ ਇਹ ਕੰਮ ਹੋ ਸਕਦਾ ਹੈ। ਸੋ ਬਣਾਉਟੀ ਬੁੱਧੀ ਦੀ ਪ੍ਰਚੱਲਤ ਨਿਖੇਧੀ ਨਿਰਮੂਲ ਹੈ, ਇਸ ਦੀ ਸਦ-ਵਰਤੋਂ ਦੀ ਲੋੜ ਹੈ।

ਤਕਨੌਲੋਜੀ ਦੇ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਹਰ ਨਵੀਂ ਤਕਨੌਲੋਜੀ ਨੇ ਸਮਾਜ 'ਚ ਨਾ-ਬਰਾਬਰੀ ਅਤੇ ਬੇ-ਇਨਸਾਫ਼ੀ ਨੂੰ ਵਧਾਇਆ ਹੈ। ਇਸ 'ਚ ਸੁਧਾਰ ਤਾਂ ਸਿਰਫ ਸਮਾਜ-ਸੁਧਾਰਕਾਂ, ਸਿਆਣਿਆਂ ਅਤੇ ਸੁਹਿਰਦ ਸਿਆਸਤਦਾਨਾਂ ਨੇ ਹੀ ਕੀਤੇ ਹਨ। ਅੱਜ ਦੀ ਤ੍ਰਾਸਦੀ ਵੀ ਇਹ ਹੈ ਕਿ ਇਸ ਖੇਤਰ 'ਤੇ ਕਾਬਜ਼ ਇਜ਼ਾਰੇ-ਦਾਰਾਂ ਨੇ ਸਾਨੂੰ ਇਸ ਭੁਲੇਖੇ 'ਚ ਪਾ ਰੱਖਿਆ ਹੈ ਕਿ ਇਹ ਸਾਇੰਸ ਅਤੇ ਤਕਨੌਲੋਜੀ ਦੀ ਸਮੱਸਿਆ ਹੈ ਅਤੇ ਇਸ ਦਾ ਹੱਲ ਇਸ ਰਾਹੀਂ ਹੀ ਹੋਣਾ ਹੈ। ਇਸ ਭੁਲੇਖੇ ਓਹਲੇ ਉਹ ਬੇਲੋੜੀਆਂ ਅਤੇ ਮਨੁੱਖੀ ਕਦਰਾਂ-ਕੀਮਤਾਂ ਤੋਂ ਸੱਖਣੀਆਂ ਕਾਢਾਂ ਤਾਂ ਕੱਢਦੇ ਹੀ ਹਨ ਅਤੇ ਨਾਲ਼ ਧਰਤੀ ਦੇ ਵਡਮੁੱਲੇ ਕੁਦਰਤੀ ਸਾਧਨਾਂ ਨੂੰ ਵੀ ਬਰਬਾਦ ਕਰ ਰਹੇ ਹਨ। ਇਹ ਮਾਇਕ, ਰਾਜਨੀਤਕ ਅਤੇ ਲੌਬਿੰਗ ਪੱਖੋਂ ਬਹੁਤ ਤਕੜੇ ਹੋ ਚੁੱਕੇ ਹਨ ਅਤੇ ਆਪਣੇ ਮੰਤਵਾਂ ਨੂੰ ਹਾਸਲ ਕਰ ਸਕਣ ਦੇ ਹਰ ਲੀਵਰ 'ਤੇ ਇਨ੍ਹਾਂ ਦਾ ਕਬਜ਼ਾ ਹੈ। ਇਕੱਠੇ ਹੋ ਕੇ ਇਹ ਯੂ.ਐੱਨ.ਓ. ਸਣੇ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਨਾਲ਼ ਟੱਕਰ ਲੈਣ ਤੋਂ ਵੀ ਗੁਰੇਜ਼ ਨਹੀਂ ਕਰਦੇ।

ਸਾਇੰਸ ਅਤੇ ਤਕਨੌਲੋਜੀ ਅਤੇ ਖਾਸ ਕਰਕੇ ਕੰਪਿਊਟਰ ਦੀਆਂ ਕਾਢਾਂ, ਸਮਾਜ ਨੂੰ ਲੁੱਟਣ ਦਾ ਸਭ ਤੋਂ ਕਾਰਗਰ ਅਤੇ ਸਸਤਾ ਢੰਗ ਹੈ। ਇਸ ਲਈ ਕਿਸੇ ਨਵੇਂ ਨਿਵੇਸ਼ ਦੀ ਲੋੜ ਨਹੀਂ, ਸਰੀਰਕ ਅਤੇ ਬੌਧਿਕ ਮਿਹਨਤ ਦੀ ਲੋੜ ਨਹੀਂ ਅਤੇ ਕਾਢਾਂ ਵੀ ਏ.ਸੀ. ਦਫਤਰਾਂ 'ਚ ਬੈਠ ਕੇ ਕੀਤੀਆਂ ਜਾ ਰਹੀਆਂ ਹਨ। ਇਸ ਕਰਕੇ ਹੀ ਸੰਸਾਰ ਦੇ ਉੱਪਰਲੇ ਦਸ ਖਰਬ-ਪਤੀਆਂ 'ਚੋਂ ਸੱਤ ਇਸ ਖੇਤਰ ਨਾਲ਼ ਜੁੜੇ ਹੋਏ ਹਨ। ਇਸ ਖੇਤਰ ਨੂੰ ਦਿੱਤੀ ਜਾ ਰਹੀ ਨਾਜਾਇਜ਼ ਪਹਿਲ ਕਰਕੇ ਹੀ ਪਿਛਲੇ 65-70 ਸਾਲ ਤੋਂ ਖੇਤੀ-ਬਾੜੀ ਜਾਂ ਉਦਯੋਗ 'ਚ ਕੋਈ ਕਾਢ ਜਾਂ ਖੋਜ ਨਹੀਂ ਕੀਤੀ ਗਈ। ਖੇਤੀ-ਬਾੜੀ ਦੀ ਸਭ ਤੋਂ ਜ਼ਰੂਰੀ ਲੋੜ ਹੈ ਕਿ ਇਸ ਤਰ੍ਹਾਂ ਦੀਆਂ ਫਸਲਾਂ ਵਿਕਸਿਤ ਕੀਤੀਆਂ ਜਾਣ ਜੋ ਦਾਲ਼ਾਂ ਵਾਂਗ ਹਵਾ ਦੀ ਨਾਈਟ੍ਰੋਜਨ ਵਰਤ ਸਕਣ। ਐਟਮੀ ਬਿਜਲੀ ਨੂੰ ਹੋਰ ਵਿਕਸਿਤ ਕਰਨ ਦੀ ਲੋੜ ਹੈ। ਅਨਾਜ ਅਤੇ ਖ਼ੁਰਾਕ ਦੀ ਬਰਬਾਦੀ ਨੂੰ ਰੋਕਣਾ ਵੱਡਾ ਕੰਮ ਹੈ।

ਉਹ ਸੰਸਾਰ ਦਾ ਮੂੰਹ ਇਸ ਪਾਸੇ ਵਲ ਹੋਣ ਹੀ ਨਹੀਂ ਦਿੰਦੇ ਕਿ ਅੱਜ ਇਸ ਨੂੰ ਸਹੀ ਵੰਡ-ਵੰਡਾਈ, ਬਰਾਬਰਤਾ ਅਤੇ ਸਰਬ-ਸਾਂਝੀਵਾਲਤਾ ਦੀ ਲੋੜ ਹੈ। ਸਾਨੂੰ ਕਿਸੇ ਨਵੇਂ ਗਿਆਨ, ਜਾਣਕਾਰੀ ਜਾਂ ਹੋਰ ਉਪਜ (ਗਰੋਥ) ਦੀ ਲੋੜ ਨਹੀਂ। ਬਲਕਿ ਆਪਣੀਆਂ ਰਾਜਨੀਤਕ, ਸਮਾਜਿਕ ਅਤੇ ਆਰਥਿਕ ਪ੍ਰਬੰਧ-ਪ੍ਰਣਾਲ਼ੀਆਂ ਨੂੰ ਸਮਕਾਲੀ ਅਤੇ ਪ੍ਰਭਾਵਕਾਰੀ ਬਣਾਉਣ ਦੀ ਲੋੜ ਹੈ। ਇਨ੍ਹਾਂ ਪ੍ਰਣਾਲੀਆਂ 'ਚ, ਮਾਡਰਨ ਸਚਾਈਆਂ ਅਤੇ ਪੁਰਾਤਨ ਸਿਆਣਪਾਂ ਦੇ ਸੁਮੇਲ ਅਨੁਸਾਰ ਪਰਿਵਰਤਨ ਦੀ ਲੋੜ ਹੈ। ਯੂ.ਐੱਨ.ਜੀ.ਏ ਦਾ ਮੌਜੂਦਾ ਮਤਾ ਇਸ ਮੰਤਵ ਦੀ ਪ੍ਰਾਪਤੀ ਲਈ ਇੱਕ ਠੋਸ ਉਪਰਾਲਾ ਹੈ। ਅਸੀਂ ਜਨ-ਸਾਧਾਰਨ ਆਪਣੇ ਨਿੱਜੀ ਜੀਵਨ ਨੂੰ ਇਸ ਮਤੇ ਦੇ ਅਨੁਸਾਰੀ ਬਣਾ ਕੇ, ਸਹੀ ਜਾਣਕਾਰੀ ਹਾਸਿਲ ਕਰ ਕੇ ਅਤੇ ਸਰਕਾਰਾਂ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਦੇ ਹੱਥ ਮਜ਼ਬੂਤ ਕਰ ਕੇ, ਆਪਣਾ ਯੋਗਦਾਨ ਪਾ ਸਕਦੇ ਹਾਂ।

---

# ਖ਼ੂਨੀ ਰਿਸ਼ਤੇ

ਇੱਕ ਵਾਰ ਦੀ ਗੱਲ ਹੈ ਕਿ ਕਹਿੰਦੇ ਇੱਕ ਪਿੰਡ ਦੇ ਖੂਹ ਵਿਚ ਬਾਂਦਰ ਡਿੱਗ ਪਿਆ ਹੁਣ ਓਸ ਤੋਂ ਬਾਹਰ ਨਾ ਨਿਕਲਿਆ ਜਾਵੇ। ਤੇ ਜਦੋਂ ਪਿੰਡ ਦੀਆਂ ਕੁੱਝ ਜਨਾਨੀਆਂ ਖੂਹ 'ਤੇ ਪਾਣੀ ਭਰਨ ਆਈਆਂ ਤਾਂ ਉਨ੍ਹਾਂ ਨੇ ਜਦੋਂ ਬਾਂਦਰ ਨੂੰ ਖੂਹ ਵਿਚ ਵੇਖਿਆ ਤਾਂ ਇਹ ਗੱਲ ਆਪਣੇ ਘਰੀਂ ਦੱਸੀ, ਇਸ ਉਪਰੰਤ ਬਾਂਦਰ ਦੇ ਖੂਹ ਵਿਚ ਡਿਗਣ ਵਾਲੀ ਗੱਲ ਜਿਵੇਂ ਪਿੰਡ 'ਚ ਜੰਗਲ ਦੀ ਅੱਗ ਵਾਂਗ ਫੈਲ ਗਈ, ਤੇ ਵੇਖਦੇ ਹੀ ਵੇਖਦੇ ਖੂਹ ਦੇ ਦੁਆਲੇ ਪਿੰਡ ਦੇ ਲੋਕਾਂ ਦਾ ਭਾਰੀ ਜਮ੍ਹਾਵੜਾ ਹੋ ਗਿਆ।

**ਮੁਹੰਮਦ ਅੱਬਾਸ ਧਾਲੀਵਾਲ**
**ਫੋਨ: 98552-59650**

ਜਮ੍ਹਾਂ ਹੋਏ ਲੋਕ ਬਾਂਦਰ ਨੂੰ ਬਚਾਉਣ ਦੀਆਂ ਜੁਗਤਾਂ ਬਣਾਉਣ ਲੱਗੇ ਪਰ ਉਨ੍ਹਾਂ ਦੀ ਕੋਈ ਵੀ ਕੋਸ਼ਿਸ਼ ਕਾਮਯਾਬ ਨਾ ਹੋਈ। ਪਿੰਡ ਦੇ ਲੋਕਾਂ ਨੇ ਜਦੋਂ ਆਪਣੇ ਨੇੜਿਓਂ ਮਾਨਾਂ ਦੇ ਕੀਪੇ ਨੂੰ ਲੰਘਦੇ ਵੇਖਿਆ ਤਾਂ ਉਸ ਨੂੰ ਹੱਲਾਸ਼ੇਰੀ ਦੇਣੀ ਸ਼ੁਰੂ ਕਰ ਦਿੱਤੀ ਕਿ ਕੀਪਿਆ ਬਾਂਦਰ ਨੂੰ ਖੂਹ 'ਚੋਂ ਕੱਢ ਕੇ ਪੁੰਨ ਖੱਟ.. !

ਬਾਂਦਰ ਨੂੰ ਬਚਾਉਣ ਲਈ ਜਦੋਂ ਲੋਕ ਕੀਪੇ 'ਤੇ ਬਹੁਤਾ ਜ਼ੋਰ ਪਾਉਣ ਲੱਗੇ ਤਾਂ ਉਸ ਨੇ ਕਿਹਾ ਕਿ ਇੱਕ ਸ਼ਰਤ 'ਤੇ ਹੀ ਮੈਂ ਇਸ ਖੂਹ ਵਿਚ ਛਾਲ ਮਾਰਾਂਗਾ ਜੇ ਮੇਰੀ ਕਮਰ ਨੂੰ ਬੰਨ੍ਹੀ ਰੱਸੀ ਨੂੰ ਮੇਰੇ ਪਿਓ ਤੇ ਭਰਾ ਨੂੰ ਫੜਾਉਗੇ। ਜੇ ਤੁਸੀਂ ਚਾਹੁੰਦੇ ਹੋ ਕਿ ਮੈਂ ਬਾਂਦਰ ਨੂੰ ਸੁਰੱਖਿਅਤ ਕੱਢਣ ਲਈ ਖੂਹ ਵਿਚ ਛਾਲ ਮਾਰਾਂ ਤਾਂ ਪਹਿਲਾਂ ਇੱਥੇ ਮੇਰੇ ਬਾਪੂ ਤੇ ਮੇਰੇ ਭਰਾ ਨੂੰ ਸੱਦ ਕੇ ਲਿਆਵੋ ਤਾਂ ਕਿ ਉਹ ਮੇਰੀ ਕਮਰ ਨੂੰ ਬੰਨ੍ਹੀ ਰੱਸੀ ਨੂੰ ਮਜ਼ਬੂਤੀ ਨਾਲ ਫੜ ਸਕਣ।

ਇਸ 'ਤੇ ਉੱਥੇ ਮੌਜੂਦ ਲੋਕਾਂ ਨੇ ਕੀਪੇ ਨੂੰ ਕਿਹਾ ਕਿ "ਤੈਨੂੰ ਘਬਰਾਉਣ ਦੀ ਜ਼ਰਾ ਵੀ ਲੋੜ ਨਹੀਂ... ਤੇਰੇ ਲੱਕ ਨੂੰ ਬੰਨ੍ਹੀ ਰੱਸੀ ਨੂੰ ਫੜਨ ਲਈ ਇੱਥੇ ਅਸੀਂ ਇੰਨੇ ਜਣੇ ਜੋ ਮੌਜੂਦ ਹਾਂ...!"

ਪਰ ਕੀਪਾ ਆਪਣੀ ਜ਼ਿੱਦ 'ਤੇ ਅੜਿਆ ਰਿਹਾ। ਉਸ ਨੇ ਕਿਹਾ, "ਨਹੀਂ ਮੈਂ ਤਾਂ ਉਸ ਸੂਰਤ ਵਿਚ ਹੀ ਖੂਹ ਵਿਚ ਛਾਲ ਮਾਰਾਂਗਾ ਜਦੋਂ ਮੇਰਾ ਪਿਤਾ ਤੇ ਭਰਾ ਇਸ ਰੱਸੀ ਨੂੰ ਆਪਣੇ ਹੱਥੀਂ ਫੜਣਗੇ।"

ਅਖੀਰ ਕੀਪੇ ਦੀ ਜ਼ਿੱਦ ਅੱਗੇ ਉੱਥੇ ਮੌਜੂਦ ਲੋਕਾਂ ਨੇ ਗੋਡੇ ਟੇਕ ਦਿੱਤੇ ਤੇ ਦੋ ਵਿਅਕਤੀ ਉਸ ਦੇ ਪਿਤਾ ਤੇ ਭਰਾ ਨੂੰ ਸੱਦ ਲਿਆਏ।

ਪਿਤਾ ਤੇ ਭਰਾ ਨੂੰ ਵੇਖਦੇ ਸਾਰ ਕੀਪੇ ਦੇ ਚਿਹਰੇ 'ਤੇ ਵੱਖਰੀ ਹੀ ਕਿਸਮ ਦੀ ਚਮਕ ਆ ਗਈ ਤੇ ਉਸ ਨੇ ਖੁਦ ਹੀ ਆਪਣੀ ਕਮਰ ਦੁਆਲੇ ਰੱਸਾ ਬੰਨ੍ਹਿਆ ਤੇ ਖੂਹ ਵਿਚ ਛਾਲ ਮਾਰਨ ਲਈ ਤਿਆਰ ਹੋ ਗਿਆ। ਇਸ ਉਪਰੰਤ ਕੀਪੇ ਦੇ ਪਿਤਾ ਤੇ ਭਰਾ ਸਮੇਤ ਮੌਜੂਦ ਲੋਕਾਂ ਨੇ ਵੀ ਉਸ ਰੱਸੇ ਨੂੰ ਮਜ਼ਬੂਤੀ ਨਾਲ ਫੜ ਲਿਆ, ਤੇ ਕੀਪੇ ਨੇ ਖੂਹ ਵਿਚ ਛਾਲ ਮਾਰ ਦਿੱਤੀ। ਬਹੁਤ ਕੋਸ਼ਿਸ਼ ਬਾਅਦ ਉਸ ਨੇ ਬਾਂਦਰ ਨੂੰ ਪੁਚਕਾਰਦਿਆਂ ਇੱਕ ਕੱਪੜੇ ਰਾਹੀਂ ਆਪਣੇ ਹੱਥਾਂ ਵਿਚ ਫੜ ਲਿਆ। ਕੀਪੇ ਨੇ ਰੱਸੇ ਨੂੰ ਉੱਪਰ ਖਿੱਚਣ ਦਾ ਇਸ਼ਾਰਾ ਕੀਤਾ ਤਾ ਉੱਥੇ ਮੌਜੂਦ ਲੋਕਾਂ ਨੇ ਕੀਪੇ ਦੇ ਭਰਾ ਤੇ ਪਿਤਾ ਦੀ ਸਹਾਇਤਾ ਨਾਲ ਉਸ ਨੂੰ ਉੱਪਰ ਖਿੱਚਣਾ ਸ਼ੁਰੂ ਕਰ ਦਿੱਤਾ। ਜਿਵੇਂ ਹੀ ਉਹ ਬਾਂਦਰ ਨੂੰ ਫੜੀ ਖੂਹ ਦੀ ਮੰਡੇਰ ਲਾਗੇ ਪੁੱਜਾ ਤਾਂ ਬਾਂਦਰ ਲੋਕਾਂ ਦਾ ਜਮਾਵੜਾ ਵੇਖ ਘਬਰਾ ਗਿਆ ਤੇ ਉਸ ਨੇ ਲੋਕਾਂ ਨੂੰ ਇਕਦਮ ਘੂਰ ਕੇ ਵੇਖਿਆ। ਇਸ 'ਤੇ ਪਿੰਡ ਦੇ ਸਾਰੇ ਲੋਕ ਰੱਸਾ ਛੱਡ ਫੌਰਨ ਨੱਠ ਗਏ, ਤੇ ਕੇਵਲ ਕੀਪੇ ਦਾ ਪਿਓ ਤੇ ਭਰਾ ਹੀ ਰੱਸਾ ਫੜੀ ਖੜ੍ਹੇ ਰਹੇ।

ਬਾਂਦਰ ਖੂਹ 'ਚੋਂ ਬਾਹਰ ਆਉਂਦੇ ਸਾਰ ਕੀਪੇ ਦੇ ਹੱਥਾਂ ਵਿਚੋਂ ਨਿਕਲ ਕੇ ਆਪਣੀ ਡੰਡੀ ਪਿਆ ਤੇ ਉਧਰ ਕੀਪਾ ਵੀ ਬੜੀ ਮੁਸ਼ਕਿਲ ਨਾਲ ਆਪਣੇ ਪਿਓ ਤੇ ਭਰਾ ਦੀ ਮਦਦ ਨਾਲ ਖੂਹ ਵਿਚੋਂ ਬਾਹਰ ਨਿਕਲਿਆ ਤੇ ਆਪਣੇ ਘਰ ਵੱਲ ਨੂੰ ਚੱਲ ਪਿਆ।

ਜਦੋਂ ਕੀਪਾ ਘਰ ਵੱਲ ਜਾ ਰਿਹਾ ਸੀ ਤਾਂ ਜੋ ਲੋਕ ਰੱਸਾ ਛੱਡ ਕੇ ਪਿੰਡ ਵੱਲ ਭੱਜੇ ਆਏ ਸਨ। ਉਹ ਪਿੰਡ ਦੇ ਇੱਕ ਬਰੋਟੇ ਥੱਲੇ ਖੜ੍ਹੇ ਗੱਲਾਂ ਕਰ ਰਹੇ ਸਨ। ਜਦੋਂ ਉਨ੍ਹਾਂ ਆਪਣੇ ਨੇੜੇ ਕੀਪੇ ਨੂੰ ਆਉਂਦੇ ਵੇਖਿਆ ਤਾਂ ਚੁੱਪ ਹੋ ਗਏ।

ਜਦੋਂ ਕੀਪਾ ਉਨ੍ਹਾਂ ਦੇ ਨੇੜਿਓਂ ਲੰਘਣ ਲੰਘਿਆ ਤਾਂ ਆਪਣੇ ਪਿਤਾ ਤੇ ਭਰਾ ਵੱਲ ਪਿਆਰ ਭਰੀਆਂ ਨਜ਼ਰਾਂ ਨਾਲ ਵੇਖਦਿਆਂ ਆਖਣ ਲੱਗਾ "ਸੱਚ ਆਖਦੇ ਨੇ ਕਿ ਮਾਤਾ ਪਿਤਾ ਤੇ ਭੈਣ ਭਰਾ ਵਰਗਾ ਕੋਈ ਹੋਰ ਨਹੀਂ ਬਣ ਸਕਦਾ।"

ਕੀਪੇ ਦੀ ਗੱਲ ਸੁਣ ਕੇ ਬਰੋਟੇ ਥੱਲੇ ਖੜ੍ਹੇ ਲੋਕਾਂ ਦੇ ਸਿਰ ਜਿਵੇਂ ਸ਼ਰਮ ਨਾਲ ਝੁਕ ਗਏ...। ਉਨ੍ਹਾਂ ਨੂੰ ਹੁਣ ਇਹ ਗੱਲ ਸਮਝ ਆ ਗਈ ਸੀ ਕਿ ਕੀਪਾ ਖੂਹ ਵਿਚ ਉਤਰਨ ਤੋਂ ਪਹਿਲਾਂ ਆਪਣੇ ਪਿਤਾ ਅਤੇ ਭਰਾ ਨੂੰ ਬੁਲਾਉਣ ਦੀ ਜ਼ਿੱਦ ਕਿਉਂ ਕਰ ਰਿਹਾ ਸੀ।

# ਦੀਦਾਰ ਸਿੰਘ ਦਾਰੀ ਉਰਫ਼ ਦਾਰਾ ਪਹਿਲਵਾਨ

ਦਾਰਾ ਸਿੰਘ ਪਹਿਲਵਾਨ ਵੀ ਸੀ ਤੇ ਫਿਲਮੀ ਅਦਾਕਾਰ ਵੀ। ਉਹ ਅਖਾੜਿਆਂ ਵਿਚ ਵੀ ਦਰਸ਼ਕਾਂ ਦੀਆਂ ਅੱਖਾਂ ਸਾਹਵੇਂ ਰਿਹਾ ਤੇ ਸਿਨੇਮਾਂ ਘਰਾਂ 'ਚ ਵੀ। ਉਸ ਨੇ 500 ਕੁਸ਼ਤੀਆਂ ਲੜੀਆਂ ਤੇ 144 ਫਿਲਮਾਂ ਵਿਚ ਕੰਮ ਕੀਤਾ। 1947 ਵਿਚ ਸਿੰਗਾਪੁਰ ਜਾਣ ਤੋਂ ਲੈ ਕੇ 1983 ਤਕ ਉਹ ਕੁਸ਼ਤੀਆਂ ਘੁਲਦਾ ਰਿਹਾ ਤੇ 1952 ਤੋਂ 2007 ਤਕ ਫਿਲਮਾਂ 'ਚ ਕੰਮ ਕਰਦਾ ਰਿਹਾ। ਉਸ ਦੀਆਂ ਕੁਸ਼ਤੀਆਂ ਭਾਰਤ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ, ਮੁਰਾਰ ਜੀ ਡਿਸਾਈ, ਚੌਧਰੀ ਚਰਨ ਸਿੰਘ, ਇੰਦਰਾ ਗਾਂਧੀ, ਚੰਦਰ ਸ਼ੇਖਰ ਤੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ



**ਪ੍ਰਿੰ. ਸਰਵਣ ਸਿੰਘ**
ਫੋਨ: 647-785-1661

ਹੋਰੀਂ ਵੀ ਵੇਖਦੇ ਰਹੇ। ਉਹ ਫਰੀ ਸਟਾਈਲ ਕੁਸ਼ਤੀ ਦਾ ਰੁਸਤਮੇ ਹਿੰਦ, ਕਾਮਨਵੈੱਲਥ ਦੇਸ਼ਾਂ ਦਾ ਚੈਂਪੀਅਨ ਤੇ ਰੁਸਤਮੇ ਜ਼ਮਾਂ ਸੀ।

ਫਿਲਮਾਂ 'ਚ ਕਦੇ ਉਹ ਸੈਮਸਨ, ਕਦੇ ਹਰਕੂਲੀਸ, ਜੱਗਾ ਡਾਕੂ, ਭੀਮ ਸੈਨ, ਧਿਆਨੂੰ ਭਗਤ, ਸੂਰਮਾ ਸਿੰਘ, ਸਰਪੰਚ, ਲੰਬੜ ਤੇ ਕਦੇ ਹਨੂੰਮਾਨ ਬਣਦਾ ਰਿਹਾ। ਕਈ ਫਿਲਮਾਂ ਦਾ ਉਹ ਡਾਇਰੈਕਟਰ ਬਣਿਆ ਤੇ ਕੁਝ ਫਿਲਮਾਂ ਆਪ ਵੀ ਬਣਾਈਆਂ। ਉਸ ਨੇ ਹਿੰਦੀ ਦੀਆਂ 122 ਤੇ ਪੰਜਾਬੀ ਦੀਆਂ 22 ਫਿਲਮਾਂ 'ਚ ਕੰਮ ਕੀਤਾ। ਫਿਲਮਾਂ ਵਿਚ ਉਸ ਨੂੰ ਸੁਪਰਮੈਨ ਵਜੋਂ ਪੇਸ਼ ਕੀਤਾ ਜਾਂਦਾ ਰਿਹਾ। 'ਦਾਰਾ ਸਿੰਘ' ਨਾਂ ਤਾਕਤ ਦਾ ਠੱਪਾ ਬਣ ਗਿਆ। ਦੁਕਾਨਦਾਰ ਨਕਲੀ ਘਿਓ ਦੇ ਡੱਬਿਆਂ 'ਤੇ ਉਹਦੀ ਫੋਟੋ ਛਾਪ ਕੇ ਦੇਸੀ ਘਿਓ ਦੇ ਭਾਅ ਵੇਚਣ ਲੱਗੇ। ਦਾਰੇ ਨੂੰ ਬਿਨਾਂ ਜ਼ੋਰ ਲਾਇਆਂ ਮਸ਼ਹੂਰੀ ਮਿਲਣ ਲੱਗੀ ਅਤੇ ਇਸ਼ਤਿਹਾਰਬਾਜ਼ੀ ਦੀ ਕਮਾਈ ਵਾਧੂ ਦੀ ਹੋਣ ਲੱਗੀ। ਦੰਦ ਕਥਾਵਾਂ ਚੱਲ ਪਈਆਂ ਪਈ ਦਾਰੇ ਨੇ ਮਾਰਨਖੰਡੇ ਸਾਹਨ ਦੇ ਸਿੰਗ ਫੜ ਕੇ ਉਹਦੀ ਮੋਕ ਵਗਾ ਦਿੱਤੀ। ਖੱਡੇ 'ਚ ਡਿੱਗਿਆ ਟਰੱਕ ਇੰਜਣ ਨੂੰ ਜੱਫਾ ਮਾਰ ਕੇ ਬਾਹਰ ਧੂਹ ਖੜਿਆ!

ਸਿੰਗਾਪੁਰ 'ਚ ਦਾਰਾ ਸਿੰਘ ਨੂੰ ਦਾਰਾ ਦਾਸ ਵੀ ਪ੍ਰਚਾਰਿਆ ਜਾਂਦਾ ਸੀ! ਉਥੋਂ ਦੇ ਹੈਪੀ ਵਰਲਡ ਸਟੇਡੀਅਮ ਵਾਲੇ ਕੁਸ਼ਤੀਆਂ ਦੇ ਇਸ਼ਤਿਹਾਰਾਂ ਵਿਚ ਉਹਦਾ ਨਾਂ ਦਾਰਾ ਦਾਸ ਵੀ ਪ੍ਰਚਾਰਦੇ। ਦਾਰਾ ਦਾਸ ਪ੍ਰਚਾਰਨ ਨਾਲ ਹੋ ਸਕਦੈ ਉਨ੍ਹਾਂ ਦੀਆਂ ਟਿਕਟਾਂ ਵੱਧ ਵਿਕਦੀਆਂ ਹੋਣ। ਕੁਝ ਵੀ ਹੋਵੇ ਦਾਰਾ, ਦਾਰਾ ਈ ਸੀ। ਪਹਿਲਵਾਨਾਂ ਬਾਰੇ ਆਮ ਹੀ ਕਿਹਾ ਜਾਣ ਲੱਗਾ ਸੀ, "ਤੂੰ ਕਿਹੜਾ ਦਾਰਾ ਭਲਵਾਨ ਐਂ!"

ਵੱਡਾ ਦਾਰਾ ਜੋ ਦਾਰਾ ਕਿੱਲਰ ਵੱਜਦਾ ਸੀ, 1918 ਤੋਂ 88 ਤਕ ਜੀਵਿਆ ਸੀ। ਕਈ ਕਹਿੰਦੇ ਹਨ ਕਿ ਛੋਟੇ ਦਾਰੇ ਨੇ ਵੱਡੇ ਦਾਰੇ ਦਾ ਨਾਂ ਵਰਤ ਕੇ ਉਸ ਦੀ ਖੱਟੀ ਖਾਧੀ। ਪਰ ਇਹ ਗੱਲ ਸਹੀ ਨਹੀਂ। ਹਾਂ, ਇਹ ਸਹੀ ਹੈ ਕਿ 'ਦਾਰਾ' ਨਾਂ ਤਕੜੇ ਭਲਵਾਨਾਂ ਦੇ ਨਾਵਾਂ ਨਾਲ ਆਪਣੇ ਆਪ ਜੁੜਨ ਲੱਗ ਪਿਆ ਸੀ। ਦਾਰਾ ਸਿੰਘ ਨੇ ਆਪਣੀ 'ਆਤਮ ਕਥਾ' ਵੀ ਲਿਖੀ ਜੋ ਦਿਲਚਸਪ ਸਵੈ-ਜੀਵਨੀ ਹੈ। ਮਹਾਤਮਾ ਗਾਂਧੀ ਵੱਲੋਂ ਆਪਣੀ ਕਮਜ਼ੋਰੀ ਲਿਖਣ ਵਾਂਗ ਉਸ ਨੇ ਵੀ ਆਪਣੀ ਕਮਜ਼ੋਰੀ ਲਿਖ ਦਿੱਤੀ ਪਈ ਉਸ ਦਾ ਵੱਡੀ ਉਮਰ ਤਕ ਸੁੱਤੇ ਪਿਆਂ ਪਿਸ਼ਾਬ ਨਿਕਲ ਜਾਂਦਾ ਸੀ। ਇਹ ਭਾਣਾ ਤਾਂ ਉੱਦਣ ਵੀ ਵਰਤ ਗਿਆ ਜਿੱਦਣ ਉਹ ਲਾੜਾ ਬਣ ਕੇ ਆਪਣੇ ਸਹੁਰੀਂ ਢੁੱਕਾ ਸੀ!

ਇਕ ਦੀ ਥਾਂ ਆਪਣੀਆਂ ਦੋ ਜਨਮ ਤਰੀਕਾਂ ਦੇ ਰੋਲ-ਘਚੋਲੇ ਬਾਰੇ ਉਸ ਨੇ ਲਿਖਿਆ, "ਪੱਕੀ ਗੱਲ ਤਾਂ ਇਹ ਹੈ ਕਿ ਅਸੀਂ ਜੰਮੇ ਜ਼ਰੂਰ ਸੀ ਤੇ ਸੁਣਿਆ ਹੈ ਕਿ ਘਰ ਵਾਲਿਆਂ ਨੇ ਬੜੀਆਂ ਖੁਸ਼ੀਆਂ ਮਨਾਈਆਂ ਭਈ ਪਲੇਠੀ ਦਾ ਪੁੱਤ ਜੰਮਿਆ। ਕੱਪੜੇ ਲੱਤੇ ਤੋਂ ਇਲਾਵਾ ਮੇਰੇ ਮਾਮਿਆਂ ਨੇ ਮੇਰੇ ਕੰਨਾਂ ਵਿਚ ਨੱਤੀਆਂ ਪਾਈਆਂ, ਜਿਨ੍ਹਾਂ ਦੇ ਨਿਸ਼ਾਨ ਹਾਲੀਂ ਤਕ ਮੌਜੂਦ ਨੇ। ਮੇਰੀ ਮਾਂ ਦੱਸਦੀ ਸੀ ਕਿ ਨੱਤੀਆਂ ਪਾਉਣ ਨਾਲ ਮੇਰੇ ਕੰਨ ਸੁੱਜ ਕੇ ਭੜੋਲਾ ਹੋ ਗਏ ਸਨ। ਮੈਂ ਰੋਣੋਂ ਚੁੱਪ ਨਾ ਕਰਾਂ। ਇਕ ਰਾਤ ਮੈਂ ਏਨਾ ਰੋਇਆ ਕਿ ਮੇਰੇ ਬਾਪੂ ਨੇ ਮੇਰੀ ਮਾਂ ਨੂੰ ਕਿਹਾ, ਏਹਨੂੰ ਬਾਹਰ ਪਰਨਾਲੇ ਥੱਲੇ ਸੁੱਟ ਦੇ। ਬਾਹਰ ਮੀਂਹ ਵਰ੍ਹਨ ਦਾ ਸ਼ੋਰ ਤੇ ਅੰਦਰ ਮੇਰੇ ਰੋਣ ਦਾ, ਬਾਪੂ ਵਿਚਾਰਾ ਦੁਖੀ ਹੋ ਗਿਆ ਹੋਣੈ। ਬੜੇ ਦਿਨਾਂ ਬਾਅਦ, ਨਾਨਕਿਆਂ ਦੀ ਰਈ ਮਰਜ਼ੀ ਨਾਲ ਮੇਰੇ ਕੰਨਾਂ ਦੀਆਂ ਨੱਤੀਆਂ ਲਾਹੀਆਂ ਗਈਆਂ ਤਾਂ ਜਾ ਕੇ ਮੈਂ ਘਰਦਿਆਂ ਨੂੰ ਸੁਖ ਦੀ ਨੀਂਦੇ ਸੌਣ ਦਿੱਤਾ!"

ਦਾਰਾ ਸਿੰਘ ਦਾ ਜਨਮ ਸੂਰਤ ਸਿੰਘ ਦੇ ਘਰ ਮਾਤਾ ਬਲਵੰਤ ਕੌਰ ਦੀ ਕੁੱਖੋਂ ਹੋਇਆ ਸੀ। ਉਹਦੀ ਜਨਮ ਤਾਰੀਖ਼ ਉਸ ਦੇ ਪਾਸਪੋਰਟ 'ਤੇ 19 ਨਵੰਬਰ 1928 ਦਰਜ ਹੈ। ਮਾਪਿਆਂ ਨੇ ਉਹਦਾ ਨਾਂ ਦੀਦਾਰ ਸਿੰਘ ਰੱਖਿਆ। ਪਹਿਲਾਂ ਉਸ ਨੂੰ ਦਾਰੀ, ਫਿਰ ਦਾਰਾ, ਦਾਰਾ ਰੰਧਾਵਾ, ਦਾਰਾ ਧਰਮੂਚੱਕੀਆ ਤੇ ਅਖ਼ੀਰ ਫਿਲਮਾਂ ਵਾਲਾ ਦਾਰਾ ਕਿਹਾ ਜਾਂਦਾ ਰਿਹਾ। ਦਾਰੇ ਧਰਮੂਚੱਕੀਏ ਦੀ ਮਸ਼ਹੂਰੀ ਦਾਰੇ ਦੁਲਚੀਪੁਰੀਏ ਤੋਂ ਕਿਤੇ ਵੱਧ ਹੋਈ। ਇਹਦਾ ਕਾਰਨ ਉਹਦਾ ਭਲਵਾਨ ਹੋਣ ਨਾਲ ਫਿਲਮੀ ਐਕਟਰ ਹੋਣਾ ਵੀ ਸੀ। ਟੀਵੀ ਦੇ ਰਾਮਾਇਣ ਲੜੀਵਾਰ 'ਚ ਹਨੂੰਮਾਨ ਦਾ ਰੋਲ ਕਰਨ ਨਾਲ ਉਹਦੀਆਂ ਘਰ-ਘਰ ਗੱਲਾਂ ਹੋਈਆਂ। ਉਹ ਰਾਜ ਸਭਾ ਦਾ ਮੈਂਬਰ ਤੇ ਭਾਰਤੀ ਜੱਟ ਸਮਾਜ ਦਾ ਪ੍ਰਧਾਨ ਬਣਿਆ। ਮਸ਼ਹੂਰੀ ਕਰਾਉਣ 'ਚ ਉਹ ਸਭਨਾਂ ਭਲਵਾਨਾਂ ਨੂੰ ਮਾਤ ਪਾ ਗਿਆ। ਜੰਮਣ ਵੇਲੇ ਕੱਖਪਤੀ ਸੀ, ਕੁਸ਼ਤੀਆਂ ਵੇਲੇ ਲੱਖਪਤੀ ਪਰ ਫਿਲਮੀ ਨਗਰੀ 'ਚ ਕਰੋੜਪਤੀ ਬਣ ਕੇ ਸਵਰਗ ਸਿਧਾਇਆ। ਕਰੋੜਾਂ ਲੋਕਾਂ ਨੇ ਉਹਦੀ ਮੌਤ ਦਾ ਮਾਤਮ ਮਨਾਇਆ।


ਮੈਂ ਦਾਰਾ ਸਿੰਘ ਦੀਆਂ ਕੁਸ਼ਤੀਆਂ ਅੱਖੀਂ ਵੇਖੀਆਂ ਸਨ। ਸਕਰੀਨ ਉਤੇ ਵੀ ਉਸ ਨੂੰ ਕਈ ਰੰਗਾਂ-ਰੂਪਾਂ ਵਿਚ ਤੱਕਿਆ ਸੀ। 1962 ਤੋਂ 67 ਤਕ ਦਿੱਲੀ ਰਹਿੰਦਿਆਂ ਮੈਂ ਦੇਸ਼ ਦੇ ਕਾਫੀ ਖਿਡਾਰੀਆਂ ਨੂੰ ਮਿਲ ਚੁੱਕਾ ਸਾਂ ਤੇ ਉਨ੍ਹਾਂ ਬਾਰੇ ਲਿਖਣਾ ਵੀ ਸ਼ੁਰੂ ਕਰ ਲਿਆ ਸੀ ਪਰ ਦਾਰਾ ਸਿੰਘ ਨੂੰ ਮਿਲਣ ਦਾ ਮੌਕਾ ਨਹੀਂ ਸੀ ਮਿਲਿਆ। ਉਹ 1954 ਵਿਚ ਇੰਡੀਆ ਤੇ 1959 ਵਿਚ ਕਮਨਵੈੱਲਥ ਦੇਸ਼ਾਂ ਦਾ ਚੈਂਪੀਅਨ ਬਣ ਚੁੱਕਾ ਸੀ। ਰਾਜੀਵ ਗਾਂਧੀ ਤੇ ਸੰਜੇ ਗਾਂਧੀ ਵਰਗੇ ਵਿਸ਼ੇਸ਼ ਕਾਕੇ ਹੀ ਉਹਦੇ ਨਾਲ ਫੋਟੋ ਖਿਚਵਾ ਸਕਦੇ ਸਨ। ਮੇਰੇ ਵਰਗਿਆਂ ਦੇ ਮਨਾਂ 'ਚ ਖੁਤਖੁਤੀ ਹੁੰਦੀ, ਕਾਸ਼! ਅਸੀਂ ਵੀ ਦਾਰਾ ਸਿੰਘ ਨਾਲ ਹੱਥ ਮਿਲਾ ਸਕੀਏ।

1967 'ਚ ਮੈਂ ਦਿੱਲੀ ਤੋਂ ਢੁੱਡੀਕੇ ਦੇ



ਕਾਲਜ ਵਿਚ ਆ ਗਿਆ ਜੋ ਜਸਵੰਤ ਸਿੰਘ ਕੰਵਲ ਦਾ ਪਿੰਡ ਹੈ। ਬਲਰਾਜ ਸਾਹਨੀ ਕੰਵਲ ਦਾ ਮਿੱਤਰ ਸੀ ਜੋ ਢੁੱਡੀਕੇ ਆਉਂਦਾ ਜਾਂਦਾ ਰਹਿੰਦਾ ਸੀ। ਉਥੇ ਉਸ ਨੂੰ ਇਕਾਂਤ ਮਿਲ ਜਾਂਦੀ ਸੀ। ਉਹ ਪੰਜਾਬੀ 'ਚ ਕਿਤਾਬਾਂ ਲਿਖਦਾ। ਉਸ ਕੋਲ ਛੋਟਾ ਟਾਈਪ ਰਾਈਟਰ ਹੁੰਦਾ ਸੀ ਜਿਸ ਉਤੇ ਖ਼ੁਦ ਗੁਰਮੁਖੀ 'ਚ ਟਾਈਪ ਕਰਦਾ। 'ਮੇਰਾ ਰੂਸੀ ਸਫ਼ਰਨਾਮਾ' ਤੇ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਉਸ ਨੇ ਟਿਊਬਵੈੱਲ ਦੀ ਕੋਠੜੀ ਵਿਚ ਟਾਈਪ ਕੀਤੇ। ਕੰਵਲ ਵੀ ਬੰਬਈ ਬਲਰਾਜ ਸਾਹਨੀ ਕੋਲ ਜਾਂਦਾ ਰਹਿੰਦਾ ਸੀ। ਉਥੇ ਦਾਰਾ ਸਿੰਘ ਕੰਵਲ ਦਾ ਬੇਲੀ ਬਣ ਗਿਆ ਸੀ। ਕੰਵਲ ਨੇ ਢੁੱਡੀਕੇ ਕਾਲਜ ਦੀ ਮਾਇਕ ਮਦਦ ਲਈ 1967 'ਚ ਦਾਰਾ ਸਿੰਘ ਦੇ ਦੋ ਇਮਦਾਦੀ ਦੰਗਲ ਕਰਵਾਏ। ਇਕ ਮੋਗੇ, ਦੂਜਾ ਫਿਰੋਜ਼ਪੁਰ।

ਉਦੋਂ ਮੈਂ ਦੰਗਲ ਦੀ ਪ੍ਰਬੰਧਕੀ ਡਿਊਟੀ ਉਤੇ ਹੁੰਦਾ ਹੋਇਆ ਵੀ ਦਾਰਾ ਸਿੰਘ ਨਾਲ ਮੁਲਾਕਾਤ ਨਹੀਂ ਸਾਂ ਕਰ ਸਕਿਆ। ਦਾਰਾ ਸਿੰਘ ਪੁਲਿਸ ਦੇ ਪਹਿਰੇ ਹੇਠ ਆਉਂਦਾ, ਗੱਡੀ 'ਚੋਂ ਗਾਊਨ ਪਾਈ ਨਿਕਲਦਾ, ਰਿੰਗ 'ਚ ਗਾਊਨ ਉਤਾਰਦਾ, ਉਹਦਾ ਗੋਰਾ-ਗੰਦਵੀਂ ਜੁੱਸਾ ਲਿਸ਼ਕਦਾ ਤੇ ਕੁਸ਼ਤੀ ਸ਼ੁਰੂ ਹੋ ਜਾਂਦੀ। ਪਹਿਲਵਾਨ ਇਕ ਦੂਜੇ ਨੂੰ ਚੁੱਕ-ਚੁੱਕ ਮਾਰਦੇ।




ਉਹ ਵਿਰੋਧੀ ਪਹਿਲਵਾਨ ਨੂੰ ਬਾਹਾਂ 'ਤੇ ਬਾਲਾ ਕੱਦਣ ਵਾਂਗ ਚੁੱਕ ਲੈਂਦਾ ਤੇ ਘੁਮਾ ਕੇ ਸੁੱਟਦਾ। ਵਿਰੋਧੀ ਫਿਰ ਉਠ ਨਾ ਸਕਦਾ ਤੇ ਕੁਸ਼ਤੀ ਖ਼ਤਮ ਹੋ ਜਾਂਦੀ। ਦਰਸ਼ਕਾਂ ਦੀ ਬੱਲੇ-ਬੱਲੇ ਨਾਲ ਹੀ ਦਾਰਾ ਸਿੰਘ 'ਔਹ ਜਾਂਦਾ-ਔਹ ਜਾਂਦਾ' ਹੋ ਜਾਂਦੀ। ਮੇਰੇ ਕੋਲ ਦਾਰਾ ਸਿੰਘ ਬਾਰੇ ਜਾਣਕਾਰੀ ਤਾਂ ਕਾਫੀ ਸੀ ਪਰ ਮੈਂ ਉਹਦੇ ਬਾਰੇ ਲਿਖਣ ਲਈ ਮੁਲਾਕਾਤ ਦੀ ਉਡੀਕ ਕਰਦਾ ਰਿਹਾ। ਇਹ ਗੱਲ ਮੈਂ ਅਕਸਰ ਕੰਵਲ ਨਾਲ ਸਾਂਝੀ ਕਰਦਾ।

ਇੱਕ ਸਵੇਰ ਮੈਂ ਘਰੋਂ ਨਿਕਲਿਆ ਤਾਂ ਕੰਵਲ ਆਪਣੇ ਘਰ ਮੂਹਰੇ ਮਿਲਿਆ। ਕਹਿਣ ਲੱਗਾ, "ਅੱਜ ਜਲੰਧਰ ਦਾਰੇ ਦੀ ਕੁਸ਼ਤੀ ਐ। ਤੂੰ ਕਈ ਵਾਰ ਕਹਿ ਚੁੱਕੈਂ, ਚੱਲ ਕਰ ਲਈਂ ਅੱਜ ਖੁੱਲ੍ਹੀਆਂ ਗੱਲਾਂ। ਮੈਂ ਕਾਦਰ ਕੋਲ ਦਾਰੇ ਨੂੰ ਸੁਨੇਹਾ ਭੇਜ ਦਿੱਤੈ।"

ਜੂਨ 1978 ਦਾ ਤਪਿਆ ਦਿਨ ਸੀ। ਅਸੀਂ ਤਿੱਖੜ ਦੁਪਹਿਰੇ ਢੁੱਡੀਕੇ ਤੋਂ ਜਲੰਧਰ ਨੂੰ ਚਾਲੇ ਪਾਏ। ਉਦੋਂ ਮੇਰੀ ਕਿਤਾਬ 'ਪੰਜਾਬ ਦੇ ਉੱਘੇ ਖਿਡਾਰੀ' ਛਪੀ ਹੀ ਸੀ। ਉਹ ਮੈਂ ਦਾਰਾ ਸਿੰਘ ਨੂੰ ਭੇਟ ਕਰਨ ਲਈ ਝੋਲੇ 'ਚ ਪਾ ਲਈ। ਅਸੀਂ ਜਲੰਧਰ ਦੇ ਸਕਾਈ ਲਾਰਕ ਹੋਟਲ ਦੀਆਂ ਪੌੜੀਆਂ ਚੜ੍ਹਨ ਲੱਗੇ ਤਾਂ ਪੌੜੀਆਂ ਉਤਰਦਾ ਕਸ਼ਮੀਰ ਕਾਦਰ ਮਿਲ ਪਿਆ। ਉਹ ਬੌਂਦਲਿਆ ਫਿਰਦਾ ਸੀ। ਉਸ ਨੇ ਹੀ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਚ ਦਾਰੇ ਦੀ ਕੁਸ਼ਤੀ ਦਾ ਪ੍ਰਬੰਧ ਕੀਤਾ ਸੀ। ਬਾਅਦ ਦੁਪਹਿਰ ਖ਼ਬਰ ਮਿਲੀ ਕਿ ਅਕਾਲ ਤਖ਼ਤ ਤੋਂ ਨਿਰੰਕਾਰੀਆਂ ਖ਼ਿਲਾਫ਼ ਹੁਕਮਨਾਮਾ ਜਾਰੀ ਹੋਣ ਕਰਕੇ ਪੰਜਾਬ 'ਚ ਕਰਫ਼ੂ ਲੱਗ ਸਕਦੈ। ਤਦੇ ਦਫ਼ਾ ਚੁਤਾਲੀ ਲੱਗਣ ਦੀ ਖ਼ਬਰ ਆ ਗਈ। ਅਸੀਂ ਦਾਰਾ ਸਿੰਘ ਦੇ ਕਮਰੇ 'ਚ ਗਏ ਤਾਂ ਅੰਦਰ ਬੈਠੇ ਭਲਵਾਨਾਂ 'ਚੋਂ ਇਕ ਨੇ ਕਿਹਾ, "ਦਾਰਾ ਜੀ ਹਾਲੇ ਨਹੀਂ ਆਏ। ਆਓ ਬੈਠੋ, ਉਹ ਆਉਣ ਈ ਵਾਲੇ ਨੇ।"

ਮੈਂ ਭਲਵਾਨਾਂ ਦੇ ਜੁੱਸਿਆਂ, ਕਲੀਆਂ ਵਾਲੇ ਕੁੜਤਿਆਂ ਤੇ ਝੋਲਿਆਂ 'ਤੇ ਨਜ਼ਰ ਮਾਰੀ, ਉਹ ਜਾਨੀਆਂ ਵਾਂਗ ਸਜੇ ਬੈਠੇ ਸਨ। ਉਤਲੀ ਮੰਜ਼ਿਲ ਤੋਂ ਹੇਠਾਂ ਨਜ਼ਰ ਮਾਰੀ ਤਾਂ ਦਰਸ਼ਕ ਦਾਰਾ ਸਿੰਘ ਦੇ ਦਰਸ਼ਨਾਂ ਦੀ ਉਡੀਕ ਕਰ ਰਹੇ ਸਨ। ਜਿਵੇਂ-ਜਿਵੇਂ ਸ਼ਾਮ ਢਲਣੀ ਸ਼ੁਰੂ ਹੋਈ ਦਰਸ਼ਕਾਂ ਨੂੰ ਪੱਕ ਹੁੰਦਾ ਗਿਆ ਕਿ ਹੁਣ ਕੁਸ਼ਤੀਆਂ ਨਹੀਂ ਹੋਣਗੀਆਂ। ਸ਼ਾਮੀਂ ਸਾਡੀ ਦਾਰਾ ਸਿੰਘ ਨਾਲ ਮੁਲਾਕਾਤ ਹੋ ਸਕੀ। ਉਹ ਮੁਸਕਰਾ ਕੇ ਤਪਾਕ ਨਾਲ ਮਿਲਿਆ। ਕੰਵਲ ਤੋਂ ਘਰ ਪਰਿਵਾਰ ਦਾ ਹਾਲ-ਚਾਲ ਪੁੱਛਿਆ। ਹਾਲ-ਚਾਲ ਦੱਸ ਕੇ ਕੰਵਲ ਨੇ ਮੇਰੀ ਖੇਡ ਲੇਖਕ ਵਜੋਂ ਜਾਣ-ਪਛਾਣ ਕਰਾ ਦਿੱਤੀ। ਉਹ ਦੋ ਮਿੰਟ ਦੀ ਆਗਿਆ ਲੈ ਕੇ ਬਾਹਰ ਟੈਰਸ 'ਤੇ ਖੜ੍ਹੇ ਪਹਿਲਵਾਨ ਪ੍ਰੋਫੈਸਰ ਕਸ਼ਮੀਰਾ ਸਿੰਘ ਕੋਲ ਚਲਾ ਗਿਆ। ਹੇਠਾਂ ਉਹਦੇ ਦਰਸ਼ਨ ਅਭਿਲਾਸ਼ੀ ਖ਼ੁਸ਼ੀ ਨਾਲ ਚਾਂਭਲ ਪਏ, "ਔਹ ਦਾਰਾ ਸਿੰਘ, ਔਹ ਦੇਖੋ ਦਾਰਾ ਸਿੰਘ!"

ਟੈਰਸ 'ਤੇ ਖੜ੍ਹ ਕੇ ਦਾਰਾ ਸਿੰਘ ਨੇ ਹੇਠਾਂ ਖੜ੍ਹੇ ਸ਼ਰਧਾਲੂਆਂ ਨੂੰ ਹੱਥ ਹਿਲਾ ਕੇ ਦਰਸ਼ਨ ਦਿੱਤੇ। ਫਿਰ ਉਹ ਸਾਡੇ ਵਿਚਕਾਰ ਆਣ ਬੈਠਾ ਤੇ ਕਹਿਣ ਲੱਗਾ, "ਹੁਣ ਕਰੋ ਕੋਈ ਗੱਲ ਸ਼ੁਰੂ।" ਮੈਂ ਗੱਲ ਸ਼ੁਰੂ ਕਰਨ ਲੱਗਾ ਤਾਂ ਕੁਝ ਫੌਜੀ ਕਮਰੇ 'ਚ ਆ ਗਏ। ਉਨ੍ਹਾਂ ਨਾਲ ਇਕ ਫੋਟੋਗਰਾਫਰ ਸੀ। ਉਨ੍ਹਾਂ ਨੇ ਅਰਜ਼ ਕੀਤੀ, "ਪਹਿਲਵਾਨ ਜੀ, ਹਮ ਨੇ ਆਪ ਕੇ ਸਾਥ ਫੋਟੋ ਉਤਰਵਾਨੀ ਹੈ। ਮਿਹਰਬਾਨੀ ਕੀਜੀਏ।"

ਦਾਰਾ ਸਿੰਘ ਅੱਖਾਂ ਹੀ ਅੱਖਾਂ ਨਾਲ ਸਾਥੋਂ ਪੁੱਛ ਕੇ ਸੀਟ ਤੋਂ ਉੱਠ ਖੜ੍ਹਾ ਹੋਇਆ। ਫੌਜੀ ਉਹਦੀਆਂ ਕੱਛਾਂ ਹੇਠ ਆ ਗਏ। ਕੈਮਰੇ ਦੀ ਅੱਖ ਜਗੀ ਤਾਂ ਇਕ ਲਾਲਾ ਜੀ ਕਹਿਣ ਲੱਗੇ, "ਮੈਂ ਜੀ ਆਪਣੇ ਬੱਚੇ ਦੀ ਫੋਟੋ ਤੁਹਾਡੇ ਨਾਲ ਖਿਚਾਉਣੀ ਐਂ।" ਉਹ ਫੋਟੋ ਵੀ ਖਿੱਚੀ ਗਈ। ਫਿਰ ਹੋਟਲ ਦਾ ਬਹਿਰਾ ਫੋਟੋ ਖਿਚਾਉਣ ਲੱਗਾ। ਅਖ਼ੀਰ ਪਹਿਲਵਾਨ ਦਾ ਖਹਿੜਾ ਓਦੋਂ ਛੁੱਟਾ ਜਦੋਂ ਕੈਮਰੇ ਦੀ ਰੀਲ੍ਹ ਈ ਮੁੱਕ ਗਈ। ਦਾਰਾ ਸਿੰਘ ਦੁਬਾਰਾ ਮੇਰੇ ਕੋਲ ਗੋਡੇ ਨਾਲ ਗੋਡਾ ਜੋੜ ਕੇ ਬਹਿ ਗਿਆ। ਉਹਦੇ ਕਾਸ਼ਨੀ ਧਾਰੀਆਂ ਵਾਲੀ ਕਾਲੀ ਪਤਲੂਣ ਪਾਈ ਹੋਈ ਸੀ ਤੇ ਚਿੱਟੇ ਫੁੱਲਾਂ ਵਾਲੀ ਕਾਲੀ ਬੁਸ਼ਰਟ। ਗੋਡੇ ਨਾਲ ਗੋਡਾ ਜੋੜੀ ਮੈਂ ਰੁਸਤਮ ਪਹਿਲਵਾਨ ਦੀ ਛੋਹ ਪਹਿਲੀ ਵਾਰ ਮਹਿਸੂਸ ਕੀਤੀ। ਪੈਂਟ ਉਹਦੇ ਪੱਟਾਂ ਵਿਚ ਫਸੀ ਪਈ ਸੀ ਤੇ ਛਾਤੀ ਉਭਰੀ ਹੋਈ ਸੀ। ਹੱਥ ਵੱਡੇ ਤੇ ਲਿੰਗਰ ਸਨ।

ਮੈਂ ਕਿਹਾ, "ਮੈਂ ਤੇ ਕੰਵਲ ਸਾਹਿਬ ਰਾਹ 'ਚ ਤੁਹਾਡੇ ਬਾਰੇ ਗੱਲਾਂ ਕਰਦੇ ਆਏ ਆਂ। ਤੁਹਾਡੀਆਂ ਕਈ ਗੱਲਾਂ ਕੰਵਲ ਸਾਹਿਬ ਨੇ ਦੱਸੀਆਂ।"

"ਇਹ ਜਾਣੀਜਾਣ ਜੁ ਹੋਏ।" ਦਾਰਾ ਸਿੰਘ ਫਿਰ ਮੁਸਕਰਾਇਆ।

ਕੰਵਲ ਸਾਹਿਬ ਨੇ ਹਾਸੇ ਵਿਚ ਕਿਹਾ, "ਬੇਫ਼ਿਕਰ ਰਹੋ ਮੈਂ ਘਰ ਦੀ ਕੋਈ ਗੱਲ ਨਹੀਂ ਦੱਸੀ।" ਮਾਹੌਲ ਸਹਿਜ ਸੁਖਾਵਾਂ ਹੋ ਗਿਆ। ਹੁਣ ਇਕੋ ਡਰ ਸੀ ਕਿ ਕੋਈ ਹੋਰ ਨਾ ਫੋਟੋ ਖਿਚਾਉਣ ਆ ਜਾਵੇ। ਮੈਂ ਮਨ 'ਚ ਸੋਚਿਆ, ਪਹਿਲਵਾਨ ਨੇ ਦੁਨੀਆ ਘੁੰਮੀ ਐਂ। ਫਜ਼ੂਲ ਗੱਲਾਂ 'ਚ ਸਮਾਂ ਗੁਆਉਣ ਦੀ ਥਾਂ ਜਿਹੜੇ ਗਿਣਤੀ ਦੇ ਮਿੰਟ ਹਨ ਪਹਿਲਵਾਨ ਦੀਆਂ ਗੱਲਾਂ ਸੁਣੀਆਂ ਜਾਣ।

ਮੈਂ ਕਿਹਾ, "ਆਪਣੇ ਬਚਪਨ ਬਾਰੇ ਕੁਝ ਦੱਸੋ।" ਦਾਰਾ ਸਿੰਘ ਕੁਰਸੀ 'ਤੇ ਠੀਕ ਠਾਕ ਹੋਇਆ। ਮੈਂ ਉਹਦੀ ਠੋਡੀ ਵਿਚ ਪੈਂਦਾ ਟੋਆ, ਮੱਥੇ ਦੀ ਲਕੀਰ, ਹੱਥਾਂ ਦੀਆਂ ਉਭਰੀਆਂ ਨਾੜਾਂ ਤੇ ਚਿੱਟੇ ਦੰਦਾਂ ਦੀ ਤਸਵੀਰ ਮਨ ਵਿਚ ਉਤਾਰ ਲਈ। ਠੋਹਲੀ ਪਾਲ ਦਾ ਇਕ ਦੰਦ ਰਤਾ ਕੁ ਅੱਗੇ ਨੂੰ ਵਧਿਆ ਹੋਇਆ ਸੀ। ਖੱਬੀ ਸਿਹਲੀ 'ਤੇ ਚੋਟ ਦਾ ਨਿਸ਼ਾਨ ਸੀ। ਪੇਟ ਨਾਮਾਤਰ ਵਧਿਆ, ਹੱਥ ਚੌੜੇ ਤੇ ਸਮੁੱਚਾ ਵਜੂਦ ਸਡੌਲਤਾ ਵਿਚ ਢਲਿਆ ਹੋਇਆ ਸੀ। ਸਿਹਲੀਆਂ ਸੰਘਣੀਆਂ ਤੇ ਕੰਨ ਆਮ ਪਹਿਲਵਾਨਾਂ ਵਾਂਗ ਲਾਟੂਆਂ ਵਾਂਗ ਗੋਲ ਸਨ। ਉਸ ਨੇ ਦੱਸਣਾ ਸ਼ੁਰੂ ਕੀਤਾ, "ਮੇਰਾ ਜਨਮ ਧਰਮੂਚੱਕ 'ਚ ਹੋਇਆ। 1928 ਦਾ ਮੇਰਾ ਜਨਮ ਆਂ। ਡੇਰੇ ਦੇ ਸੰਤ ਬਾਬਾ ਸ਼ਾਮ ਸਿੰਘ ਕੋਲੋਂ ਗੁਰਮੁਖੀ ਸਿੱਖੀ। ਫਿਰ ਦਾਦੇ ਨੇ ਸਕੂਲੋਂ ਹਟਾ ਕੇ ਕਿਸਾਨੀ ਦੇ ਕੰਮਾਂ 'ਚ ਲਾ ਲਿਆ। ਫਿਰ ਮੈਂ ਘੁਲਣ ਅੱਲੇ ਆ ਗਿਆ...।"

ਦਾਰਾ ਸਿੰਘ ਨਾਲ ਅੱਧਾ ਘੰਟਾ ਖੁੱਲ੍ਹੀਆਂ ਗੱਲਾਂ ਬਾਤਾਂ ਹੋਈਆਂ ਜਿਨ੍ਹਾਂ ਤੋਂ ਅਹਿਸਾਸ ਹੋਇਆ ਕਿ ਉਹ ਚੋਟੀ ਦਾ ਭਲਵਾਨ ਹੀ ਨਹੀਂ, ਵਧੀਆ ਇਨਸਾਨ ਵੀ ਸੀ। ਉਹਦੇ ਚਿਹਰੇ ਦਾ ਖੇੜਾ ਤੇ ਮਿਲਣਸਾਰ ਤਬੀਅਤ ਹਰ ਕਿਸੇ ਨੂੰ ਆਪਣੇ ਵੱਲ ਖਿੱਚ ਲੈਂਦੀ ਸੀ। ਛੇ ਫੁੱਟ ਦੋ ਇੰਚ ਕੱਦ ਤੇ ਪੰਜਾਹ ਇੰਚ ਛਾਤੀ ਵਾਲੇ ਸੁੰਦਰ ਸਡੌਲ ਸਰੀਰ ਵੱਲ ਸਭ ਪਰਸ਼ੰਸਾ ਦੀਆਂ ਨਜ਼ਰਾਂ ਨਾਲ ਤੱਕਦੇ ਸਨ। ਉਹਦੀ ਮਿੱਤ੍ਰਤਾ ਦਾ ਘੇਰਾ ਖੇਡਾਂ ਤੇ ਫਿਲਮੀ ਹਸਤੀਆਂ ਤੋਂ ਲੈ ਕੇ ਸਿਆਸਤਦਾਨਾਂ, ਸਾਹਿਤਕਾਰਾਂ ਤੇ ਹਾਲੀਆਂ ਪਾਲੀਆਂ ਸਭਨਾਂ ਤਕ ਸੀ। ਬੱਚਿਆਂ ਤੇ ਨੌਜੁਆਨਾਂ ਵਿਚ ਉਸ ਨੂੰ ਨੇੜਿਓਂ ਵੇਖਣ ਦੀ ਪਰਬਲ ਰੀਝ ਸੀ। ਬੇਸ਼ਕ ਉਸ ਨੇ ਏਸ਼ਿਆਈ, ਕਾਮਨਵੈੱਲਥ ਤੇ ਓਲੰਪਿਕ ਖੇਡਾਂ 'ਚੋਂ ਕੋਈ ਤਗਮਾ ਨਹੀਂ ਸੀ ਜਿੱਤਿਆ ਪਰ ਉਹ ਫਰੀ ਸਟਾਈਲ ਕੁਸ਼ਤੀ ਦਾ ਵਿਸ਼ਵ ਚੈਂਪੀਅਨ ਸੀ।

ਦਾਰਾ ਸਿੰਘ ਤੋਂ ਵਿਦਾ ਹੁੰਦਿਆਂ ਮੈਂ ਪੁੱਛਿਆ ਸੀ, "ਜ਼ਿੰਦਗੀ ਦੀ ਸਭ ਤੋਂ ਵੱਡੀ ਖ਼ੁਸ਼ੀ ਕਦੋਂ ਮਿਲੀ?"

ਉਸ ਨੇ ਹੱਥ ਮਿਲਾਂਦਿਆਂ ਕਿਹਾ ਸੀ, "ਖ਼ੁਸ਼ੀ ਦੇ ਬੜੇ ਮੌਕੇ ਆਏ। ਖ਼ੁਸ਼ੀ ਤਾਂ ਮਨ ਦੀ ਕਨਸੈਪਟ ਆ। ਨਿੱਕੇ ਹੁੰਦਿਆਂ ਵੇਲੇ ਨਾਲ ਪੱਠੇ ਵੱਢ ਲੈਣੇ ਤਾਂ ਮਨ ਖ਼ੁਸ਼ ਹੋ ਜਾਂਦਾ ਸੀ। ਹੁਣ ਵੱਡੀਆਂ ਤੋਂ ਵੱਡੀਆਂ ਮੱਲਾਂ ਮਾਰ ਲਈਏ ਤਾਂ ਵੀ ਮਨ ਉਤਰ੍ਹਾਂ ਖ਼ੁਸ਼ ਨਹੀਂ ਹੁੰਦਾ। ਉਂਜ ਮਨ ਨੂੰ ਖ਼ੁਸ਼ ਈ ਰੱਖਣਾ ਚਾਹੀਦਾ।"

ਉਸ ਨੇ ਚੰਡੀਗੜ੍ਹ ਲਾਗੇ ਮੁਹਾਲੀ ਵਿਚ ਬੜਾ ਵੱਡਾ ਦਾਰਾ ਫਿਲਮ ਸਟੂਡੀਓ ਬਣਵਾਇਆ। ਆਪਣੇ ਪਿੰਡ, ਗੁਆਂਢੀ ਪਿੰਡ ਤੇ ਮੇਰਠ ਵਿਚ ਜ਼ਮੀਨ ਖ਼ਰੀਦੀ, ਅੰਮ੍ਰਿਤਸਰ ਮਕਾਨ ਲਿਆ ਤੇ ਮੁੰਬਈ ਵਿਚ ਬੰਗਲੇ ਲਏ। ਦਾਰੇ ਤੇ ਐਕਟਰ ਧਰਮਿੰਦਰ ਵਿਚਕਾਰ ਭਰਾਵਾਂ ਵਰਗਾ ਪਿਆਰ ਸੀ। ਉਹਦੀ ਮਿੱਤ੍ਰਤਾ ਦਾ ਦਾਇਰਾ ਬੜਾ ਵਸੀਹ ਸੀ। ਉਹ ਫਿਲਮ ਜਗਤ ਦੇ ਕਹਿੰਦੇ ਕਹਾਉਂਦੇ ਕਲਾਕਾਰਾਂ, ਡਾਇਰੈਕਟਰਾਂ ਤੇ ਪ੍ਰੋਡਿਊਸਰਾਂ ਦੇ ਸਤਿਕਾਰ ਦਾ ਪਾਤਰ ਸੀ। ਫਿਲਮ ਨਗਰੀ ਦੇ ਜਿੰਨੇ ਕਲਾਕਾਰ ਤੇ ਅਦਾਕਾਰ ਉਹਦੀ ਅਰਥੀ ਨਾਲ ਗਏ ਉਨੇ ਪਹਿਲਾਂ ਕਦੇ ਨਹੀਂ ਸਨ ਵੇਖੇ ਗਏ।

ਉਹਦਾ ਦੇਹਾਂਤ 11 ਜੁਲਾਈ 2012 ਨੂੰ ਮੁੰਬਈ ਵਿਚ ਹੋਇਆ। ਉਹਦੀ ਮੌਤ ਦੀ ਖ਼ਬਰ ਮੀਡੀਏ ਨੇ 'ਬ੍ਰੇਕਿੰਗ ਨਿਊਜ਼' ਵਜੋਂ ਫਲੈਸ਼ ਕੀਤੀ। ਜੀਹਨੂੰ ਨਹੀਂ ਸੀ ਪਤਾ ਉਹਨੂੰ ਵੀ ਦਾਰੇ ਪਹਿਲਵਾਨ ਦੇ ਸਵਰਗ ਸਿਧਾਰ ਜਾਣ ਦਾ ਪਤਾ ਲੱਗ ਗਿਆ। ਭਾਰਤ ਦੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਤਕ ਨੇ ਸ਼ੋਕ ਸੁਨੇਹੇ ਭੇਜੇ। ਦੇਸ਼ ਵਿਦੇਸ਼ ਦੀਆਂ ਅਖ਼ਬਾਰਾਂ, ਰੇਡੀਓ ਤੇ ਟੀਵੀ ਰਾਹੀਂ ਉਸ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਂਦੀਆਂ ਰਹੀਆਂ। ਬੀਬੀਸੀ ਨੇ ਵੀ ਉਚੇਚਾ ਤਬਸਰਾ ਕੀਤਾ। ਅਖ਼ਬਾਰਾਂ ਰਸਾਲਿਆਂ ਵਿਚ ਉਹਦੇ ਬਾਰੇ ਵਿਸ਼ੇਸ਼ ਫੀਚਰ ਛਪੇ। ਟੀਵੀ ਚੈਨਲਾਂ ਨੇ ਉਹਦੀਆਂ ਫਿਲਮੀ ਝਾਕੀਆਂ ਵਿਖਾਈਆਂ। ਉਹਦੀ ਮਹਿਮਾ ਦੇਸ਼ ਵਿਦੇਸ਼ ਦੀਆਂ ਹੱਦਾਂ ਬੰਨੇ ਟੱਪ ਗਈ ਜਦ ਕਿ ਦਾਰੇ ਦੁਲਚੀਪੁਰੀਏ ਦੀ ਮੌਤ ਗੁੰਮਨਾਮ ਜਿਹੀ ਹੋਈ ਸੀ। ਤਦ ਤੱਕ ਲੋਕਾਂ ਨੂੰ ਭੁੱਲ ਹੀ ਗਿਆ ਸੀ ਕਿ ਕੋਈ ਹੋਰ ਦਾਰਾ ਪਹਿਲਵਾਨ ਵੀ ਹੁੰਦਾ ਸੀ। ਦਾਰਾ ਕਿੱਲਰ ਵੱਡਾ ਭਲਵਾਨ ਹੋਣ ਦੇ ਬਾਵਜੂਦ ਵੱਡੇ ਬੰਦਿਆਂ ਦੀਆਂ ਨਜ਼ਰਾਂ ਵਿਚ ਨਹੀਂ ਸੀ ਆ ਸਕਿਆ। ਵੱਡਾ ਦਾਰਾ ਬਦਕਿਸਮਤ ਰਿਹਾ, ਛੋਟਾ ਦਾਰਾ ਖ਼ੁਸ਼ਕਿਸਮਤ। ਉਂਜ ਦੋਵੇਂ ਦਾਰੇ ਪੰਜਾਬ ਦਾ ਮਾਣ ਸਨ ਤੇ ਦੇਸ਼ ਦੀ ਸ਼ਾਨ!



# ਅਦਿਤੀ ਰਾਓ ਦੀ ਰਵਾਇਤੀ ਦਿੱਖ

ਫਰਾਂਸ ਦੇ ਕਾਨ ਫਿਲਮ ਮੇਲੇ 2024 ਵਿਚ ਹਿੱਸਾ ਲੈਣ ਵਾਲੀ ਅਦਾਕਾਰਾ ਅਦਿਤੀ ਰਾਓ ਹੈਦਰੀ ਨੇ ਸੋਸ਼ਲ ਮੀਡੀਆ 'ਤੇ ਆਪਣੀ ਪਹਿਲੀ ਦਿੱਖ ਦੀਆਂ ਤਸਵੀਰਾਂ ਸਾਂਝੀਆਂ ਕਰ ਕੇ ਆਪਣੇ ਪ੍ਰਸ਼ੰਸਕਾਂ ਨੂੰ ਹੈਰਾਨ ਕਰ ਦਿੱਤਾ। ਅਦਾਕਾਰਾ ਨੇ ਹਾਲ ਹੀ ਵਿਚ ਫਿਲਮਸਾਜ਼ ਸੰਜੈ ਲੀਲਾ ਭੰਸਾਲੀ ਦੀ ਵੈੱਬ ਸੀਰੀਜ਼ 'ਹੀਰਾਮੰਡੀ' ਵਿਚ ਬੀਬੋਜਾਨ ਦਾ ਰੋਲ ਨਿਭਾ ਕੇ ਕਾਫ਼ੀ ਪ੍ਰਸਿੱਧੀ ਖੱਟੀ ਸੀ।

ਅਦਿਤੀ ਰਾਓ ਹੈਦਰੀ ਨੇ ਇੰਸਟਾਗ੍ਰਾਮ ਪੇਜ 'ਤੇ ਆਪਣੇ ਖ਼ੂਬਸੂਰਤ ਰਵਾਇਤੀ ਲਿਬਾਸ ਦੀਆਂ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਉਸ ਨੇ ਲਿਬਾਸ ਨਾਲ ਮੇਲ ਖਾਂਦੇ ਝੁਮਕੇ ਪਾਉਣ ਤੋਂ ਇਲਾਵਾ ਵਾਲਾਂ ਨੂੰ ਬੰਨ੍ਹ ਕੇ ਗਜਰਾ ਸਜਾਇਆ ਹੋਇਆ ਹੈ। ਇਨ੍ਹਾਂ ਤਸਵੀਰਾਂ ਨਾਲ ਉਸ ਨੇ ਕੈਪਸ਼ਨ ਵੀ ਲਿਖੀ ਹੈ: 'ਬੀਬੋਜਾਨ ਇਸ ਦੇ ਲਾਇਕ ਹੈ! ਕਾਨ ਵਿਚ ਮੇਰਾ ਪਹਿਲਾ ਦਾਖ਼ਲਾ ਹੈ।' ਅਦਾਕਾਰਾ ਹੁਣ ਕਿਸ਼ੋਰ ਪਾਂਡੂਰੰਗ ਬੇਲਕਰ ਦੀ ਆਉਣ ਵਾਲੀ ਕਾਮੇਡੀ ਫਿਲਮ 'ਗਾਂਧੀ ਟਾਕਸ' ਵਿਚ ਵਿਜੈ ਸੇਤੂਪਤੀ ਅਤੇ ਮਹੇਸ਼ ਮੰਜਰੇਕਰ ਨਾਲ ਦਿਖਾਈ ਦੇਵੇਗੀ। ਇਸ ਤੋਂ ਇਲਾਵਾ ਉਹ ਇਤਿਹਾਸਕ ਨਾਟਕ 'ਸ਼ੇਰਨੀ' ਵਿਚ ਵੀ ਦਿਖਾਈ ਦੇਵੇਗੀ।

# ਸੰਗੀਤਕਾਰ ਰਹਿਮਾਨ ਦੀਆਂ ਔਖੀਆਂ ਘੜੀਆਂ...

**ਕੁਦਰਤ ਕੌਰ**

ਆਸਕਰ ਅਤੇ ਗ੍ਰੈਮੀ ਪੁਰਸਕਾਰ ਜੇਤੂ ਸੰਗੀਤਕਾਰ ਏ.ਆਰ. ਰਹਿਮਾਨ ਵੱਲੋਂ ਹਾਲ ਹੀ ਵਿਚ ਰਿਲੀਜ਼ ਐਲਬਮ 'ਅਮਰ ਸਿੰਘ ਚਮਕੀਲਾ' ਲੋਕਾਂ ਨੇ ਕਾਫ਼ੀ ਪਸੰਦ ਕੀਤੀ ਹੈ। ਇਸ ਦੌਰਾਨ ਉਨ੍ਹਾਂ ਆਪਣਾ ਪੁਰਾਣਾ ਵਕਤ ਯਾਦ ਕਰਦਿਆਂ ਦੱਸਿਆ ਕਿ ਕਿਵੇਂ ਉਨ੍ਹਾਂ ਨੂੰ ਇੱਕ ਵਾਰ ਪੇਸ਼ੇਵਰ ਅਤੇ ਵਿਅਕਤੀਗਤ ਤੌਰ 'ਤੇ ਚੁਣੌਤੀਪੂਰਨ ਸਥਿਤੀ ਦਾ ਸਾਹਮਣਾ ਕਰਨਾ ਪਿਆ ਸੀ। ਸੰਗੀਤਕਾਰ ਰਹਿਮਾਨ ਨੇ ਕਿਹਾ, "ਉਸ ਵੇਲੇ ਮੈਂ ਅਜੇ ਕੰਮ ਲਈ ਜੂਝ ਰਿਹਾ ਸਾਂ। ਇਹ ਗੱਲ 1986-1987 ਦੀ ਹੈ। ਮੈਂ ਇੱਕ ਫਿਲਮ ਲਈ ਸੰਗੀਤ ਤਿਆਰ ਕਰ ਰਿਹਾ ਸਾਂ ਤੇ ਮੇਰੀ ਭੈਣ ਬਿਮਾਰ ਹੋ ਗਈ। ਫਿਲਮ ਦੇ ਨਿਰਮਾਤਾ ਲਈ ਬਜਟ ਦੀ ਸਮੱਸਿਆ ਸੀ ਅਤੇ ਪ੍ਰੋਜੈਕਟ ਸ਼ਾਮ ਪੰਜ ਵਜੇ ਤੱਕ ਮੁਕੰਮਲ ਕਰਨਾ ਸੀ। ਉਸ ਦਿਨ ਪੰਜ ਬੜੀ ਮੁਸ਼ਕਿਲ ਨਾਲ ਵੱਜੇ ਸਨ। ਮੈਂ ਆਪਣਾ ਕੰਮ ਮੁਕੰਮਲ ਕੀਤਾ ਅਤੇ ਸਿੱਧਾ ਹੀ ਹਸਪਤਾਲ ਪੁੱਜਿਆ। ਸ਼ੁਕਰ ਹੋਇਆ ਕਿ ਭੈਣ ਛੇਤੀ ਹੀ ਠੀਕ ਹੋ ਗਈ। ਬਾਅਦ ਵਿਚ ਉਸ ਦਿਨ ਤਿਆਰ ਕੀਤਾ ਸੰਗੀਤ ਬਹੁਤ ਪਸੰਦ ਕੀਤਾ ਗਿਆ। ਇਸ ਤੋਂ ਬਾਅਦ ਫਿਰ ਮੈਂ ਕਦੀ ਪਿੱਛੇ ਮੁੜ ਕੇ ਨਹੀਂ ਦੇਖਿਆ।"

ਉਨ੍ਹਾਂ ਕਿਹਾ ਕਿ ਕਲਾਕਾਰਾਂ ਦੀ ਜ਼ਿੰਦਗੀ ਵਿਚ ਅਜਿਹੇ ਮਰਹੱਲੇ ਅਕਸਰ ਆਉਂਦੇ ਰਹਿੰਦੇ ਜਦੋਂ ਤੁਹਾਨੂੰ ਅਜਿਹੇ ਹਾਲਾਤ ਦਾ ਸਾਹਮਣਾ ਕਰਨਾ ਪੈਂਦਾ ਹੈ। ਉਸ ਵਕਤ ਤੁਸੀਂ ਭਾਵੇਂ ਕੰਮ ਕਰਨ ਲਈ ਤਿਆਰ ਨਹੀਂ ਹੁੰਦੇ ਪਰ ਤੁਹਾਨੂੰ ਇਹ ਹਰ ਹਾਲ ਕਰਨਾ ਪੈਂਦਾ ਹੈ। ਕਈ ਵਾਰ ਤੁਸੀਂ ਖੁਸ਼ੀ ਦੇ ਗੀਤ 'ਤੇ ਕੰਮ ਕਰ ਰਹੇ ਹੁੰਦੇ ਹੋ ਪਰ ਤੁਹਾਡਾ ਮਨ ਬਹੁਤ ਉਦਾਸ ਹੋ ਸਕਦਾ ਹੈ। ਕਈ ਵਾਰ ਤੁਸੀਂ ਬਹੁਤ ਖੁਸ਼ ਹੋ ਸਕਦੇ ਹੋ ਪਰ ਤੁਹਾਨੂੰ ਗਮੀ ਬਾਰੇ ਗੀਤ 'ਤੇ ਕੰਮ ਕਰਨਾ ਪੈਂਦਾ ਹੈ।



ਯਾਦ ਰਹੇ ਕਿ ਰਹਿਮਾਨ ਅਜਿਹਾ ਕਲਾਕਾਰ ਹੈ ਜਿਸ ਨੂੰ ਬਹੁਤ ਛੋਟੀ ਉਮਰ ਵਿਚ ਹੀ ਬਹੁਤ ਪ੍ਰਸਿੱਧੀ ਮਿਲ ਗਈ ਸੀ। ਉਦੋਂ ਹੀ ਉਸ ਦੀ ਗਿਣਤੀ ਸੰਸਾਰ ਦੇ ਚੋਣਵੇਂ ਕਲਾਕਾਰਾਂ ਵਿਚ ਹੋਣ ਲੱਗ ਪਈ ਸੀ। ਅਸਲ ਵਿਚ, ਉਸ ਨੇ ਜਿਹੜਾ ਕੰਮ ਆਰੰਭ ਕੀਤਾ ਸੀ, ਉਹ ਐਨ ਮੌਲਿਕ ਸੀ ਸਗੋਂ ਬਾਅਦ ਵਿਚ ਉਸ ਦੇ ਕੰਮ ਦੀ ਬਹੁਤ ਸਾਰੇ ਕਲਾਕਾਰਾਂ ਨੇ ਨਕਲ ਤੱਕ ਮਾਰੀ ਪਰ ਰਹਿਮਾਨ ਆਪਣੇ ਹਰ ਨਵੇਂ ਕੰਮ ਵਿਚ ਨਵਾਂ ਰੰਗ ਭਰਦਾ ਰਿਹਾ। ਬੱਸ, ਆਪਣੇ ਇਸੇ ਕੰਮ ਦੀ ਬਦੌਲਤ ਅੱਜ ਉਹ ਸੰਗੀਤ ਦੀ ਦੁਨੀਆ ਦਾ ਬਾਦਸ਼ਾਹ ਬਣਿਆ ਹੋਇਆ ਹੈ। ਅੱਜ ਉਸ ਕੋਲ ਇੰਨਾ ਕੰਮ ਹੈ ਕਿ ਉਸ ਨੂੰ ਕਈ ਵਾਰ ਨਿਰਮਾਤਾਵਾਂ ਨੂੰ ਇਨਕਾਰ ਕਰਨਾ ਪੈ ਜਾਂਦਾ ਹੈ। ਉਸ ਦਾ ਕਹਿਣਾ ਹੈ ਕਿ ਉਹ ਬਹੁਤ ਸੋਚ-ਸਮਝ ਕੇ 'ਹਾਂ' ਕਰਦਾ ਹੈ ਪਰ ਜਦੋਂ 'ਹਾਂ' ਕਰ ਦਿੰਦਾ ਹੈ ਤਾਂ ਫਿਰ 'ਨਾਂਹ' ਦਾ ਤਾਂ ਕੋਈ ਮਤਲਬ ਹੀ ਨਹੀਂ ਭਾਵੇਂ ਉਹ ਕਿੰਨੇ ਵੀ ਸੰਕਟ ਵਿਚ ਕਿਉਂ ਨਾ ਫਸਿਆ ਹੋਵੇ!

# ਕੰਗਨਾ ਰਣੌਤ ਦਾ ਵਿਹਾਰ ਅਤੇ ਵਿਵਾਦ

**ਆਮਨਾ ਕੌਰ**

ਅਦਾਕਾਰਾ ਕੰਗਨਾ ਰਣੌਤ ਨੇ ਇਕ ਵਾਰ ਫਿਰ ਵਿਵਾਦ ਖੜ੍ਹਾ ਕਰ ਦਿੱਤਾ ਹੈ। ਇਸ ਵਾਰ ਉਸ ਨੇ ਪੰਜਾਬ ਦੇ ਲੋਕਾਂ ਨੂੰ ਆਪਣੀ ਨਫਰਤ ਦਾ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ। ਹੋਇਆ ਇਉਂ ਕਿ ਮੰਡੀ (ਹਿਮਾਚਲ ਪ੍ਰਦੇਸ਼) ਤੋਂ ਲੋਕ ਸਭਾ ਸੀਟ ਜਿੱਤਣ ਤੋਂ ਬਾਅਦ ਉਹ ਦਿੱਲੀ ਜਾ ਰਹੀ ਸੀ ਕਿ ਚੰਡੀਗੜ੍ਹ ਹਵਾਈ ਅੱਡੇ ਉਤੇ ਚੈਕਿੰਗ ਦੌਰਾਨ ਉਹ ਉਥੇ ਤਾਇਨਾਤ ਕਾਂਸਟੇਬਲ ਕੁਲਵਿੰਦਰ ਕੌਰ ਨਾਲ ਖਹਿਬੜ ਪਈ। ਕਿਹਾ ਜਾ ਰਿਹਾ ਹੈ ਕਿ ਜਿਉਂ ਹੀ ਕੰਗਨਾ ਨੇ ਕੁਲਵਿੰਦਰ ਕੌਰ ਦੀ ਨੇਮ ਦੇਖੀ, ਉਸ ਨੇ ਉਸ ਨੂੰ ਖਾਲਿਸਤਾਨੀ ਆਖ ਦਿੱਤਾ। ਉਥੇ ਹਕੀਕਤ ਵਿਚ ਕੀ ਹੋਇਆ, ਅਜੇ ਤੱਕ ਕੁਝ ਸਾਹਮਣੇ ਨਹੀਂ ਆਇਆ ਹੈ ਪਰ ਇਹੀ ਉਹ ਪਲ ਸੀ ਜਦੋਂ ਕੁਲਵਿੰਦਰ ਕੌਰ ਨੇ ਕੰਗਨਾ ਰਣੌਤ ਦੇ ਥੱਪੜ ਮਾਰ ਦਿੱਤਾ। ਹੁਣ ਤੱਕ ਸਾਹਮਣੇ ਆਈ ਜਾਣਕਾਰੀ ਮੁਤਾਬਿਕ, ਕੰਗਨਾ ਰਣੌਤ ਨੇ ਜਾਣਬੁੱਝ ਕੇ ਕੁਲਵਿੰਦਰ ਕੌਰ ਨੂੰ ਉਕਸਾਇਆ।

ਇਸ ਮਸਲੇ 'ਤੇ ਹੁਣ ਲੋਕਾਂ ਦੇ ਵੱਖ-ਵੱਖ ਪੱਖ ਸਾਹਮਣੇ ਆ ਰਹੇ ਹਨ। ਬਹੁਤ ਸਾਰੇ ਲੋਕ ਕੁਲਵਿੰਦਰ ਕੌਰ ਦਾ ਪੱਖ ਪੂਰ ਰਹੇ ਹਨ। ਇਸ ਦੌਰਾਨ ਕੁਲਵਿੰਦਰ ਕੌਰ ਦੀ ਉਹ ਵੀਡੀਓ








*ਅਦਾਕਾਰਾ ਕੰਗਨਾ ਰਣੌਤ, ਥੱਪੜ ਮਾਰਨ ਵਾਲੀ ਕੁਲਵਿੰਦਰ ਕੌਰ ਅਤੇ (ਐਨ ਸੱਜੇ) ਫਿਲਮ 'ਐਮਰਜੈਂਸੀ' ਦਾ ਪੋਸਟਰ।*

ਵਾਇਰਲ ਹੋ ਗਈ ਜਿਸ ਵਿਚ ਉਹ ਇਹ ਕਹਿੰਦੀ ਸੁਣਾਈ ਦਿੰਦੀ ਹੈ ਕਿ ਕੰਗਨਾ ਨੇ ਕਿਸਾਨ ਅੰਦੋਲਨ ਦੌਰਾਨ ਦਿੱਲੀ ਧਰਨੇ ਉਤੇ ਬੈਠੀਆਂ ਔਰਤਾਂ ਬਾਰੇ ਕਿਹਾ ਸੀ ਕਿ ਇਹ 100-100 ਰੁਪਏ ਲੈ ਕੇ ਧਰਨੇ ਉਤੇ ਆਈਆਂ ਹਨ। ਕੁਲਵਿੰਦਰ ਕੌਰ ਦਾ ਕਹਿਣਾ ਹੈ ਕਿ ਉਸ ਧਰਨੇ ਵਿਚ ਉਸ ਦੀ ਮਾਂ ਵੀ ਬੈਠੀ ਸੀ। ਇਸ ਲਈ ਉਸ ਦੇ ਦਿਲ ਅੰਦਰ ਕੰਗਨਾ ਰਣੌਤ ਖਿਲਾਫ ਰੋਸਾ ਸੀ ਅਤੇ ਇਹ ਰੋਸਾ ਫਿਰ ਥੱਪੜ ਦੇ ਰੂਪ ਵਿਚ ਨਿੱਕਲਿਆ।

ਦੂਜੇ ਪਾਸੇ, ਉਹ ਲੋਕ ਵੀ ਹਨ ਜਿਹੜੇ ਇਹ ਕਹਿ ਰਹੇ ਹਨ ਕਿ ਕੁਲਵਿੰਦਰ ਕੌਰ ਨੂੰ ਇੰਝ ਥੱਪੜ ਨਹੀਂ ਸੀ ਮਾਰਨਾ ਚਾਹੀਦਾ। ਇਸ ਨੂੰ ਪੰਜਾਬ ਦੇ ਨੌਜਵਾਨਾਂ ਪ੍ਰਤੀ ਬੇਭਰੋਸਗੀ ਵਧਣ ਨਾਲ ਜੋੜ ਕੇ ਵੀ ਦੇਖਿਆ ਜਾ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ 1984 ਤੋਂ ਬਾਅਦ ਜਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਸੁਰੱਖਿਆ ਗਾਰਡਾਂ ਨੇ ਕਤਲ ਕਰ ਦਿੱਤਾ ਸੀ, ਉਸ ਤੋਂ ਬਾਅਦ ਕੇਂਦਰ ਸਰਕਾਰ ਦੇ ਵਜ਼ੀਰਾਂ ਨਾਲ ਕਿਸੇ ਪਗੜੀਧਾਰੀ ਦੀ ਡਿਊਟੀ ਨਹੀਂ ਲਗਾਈ ਜਾਂਦੀ। ਹੁਣ ਇਹ ਹੋ ਸਕਦਾ ਹੈ ਕਿ ਕੇਂਦਰੀ ਸੁਰੱਖਿਆ ਬਲਾਂ ਅੰਦਰ ਪੰਜਾਬ ਦੇ ਨੌਜਵਾਨਾਂ ਦੀ ਗਿਣਤੀ ਚੁੱਪ-ਚਾਪ ਘਟਾ ਦਿੱਤੀ ਜਾਵੇ।

ਕੁਝ ਲੋਕ ਕਹਿ ਰਹੇ ਹਨ ਕਿ 14 ਜੂਨ ਨੂੰ ਕੰਗਨਾ ਦੀ ਫਿਲਮ 'ਐਮਰਜੈਂਸੀ' ਰਿਲੀਜ਼ ਹੋ ਰਹੀ ਹੈ, ਇਸ ਲਈ ਉਸ ਨੇ ਇਸ ਘਟਨਾ ਦਾ ਖਿਲਾਰਾ ਜਾਣਬੁੱਝ ਕੇ ਪਾਇਆ ਹੈ ਤਾਂ ਕਿ ਫਿਲਮ ਦਾ ਪ੍ਰਚਾਰ ਹੋ ਸਕੇ। ਉਂਝ, ਕੰਗਨਾ ਪਹਿਲਾਂ ਵੀ ਅਜਿਹੇ ਬਹੁਤ ਸਾਰੇ ਵਿਵਾਦਾਂ ਵਿਚ ਘਿਰਦੀ ਰਹੀ ਹੈ। ਉਸ ਨੇ ਤਾਂ ਆਪਣੇ ਪ੍ਰੇਮੀ ਰਿਤਿਕ ਰੌਸ਼ਨ ਤੱਕ ਨੂੰ ਵੀ ਨਹੀਂ ਸੀ ਬਖਸ਼ਿਆ। ਫਿਲਮੀ ਦੁਨੀਆ ਦੇ ਬਹੁਤ ਸਾਰੇ ਲੋਕਾਂ ਖਿਲਾਫ ਉਸ ਦੇ ਤਿੱਖੇ ਬਿਆਨ ਅਕਸਰ ਆਉਂਦੇ ਰਹਿੰਦੇ ਹਨ। ਕਈ ਵਾਰ ਤਾਂ ਇਹ ਬਿਆਨ ਇੰਨੇ ਬੇਹੂਦਾ ਹੁੰਦੇ ਹਨ ਕਿ ਲੋਕ ਹੱਸ ਛੱਡਦੇ ਹਨ।

ਉਂਝ, ਗੰਭੀਰਤਾ ਵਾਲਾ ਮਸਲਾ ਇਹ ਹੈ ਕਿ ਅਜਿਹਾ ਕਰ ਕੇ ਕੰਗਨਾ ਆਪਣੀ ਸਿਆਸਤ ਜ਼ਰੂਰ ਚਲਾ ਰਹੀ ਹੈ। ਹੁਣ ਵੀ ਉਸ ਨੇ ਪੰਜਾਬ ਬਾਰੇ ਨਫਰਤ ਫੈਲਾਉਣ ਬਾਰੇ ਕੋਈ ਕਸਰ ਬਾਕੀ ਨਹੀਂ ਛੱਡੀ ਹੈ। ਇਸੇ ਲਈ ਇਹ ਰਾਏ ਦਿੱਤੀ ਜਾ ਰਹੀ ਹੈ ਕਿ ਅਜਿਹੇ ਲੋਕਾਂ ਨਾਲ ਖਹਿਬੜਨਾ ਹੀ ਨਹੀਂ ਚਾਹੀਦਾ। ਅਜਿਹੇ ਲੋਕ ਬਿਨਾ ਵਜ੍ਹਾ ਵਿਵਾਦ ਖੜ੍ਹਾ ਕਰ ਕੇ ਪ੍ਰਸਿੱਧੀ ਹਾਸਿਲ ਕਰ ਲੈਂਦੇ ਹਨ।

ਤੇਰਾ ਕੀਆ ਮੀਠਾ ਲਾਗੈ॥
ਹਰਿ ਨਾਮੁ ਪਦਾਰਥੁ ਨਾਨਕੁ ਮਾਗੈ॥



# ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਨੂੰ ਕੋਟਨਿ-ਕੋਟਿ ਪ੍ਰਣਾਮ

ਬੇਸ਼ੱਕ ਗੁਰੂ ਸਾਹਿਬ ਦੀ ਸ਼ਹੀਦੀ ਦੇ ਕਾਰਨ ਤਾਂ ਬਹੁਤ ਹੋ ਸਕਦੇ ਹਨ ਪਰ ਸਭ ਤੋਂ ਵੱਡਾ ਤੇ ਪ੍ਰਮੁੱਖ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਅਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸਥਾਪਨਾ ਸੀ ਕਿਉਂਕਿ ਉਸ ਸਮੇਂ ਜਦੋਂ ਸਮਾਜ ਵਰਣਾਂ ਅਤੇ ਜਾਤਾਂ ਵਿਚ ਵੰਡਿਆ ਹੋਇਆ ਸੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਰਾਬਰਤਾ ਦੇ ਸਿਧਾਂਤ ਦੀ ਗੱਲ ਅਤੇ ਰੂੜ੍ਹੀਵਾਦੀ ਵਿਚਾਰਧਾਰਾ 'ਤੇ ਕਰਾਰੀ ਚੋਟ ਕੀਤੀ ਗਈ ਤਾਂ ਇਹ ਸਮੇਂ ਦੀ ਅਖੌਤੀ ਉੱਚ ਜਾਤੀ ਨੂੰ ਕਿਵੇਂ ਰਾਸ ਆ ਸਕਦੀ ਸੀ। ਦੂਸਰਾ, ਸ੍ਰੀ ਹਰਿਮੰਦਰ ਸਾਹਿਬ ਜੀ ਦੇ ਚਾਰ ਦਰਵਾਜੇ ਜੋ ਬਿਨਾਂ ਕਿਸੇ ਭੇਦ-ਭਾਵ ਦੇ ਸਾਰਿਆਂ ਨੂੰ ਜੀ ਆਇਆਂ ਕਹਿਣ ਦੇ ਪ੍ਰਤੀਕ ਹਨ, ਵੀ ਉਸ ਵੇਲੇ ਦੀ ਅਖੌਤੀ ਉੱਚ ਸ਼੍ਰੇਣੀ ਨੂੰ ਹਜ਼ਮ ਨਹੀਂ ਹੋਇਆ। ਉਹ ਲੋਕ ਜੋ ਪਹਿਲਾਂ ਹੋਰ ਤੀਰਥਾਂ 'ਤੇ ਜਾਂਦੇ ਸਨ ਅਤੇ ਚੜ੍ਹਾਵੇ ਚੜ੍ਹਾਉਂਦੇ ਸਨ, ਉਹ ਚੜ੍ਹਾਵਾ ਹੁਣ ਸੰਗਤ ਵਿਚ ਵਰਤਣਾ ਸ਼ੁਰੂ ਹੋ ਗਿਆ। ਊਚ-ਨੀਚ ਦਾ ਭੇਦ-ਭਾਵ ਖ਼ਤਮ ਹੋ ਗਿਆ। ਅਖੌਤੀ ਨੀਵੀਂ ਜਾਤ ਵਾਲਾ ਬੰਦਾ ਆਪਣੇ-ਆਪ ਨੂੰ ਮਾਣ ਭਰਿਆ ਮਹਿਸੂਸ ਕਰਨ ਲੱਗਿਆ। ਅਜਿਹਾ ਵੇਖ ਕੇ ਕਥਿਤ ਉੱਚ ਸ਼੍ਰੇਣੀਆਂ ਨੇ ਸਮੇਂ ਦੇ ਹਾਕਮ ਜਹਾਂਗੀਰ ਨੂੰ ਇਹ ਕਹਿ ਕੇ ਭੜਕਾਇਆ ਕਿ ਹੁਣ ਮੁਸਲਮਾਨ ਵੀ ਇਸ ਗੁਰੂ ਦੇ ਚੇਲੇ ਬਣਨ ਲੱਗ ਪੈਣੇ ਹਨ ਅਤੇ ਧਰਮ ਨੂੰ ਖ਼ਤਰਾ ਹੈ। ਜਹਾਂਗੀਰ ਨੂੰ ਪਾਇਆ ਅਖੌਤੀ 'ਧਰਮ ਸੰਕਟ' ਦਾ ਵਾਸਤਾ ਹੀ ਗੁਰੂ ਸਾਹਿਬ ਦੀ ਸ਼ਹੀਦੀ ਦਾ ਕਾਰਨ ਬਣਿਆ। ਖੁਸਰੋ ਦੀ ਬਗ਼ਾਵਤ, ਪ੍ਰਿਥੀ ਚੰਦ ਦੀ ਵਿਰੋਧਤਾ, ਚੰਦੂ ਦੀ ਲੜਕੀ ਦੇ ਰਿਸ਼ਤੇ ਨੂੰ ਠੁਕਰਾਉਣਾ ਤਾਂ ਮਾਮੂਲੀ ਗੱਲਾਂ ਸਨ।



**ਵਲੋਂ: ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਸਮੂਹ ਰੱਖੜਾ ਪਰਿਵਾਰ**